ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

1991

ਸਤਿਜੁਗ

ਅਟੱਲ ਪ੍ਰਤਾਪੀ ਆਗਮਨ ਸ਼ਤਾਬਦੀ ਅੱਕ (ਭਾਗ ਦੂਜਾ) ਵੈਸਾਖ ੨੦੪੮ 2048



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

Namdhari Elibrary NamdhariElibrary@gmail.com

ਸ ਸ

ਮ ਮ

ਰ

ਪਿ ਪਿ

ਤ ਤ

ਜੋਤ ਕਾ ਜਾਮਾ ਸ਼ਾਂਤ ਮੂਰਤ
ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ
ਪਾਵਨ ਚਰਨਾਂ ਵਿਖੇ ਜਿਨਾਂ
ਅਜ ਤੋਂ ੮੫ ਸਾਲ ਪਹਿਲੇ
ਅਪਣੇ ਸਥਾਨ ਤੇ ਸ੍ਰੀ
ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ
ਨਿਯੁਕਤ ਕੀਤਾ ਅਤੇ ਆਪ
ਬ੍ਰਹਮ ਲੀਨ ਹੋਏ ।

ਸ੍ਰੀ ਹਰਬੰਸ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਜੀਵਨ ਨਗਰ(ਸਿਰਸਾ) ਵਿਚ ਛਪਿਆ, ਦਫਤਰ ਸਤਿਜੁਗ ਸ੍ਰੀ ਜੀਵਨ ਨਗਰ(ਸਿਰਸਾ) ਵਿਚੋਂ ਪ੍ਰਕਾਸ਼ਤ ਹੋਇਆ(ਨਾਮਧਾਰੀ ਪੰਥ ਵਾਸਤੇ) ਐਡੀਟਰ ਹਰਬੰਸ ਸਿੰਘ

Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਸਤਿਜੁਗ

ਜਿਲਦ-੬੬ (ਨੰ: ੨੩

ਸ੍ਰੀ ਜੀਵਨ ਨਗਰ (ਸਿਰਸਾ)

ਵੈਸਾਖ ੨੦੪੮(ਮਈ ੧੯੯੧) ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੭੬

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਗਮਨ

ਸ਼ਤਾਬਦੀ ਅੰਕ

ਭਾਗ ਦੂਜਾ

ਸੰਪਾਦਕ:—ਆਤਮਾ ਸਿੰਘ ਸਨਖਤਰਵੀ
ਆਤਮਾ ਸਿੰਘ ਜੌਹਲ
ਗੁਰਦੀਪ ਸਿੰਘ ਸੰਤ ਨਗਰ

ਕੀਮਤ—੧੫)ਰੁਪੈ

Namdhari Elibrary NamdhariElibrary@gmail.com

ਸੂਚੀ–ਪੱਤਰ

ਲੇਖ ਤੇ ਰਚਨਾਵਾਂ	ਲੇਖਕ	ਪੰਨਾ
ਮੰਗਲ ਸਵੈਯਾ	ਗੁਰਬਾਣੀ	
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਵਤਾਰ ਤੇ ਅਰੰਭਕ	ਸ੍ਰੀ ਮਹਾਰਾਜ ਬੀਰ ਸਿੰਘ ਜੀ	੨
੨ ਮਾਈ ਦਾਨੀ ਦਾ ਪ੍ਰੇਮ ਕਹਾਣੀ(ਕਵਿਤਾ)	ਮਹਿੰਦਰ ਸਿੰਘ ਮਸਕੀਨ (ਭੰਗੂਰ	੭
੩ ਐਸਾ ਸਤਿਗੁਰੂ ਲੋੜਿ ਲਹੁ	ਸਾਧੂ ਸਿੰਘ ਕਿਸਾਨ	੮
੪ ਸ੍ਰੀ ਜੀਵਨ ਨਗਰ ਕਿਉਂ ਤੇ ਕਿਵੇਂ	ਸਵਰਨ ਸਿੰਘ ਸਨੇਹੀ	੯
੫ ਉਡੀਨੀ ! ਉਡੀਨੀ ! ਉਡੀਨੀ !!!"ਕਬ ਘਰਿ ਆਵੈ ਰੀ"	ਸ੍ਰੀ ਮਹਾਰਾਜ ਬੀਰ ਸਿੰਘ ਜੀ	੧੪
ਹਡ ਬੀਤਿਆ ਪਿਆਰ	ਆਤਮਾ ਸਿੰਘ ਸਨਖਤਰਵੀ	੧੭
੭ ਭਾਵਨਿਕ ਬੋਲ	ਜੋਗਿੰਦਰ ਸਿੰਘ ਮੁਕਤਾ ਸੰਤ ਨਗਰ	੨੬
੮ ਗਊ ਮਾਤਾ ਕਿਉਂ ?	ਪੰਡਿਤ ਰਾਜਿੰਦਰ ਸਿੰਘ"ਗੁਰੂਸਰ"	੨੭
੯ ਅਟਲ ਪ੍ਰਤਾਪੀ ਸਤਿਗੁਰੂ ਦਾ ਪਿਆਰ ਮੰਗਿਆ (ਕਵਿਤਾ)	ਨਿਰੰਜਨ ਸਿੰਘ ਤਾਂਘੀ	੩੧
੧੦ ਸਤਿਗੁਰੂ ਪ੍ਰਤਾਪ ਸਿੰਘ ਅਤੇ ਸਿਖ ਸਮਾਜ ਸੁਧਾਰ	ਦੇਵਿੰਦਰ ਸਿੰਘ ਗਿਲ ਜੀਆ ਨਥਾ	੩੨
੧੧ ਗਡੀ ਵਿਚ ਮੇਰੀ ਰਖਿਆ ਕਿਵੇਂ ਕੀਤੀ	ਸੇਵਾ ਸਿੰਘ(ਮੰਡੀ ਹਿਮਾਚਲ)	੩੬
੧੨ ਧਰਮ ਅਰਥ ਔ ਕਾਮ ਮੋਖ......(ਕਵਿਤਾ)	ਆਤਮਾ ਸਿੰਘ ਸਨਖਤ੍ਰਵੀ	੩੯
੧੩ ਜਾਨਾ ਰਾਮ ਦੀ ਹੱਡ ਬੀਤੀ	ਗੁਰਦਿਆਲ ਸਿੰਘ ਰੇਲਵੇ ਸਟੇਸ਼ਨ ਜੋਧਪੁਰ	੪੦
੧੪ ਸੰਘਰਸ਼ ਵਾਨ ਸਤਿਗੁਰੂ	ਸੁਰਿੰਦਰ ਸਿੰਘ ਨਾਮਧਾਰੀ ਜਮਨਾ ਨਗਰੀ	੪੩
੧੫ ਜੀਵਨ ਨਗਰ ਵਸਾਇਆ ਪ੍ਰਤਾਪ ਗੁਰ(ਕਵਿਤਾ)	ਹਰਭਜਨ ਸਿੰਘ ਰਾਜਾ ਏਲਣਾਬਾਦ	੪੮
੧੬ ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ	ਅਮਰ ਸਿੰਘ ਸਾਹਿਬਾਬਾਦੀਆ ਯੁਪੀ	੪੯
੬੭ ਚਮਤਕਾਰ ਗੀਤ	ਜਸਵਿੰਦਰ ਸਿੰਘ ਭਿੰਡਰ ਜਗਜੀਤ ਨਗਰ	੫੨
੧੮ ਸਿਖ ਦੀ ਭਾਵਨਾ	ਕਰਤਾਰ ਸਿੰਘ ਬਿਜਲੀਵਾਲਾ(ਨਵੀਂ ਦਿਲੀ)	੫੩
੧੯ ਰੁਬਾਈਆਂ	ਗੁਰਦੀਪ ਸਿੰਘ ਸੰਤ ਨਗਰ	੫੪
੨੦ ਮੋਹਰਾਂ ਦਾ ਖਜਾਨਾਂ	ਆਤਮਾ ਸਿੰਘ ਜੌਹਲ	੫੫
੨੧ ਇਛਾ ਪੂਰਕ ਸਤਿਗੁਰੂ	ਗੁਰਦੀਪ ਸਿੰਘ ਸੰਤ ਨਗਰ	੫੯
੨੨ ਦੋ ਰੁਬਾਈਆਂ	ਹਰਬੰਸ ਸਿੰਘ ਮੈਨੇਜਰ ਸਤਿਜੁਗ	੬੧
੨੩ ਜੀਵਨ ਗਾਥਾ ਦੇ ਕੁਝ ਅੰਸ਼	ਖੜਕ ਸਿੰਘ ਭਮਰਾ(ਯੂ. ਕੇ.)	੬੨
੨੪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਅਫਰੀਕਾ ਦੇ ਚਾਰ ਦੌਰੇ	ਹਰਬੰਸ ਸਿੰਘ ਚਾਨਾ ਯੂ.ਕੇ	੭੧
੨੫ ਪ੍ਰੀਤਮ ਪ੍ਰਤਾਪੀ ਜੀ ਦੀ ਦੀ ਕਥਾ ਹੀ ਨਿਰਾਲੀ ਸੀ(ਕਵਿਤਾ)	ਸ਼ਿੰਗਾਰ ਸਿੰਘ ਸੰਤ ਨਗਰ	੮੦
੨੬ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਥਕ ਏਕਤਾ ਵਾਸਤੇ ਸਿਖ ਸੰਪ੍ਰਦਾ ਕਾਨਫਰੰਸ ਦਾ ਮੀਲ ਪੱਥਰ ਰਖਿਆ	ਆਤਮਾ ਸਿੰਘ ਸਨਖਤਰਵੀ	੮੧

Namdhari Elibrary NamdhariElibrary@gmail.com

੨੭ ਸ੍ਰੀ ਜੀਵਨ ਨਗਰ (ਕਵਿਤਾ)	ਹਰਬੰਸ ਸਿੰਘ ਚਾਨਾਂ ਇੰਗਲੈਂਡ	੯੧
੨੮ ਭਾਵਨਿਕ ਰੁਬਾਈ	ਸੁਖਵਿੰਦਰ ਸਿੰਘ ਕੰਪਾਜ਼ੀਟਰ	੯੩
੨੯ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ	ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ	੯੪
੩੦ ਰੁਬਾਈ	ਗੁਰਦੇਵ ਸਿੰਘ ਕੰਪਾਜ਼ੀਟਰ	੯੮
੩੧ ਸਤਿਗੁਰੂ ਵਡਾ ਕਰਿ ਸਾਲਾਹੀਐ	ਰਾਜਿੰਦਰ ਸਿੰਘ ਗੁਰੂ	੯੯
੩੨ ਹੋਰ ਖਾਹਿਸ਼ਾਂ ਸਾਰੀਆਂ ਮੁਕ ਜਾਵਣ	ਸ਼ਿੰਗਾਰਾ ਸਿੰਘ ਸ਼ਿੰਗਾਰ ਸੰਤ ਨਗਰ	੧੧੨
੩੩ ਬਿਰਹੋਂ ਦੀ ਤੜਪ	ਆਤਮਾ ਸਿੰਘ ਸਨਖਤਰਵੀ	੧੧੫
੩੪ ਸਭੇ ਪਾਤਸ਼ਾਹ ਏਕਤਾ ਦਾਨ ਦੇਵੇ(ਕਵਿਤਾ)	ਬਲਬੀਰ ਸਿੰਘ ਢਿਲੋਂ	੧੧੫

Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਚਰਨ ਕਮਲ ਕੀ ਓਟਿ ਉਧਰੇ ਸਗਲ ਜਨ।   ਸੁਣਿ ਪ੍ਰਤਾਪ ਗੋਵਿੰਦ ਨਿਰਭਉ ਭਏ ਮਨ।

ਸਤਿਜੁਗ

ਦਾ

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਗਮਨ

ਸ਼ਤਾਬਦੀ ਅੰਕ

ਭਾਗ ਦੂਜਾ

ਆਤਮਾ ਸਿੰਘ ਸਨਖਤਰਵੀ

ਵੈਸਾਖ ੨੦੪੮(ਮਈ ੧੯੯੧) ਸੰਮਤ   ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੭੬

ਮੰਗਲ-ਸਵੈਯਾ

ਕਾਗਦ ਦੀਪ ਸਭੈ ਕਰਿਕੈ ਅਰੁ ਸਾਤ ਸਮੁੰਦ੍ਰਨ ਕੀ ਮਸ ਕੈਹੋ।
ਕਾਟ ਬਨਾਸਪਤੀ ਸਗਰੀ ਲਿਖਬੇ ਹੂ ਕੇ ਲੇਖਕ ਕਾਜ ਬਨੈਹੋ।
ਸਾਰਸੁਤੀ ਬਕਤਾ ਕਰਿ ਕੈ ਜੁਗਿ ਕੋਟਿ ਗਨੇਸ਼ ਕੇ ਹਾਥ ਲਿਖੈਹੋ।
ਕਾਲ ਕ੍ਰਿਪਾਨ ਬਿਨਾ ਬਿਨਤੀ ਨ ਤਉ ਤੁਮ ਕੋ ਪ੍ਰਭ ਨੈਕ ਰਿਝੈਹੋ। ੧੦੧

ਸ੍ਰੀ ਮੁਖਵਾਕ ਪਾ: ੧੦ ਬਚਿਤ੍ਰ ਨਾਟਕ ਪ੍ਰਿਥਮ ਧਿਆਇ

Namdhari Elibrary   NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਅਤੇ ਆਰੰਭਕ ਸਮਾਂ

ਸ੍ਰੀ ਮਹਾਰਾਜ ਬੀਰ ਸਿੰਘ ਜੀ

ਵਡ ਪ੍ਰਤਾਪੀ ਸਤਿਗੁਰੂ ਜੀ ਦੀ ਉਸਤਤ ਲਿਖਣੀ ਲੇਖਕ ਦੇ ਭਲੇ ਦਾ ਸਾਧਨ ਹੈ। ਲਿਖਿਆ ਕੁਝ ਨਹੀਂ ਜਾ ਸਕਦਾ ਜੇ ਓਨਾਂ ਦੀ ਕਿਰਪਾ ਨਾ ਹੋਵੇ। ਇਹ ਬੇਨਤੀ ਕਰਕੇ ਹੀ ਲਿਖਦਾ ਹਾਂ:-

ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ
ਹਰਿ ਦੇਹੁ ਮਤੀ ਜਸੁ ਕਰਾ।
ਤੁਮਰੈ ਸਗਿ ਲਗੇ ਸੇ ਉਧਰੇ
ਜਿਉ ਸੰਗਿ ਕਾਸਟ ਲੋਹ ਤਰਾ।

ਸਤਿਗੁਰੂ ਜੀ ਦਾ ਜਸ ਇਤਨਾ ਵਿਸ਼ਾਲ ਹੈ ਜਿਸਦਾ ਅਨੁਮਾਨ ਲਗਾਇਆ ਨਹੀਂ ਜਾ ਸਕਦਾ ਇਹ ਕਿਣਕਾ ਮਾਤ੍ਰ ਕੁਛ ਘਟਨਾਵਾਂ ਓਨਾਂ ਦੇ ਕੁਛ ਅਨਮੋਲ ਬਚਨ ਲਿਖਣ ਦਾ ਜਤਨ ਕੀਤਾ ਹੈ ਜਿਨਾਂ ਤੋਂ ਅਟਲ ਪ੍ਰਤਾਪੀ ਸਤਿਗੁਰੂ ਜੀ ਦੇ ਆਗਮਨ ਅਤੇ ਜੀਵਨ ਚਰਿਤ੍ਰ ਦੀਆਂ ਕੁਛ ਝਲਕਾਂ ਪਾਠਕਾਂ ਦੇ ਅਪਣੇ ਜੀਵਨ ਲਈ ਸੁਖ ਦਾ ਮਾਰਗ ਦਰਸ਼ਕ ਬਣ ਸਕਦੀਆਂ ਹਨ। ਕਾਦਰਾਬਾਦੀ ਸੰਤ ਧਿਆਨ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਤਿਗੁਰੂ ਬਿਲਾਸ ਲਿਖਣ ਵੇਲੇ ਲਿਖਿਆ ਹੈ:-

ਗੁਰ ਕੋ ਜਸ ਹੈ ਸੈਲ ਨਿਬਾਤੇ।
ਮੈਂ ਚੀਟੀ ਕਿਆ ਚੁਕ ਹੋਂ ਤਾਂਤੇ।

ਭਾਵ- ਸਤਿਗੁਰੂ ਜੀ ਦਾ ਜਸ ਮਿਸਰੀ ਦਾ ਪਹਾੜ ਹੈ। ਮੈਂ ਕੀੜੀ ਉਸ ਵਿਚੋਂ ਕਿਤਨਾ ਕੁ ਚੁਕ ਸਕਦੀ ਹਾਂ।

ਬਾਬਾ ਜਸਾ ਸਿੰਘ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾਸ ਅਰਜ ਕੀਤੀ ਕਿ ਪੋਤਰੇ ਵੇਖਣਾ ਚਾਹੁੰਦਾ ਹਾਂ। ਸਤਿਗੁਰੂ ਜੀ ਬਚਨ ਕੀਤਾ ਕਿ ਮੇਰੇ ਨਹੀਂ ਬੁਧ ਸਿੰਘ ਦੇ ਹੋਣਗੇ।(੧) ਫੇਰ ਜਦੋਂ ਭੈਣੀ-ਵਾਲੇ ਸਤਿਗੁਰੂ ਜੀ ਨੇ ਪ੍ਰਦੇਸ ਜਾਨ ਦੇ ਬਚਨ ਕੀਤੇ ਤਾਂ ਕਾਨ੍ਹ ਸਿੰਘ ਜੀ ਗੜ੍ਹੀ ਵਾਲਿਆਂ ਅਰਜ ਕੀਤੀ ਕਿ ਸਚੇ ਪਾਤਸ਼ਾਹ ਜੀ ਬਾਬਾ ਜਸਾ ਸਿੰਘ ਜੀ ਦੀ ਪੋਤ੍ਰਿਆਂ ਵਾਲੀ ਮੰਗ ਕਿਵੇਂ ਪੂਰੀ ਹੋਇਗੀ। ਸਤਿ-ਗੁਰੂ ਜੀ ਉਤ੍ਰ ਦਿਤਾ ਪ੍ਰਤਾਪ ਸਿੰਘ ਹੋਵੇਗਾ ਬੜੇ ਪ੍ਰਤਾਪ ਵਾਲਾ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਘਰ ਪਹਿਲੇ ਮਹਿਲ ਮਾਤਾ ਸਾਹਿਬੋ ਜੀ ਬੀਮਾਰ ਰਹਿਕੇ ਚੜ੍ਹਾਈ ਕਰ ਗਏ ਸਨ। ਮਾਤਾ ਜੀਵਨ ਕੌਰ ਅਤੇ ਮਾਤਾ ਫਤੇ ਕੌਰ ਜੀ ਜਿਨਾਂ ਦਾ ਜਨਮ ਹਿਸਾਰ ਜਿਲੇ ਦੀ ਸਰਸਾ ਤਸੀਲ, ਪਿੰਡ ਬਰਾਜ ਵਿਖੇ ਹੋਇਆ ਸੀ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਘਰ ਸੰਮਤ ੧੯੪੪ ਨੂੰ ਆਏ। ਮਾਤਾ ਜੀਵਨ ਕੌਰ ਜੀ ਅਤੇ ਮਾਤਾ ਫਤੇ ਕੌਰ ਜੀ(ਦੋਵੇਂ ਭੈਣਾਂ) ਅਪਣੇ ਪਿਤਾ ਬਾਬਾ ਖੁਸ਼ਹਾਲ ਸਿੰਘ ਜੀ ਨਾਲ ਪਹਿਲਾਂ ਬਾਲ ਅਵਸਥਾ ਵਿਚ ਸ੍ਰੀ ਭੈਣੀ ਸਾਹਿਬ ਇਕ ਵਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਆਏ ਸਨ।ਮਾਤਾ ਜੀਵਨ ਕੌਰ ਜੀ ਨੂੰ ਜਗਤ ਮਾਤਾ ਹੋਣ

---

(੧) ਸਤਿਗੁਰੂ ਹਰੀ ਸਿੰਘ ਜੀ ਦਾ ਪਹਿਲਾ ਨਾਮ

Namdhari Elibrary NamdhariElibrary@gmail.com

ਦਾ ਵਰ ਓਦੋਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਦਿਤਾ ਸੀ।

ਸੰਮਤ ੧੯੪੯ ਬਿਕ੍ਰਮੀ ਚੇਤ ਵਦੀ ਤੀਜ ਐਤਵਾਰ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਜੀ ਦੇ ਘਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਹੋਇਆ। ਸ੍ਰੀ ਭੈਣੀ ਸਾਹਿਬ ਉਸ ਵੇਲੇ ਅਰਧ ਬੰਦੀਖਾਨੇ ਦੇ ਰੂਪ ਵਿਚ ਸੀ। ਮੁਖ ਦੁਆਰ ਅਗੇ ਪੋਲੀਸ ਚੌਂਕੀ ਸੀ। ਹਰ ਔਣ ਵਾਲੇ ਸਿਖ ਦਾ ਨਾਮ ਲਿਖਿਆ ਜਾਂਦਾ ਸੀ। ਦੂਜੀ ਵਾਰੀ ਛੇ ਮਹੀਨੇ ਬਾਦ ਦਰਸ਼ਨ ਕਰਨ ਦਾ ਸਮਾਂ ਮਿਲਦਾ ਸੀ। ਸਤਿਗੁਰੂ ਹਰੀ ਸਿੰਘ ਜੀ ਉਸ ਸਮੇਂ ਬਾਹਰ ਰਾਮਸਰ ਸਨ। ਦੇਹ ਕੁਛ ਢਿਲੀ ਸੀ। ਸਾਹਿਬਜ਼ਾਦੇ ਦਾ ਪ੍ਰਗਟ ਹੋਣਾ ਸੁਣਕੇ ਉਹ ਬਹੁਤ ਪ੍ਰਸੰਨ ਹੋਏ ਅਤੇ ਉਠਕੇ ਕੁਰਸੀ ਤੇ ਬੈਠ ਗਏ ਬੜੇ ਵਰ ਦਿਤੇ। ਬਚਨ ਕੀਤਾ ਕਿ ਇਸਦੀ ਛਤ੍ਰ ਛਾਇਆ ਹੇਠ ਸਾਧ ਸੰਗਤ ਨੂੰ ਬੜੇ ਸੁਖ ਹੋਣਗੇ। ਮਾਤਾ ਜੀ ਨੇ ੧੦੦ ਮਣ ਗੁੜ ਵੰਡਿਆ ਸਾਰੀ ਸਾਧ ਸੰਗਤ ਵਿਚ ਅਨੰਦ ਖੁਸ਼ੀਆਂ ਹੋਈਆਂ। ਸ੍ਰੀ ਸਤਿਗੁਰੂ ਜੀ ਦਾ ਅਵਤਾਰ ਹੋਣ ਤੇ ਸ੍ਰੀ ਭੈਣੀ ਸਾਹਿਬ ਦਰਵਾਜੇ ਤੋਂ ਪੋਲੀਸ ਦੀ ਕਰੜਾਈ ਭੀ ਨਰਮ ਹੋਈ ਸਿਪਾਹੀਆਂ ਅਪਣਾ ਡੇਰਾ ਡਿਓਢੀ ਤੋਂ ਦੂਰ ਕਰ ਲਿਆ।

ਪੰਡੋਰੀ ਵਾਲੇ ਭਾਈ ਵਜ਼ੀਰ ਸਿੰਘ ਜੀ ਨੇ ਸਾਹਿਬਜ਼ਾਦੇ(ਸਤਿਗੁਰੂ) ਜੀ ਨੂੰ ਭਜਨ ਦਿਤਾ। ਬਹੁਤ ਸਾਰੇ ਗਰੀਬਾਂ ਨੂੰ ਦਾਨ ਦੇ ਪਵਿਤ੍ਰ ਜਲ ਨਾਲ ਧੋਕੇ ਦੁਧੀ ਸਤਿਗੁਰੂ ਜੀ ਨੂੰ ਦੁਧ ਪਲਾਇਆ।

ਸਤਿਗੁਰੂ ਹਰੀ ਸਿੰਘ ਜੀ ਨੇ ਆਗਿਆ ਕੀਤੀ ਕਿ ਜਗਤ ਰੀਤੀ ਨਹੀਂ ਰਖਣੀ। ਇਸ਼ਨਾਨ ਕਰਾਓ ਸੋ ਮਾਤਾ ਜੀ ਨੇ ਓਸੇ ਦਿਨ ਇਸ਼ਨਾਨ ਕਰ ਲਿਆ।

ਦੋ ਨਿਹੰਗ ਸਿੰਘਾਂ ਨੂੰ ਦਸਮੇਸ਼ ਜੀ ਦੇ ਦ੍ਰਿਸ਼ਟਾਂਤ ਵਿਚ ਦਰਸ਼ਨ ਹੋਏ ਓਹ ਚਮਕੌਰ ਸਾਹਿਬ ਤੋਂ ਆਏ। ਸਤਿਗੁਰੂ ਹਰੀ ਸਿੰਘ ਜੀ ਪਾਸ ਅਰਜ਼ ਕੀਤੀ ਕਿ ਇਸਤਰਾਂ ਸਾਨੂੰ ਦਸਮੇਸ਼ ਜੀ ਦੇ ਦਰਸ਼ਨ ਹੋਏ ਹਨ ਅਤੇ ਓਨਾਂ ਦਸਿਆ ਹੈ ਕਿ ਮੈਂ ਭੈਣੀ ਸਾਹਿਬ ਪ੍ਰਗਟ ਹੋਇਆ ਹਾਂ। ਸਤਿਗੁਰੂ ਜੀ ਨੇ ਸਿੰਘ ਨਾਲ ਦੇਕੇ ਨਿਹੰਗ ਸਿੰਘਾਂ ਨੂੰ ਘਰ ਮਾਤਾ ਜਿ ਪਾਸ ਭੇਜਿਆ ਦਰਸ਼ਨ ਕਰਕੇ ਪ੍ਰਤੀਤ ਆਈ ਕੀ ਜੋ ਦ੍ਰਿਸਟਾਂਤ ਹੋਇਆ ਸੀ ਓਹੋ ਹੀ ਹਨ। ਇਕ ਦੋ ਦਿਨ ਰਹਿਕੇ ਉਪਮਾਂ ਕਰਦੇ ਵਾਪਸ ਗਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਗਟ ਹੋਣ ਬਾਰੇ ਭਵਿਖਤਵਾਕ ਬਾਬਾ ਸ਼ੇਰ ਸਿੰਘ ਜੀ(ਮਸਤ) ਡਫਰਕੇ ਵਾਲਿਆਂ ਭੀ ਕਈ ਵਾਰ ਕੀਤੇ ਸਨ। ਸੰਤੋਖ ਸਿੰਘ ਜੀ ਦੇ ਅਣਛਪੇ ਪੁਸਤਕ "ਸਤਿ-ਗੁਰੂ ਬਿਲਾਸ" ਵਿਚ ਵਡਤੀਰਥ ਦੀ ਸਾਖੀ ਜਿਸ ਵਿਚ ਦਸਮੇਸ਼ ਜੀ ਵਲੋਂ ਕੀਤੇ ਹੋਏ ਭਵਿਖਤ ਬਚਨ ਹਨ ਉਹਨਾਂ ਵਿਚ ਸੰਤਾਂ ਨੇ ਇਹ ਲਿਖਿਆ ਹੈ:-

ਤਬ ਦੇਹ ਜਾਇ ਬਾਰਵੇਂ ਗੁਰੂ ਕੇ ਅਨੁਜ ਮਝਾਰੀ।
ਤੇਜ ਸਮਾਇਆ ਤਾਂਕੇ ਤਨ ਮੇ ਬੇ-ਸੁਮਾਰੀ।
ਤਾਂਕੋ ਸਿਮਰੇ ਸੁਰ ਕਿਆ ਨਰ ਨਾਰੀ।
ਕੋਈ ਦਿਨ ਬੀਤ ਜਬ ਜਾਵੇ।
ਤਾਂਕੇ ਸੁਤ ਮੇਂ ਵਹੀ ਆਇ ਸਮਾਵੇ।
ਤੀਨੋ ਕਾ ਤਨ ਏਕ ਸਰੂਪ ਕਰ ਜਾਨੋ।
ਬਾਰਵੇਂ ਗੁਰੂ ਕਾ ਰੂਪ ਕਰ ਮਾਨੋ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਡਿਪਟੀ ਕਮਿਸ਼ਨਰ ਸ੍ਰੀ ਭੈਣੀ ਸਾਹਿਬ ਆਇਆ ਉਸਨੇ ਪੁਛਿਆ ਕਿ ਗੁਰਗਦੀ ਕਿਨਾਂ ਨੂੰ ਦਿਤੀ ਗਈ ਹੈ। ਇਸ ਪ੍ਰਸੰਗ ਨੂੰ ਸੰਤ ਸੰਤੋਖ ਸਿੰਘ ਜੀ ਨੇ ਇਨਾਂ ਸ਼ਬਦਾਂ ਵਿਚ ਲਿਖਿਆ ਹੈ:-

ਜਿਲਾ ਅਰੋੜਾ ਸੀ। ਰਾਮਦਾਸਪੁਰੇ ਆਇਆ ਅਫਸੋਸ ਕਰ ਪੁਛਾ ਗਦੀ ਕਿਸ ਕੋ ਦੀ ਹੈ। ਨਰੇਣ ਸਿੰਘ ਰੋੜਿਆਂ ਦੇ ਨੇ ਕਿਹਾ ਪਰਤਾਪ ਸਿੰਘ ਸਾਹਿਬਜਾਦੇ ਕੋ ਕਹਿ ਗਏ ਹੈਂ।

ਨੰਗਲ(ਜਿ: ਲੁਧਿਆਣਾ) ਦੇ ਬਾਬਾ ਕਾਲਾ ਸਿੰਘ ਜੀ ਨਾਮਧਾਰੀ ਇਤਿਹਾਸ ਲੇਖਕਾਂ ਵਿਚ ਪ੍ਰਸਿਧ ਹੋ ਚੁਕੇ ਹਨ। ਇਨਾਂ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਦੇ ਬਚਨ

Namdhari Elibrary NamdhariElibrary@gmail.com

ਅਪਣੀ ਕਵਿਤਾ ਵਿਚ ਇਸਤਰਾਂ ਲਿਖੇ ਹਨ:-"

"ਮਹਾਰਾਜ ਸਤਿਗੁਰ ਹਰੀ ਸਿੰਘ ਰਾਖਿ
ਬਲਹਾਰ ਬਲਹਾਰ ਬਲਹਾਰ ਵਾਰੀ।
ਬੇੜਾ ਬਾਲੂ ਅਕਾਲ ਤੇ ਗੁਰੂ ਬਾਰਾਂ
ਵਾਹਿਗੁਰੂ ਬਾਲੂ ਕਰਨਹਾਰ ਵਾਰੀ।
ਏਸ ਬਾਗ ਗੁਲਜਾਰ ਦਾ ਆਪ ਰਾਖਾ
ਰਾਮ ਸਿੰਘ ਸਤਿਗੁਰ ਪ੍ਰਵਦਗਾਰ ਵਾਰੀ।
ਅਸੀਂ ਦਿਤਾ ਸਮ੍ਹਾਲ ਪ੍ਰਤਾਪ ਸਿੰਘ ਨੂੰ
ਸਾਰਾ ਬਾਗ ਬਹਾਰ ਗੁਲਜਾਰ ਵਾਰੀ।
ਰਾਖੀ ਕਰੂ ਪਾਣੀ ਪਾਊ ਨਾਮ ਰੂਪੀ,
ਕਰੂ ਖਾਲਸੇ ਨਾਲ ਪਿਆਰ ਵਾਰੀ।
ਜੋ ਕੁਝ ਕਹਿਣ ਸੋ ਮੰਨਣਾ ਖਾਲਸੇ ਨੇ
ਸਾਡਾ ਹੁਕਮ ਏਹੋ ਵਾਰ ਵਾਰ ਵਾਰੀ।
ਆਤਮਕ ਸ਼ਕਤੀ ਸ਼ਬਦ ਜੋਤ ਸਾਰੀ'
ਅਸੀਂ ਬਖਸ਼ ਦਿਤੀ ਇਕੋ ਵਾਰ ਵਾਰੀ।
ਕਾਲਾ ਸਿੰਘ ਇਹੋ ਸੰਤ ਖਾਲਸੇ ਨੂੰ
ਦਿੰਦੇ ਸਤਿਗੁਰੂ ਹੁਕਮ ਉਭਾਰ ਵਾਰੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਸੁਪ੍ਰਸਿਧ ਸਿਖ ਸੁਧ ਸਿੰਘ ਜੀ ਬਗਲੀ(ਸਮਰਾਲਾ ਦੇ ਨਜਦੀਕ) ਵਾਲਿਆਂ ਦੇ ਸਪੁਤ੍ਰ ਹਰਨਾਮ ਸਿੰਘ ਜੀ ਨੇ ਇਕ ਪੁਸਤਕ"ਸੰਤ ਖਾਲਸਾ" ਲਿਖਿਆ ਹੈ ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੋ ਵਾਰੀ ਛਪ ਚੁਕਾ ਹੈ। ਇਸ ਪੁਸਤਕ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਤੇ ਨਾਮਧਾਰੀ ਸ਼ਹੀਦਾਂ ਦਾ ਇਤਿਹਾਸ ਹੈ। ਪਰ ਸੰਖੇਪ ਵਰਣਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੀਵਨ ਦਾ ਵੀ ਹੈ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਜੋਤੀ ਜੋਤ ਸਮਾ-ਉਣ ਵੇਲੇ ਜੋ ਬਚਨ ਕੀਤੇ ਉਹ ਹਰਨਾਮ ਸਿੰਘ ਜੀ ਬਗਲੀ ਵਾਲੇ ਨੇ ਅਪਣੀ ਉਪ੍ਰੋਕਤ ਪੁਸਤਕ ਵਿਚ ਇਸਤਰਾਂ ਲਿਖੇ ਹਨ:-

ਹਰੀ ਸਿੰਘ ਮਹਾਰਾਜ ਕ੍ਰਿਪਾਲ ਦੂਲੋ,
ਨੇੜੇ ਆਪਣਾ ਸਮਾ ਵਿਚਾਰ ਕਰਕੇ।
ਪਾਸ ਸਦ ਮਹਾਰਾਜ ਪ੍ਰਤਾਪ ਸਿੰਘ ਨੂੰ,
ਜਾਨਸ਼ੀਨ ਅਪਣੇ ਗਦੀਦਾਰ ਕਰਕੇ।
ਸ਼ਕਤੀ ਬਖਸ ਦਿਤੀ ਬਖਸ਼ੀ ਸਤਿਗੁਰਾਂ ਦੀ,
ਆਮ ਸੰਗਤਾਂ ਵਿਚ ਦਰਬਾਰ ਕਰਕੇ।
ਨਾਮਧਾਰੀਆਂ ਵਿਚ ਸੁਣਾਇ ਦਿਤਾ,
ਪੁਤਰ ਆਪਣੇ ਨੂੰ ਸ਼ਕਤਦਾਰ ਕਰਕੇ।
ਸਾਡੀ ਜਗਾ ਮਹਾਰਾਜ ਪ੍ਰਤਾਪ ਸਿੰਘ ਹੈ,
ਉਚੀ ਸਤਿਗੁਰਾਂ ਕਿਹਾ ਪੁਕਾਰ ਕਰਕੇ।
ਮੰਨੋ ਏਨਾਂ ਨੂੰ ਪੰਥ ਹਰਨਾਮ ਸਿੰਘਾ,
ਸਾਡੀ ਜਗਾ ਉਤੇ ਨਿਸਚਾ ਧਾਰ ਕਰਕੇ।

ਸ੍ਰੀ ਭੈਣੀ ਸਾਹਿਬ ਤੋਂ ਚੜ੍ਹਦੇ ਵਲ ਕ੍ਰੀਬ ਤਿੰਨ ਮੀਲ(੫ ਕਿਲੋ ਮੀਟਰ) ਦੀ ਦੂਰੀ ਤੇ ਨੀਲੋਂ ਰੈਸਟ ਹਾਊਸ ਅਤੇ ਪੁਲ ਤੋਂ ਪਾਰ ਇਕ ਪਿੰਡ ਬਿਜਲੀ ਪੁਰ ਹੈ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦੇਹ ਛਡਣ ਤੋਂ ਇਕ ਦਿਨ ਬਾਦ ,ਏਥੋਂ ਦੇ ਇਕ ਫਕੀਰ, ਸ਼ਫੀ ਮੁਹੰਮਦ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ ਅਤੇ ਅਵਾਜਾ ਹੋਇਆ ਕਿ ਸਮੇਂ ਦਾ ਮਾਲਕ ਵਡੇ ਪ੍ਰਤਾਪ ਵਾਲਾ ਸਤਿਗੁਰੂ ਹੈ। ਸਭ ਸੰਗਤ ਇਨਾਂ ਨੂੰ ਮੰਨੇ । ਇਸ ਫਕੀਰ ਨੇ ਸ੍ਰੀ ਭੈਣੀ ਸਾਹਿਬ ਆ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦਰਸ਼ਨ ਕੀਤਾ। ਮਨ ਨੂੰ ਸੁਖ ਹੋਇਆ ਅਤੇ ਤਸੱਲੀ ਹੋਈ ਕਿ ਏਨਾਂ ਵਾਸਤੇ ਹੀ ਰਾਤੀਂ ਸੁਪਨੇ ਵਿਚ ਦਰਸ਼ਨ ਹੋਏ ਸਨ ਅਤੇ ਅਵਾਜਾ ਹੋਇਆ ਸੀ। ਉਸਨੇ ਦਰਸ਼ਨ ਹੋਣ ਅਤੇ ਅਵਾਜਾ ਹੋਣ ਦਾ ਸਾਰਾ ਬ੍ਰਿਤਾਂਤ ਸੰਗਤ ਨੂੰ ਦਸਿਆ ਅਤੇ ਆਖਿਆ ਕਿ ਹੁਣ ਸੰਗਤ ਏਨਾਂ ਨੂੰ ਮੰਨੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬਾਲ ਅਵਸਥਾ ਤੋਂ ਉਪਰ ਹੁੰਦਿਆਂ ਹੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਸੰਤ ਉਤਮ ਸਿੰਘ ਜੀ ਰਾਇਸਰ ਵਾਲਿਆਂ ਨੇ ਮਰਜਾਦਾ ਪੂਰਤੀ ਲਈ ਭਜਨ ਦਸ ਦਿਤਾ ਸੀ।

ਇਕ ਵਾਰੀ ਐਸਾ ਸਮਾਂ ਭੀ ਆਇਆ ਕਿ ਮਾਤਾ ਜੀਵਨ ਕੌਰ ਜੀ ਲੰਗਰ ਵਿਚ ਲਾਂਗਰੀਆਂ ਦਾ ਰੌਲਾ ਸੁਣ ਓਨਾਂ ਨੂੰ ਸਮਝਾਉਣ ਗਏ। ਜਿਸ

Namdhari Elibrary NamdhariElibrary@gmail.com

ਪੰਘੂੜੇ ਤੇ ਮਾਤਾ ਜੀ ਸਤਿਗੁਰੂ ਜੀ ਨੂੰ ਮੰਦਰ ਵਿਚ ਛਡ ਗਏ ਸਨ, ਓਸੇ ਪੰਘੂੜੇ ਵਿਚ ਸਤਿਗੁਰੂ ਜੀ ਦਾ ਦਰਸ਼ਨ ਲੰਗਰ ਵਿਚ ਹੋਇਆ। ਇਹ ਵੇਖ ਅਸਚਰਜ ਹੋ ਮਾਤਾ ਜੀ ਮੰਦਰ ਵਿਚ ਆਏ, ਜਾਂ ਵੇਖਿਆ, ਵਜੀਰ ਸਿੰਘ ਜੀ ਪੰਘੂੜੇ ਪਾਸ ਬੈਠੇ ਹਨ, ਅਤੇ ਸਤਿਗੁਰੂ ਜੀ ਵਿਚ ਖੇਡ ਰਹੇ ਹਨ ਫੇਰ ਲੰਗਰ ਵਲ ਗਏ ਅਤੇ ਪੰਘੂੜਾ ਅਤੇ ਸਤਿਗੁਰੂ ਜੀ ਨੂੰ ਓਸੇਤਰਾਂ ਖੇਡਦੇ ਵੇਖਿਆ। ਮਾਤਾ ਜੀ ਏਹ ਕੌਤਕ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਸੁਣਾਇਆ ਓਨਾਂ ਬਚਨ ਕੀਤਾ ਏਹ ਵਡੇ ਪ੍ਰਤਾਪ ਵਾਲਾ ਹੈ। ਕੀ ਜਾਣੀਏ ਕੀ ਕੌਤਕ ਹੋਇਆ ਹੈ ?

ਸ੍ਰੀ ਸਤਿਗੁਰੂ ਹਰੀ ਸਿੰਘ ਜੀਦੇ ਘਰ ਸ਼ਾਹਿਬ-ਜ਼ਾਦੇ ਦਾ ਅਵਤਾਰ ਹੋਇਆ ਸੁਣ ਅਤੇ ਏਹ ਸੁਣਕੇ ਕਿ ਅਗੇ ਨਾਲੋਂ ਦਰਵਾਜੇ ਤੇ ਹੁਣ ਕੁਛ ਨਰਮਾਈ ਹੈ, ਸੰਤ ਲਾਲ ਸਿੰਘ ਭੂਰੇਗਿਲ(ਜਿ: ਅੰਮ੍ਰਿਤਸਰ) ਵਾਲੇ ਕੁਛ ਸਿੰਘ ਅਤੇ ਮਾਈਆਂ ਨਾਲ ਲੈਕੇ ਪੈਦਲ ਰਸਤੇ ਵਿਚ ਦੀਵਾਨ ਲਾਉਂਦੇ ਸ੍ਰੀ ਭੈਣੀ ਸਾਹਿਬ ਨੂੰ ਆਏ। ਏਹ ਜਥਾ ਤਖਰਾਂ ਵਲੋਂ(ਇਹ ਪਿੰਡ ਸ੍ਰੀ ਭੈਣੀ ਸਾਹਿਬ ਤੋਂ ਚੜ੍ਹਦੇ ਵਲ ਹੈ) ਦੀ ਹੋਕੇ ਆ ਰਿਹਾ ਸੀ। ਰਸਤੇ ਵਿਚ ਇਕ ਨਿੰਮ ਹੇਠ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਭਜਨ ਕਰਦਿਆਂ ਦੇ ਦਰਸ਼ਨ ਹੋਏ । ਏਹ ਜਥਾ ਓਥੇ ਹੀ ਨਮਸਕਾਰ ਕਰਕੇ ਬੈਠ ਗਿਆ। ਸੰਤ ਕੰਧਾਰਾ ਸਿੰਘ ਜੀ ਸ਼ਰਦਾਈ ਲੈਕੇ ਆਏ। ਸਤਿਗੁਰੂ ਜੀ ਬਚਨ ਕੀਤਾ ਇਨਾਂ ਦਾ ਦਰਸ਼ਨ ਕਰਕੇ ਸਾਨੂੰ ਹੁਣ ਕੋਈ ਪਿਆਸ ਨਹੀਂ ਰਹੀ। ਤੁਸੀਂ ਘਰ ਜਾਕੇ ਆਖੋ ਕਿ ਸੰਗਤ ਵਾਸਤੇ ਪ੍ਰਸ਼ਾਦ ਤਿਆਰ ਕਰਨ।

ਸਤਿਗੁਰੂ ਹਰੀ ਸਿੰਘ ਜੀ ਅਤੇ ਸੰਗਤ ਸ੍ਰੀ ਭੈਣੀ ਸਾਹਿਬ ਆ ਗਏ। ਪੋਲੀਸ ਦੇ ਚਿੜ ਚਿੜ ਕਰਦਿਆਂ ਅੰਦਰ ਲੰਘਕੇ ਜਾ ਕੇ ਮਾਤਾ ਜੀ ਨੂੰ ਨਮਸਕਾਰ ਕੀਤੀ। ਮਾਤਾ ਜੀ ਪੁਲੀਸ ਵਾਲਿਆਂ ਨੂੰ ਕੁਛ ਖਾਣ ਪੀਣ ਨੂੰ ਦਿਤਾ ਅਤੇ ਚੁਪ ਕਰਾ ਦਿਤੇ। ਸਤਿਗੁਰੂ ਹਰੀ ਸਿੰਘ ਜੀ ਨੇ ਸੰਗਤ ਦੇ ਨਾਲ ਹੀ ਪ੍ਰਸ਼ਾਦ ਛਕਿਆ ਅਤੇ ਸਾਰੀ ਸੰਗਤ ਨੂੰ ਪ੍ਰਸੰਨ ਕਰਕੇ ਛਕਾਇਆ। ਇਹ ਜਥਾ ਫੇਰ ਤੱਖਰੀਂ ਚਲਾ ਗਿਆ ਅਤੇ ਬਾਹਰ ਖੂਹ ਤੇ ਹੀ ਟਿਕੇ ਰਹੇ, ਤੱਖਰਾਂ ਦੇ ਸਿੰਘ ਨੇ ਖੂਹ ਤੇ ਹੀ ਰਸਤ ਪਾਣੀ ਪਹੁੰਚਾ ਦਿਤਾ। ਪਰ ਇਕ ਅਖੜ ਸੁਭਾਉ ਵਾਲਾ ਸਿਪਾਹੀ ਆਇਆ ਓਹ ਇਨਾਂ ਨੂੰ ਘੇਰਕੇ ਲੁਦਿਹਾਣੇ ਲੈ ਗਿਆ। ਜਿਸ ਅਫਸਰ ਕੋਲ ਲੈ ਗਿਆ ਓਸਨੇ ਬਚੇ ਮਾਈਆਂ ਬਿਰਧ ਵੇਖਕੇ ਆਖਿਆ ਏਨਾਂ ਨੂੰ ਜਾਣ ਦਿਓ, ਏਹ ਅੰਦਰ ਗਏ ਕੀ ਵਿਗਾੜਨਗੇ। ਰਾਤ ਲੁਦਿ-ਆਣੇ ਰਹਿਕੇ ਸੰਤ ਲਾਲ ਸਿੰਘ ਜੀ ਜਥੇ ਸਮੇਤ ਫੇਰ ਸ੍ਰੀ ਭੈਣੀ ਸਾਹਿਬ ਆਏ ਅਤੇ ਮਸਤ ਹੋਕੇ ਇਹ ਸ਼ਬਦ ਪੜ੍ਹਦੇ ਰਹੇ:-

ਬਿਰਾਜਿਤ ਰਾਮ ਕੋ ਪਰਤਾਪ।
ਆਧਿ ਬਿਆਧਿ ਉਪਾਧਿ ਸਭ ਨਾਸੀ
ਬਿਨਸੇ ਤੀਨੇ ਤਾਪ ॥ ੧ ॥ਰਹਾਉ।
ਤ੍ਰਿਸਨਾ ਬੁਝੀ ਪੂਰਨ ਸਭ ਆਸਾ ਚੂਕੇ ਸੋਗ ਸੰਤਾਪ।
ਗੁਣ ਗਾਵਤ ਅਚੁਤ ਅਬਿਨਾਸੀ
ਮਨ ਤਨ ਆਤਮ ਧ੍ਰਾਪ ॥੧॥
ਕਾਮ ਕਰੋਧ ਲੋਭ ਮਦ ਮਤਸਰ
ਸਾਧੂ ਕੈ ਸੰਗਿ ਖਾਪ ॥
ਭਗਤਿ ਵਛਲ ਭੈ ਕਾਟਨ ਹਾਰੇ
ਨਾਨਕ ਕੇ ਮਾਈ ਬਾਪ ॥ ੨ ॥

ਰਾਤ ਸ੍ਰੀ ਭੈਣੀ ਸਾਹਿਬ ਰਹੇ। ਮਾਤਾ ਜੀ ਨੇ ਰਸਤੇ ਲਈ ਘਿਓ ਮਿਠਾ ਆਦਿ ਦਿਤਾ ਅਤੇ ਇਹੋ ਸ਼ਬਦ ਪੜ੍ਹਦੇ ਜਥੇ ਸਮੇਤ ਸੰਤ ਜੀ ਵਿਦਿਆ ਹੋਏ।

ਬਿਕ੍ਰਮੀ ੧੯੬੩ ਜੇਠ ਵਦੀ ਦਸਵੀਂ ਸ਼ਨਿਛ-ਵਾਰ ਸ਼ਾਮ ਨੂੰ ਪੰਜ ਵਜਕੇ ਪੰਜ ਮਿੰਟ ਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਪਰਮ ਧਾਮ ਪਧਾਰ ਗਏ ਸਾਧ ਸੰਗਤ ਬਹੁਤ ਸ਼ੋਕਾਤੁਰ ਹੋਈ.ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਨਮਿਤ ਪਾਠਾਂ ਦੇ ਭੋਗ ਜੇਠ ਸੁਦੀ ਇਕਾਦਸੀ(ਨਿਰਜਲਾ ਇਕਾਦਸੀ)ਨੂੰ ਪਾਏ। ਇਸ ਮੇਲੇ ਵਿਚ ਦੂਰ ਨੇੜੇ ਦੀ ਬਹੁਤ ਸਾਧ ਸੰਗਤ ਆਈ। ਇਸ ਮੇਲੇ ਤੇ ਸ਼ਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਆਸਣ ਵਿਛਾਕੇ ਬੈਠਾਲਕੇ ਹੀਰਾ ਸਿੰਘ ਟਿਕਾ ਅਤੇ ਬੀਰ ਸਿੰਘ ਚੂੰਨੀ ਵਾਲਿਆਂ ਨੇ ਸਭ ਤੋਂ

ਪਹਿਲਾਂ ਮਥਾ ਟੇਕਿਆ ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦੇਹ ਤਿਆਗ ਦੇਣ ਤੋਂ ਬਾਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਾਲ ਅਵਸਥਾ ਵਾਲੀ ਬਿਰਤੀ ਵਿਚ ਪਰਿਵਰਤਨ ਆਇਆ । ਆਪ ਨੇ ਪਹਿਲੇ ਦੀ ਤਰਾਂ ਹਸਣਾਂ ਖੇਡਣਾਂ ਆਦਿ ਬਹੁਤ ਘਟ ਕਰ ਦਿਤਾ । ਰਾਤ ਨੂੰ ਮਾਤਾ ਜੀ ਪਾਸ ਬੈਠਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੀਆਂ ਅਤੇ ਹੋਰ ਪੁਰਾਤਨ ਸਾਧੂਆਂ ਦੀਆਂ ਸਾਖੀਆਂ ਸੁਣਦੇ । ਕਦੇ ਕਿਸੇ ਦਿਨ ਦੂਰ ਜਾ ਕੇ ਕਿਸੇ ਦਰਖਤ ਹੇਠ ਬੈਠਕੇ ਇਕਾਂਤ ਭਜਨ ਕਰਦੇ ਰਹਿੰਦੇ ।

ਐਸਾ ਹੀ ਸਮਾਂ ਸਤਿਗੁਰੂ ਨਾਨਕ ਦੇਵ ਜੀ ਤੇ ਆਇਆ ਸੀ । ਉਸ ਸਮੇਂ ਦਾ ਵਰਣਨ ਕਰਦਿਆਂ ਭਾਈ ਗੁਰਦਾਸ ਜੀ ਨੇ ਲਿਖਿਆ ਹੈ;-

ਰੇਤ ਅਕ ਆਹਾਰ ਕਰ ਰੋੜਾਂ ਦੀ ਗੁਰ ਕਰੀ ਵਿਛਾਈ
ਭਾਰੀ ਕਰੀ ਤਪਸਿਆ ਵਡੇ ਭਾਗ ਹਰਿ ਸਿਉ ਬਣਿਆਈ

ਇਸੇ ਤਰਾਂ ਇਹ ਸਮਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਰੰਭਿਕ ਜੀਵਨ ਵਿਚ ਜਦੋਂ ਆਇਆ ਤਾਂ ਆਪ ਨੇ ਉਗ੍ਰਤਪ ਕੀਤਾ । ਇਸ ਸਮੇਂ ਦਾ ਵਰਣਨ ਪ੍ਰਸਿਧ ਸਿਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਇਸ ਤਰਾਂ ਲਿਖਦੇ ਹਨ:-

> ਕਾਰ ਬਾਰ ਜਗ ਕੋ ਅਸਾਰ ਲਖ ਡਾਰਿ ਸਭ
> ਧਾਰ ਸੁ ਅਚਾਰ ਔ ਵਿਚਾਰ ਵੀਚ ਰਹਿ ਹੈਂ ।
> ਮਸਤ ਸ਼ਰਾਬੀ ਜਯੋਂ ਰਹਾਬੀ ਥਿਤਿ ਏਕ ਰਸ
> ਦਾਬੀ ਦਲਗੀਰੀ ਫਾਬੀ ਖੁਸ਼ੀ ਤੇ ਅਚਹਿ ਹੈਂ ।
> ਰੋਧ ਕਰਿ ਇੰਦ੍ਰੀ ਨਿਰੋਧ ਮਨ ਕੋ ਪ੍ਰਬੋਧ
> ਸੋਧ ਸੁਧ ਠੌਰ ਨਦੀ ਸਰ ਤਟ ਬਹਿ ਹੈਂ ।
> ਜੀਹ ਨਾਮ ਜਪ ਮਾਂਹਿ ਤਨ ਤਾਯੋ ਤਪ ਮਾਂਹਿ
> ਮਨ ਮਹਿਬੂਬ ਮਾਂਹਿ ਖੂਬ ਰਾਖਿਯੋ ਗਹਿ ਹੈਂ ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਭੋਗ ਪੈਣ ਤੋਂ ਬਾਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਦਰ ਭੀ ਐਸਾ ਵੈਰਾਗ ਉਤਪੰਨ ਹੋਇਆ ਕਿ ਘਰ ਦੇ ਵਿਹਾਰਕ ਝਮੇਲਿਆਂ ਤੋਂ ਮਨ ਉਪਰਾਮ ਹੋ ਗਿਆ ਇਸ ਕਰਕੇ ਆਪ ਜੀ ਨੇ ਨਹਿਰ ਤੇ ਜਾਕੇ ਬਿਰਧ ਸਾਧੂਆਂ ਦੀ ਸੰਗਤ ਨਾਲ ਬੈਠਕੇ ਭਜਨ ਕਰਨਾਂ ਸ਼ੁਰੂ ਕੀਤਾ । ਸਤਿਗੁਰੂ ਜੀ ਪੰਡਿਤ ਬਸੰਤ ਸਿੰਘ ਜੀ ਪਧਾਣੇ ਵਾਲਿਆਂ ਨੂੰ ਨਾਲ ਲੈ ਨਹਿਰ ਤੇ ਨਿਤਨੇਮ ਅਰੰਭ ਕੀਤਾ । ਭੁੰਜੇ ਬਰਾਜਣਾ ਅਤੇ ਬਹੁਤ ਥੋੜਾ ਛਕਣਾ ਨਹਿਰ ਤੇ ਘਰ ਵਰਗੇ ਸੁਖ ਨਹੀਂ ਸਨ । ਪੰਡਿਤ ਜੀ ਨੇ ਚਾਰ ਪੰਜ ਦਿਨ ਬਾਦ ਮੰਜਾ ਮੰਗਵਾ ਲਿਆ ਪਰ ਸਤਿਗੁਰੂ ਜੀ ਨਿਤਨੇਮ ਇਕ ਰਸ ਭੁੰਜੇ ਬਰਾਜ ਕੇ ਹੀ ਕੀਤਾ ਜੋ ੨੪ ਭਾਦਰੋਂ ੧੯੬੬ ਨੂੰ ਸੰਪੂਰਨ ਹੋਇਆ ।

ਆਪ ਜੀ ਦੇ ਸਮੇਂ ਦਾ ਸਭ ਤੋਂ ਪਹਿਲਾਂ ਹੋਲਾ ਬਿ: ਸੰਮਤ ੧੯੬੭ ਨੁਸ਼ਹਿਰੇ ਜਿ: ਗੁਜਰਾਤ(ਜੋ ਅਜਕਲ ਪਾਕਸਤਾਨ ਵਿਚ ਹੈ) ਵਿਖੇ ਹੋਇਆ । ਉਨਾਂ ਦਿਨਾਂ ਵਿਚ ਸ੍ਰਕਾਰ ਵਲੋਂ ਬਹੁਤ ਸਖਤੀਆਂ ਰਹਿੰਦੀਆਂ ਸਨ । ਤਾਂ ਭੀ ਸ੍ਰੀ ਸਤਿਗੁਰੂ ਜੀ ਸਾਧ ਸੰਗਤ ਦੀ ਅਰਜ ਮੰਨ ਦਰਸ਼ਨ ਦੇਣ ਜਾਂਦੇ ।

ਓਦੋਂ ਜੰਞ ਨਾਲ ਲੈ ਜਾਕੇ ਵਿਆਹ ਕਰਨ ਤੇ ਰੋਕ ਨਹੀਂ ਸੀ ਲਾਈ । ਸੰਮਤ ੧੯੭੦ ਵਿਚ ਸ੍ਰ. ਅਰਬੇਲ ਸਿੰਘ ਜੀ ਦਾ ਅਨੰਦ ਘਣੀਏ ਕੇ ਦੇ ਭਾਈ ਹਵੇਲਾ ਸਿੰਘ ਜੀ ਦੀ ਲੜਕੀ ਬੀਬੀ ਕਰਤਾਰ ਕੌਰ ਨਾਲ ਹੋਇਆ । ਜੰਞ ਨਾਲ ਸ੍ਰੀ ਸਤਿਗੁਰੂ ਜੀ ਭੀ ਗਏ । ਅਗੋਂ ਘਰ ਵਾਲੇ ਢੋਲਕ ਛੈਣੇ ਵਜਾਉਂਦੇ ਸ਼ਬਦ ਪੜਦੇ ਸੁਆਗਤ ਕਰਨ ਆਏ । ਇਸ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੁਛ ਕਦਮ ਘੋੜੇ ਤੇ ਚੜੇ ਹੋਏ ਸ਼ਬਦ ਪੜਦਿਆਂ ਦੇ ਨਾਲ ਹੀ ਗਏ ।

ਅਗਲੇ ਦਿਨ ਆਨੰਦ ਹੋਣ ਤੋਂ ਬਾਦ ਸਤਿਗੁਰੂ ਜੀ ਗਲ ਵਿਚ ਪਲਾ ਪਾਕੇ ਖੜੇ ਹੋ ਗਏ ਅਤੇ ਅਰਜ ਕੀਤੀ ਕਲ ਮੇਰੇ ਪਾਸੋਂ ਗੁਰਬਾਣੀ ਦਾ ਜੋ ਅਦਬ ਨਹੀਂ ਰਖਿਆ ਗਿਆ ਏਹ ਭਾਰੀ ਭੁਲ ਹੋਈ ਹੈ । ਜੋ ਸੰਗਤ ਦੀ ਰਜਾ ਹੋਵੇ ਮੈਨੂੰ ਡੰਨ ਲਾਵੇ ਮੈਂ ਮੰਨਾਗਾ । ਇਸ ਤੇ ਸੰਗਤ ਨੂੰ ਬਹੁਤ ਅਸਚਰਜ ਹੋਇਆ ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦੇ ਅਰੰਭਿਕ ਜੀਵਨ ਦੇ ਇਤਿਹਾਸ ਵਿਚੋਂ ਉਪ੍ਰੋਕਤ ਸਤਰਾਂ ਸਾਗਰ ਵਿਚੋਂ ਬੂੰਦ ਸਮਾਨ ਹਨ। ਜੋ ਸਾਡੇ ਜੀਵਨ ਲਈ ਮਾਰਗ ਦਰਸ਼ਕ ਹਨ।

ਸੰਗਤ ਵਿਚੋਂ ਅਵਾਜ਼ਾਂ ਔਣ ਲਗ ਪਈਆਂ ਕਿ ਸਚੇ ਪਾਤਸ਼ਾਹ ਜੀ ਆਪ ਬੈਠ ਜਾਓ। ਆਪਨੇ ਬੜੀ ਕ੍ਰਿਪਾ ਕੀਤੀ ਹੈ ਜੋ ਅਪਣਾ ਦੋਸ਼ ਮੰਨਕੇ ਸਾਨੂੰ ਭੁਲ ਮੰਨਣ ਦੀ ਜਾਚ ਦਸੀ ਹੈ।

ਮਾਈ ਦਾਨੀ ਦੀ ਪ੍ਰੇਮ ਕਹਾਨੀ

ਮਹਿੰਦਰ ਸਿੰਘ ਮਸਕੀਨ ਕੱਕੜ (ਭੰਗੂਟ)

ਪੂਰੀ ਪ੍ਰੀਤਵਾਨੀ ਦਾਨੀ ਚਾਹਤ ਹੰਡਾਣੀ ਸਦਾ,
ਪ੍ਰੇਮ ਮੰਝ ਧਾਰਾ ਗੁਰੂ ਦਰਸ ਕੀ ਬਹਾਰਾਂ ਨੂੰ।
ਗੁਰੂ ਦੀਦ ਦੀ ਦੀਵਾਨੀ ਜਿਉਂ ਪਪੀਹੀ ਪਿਆਸ ਵਾਨੀ,
ਸਵਾਂਤੀ ਦਰਸ ਪਾਣ ਪਾਨੀ ਚਾਹੇ ਪ੍ਰਾਣਨ ਅਧਾਰਾਂ ਨੂੰ।
ਅੰਸੂ ਬਰੁਸਾਨੀ ਸੋਊ ਵਾਟ ਮੇਂ ਵਛਾਨੀ ਦੀਦ,
ਦਿਲੋਂ ਭੇਜ ਰਹੀ ਪਹੀ ਪ੍ਰੇਮ ਦੀ ਪੁਕਾਰਾਂ ਨੂੰ।
ਬਹਿਬਲ ਵਿਜੋਗਣ ਹੋ ਜੋਗਣ ਜਿਉਂ ਜੋਗ ਜੁਟੀ,
ਲੁਟੀ ਪੀਹ ਦਰਸ ਔਹ ਨਿਖੁਟੀ ਸੁਧ ਸਾਰਾਂ ਨੂੰ।
ਯੇਹੀ ਜਪੇ ਜਾਪ ਪ੍ਰਤਾਪ ਪ੍ਰਤਾਪ ਕਹਿਕੇ,
ਵਹਿਕੇ ਪੇ ਧਰਨ ਕਦੇ ਖਾਏ ਕਿ ਤਵਾਰਾਂ ਨੂੰ।
ਗੁਰੂ ਪ੍ਰਤਾਪ ਸਿੰਘ ਜੀ ਜੋ ਸਦਾ ਸੇਵਕਾਂ ਸਹਾਏ,
ਸੋ ਬਿਨਾਂ ਬਿਲੰਭ ਧਾਏ ਪਾਏ ਪ੍ਰੇਮ ਕੀ ਪੁਕਾਰਾਂ ਨੂੰ।
ਪ੍ਰੇਮਨ ਪ੍ਰਾਣੀ ਪਈ ਪ੍ਰੀਤ ਪ੍ਰਵਾਨੀ ਦਾਨੀ,
ਭਈ ਭਾਗਵਾਨੀ ਯਾਂ ਥਿਆਏ ਫਲ ਚਾਰਾਂ ਨੂੰ।
ਧਰਮ ਅਰਥ ਕਾਮ ਮੋਖ ਪਾਇ, ਮਸਕੀਨ ਸਾਰੇ
ਪਾਕੇ ਗੁਰੂ ਪ੍ਰਤਾਪ ਦੇ ਸੁੰਦਰ ਦੀਦਾਰਾਂ ਨੂੰ।
ਥਈ ਵਿਜੋਗੀ ਰਵੀ ਦਰਸ ਪੀ ਪਪੀਹੀ ਸਵਾਂਤੀ ਬੂੰਦ,
ਸਰਸਐਸੇ ਜੈਸੇ ਜਿਉਂ ਚਕੋਰੀ ਪੇਖ ਚੰਦ ਕੋ।
ਭਈ ਜਾਂ ਦੀਵਾਨੀ ਦਾਨੀ ਬੁਧ ਬਿਸਰਾਨੀ,
ਹੋਈ ਗਦ ਗਦ ਬਾਨੀ ਪਾਏ ਪੂਰਣ ਅਨੰਦ ਕੋ।
ਗੁਰੂ ਦਰਸ ਕੀ ਕਹਾਣੀ ਜਾਨੀ ਜਿਨਾਂ ਮੌਜ ਮਾਣੀ,
ਅਤੇ ਜਾਏ ਨ ਬਖਾਣੀ ਤਿਵੇਂ ਜਿਵੇਂ ਗੁੰਗੇ ਕੰਦ ਕੋ।
ਮਾਨੋ'ਮਸਕੀਨ' ਮੀਨ ਸਾਗਰ ਮੇਂ ਭਈ ਭੀਨ,
ਤੈਸੇ ਭਈ ਲੀਨ ਕੌਲ ਕੰਜ ਮਕਰੰਦ ਕੋ।

Namdhari Elibrary NamdhariElibrary@gmail.com

ਐਸਾ ਸਤਿਗੁਰ ਲੋੜਿ ਲਹੁ

ਸਾਧੂ ਸਿੰਘ ਕਿਸਾਨ



ਲੇਖਕ

ਸ੍ਰ. ਸਾਧੂ ਸਿੰਘ ਜੀ ਕਿਸਾਨ ਸਵਰਗੀਯ ਸ੍ਰੀਮਾਨ ਸੰਤ ਤਰਨ ਸਿੰਘ ਵਹਿਮੀ ਜੀ (ਜਿਨਾਂ ਨੂੰ ਨਾਮਧਾਰੀ ਪੰਥ ਦਾ ਬੇਦ ਬਿਆਸ ਆਖਿਆ ਜਾ ਸਕਦਾ ਹੈ)ਦੇ ਹੋਣਹਾਰ ਵਡੇ ਸਪੁਤ੍ਰ ਹਨ.ਜੋਕਿ ਚੰਗੇ ਕਾਰੋਬਾਰੀ ਕਿਸਾਨ ਤੋਂ ਇਲਾਵਾ ਸੁਲਝੇ ਹੋਏ ਕਵੀ ਤੇ ਲਿਖਾਰੀ ਵੀ ਹਨ। ਤੇ ਸ੍ਰੀ ਵਹਿਮੀ ਜੀ ਦੀ ਸਾਰੀ ਇਤਹਾਸਿਕ ਸ਼ਮਗ੍ਰੀ ਨੂੰ ਕ੍ਰਮਵਾਰ ਪ੍ਰਕਾਸ਼ਿਤ ਕਰਨ ਵੀ ਇਸ ਪ੍ਰਵਾਰ ਵਿਚ ਅਜ ਵੀ ਸੰਤਾਂ ਵਾਲੀ ਲਗਨ ਮੌਜੂਦ ਹੈ।

ਸਨਖਤਰਵੀ

ਮੇਰੇ ਲਾਡਲੇ, ਬਹਾਦਰ ਤੇ ਗੁਰਸਿਖ ਬੇਟੇ ਮਾਂ ਸਦਕੇ ਅਜ ਕੀ ਗਲ ਏ ! ਤੇਰੇ ਰੋਦਿਆਂ ਨਿਕਲ-ਦੀਆਂ ਤੇਰੀਆਂ ਹੂੰਗਾਰਾਂ,ਤੇਰੀਆਂ ਡਕੀਆਂ ਡਕੀਆਂ ਹੁਬਕੀਆਂ, ਕਦੀ ਵੀ ਨਜ਼ਰ ਨਾਂ ਔਣ ਵਾਲੇ ਤੇਰੇ ਹੰਝੂ ਅਜ, ਪਿਘਲਿਆ ਪਿਘਲਿਆ ਤੇਰਾ ਪੱਥਰ ਜਿਗਰਾ, ਮੈਂ ਰਾਤ ਕਈ ਵਾਰੀ ਚੋਰੀ ਤੇਰੇ ਮੰਜੇ ਦੁਆਲੇ ਫਿਰਕੇ ਵੇਖਿਐ ਕੋਈ ਗੁਝਾ ਦੁਖ ਤੈਨੂੰ ਵਿਚੇ ਵਿਚ ਨਪੀੜੀ ਜਾ ਰਿਹੈ,ਠੀਕ ਏ, ਕਈ ਦਿਨਾਂ ਤੋਂ ਬੁਖਾਰ ਤੈਨੂੰ ਬੇਸੁਰਤ ਕਰੀ ਰਖਦਾ ਏ, ਜ਼ੁਕਾਮ ਤੇ ਖੰਘ ਨੂੰ ਵੀ ਦੋ ਦਿਨ ਹੋ ਗਏ ਨੇ, ਪਰ ਤੂੰ ਏਨਾਂ ਨਿਢਾਲ ਤੇ ਕਦੀ ਹੋਇਆ ਨਹੀਂ ਬਿਨਾਂ ਸੁੰਨ ਕੀਤੇ ਅਖ ਦਾ ਅਪ੍ਰੇਸ਼ਨ ਕਰਾਕੇ ਸ਼ਹਿਰੋਂ ਆ ਗਿਓਂ, ਸੀ ਨਾਂ ਕੀਤੀ, ਤਾਰ ਨਾਲ ਪਟ ਚੀਰਿਆ ਗਿਆ, ਤੂੰ ਪਰਨਾਂ ਬੰਨ੍ਹਕੇ ਘਰ ਆ ਗਿਓਂ ਹਾਏ ਨਾਂ ਕੀਤੀ, ਅਧਰੰਗ ਨਾਲ ਪਾਸਾ ਪਰਤਣੋਂ ਰਹਿ ਗਿਓਂ ਪਰਵਾਹ ਨਾਂ ਕੀਤੀ, ਦਮੇ ਨੇ ਤੇਰਾ ਸਾਹ ਨਾਲ ਸਾਹ ਨਾਂ ਰਹਿਣ ਦਿਤਾ ਤੂੰ ਘਾਬਰਿਆ ਨਾ, ਤੂੰ ਕਹਿੰਦਾ ਹੁੰਦਾ ਏਂ ਸਿਖ ਬੰਦ ਬੰਦ ਕਟਵਾ ਕੇ, ਸੀ ਨਹੀਂ ਕਰਦੇ, ਹੁਣ ਬੁਖਾਰ ਜ਼ੁਕਾਮ ਨਾਲ ਨਿਕਲ ਰਹੀਆਂ ਤੇਰੀਆਂ ਲੇਰਾਂ ਮੇਰੀ ਨੀਂਦਦੀਆਂਵੇਰੀਬਣ ਗਈਆਂ ਨੇ, ਪੁਤਰ ਦਸ ! ਬੋਲ ਕੁਝ ! ਵੈਦ ਹਕੀਮਾਂ ਦੀ ਤੇ ਕਸਰ ਕੋਈ ਨਹੀਂ ਰਹੀ ਹੋਰ ਵੀ ਜੋ ਆਖੇਂ ਕਰਨ ਨੂੰ ਤਿਆਰ ਆਂ।

"ਤੁਹਾਡਾ ਸਨੇਹ ਬੇਬੇ ਜੀ ਲਖ ਦਰਦਾਂ ਦਾ ਇਕੋ ਦਾਰੂ ਏ, ਪਰ ਮੇਰਾ ਇਹ ਰੋਗ ਮੈਂ ਕਿਵੇਂ ਦਸਾਂ"?

ਪੁਤਰਾ ! ਤੂੰ ਤੇ ਫਿਰ ਹੁਬਕੀਂ ਹੁਬਕੀਂ ਰੋਣਲਗ ਪਿਐਂ, ਦਸਿਆ ਕੁਝ ਵੀ ਨਹੀਂ, ਮੈਨੂੰ ਕਿਵੇਂ ਪਤਾ ਲਗੇ ਮੈਥੋਂ ਤੇਰਾ ਦੁਖ ਵੇਖਿਆ ਨਹੀਂ ਜਾਂਦਾ, ਮੈਨੂੰ ਕੁਝ ਤੇ ਦਸ ਜੇ ਹੋਰ ਨਹੀਂ, ਤਾਂ ਮੈਂ ਤੇਰੀ ਰੋਗ ਨਵਿਰਤੀ ਲਈ ਸਤਿਗੁਰਾਂ ਅਗੇ ਅਰਦਾਸ ਕਰਾਂਗੀ, ਓਹ ਬੜੇ ਮੇਹਰਬਾਨ ਨੇ, ਜ਼ਰੂਰ ਹੀ ਕਿਰਪਾ ਕਰਨਗੇ।

ਠੀਕ ਏ ਬੇਬੇ ਜੀ ਠੀਕ ਏ, ਮੇਰੇ ਇਸ ਰੋਗ ਦਾ ਇਲਾਜ ਅਰਦਾਸ ਈ ਕਰ ਸਕਦੀ ਏ, ਮੈਂ ਤੇ ਅਰਜ਼ਾਂ ਕਰ ਕਰ ਹਾਰ ਗਿਆ ਹਾਂ, ਮੈਂ ਗੁਨ੍ਹਾਂਗਾਰ ਦੀਆਂ ਸੁਣੀਆਂ ਈ ਨਹੀਂ ਗਈਆਂ, ਤੁਹਾਡੇ ਸਨੇਹ 'ਚ ਭਿਜੀ ਅਰਦਾਸ ਜ਼ਰੂਰ ਈ ਮੇਰੇ ਸਤਿਗੁਰ ਦੇ

(ਬਾਕੀ ਸਫਾ ੯੨)

Namdhari Elibrary NamdhariElibrary@gmail.com

ਸ੍ਰੀ ਜੀਵਨ ਨਗਰ ਦਾ ਉਦਘਾਟਨੀਯ ਸਮਾਰੋਹ ।



ਖੱਬੇ ਤੋਂ ਸੱਜੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਰਾਧਾਸਵਾਮੀ ਬਾਬਾ ਚਰਨ ਸਿੰਘ ਜੀ(ਉਸ ਵੇਲੇ ਵਕੀਲ ਦੇ ਰੂਪ ਵਿਚ) ਸਨਮਾਨ ਯੋਗ ਬਾਬਾ ਸਾਵਣ ਸਿੰਘ ਜੀ ਮਹਾਰਾਜ(ਰਾਧਾਸ਼ਵਾਮੀ)ਰਾਗੀ ਖਜਾਨ ਸਿੰਘ ਜੀ ਤਬਲਾ ਵਾਦਨ ਕਰਦੇ ਹੋਏ। ਰਾਗੀ ਦਰਸ਼ਨ ਸਿੰਘ ਜੀ ਹਾਰਮੋਨੀਅਮ ਵਾਦਨ ਕਰਦੇ ਹੋਏ, ਇਨ੍ਹਾਂ ਦੇ ਪਿਛੇ ਮਾਈਕਰੋਫੋਨ.

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਸ੍ਰੀ ਜੀਵਨ ਨਗਰ

ਕਿਉਂ ਤੇ ਕਿਵੇਂ ?

ਸਵਰਨ ਸਿੰਘ ਸਨੇਹੀ

ਸ੍ਰੀ ਮਾਨ ਸੰਤ ਸਵਰਨ ਸਿੰਘ ਸਨੇਹੀ ਨਾਮਧਾਰੀ ਪੰਥ ਦੇ ਇਕ ਮੰਨੇ ਪ੍ਰਮੰਨੇ ਪ੍ਰਾਣੇ ਤਜਰਬਾਕਾਰ ਸਾਹਿਤਕਾਰ, ਇਤਹਾਸਕਾਰ ਤੇ ਰੀਸਰਚਕਾਰ, ਵਿਦਵਾਨ ਹਨ। ਇਕ ਗ੍ਰੀਬ ਨਾਮਧਾਰੀ ਪ੍ਰਵਾਰ ਵਿਚ ਪੈਦਾ ਹੋਕੇ ਐਮ. ਏ. ਤੇ ਹੋਰ ਕਈ ਕਿਸਮ ਦੀਆਂ ਡਿਗਰੀਆਂ ਨਾਮਧਾਰੀ ਪਹਿਰਾਵੇ, ਤੇ ਸੁਚ ਸੋਧ ਦੀ ਮਰਯਾਦਾ ਰਖਕੇ ਪ੍ਰਾਪਤ ਕਰਨੀਆਂ ਸਿਵਾਇ ਗੁਰੂ ਕ੍ਰਿਪਾ ਅਤੇ ਮਨ ਦੀ ਦ੍ਰਿੜਤਾ ਦੇ ਕਿਸੇ ਕਿਸੇਨੂੰ ਪ੍ਰਾਪਤ ਹੁੰਦੀਆਂ ਹਨ। ਸ੍ਰੀ ਸਤਿਗੁਰੂ ਜੀਦੇ ਹੁਕਮ ਅਨੁਸਾਰ ਵਲੈਤ ਦੇ ਰੀਕਾਰਡ ਰੂਮਾਂ ਵਿਚੋਂ ਨਾਮਧਾਰੀਆਂ ਨਾਲ ਸਬੰਧਤ ਸ੍ਰਕਾਰੀ ਫਾਈਲਾਂ ਦੀ ਪੜਤਾਲ ਅਤੇ ਟ੍ਰਾਂਸਲੇਸ਼ਨ ਵਾਸਤੇ ਪੂਰਾ ਇਕ ਸਾਲ ਯੂ. ਕੇ ਵਿਖੇ ਇਹ ਪੂਰਨ ਸੁਚ ਸੋਧ ਰਖਕੇ ਰੀਸਰਚਕਾਰੀ ਕਰਦੇ ਰਹੇ। ਪੰਜਾਬ ਦੀਆਂ ਯੂਨੀਵਰਸਟੀਆਂ ਵਿਚ ਬਹੁਤ ਵਾਰੀ ਖੋਜ ਪਤ੍ਰ ਪੜਦੇ ਰਹਿੰਦੇ ਹਨ। ਇਹਨਾਂ ਦੇ ਖੋਜ ਪਤਰਾਂ ਦਾ ਵਿਸ਼ਯ ਨਾਮਧਾਰੀਆਂ ਦੇ ਸੰਬੰਧ ਵਿਚ ਹੀ ਵਿਸ਼ੇਸ਼ ਕਰਕੇ ਹੋਇਆ ਕਰਦਾ ਹੈ। ਸਾਹਿਤਯਕਾਰੀ ਦੇ ਪਖੋਂ ਇਹਨਾਂ ਨੇ ਕਈ ਪੁਰਸ਼ਕਾਰ ਪ੍ਰਾਪਤ ਕੀਤੇ ਹਨ। ਇਸਤੋਂ ਇਲਾਵਾ ਕਈ ਪੁਸਤਕਾਂ ਇਹਨਾਂ ਨੇ ਲਿਖੀਆਂ ਤੇ ਸਗੋਂ ਭਾਰਤ ਵਿਚ ਸ਼ਾਕਾਹਾਰੀ ਸੰਸਥਾਂ ਦੇ ਮੁਖੀਆਂ ਵਿਚ ਰਹਿਕੇ ਸ਼ਾਕਾਹਾਰੀ ਸਮਾਗਮਾਂ ਦਾ ਪ੍ਰਬੰਧ ਵੀ ਇਹ ਕਰਦੇ ਆ ਰਹੇ ਹਨ। ਜਦ ਕਿ ਇਤਆਦਿਕ ਸਮਾਜਿਕ ਜੁਮੇਵਾਰੀਆਂ ਦੇ ਨਾਲ ਨਾਲ ਵੈਦਗੀ ਦਾ ਧੰਦਾ ਇਨਾਂ ਦਾ ਖਾਨ-ਦਾਨੀ ਧੰਦਾ ਹੈ ਇਸ ਕੰਮ ਵਿਚ ਵੀ ਇਹ ਪੂਰਾ ਤਜਰਬਾ ਰਖਦੇ ਹਨ, ਤੇ ਸਗੋਂ ਕੁਝ ਚਿਰ ਤੋਂ ਸ਼ਾਹਪੁਰ ਨਗਰ ਦੀ ਸਰਪੰਚੀ ਵੀ ਇਹ ਬੜੀ ਯੋਗਤਾ ਨਾਲ ਨਿਭਾ ਰਹੇ ਹਨ। ਜਿਥੇ ਸਤਿਜੁਗ ਵਿਚ ਇਹਨਾਂ ਦੇ ਲੇਖ ਖਾਸ ਮਹਤਤਾ ਰਖਦੇ ਹਨ ਉਥੇ ਹੋਰ ਬਹੁਤ ਸਾਰੇ ਰੋਜ਼ਾਨਾ ਅਖਬਾਰਾਂ ਤੇਮਾਸਕਪਤ੍ਰਾਂ ਵਿਚ ਇਹਨਾਂ ਦੇ ਲੇਖ ਆਮ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ।

ਇਸ ਅੰਕ ਵਿਚ ਸਨੇਹੀ ਜੀ ਦਾ ਲੇਖ ਸ੍ਰੀ ਜੀਵਨ ਨਗਰ ਦੀ ਸੰਖਿਪਤ ਜਾਣਕਾਰੀ ਦੇ ਰੂਪ ਵਿਚ ਪ੍ਰਕਾਸ਼ਤ ਹੋ ਰਿਹਾ ਹੈ। ਆਸ ਹੈ ਪਾਠਿਕ ਇਸ ਲੇਖ ਨੂੰ ਬੜੀ ਦਿਲਚਸਪੀ ਨਾਲ ਪੜ੍ਹਨਗੇ। ਸਨਖਤਰਵੀ

ਰਾਜਿਆਂ-ਮਹਾਰਾਜਿਆਂ ਵਾਂਗ ਸਤਿਗੁਰੂ ਸਾਹਿਬਾਨ ਵਲੋਂ ਨਵੇਂ ਨਗਰ ਵਸਾਉਣ ਦੀ ਪ੍ਰੰਪਰਾ ਉਨੀ ਹੀ ਪੁਰਾਣੀ ਆਖੀ ਜਾ ਸਕਦੀ ਹੈ ਜਿੰਨਾਂ ਪੁਰਾਣਾ ਸਿਖ ਇਤਿਹਾਸ। ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ (ਡੇਹਰਾ ਬਾਬਾ ਨਾਨਕ) ਵਸਾਇਆ ਸੀ, ਗੁਰੂ ਰਾਮਦਾਸ ਜੀ ਨੇ ਚੱਕ ਗੁਰੂ (ਅੰਮ੍ਰਿਤਸਰ) ਤੇਗੁਰੂ ਅਰਜਨ ਦੇਵ ਜੀ ਨੇ ਕਰਤਾਰ ਪੁਰ (ਜਿਲਾ ਜਲੰਧਰ) ਇਸੇਤਰਾਂ ਗੁਰੂ ਤੇਗ ਬਹਾ-ਦਰ ਜੀ ਨੇ ਮਾਖੋਵਾਲ (ਅਨੰਦਪੁਰ) ਆਬਾਦ ਕੀਤਾ ਸੀ। ਇਹ ਸਤਿਗੁਰੂ ਸਾਹਿਬਾਨ ਵਲੋਂ ਵਸਾਏ ਨਵੇਂ ਨਗਰਾਂ ਦੀ ਪੂਰੀ ਸੂਚੀ ਨਹੀਂ ਹੈ ਸਗੋਂ ਕੇਵਲ ਉਦਾਹਰਣਾਰਥ ਪੇਸ਼ ਕੀਤੇ ਗਏ ਨਾਂ ਹਨ। ਜੇ ਇਸ ਪਖੋਂ ਲਿਆ ਜਾਵੇ ਤਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਿਛਲੀ ਪ੍ਰੰਪਰਾ ਨੂੰ ਕਾਇਮ ਰਖਦਿਆਂ ਇਕ ਨਗਰ ਵਸਾਇਆ ਜਿਸਦਾ ਨਾਂ ਮਾਤਾ ਜੀਵਨ ਕੌਰ ਜੀ ਦੇ ਨਾਂ ਤੇ ਸ੍ਰੀ ਜੀਵਨ ਨਗਰ ਰਖਿਆ ਤੇ ਜਿਸਦੇ ਆਲੇ ਦੁਆਲੇ ਵਸਾਏ ਹੋਰ ਕਿੰਨੇ ਪਿੰਡ ਇਸ ਨਗਰ ਦੀਆਂ ਪੱਤੀਆਂ ਸਮਝਦੀਆਂ ਜਾਂਦੀਆਂ ਹਨ।

ਕਿਸੇ ਵੀ ਨਗਰ ਦੀ ਸਥਾਪਨਾ ਪਿਛੇ ਸਮੇਂ ਦੀ ਲੋੜ ਮੁਖ ਕਾਰਨ ਹੁੰਦਾ ਹੈ। ਨਿਕਟ ਭਵਿਖ ਵਿਚ ਪੈਦਾ ਹੋਣ ਵਾਲੀ ਸੰਕਟ ਸਥਿਤੀ ਦਾ ਅਨੁਮਾਨ ਤੇ ਉਸ ਦਾ ਸਾਹਮਣਾ ਕਰਨ ਦੀ ਵਿਉਂਤੇਬਧ ਦੂਰੰ-

ਦੇਸ਼ੀ ਸ੍ਰੀ ਜੀਵਨ ਨਗਰ ਦੀ ਸਥਾਪਨਾ ਦਾ ਮੁਖ ਉਦੇਸ਼ ਸੀ। ਮਹਾਂਪੁਰਖਾਂ ਨੇ, ਅਗ ਲਗਣ ਦੀ ਸੰਭਾਵਨਾ ਨੂੰ ਧਿਆਨ ਵਿਚ ਰਖਕੇ ਉਸਤੋਂ ਪਹਿਲਾਂ ਹੀ ਖੂਹ ਪੁਟ ਲੈਣ ਵਾਲੇ ਵਿਅਕਤੀ ਨੂੰ ਸੂਝਵਾਨ ਵਿਅਕਤੀ ਮੰਨਿਆ ਹੈ। ਸਤਿਗੁਰੂ ਦੀ ਬੁਧੀ ਤੇ ਦੂਰੰਦੇਸ਼ੀ ਆਮ ਵਿਅਕਤੀ ਨਾਲੋਂ ਕਿਤੇ ਅਗੇਰੇ ਹੁੰਦੀ ਹੈ। ਇਸ ਪਖੋਂ ਸ੍ਰੀ ਜੀਵਨ ਨਗਰ ਦੀ ਸਥਾਪਨਾ ਪਿਛੇ ਲੁਕੇ ਕਾਰਨ ਨੂੰ ਅਸੀਂ ਦੋ ਰੂਪਾਂ ਵਿਚ ਵਾਚ ਸਕਦੇ ਹਾਂ। ਇਕ ਹੈ 'ਭਾਣਾ' ਤੇ ਦੂਜਾ ਪੰਜਾਬ ਦਾ ਬਟਵਾਰਾ।

'ਭਾਣਾ' ਅਸਲ ਵਿਚ ਅਕਾਲ ਪੁਰਖ ਦੀ ਰਜ਼ਾ ਨੂੰ ਕਿਹਾ ਜਾਂਦਾ ਹੈ ਪਰ ਨਾਮਧਾਰੀ ਪੰਥ ਵਿਚ ਭਾਣੇ ਤੋਂ ਉਸ ਸੰਕਟ ਸਥਿਤੀ ਦਾ ਭਾਵ ਲਿਆ ਜਾਂਦਾ ਹੈ ਜਿਸ ਵਿਚ ਵਿਸ਼ਵ ਤਬਾਹੀ ਦੀ ਭਵਿਖ ਬਾਣੀ ਕਰਦਿਆਂ ਬੜੀ ਹੀ ਭਿਆਨਕ ਸਥਿਤੀ ਦਾ ਬਿਆਨ ਕੀਤਾ ਗਿਆ ਗ੍ਰੰਥਾਂ ਵਿਚ ਮਿਲਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਵਾਲਸਰ ਯਾਤਰਾ ਦੇ ਪ੍ਰਸੰਗ ਵਿਚ ਇਸ ਭਾਣੇ ਦੇ ਸੰਕੇਤ ਬੜੇ ਸਪਸ਼ਟ ਮਿਲਦੇ ਹਨ। ਸਿਖ ਭਵਿਖ ਬਾਣੀਆਂ ਵਿਚ "ਈਸ ਮੂਸ ਹਿੰਦੂ ਖਲਕ ਪੀਸ ਦਿਖਾਊਂ ਬੀਸ'ਦਾ ਬਿਆਨ ਦਾ ਭਾਵ ਵੀ ਉਹੀ ਹੈ। ਇਸ ਭਾਣੇ ਤੋਂ ਬਚਣ ਦੀ ਲਾਲਸਾ ਹਰੇਕ ਮਨੁਖ ਦੀ ਹੋਣੀ ਸੁਭਾਵਕ ਗਲ ਹੈ। ਇਸਤੋਂ ਬਚਣ ਦੇ ਦੋ ਸਾਧਨਾਂ ਦਾ ਜ਼ਿਕਰ ਮਿਲਦਾ ਹੈ । ਇਕ ਹੈ ਆਤਮਕ ਜਾਂ ਧਾਰਮਕ ਤੇ ਦੂਜਾ ਦੁਨਿਆਵੀ। ਪਹਿਲਾ ਸਾਧਨ ਮਹਾਂਪੁਰਸ਼ ਦਸਦੇ ਹਨ ਪ੍ਰਮਾਤਮਾ ਦੇ ਨਾਂ ਦਾ ਸਿਮਰਨ ਜੋ ਕਿਸੇ ਨੂੰ ਭਗਤ ਪ੍ਰਹਿਲਾਦ ਵਾਂਗ ਬਲਦੀ ਅਗ ਵਿਚੋਂ ਵੀ ਬਚਾ ਲੈਣ ਦੇ ਸਮਰਥ ਹੈ। ਮਹਾਂਪੁਰਖਾਂ ਦੀ ਦਲੀਲ ਹੈਕਿ ਚੱਕੀ ਦੇ ਦੋਹੇਂ ਪੁੜਾਂ ਵਿਚ ਆਏ ਦਾਣੇ ਬਚਦੇ ਨਹੀਂ ਪੀਸੇ ਹੀ ਜਾਂਦੇ ਹਨ ਪਰ ਚੱਕੀ ਦੇ ਵਿਚਕਾਰਲੀ ਕਿੱਲੀ ਦੇ ਮੁਢ ਲਗੇ ਦਾਣਿਆਂ ਨੂੰ ਜਰਾ ਵੀ ਰਗੜ ਨਹੀਂ ਲਗਦੀ। ਇਸੇਤਰਾਂ ਹੀ ਸਿਮਰਨ ਕਰਨ ਵਾਲਾ ਵਿਅਕਤੀ ਉਸ ਨਾਜ਼ਕ ਸਥਿਤੀ ਵਿਚ ਵੀ ਬਚ ਜਾਵੇਗਾ। ਦੂਜਾ ਸਾਧਨ ਹੈ ਸੁਰਖਿਅਤ ਸਥਾਨ। ਜੋ ਲੜਾਈ ਜਾਂ ਮਾਰੂ ਹਥਿਆਰਾਂ ਦੇ ਅਸਰ ਤੋਂ ਬਿਲਕੁਲ ਜਾਂ ਬਹੁਤ ਹਦ ਤਕ ਮੁਕਤ ਹੋਵੇ ਉਥੇ ਵੀ ਬਚਾਉ ਹੋ ਸਕਦਾ ਹੈ।

ਨਾਮਧਾਰੀ ਸਿਖ,ਗੁਰੂ ਗੋਬਿੰਦ ਸਿੰਘ ਦੇ ਕਟੜ ਅਨੁਯਾਈ ਹਨ ਤੇ ਉਹਨਾਂ ਦੀਆਂ ਲਿਖਤਾਂ ਭਵਿਖ ਬਾਣੀਆਂ ਤੇ ਬਚਨ ਇਹਨਾਂ ਦਾ ਜੀਵਨ ਅਧਾਰ ਹਨ। ਇਸ ਲਈ'ਭਾਣੇ' ਵਿਚ ਉਹਨਾਂ ਦਾ ਵਿਸ਼ਵਾਸ਼ ਵੀ ਅਟਲ ਹੈ। ਪੁਰਾਣੇ ਨਾਮਧਾਰੀ ਤਾਂ ਉਸ ਨੂੰ ਸਿਖ ਹੀ ਨਹੀਂ ਸਨ ਸਮਝਦੇ ਜੋ ਦਿਨ ਵਿਚ ਘਟੋ ਘਟ ਇਕ ਵਾਰ ਇਸ ਭਾਣੇ ਦਾ ਜ਼ਿਕਰ ਨਹੀਂ ਸੀ ਕਰਦਾ ਕਿਉਂਕਿ ਭਾਣੇ ਦੀ ਯਾਦ ਅਕਾਲ ਪੁਰਖ ਦੇ ਸਿਮਰਨ ਦੀ ਪ੍ਰੇਰਨਾ ਵੀ ਦਿੰਦੀ ਸੀ। ਇਸ ਭਾਣੇ ਦੀ ਮਾਰੂ ਸਥਿਤੀ ਵਿਚ ਸੁਰਖਿਅਤ ਸਥਾਨ ਦੀ ਭਾਲ ਨਾਮਧਾਰੀ ਪੰਥ ਵਿਚ ਬਹੁਤ ਪੁਰਾਣੀ ਹੈ। ਸਿਖਾਂ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਇਹ ਵੀ ਪੁਛਿਆ ਸੀ ਕਿ ਦੁੰਦ ਸਮਾਂ ਕਿਥੇ ਕਟਿਆ ਜਾਵੇ ? ਉਹਨਾਂ ਹੁਕਮ ਕੀਤਾ ਸੀ ਕੋਈ ਸੁਰਖਿਅਤ ਸਥਾਨ ਲਭ ਲੈਣਾ।

ਸ੍ਰੀ ਜੀਵਨ ਨਗਰ ਦੀ ਸਥਾਪਨਾ ਦਾ ਦੂਜਾ ਤੇ ਤੱਤ ਫੱਟ ਕਾਰਨ ਸੀ ਭਾਰਤ ਤੇ ਵਿਸ਼ੇਸ਼ ਕਰਕੇ ਪੰਜਾਬ ਦੀ ਤੇਜ਼ੀ ਨਾਲ ਵਿਗੜ ਰਹੀ ਅੰਦਰੂਨੀ ਸਥਿਤੀ ।

ਪਛਮੀ ਪੰਜਾਬ ਜਾਂ ਹੁਣ ਦੇ ਪਾਕਿਸਤਾਨ ਵਿਚ ਨਾਮਧਾਰੀ ਸਿਖਾਂ ਦੀ ਬਹੁਤ ਸੰਖਿਆ ਸੀ। ਪੁਰਾਣੀਆਂ ਉਨ੍ਹੀਵੀਂ ਸਦੀ ਦੀਆਂ ਸਰਕਾਰੀ ਰਿਪੋਰਟਾਂ ਵਿਚ ਇਕੱਲੇ ਸਿਆਲਕੋਟ ਦੇ ਹਲਕੇ ਵਿਚ ਗੁਰੂ ਰਾਮ ਸਿੰਘ ਜੀ ਵਲੋਂ ੯੦,੦੦੦ ਮਾਲਾ ਵੰਡੇ ਜਾਣ ਦਾ ਜ਼ਿਕਰ ਹੈ। ਇਹਨਾਂ ਸਿਖਾਂ ਦੀ ਸਾਰ ਲੈਣ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ(ਪਾਕਿਸਤਾਨ ਵਿਚਲੇ) ਪੰਜਾਬ ਦੇ ਇਲਾਕਿਆਂ ਦਾ ਦੌਰਾ ਕਰਦੇ ਰਹਿੰਦੇ ਸਨ । ਛੋਟੇ ਤੋਂ ਲੈਕੇ ਵਡੇ ਤਕ, ਹਿੰਦੂ ਮੁਸਲਮਾਨ ਤੇ ਈਸਾਈਆਂ ਨਾਲ ਆਪਦੇ ਸੰਪਰਕ ਵੀ ਸਨ। ਆਪ ਪੰਜਾਬ ਦੇ ਉਸ ਹਿਸੇ ਵਿਚ ਵਾਲੇ

Namdhari Elibrary NamdhariElibrary@gmail.com

ਜਾ ਰਹੇ ਹਥਿਆਰਾਂ ਤੋਂ ਵੀ ਭਲੀ ਭਾਂਤ ਜਾਣੂੰ ਸਨ, ਦੇਸ਼ ਦੀ ਰਾਜਨੀਤਕ ਹਾਲਤ ਦਿਨੋਂ ਦਿਨ ਉਲਝਦੀ ਜਾ ਰਹੀ ਸੀ। ਹਿੰਦੂ ਮੁਸਲਮ ਵਖਰੇਵਾਂ ਦਿਨੋ ਦਿਨ ਵਧਦਾ ਜਾ ਰਿਹਾ ਸੀ। ਆਪਣੀ ਦੀਰਘ ਦ੍ਰਿਸ਼ਟੀ ਨਾਲ ਆਪਨੇ ਅਨੁਭਵ ਕਰ ਲਿਆ ਸੀ ਕਿ ਪੰਜਾਬ ਦੇ ਦੋ ਹਿਸੇ ਹੋਣ ਹੀ ਵਾਲੇ ਹਨ। ਆਮ ਬਾਈਂ ਫਲ ਤੇ ਬਣ ਰਹੇ ਹਥਿਆਰ ਸਥਿਤੀ ਦੀ ਭਿਆਨਕਤਾ ਵਲ ਸੰਕੇਤ ਕਰ ਰਹੇ ਸਨ। ੨੦੦੩ ਬਿ: ਦਾ ਨਾਮਧਾਰੀ ਹੋਲਾ ਮਹੱਲਾ ਸ਼ੇਖੂਪੁਰ ਬੇਦਾਦ (ਜ਼ਿਲਾ ਗੁਜਰਾਂਵਾਲਾ) ਵਿਚ ਮਨਾਇਆ ਗਿਆ। ਇਸ ਸਮਾਗਮ ਤੇ ਜੁੜੀ ਸੰਗਤ ਵਿਚ ਆਪ ਨੇ ਐਲਾਨ ਕੀਤਾ ਕਿ ਹਿੰਦੂ ਸਿਖਾਂ ਨੂੰ ਬਹੁਤ ਛੇਤੀ ਵਾਪਸ ਪੂਰਬੀ ਪੰਜਾਬ ਚਲੇ ਜਾਣਾ ਚਾਹੀਦਾ ਹੈ। ਜੇ ਕੰਮ ਕਾਰ ਦੀਆਂ ਕੁਛ ਅਜਿਹੀਆਂ ਮਜਬੂਰੀਆਂ ਰੋਕ ਵੀ ਪਾਉਣ ਤਦ ਆਪਣੇ ਘਰਾਂ ਦਾ ਕੀਮਤੀ ਸਾਮਾਨ ਅਤੇ ਬਾਲ ਬਚਿਆਂ ਨੂੰ ਰਾਵੀ ਦਰਿਆ ਤੋਂ ਪਾਰ ਜਰੂਰ ਕਰ ਦੇਣਾ ਚਾਹੀਦਾ ਹੈ। ਇਥੇ ਹੀ ਬਸ ਨਹੀਂ। ਆਪ ਨੇ ਸਥਿਤੀ ਦੀ ਗੰਭੀਰਤਾ ਨੂੰ ਸਮਝਦਿਆਂ ਤੇ ਹੋਰਨਾਂ ਨੂੰ ਸਮਝਾਉਣ ਦੇ ਖਿਆਲ ਨਾਲ ਆਪ ਸਮਾਂ ਕਢਕੇ ਸ਼ੇਖੂਪੁਰਾ, ਗੁਜਰਾਂਵਾਲਾ, ਸਰਗੋਧਾ, ਸਿਆਲਕੋਟ, ਲਾਇਲ-ਪੁਰ ਤੇ ਮਿੰਟਗੁਮਰੀ ਦੇ ਇਲਾਕਿਆਂ ਵਿਚ ਜਾਕੇ ਲੋਕਾਂ ਨੂੰ ਸਾਵਧਾਨ ਕੀਤਾ। ਜਿਨਾਂ ਨੇ ਆਪਦਾ ਹੁਕਮ ਮੰਨ ਲਿਆ ਉਹ ਆਪਣੀ ਇਜ਼ਤ ਤੇ ਜਾਨ ਮਾਲ ਸੁਰਖਿਅਤ ਲੈ ਆਏ। ਦੂਜਿਆਂ ਨੂੰ ਅਜਿਹੇ ਕਸ਼ਟਾਂ ਦਾ ਸਾਹਮਣਾ ਕਰਨਾ ਪਿਆ ਜਿਨਾਂ ਨੂੰ ਸੁਣਕੇ ਅਜ ਵੀ ਬੰਦੇ ਦੇ ਪਾਪ ਕੰਬ ਉਠਦੇ ਹਨ। ਪਾਕਿਸਤਾਨੀ ਪੰਜਾਬ ਤੋਂ ਉਠਕੇ ਆਉਣ ਵਾਲੇ ਲੋਕਾਂ ਦੇ ਵਸੇਬੇ ਲਈ ਕਿਸੇ ਸਥਾਨ ਦੀ ਲੋੜ ਪੈਣੀ ਹੀ ਸੀ ਤੇ ਉਹ ਲੋੜ ਸ੍ਰੀ ਜੀਵਨ ਨਗਰ ਨੇ ਪੂਰੀ ਕਰਨੀ ਸੀ। ਜੀਵਨ ਨਗਰ ਹੀ ਕਿਉਂ ?

ਇਹ ਗਲ ਵੀ ਸੋਚਣਯੋਗ ਹੈ ਕਿ ਜਦੋਂ ਵਰਤ-ਮਾਨ(ਪੂਰਬੀ) ਪੰਜਾਬ ਵੀ ਵਸਦਾ ਸੀ ਤਾਂ ਸ਼ਰਨਾ-ਰਥੀ ਲੋਕਾਂ ਲਈ ਇਥੇ ਟਿਕਣ ਦੀ ਕੋਈ ਗੁੰਜਾਇਸ਼ ਨਹੀਂ ਹੋਵੇਗੀ ? ਅਸਲ ਗਲ ਇਹ ਹੈ ਕਿ ਹੋ ਸਕਦਾ ਹੈ ਕੁਛ ਲੋਕ ਇਧਰੋਂ ਸਾਰਾ ਘਰ ਘਾਟ ਵੇਚਕੇ ਹੀ ਬਾਰ ਵਿਚ ਵਸੇ ਹੋਣ, ਫਿਰ ਉਹਨਾਂ ਨੇ ਆਕੇ ਪੈਰ ਕਿਥੇ ਰਖਣੇ ਸਨ ? ਦੂਜਾ ਇਧਰਲੇ ਲੋਕਾਂ ਦੀ ਆਰਥਕ ਹਾਲਤ ਪਹਿਲਾਂ ਹੀ ਕੋਈ ਚੰਗੀ ਨਹੀਂ ਸੀ। ਉਪਰੋਂ ਬਿਪਤਾ ਮਾਰੇ ਸ਼ਰਨਾ—ਰਥੀਆਂ ਦੇ ਬੋਝ ਹੇਠ ਉਹ ਵੀ ਦੱਬੇ ਜਾ ਸਕਦੇ ਸਨ ਇਸ ਲਈ ਆਉਣ ਵਾਲੇ ਲੋਕਾਂ ਵਾਸਤੇ ਇਕ ਵਖਰਾ ਸਥਾਨ ਹੀ ਵਧੀਆ ਹਲ ਸੋਚਿਆ ਗਿਆ।

ਜੀਵਨ ਨਗਰ ਵਾਲੀ ਜਮੀਨ ਦਾ ਗੁਣਾਂ ਕਿਸ ਤਰਾਂ ਪਿਆ ? ਇਹ ਵੀ ਦਿਲਚਸਪੀ ਹੀਣੀ ਗਲ ਨਹੀਂ। ਦੇਸ਼ ਦੀ ਵੰਡ ਹੋਣ ਤੋਂ ਕੁਛ ਸਮੇਂ ਪਹਿਲਾਂ, ਕੁਛ ਸਿਖ ਵਰਤਮਾਨ ਹਰਿਆਣਾ ਦੀ ਸਰਹੱਦ ਦੇ ਨੇੜੇ ਟਿਬੀ ਵਿਚ ਆਕੇ ਵਸ ਗਏ ਸਨ। ਉਹਨਾਂ ਸਿਖਾਂ ਦੀ ਅਰਜ ਪ੍ਰਵਾਨ ਕਰਦਿਆਂ ਸਤਿਗੁਰੂ ਜੀ ਨੇ ਉਧਰ ਦਰਸ਼ਨ ਦਿਤੇ ਤਦ ਸੰਤ ਆਲਾ ਸਿੰਘ ਜੀ ਵਰਨਾਂ ਵਾਲਿਆਂ ਨੇ ਇਸ ਇਲਾਕੇ ਵਿਚ ਜਮੀਨ ਖਰੀਦਣ ਦੀ ਬੇਨਤੀ ਕੀਤੀ। ਇਸ ਜਮੀਨ ਬਾਰੇ ਸਰਸਾ ਸਥਿਤ ਇਕ ਦਲਾਲ ਕਾਲੂ ਰਾਮ ਨੂੰ ਸਾਰੀ ਜਾਣਕਾਰੀ ਸੀ।

ਉਸਤੋਂ ਪਤਾ ਕੀਤਾ ਗਿਆ ਤਦ ਉਸਨੇ ਇਸ ਜ਼ਮੀਨਦੇ ਅਸਲ ਮਾਲਕ ਚੁਰੂ(ਰਾਜਸਥਾਨ) ਸਥਿਤ ਧਨਪਤ ਸਿੰਘ ਦਾ ਪਤਾ ਦਸਦਿਆਂ ਜ਼ਮੀਨ ਦਾ ਮੁਲ ੨੫ ਲਖ ਰੁਪਏ ਦਸਿਆ। ਉਸ ਸਮੇਂ ਨਾਮਧਾਰੀ ਸਿਖਾਂ ਦਾ ਲਛਮੀ ਨਾਲ ਨੇੜ ਘਟ ਸੀ ਜਿਸ ਕਰਕੇ ਸਤਿਗੁਰੂ ਜੀ ਨੇ ਇਹ ਸੌਦਾ ਕਰਨ ਤੋਂ ਅਸਮਰਥਾ ਪ੍ਰਗਟਾਈ। ਇਸੇ ਸਿਟੇ ਤੇ ਦਲਾਲ ਕਾਲੂ ਰਾਮ, ਪਹੁੰਚਾ।

ਇਸਤੋਂ ਪਿਛੋਂ ਭੈਣੀ ਸਾਹਿਬ ਦੇ ਮੇਲੇ ਤੇ ਸੰਤ ਆਲਾ ਸਿੰਘ ਹੋਰੀਂ ਵੀ ਪੁਜੇ ਤੇ ਸੰਤ ਚੰਨਣ ਸਿੰਘ ਬਰਾਜ ਵਾਲੇ ਦਲਾਲ ਨੂੰ ਲੈਕੇ ਆ ਦਰਸ਼ਨ ਕੀਤੇ। ਸੰਗਤ ਦਾ ਇਕਠ ਤੇ ਸਤਿਗੁਰੂ ਜੀ ਪ੍ਰਤੀ ਸਿਖਾਂ ਦੀ ਸ਼ਰਧਾ ਵੇਖਕੇ ਕਾਲੂ ਰਾਮ ਨੂੰ, ਨਾਮਧਾਰੀਆਂ ਦੀ ਖਰੀਦ ਸਮਰਥਾ ਪ੍ਰਤੀ ਲਾਇਆ ਆਪਣਾ ਪਹਿਲਾ

Namdhari Elibrary NamdhariElibrary@gmail.com

ਅਨੁਮਾਨ ਗਲਤ ਲਗਾ । ਉਸਨੇ ਵਾਪਸ ਜਾਕੇ ਜਮੀਨ ਦੇ ਮਾਲਕਾਂ ਨੂੰ ਕੁਛ ਕੀਮਤ ਘਟਾਉਣ ਦੀ ਸਲਾਹ ਦਿਤੀ ਤਾਂ ਕਿ ਸੌਦਾ ਹੋ ਸਕੇ ਪਰ ਗਾਹਕ ਲਗਦੇ ਵੇਖਕੇ ਮਾਲਕ ਸਗੋਂ ਕੁਛ ਭਾਰੇ ਹੋ ਗਏ । ਇਧਰ ਸਤਿਗੁਰੂ ਜੀ ਦੇ ਡੇਰੇ ਜਾਕੇ ਸੰਤ ਆਲਾ ਸਿੰਘ ਜੀ ਨੇ ਫਿਰ ਅਪਣੀ ਅਰਜ਼ ਦੁਹਰਾਈ। ਸਤਿਗੁਰੂ ਜੀ ਨੇ ਕੁਛ ਸਿਖਾਂ ਨੂੰ, ਵਿਤ ਅਨੁਸਾਰ ਮਾਇਆ ਇਕਠੀ ਕਰਨ ਦੇ ਹੁਕਮ ਦੇ ਦਿਤੇ। ਮੁਕਦੀ ਗਲ ਕਿੰਨੀਆਂ ਸਰਕਾਰੀ ਤੇ ਗੈਰ ਸ੍ਰਕਾਰੀ ਔਕੜਾਂ ਦੇ ਬਾਵਜੂਦ ੨੪ ਜਨਵਰੀ ੧੯੪੭ ਈ: ਨੂੰ ਜਮੀਨ ਦੀ ਰਜਿਸਟਰੀ ਹੋ ਗਈ। ਸੀਤਾ ਸਵੰਬਰ ਦੇ ਪ੍ਰਸੰਗ ਵਿਚ ਭਗਵਾਨ ਰਾਮ ਵਲੋਂ ਧਨੁਖ ਤੋੜੇ ਜਾਣ ਦੇ ਮੌਕੇ ਦੀ ਗਲ ਕਰਦਿਆਂ ਕਵੀ ਹਿਰਦੇ ਰਾਮ ਨੇ ਇਕ ਕਬਿਤ ਲਿਖਿਆ ਹੈ-

ਜਾਨਕੀ ਕੋ, ਰਾਮ, ਰਾਮਚੰਦ ਕੋ ਪਰਸ ਰਾਮ,
ਭਾਕੇ ਅਭਿਮਾਨ ਦਿਜ ਮੰਡਲ ਅਸੀਧ ਕੋ।
ਰਾਵਨ ਕੋ, ਕਾਮ, ਕ੍ਰੋਧ, ਕੁਹਠ, ਕੁਪਤਿ ਦੂਤਿ,
ਰਾਮ ਸੁਰ ਲੋਕ ਡਰ ਕਾਲ ਬਾਲਿ ਸੀਸ ਕੇ।
ਬੋਲ ਉਮਾ ਨਾਹ ਕੋ, ਅਨਲ ਲੰਕ ਦਾਹ ਕੋ,
ਔ ਦੁਖ ਸਿੰਧ ਜੀਵਨ ਕੋ, ਜਸ ਕਪਿ ਈਸ ਕੋ।
ਖੱਪਰ ਕੋ ਜੋਰਾਨੀ ਸੁ ਭੋਰਾਨੀ ਸੁਗ੍ਰੀਵ ਰਾਜ,
ਟੂਟਯੋ ਧਨ ਸੀਸ ਦੌਰ ਪਰੀ ਠੌਰ ਬੀਸ ਕੇ।

ਅਰਥਾਤ-ਇਕ ਧਨੁਖ ਟੁਟਣ ਨਾਲ ਪਹਿਲਾਂ ਗਿਣੀਆਂ ਗਈਆਂ ਵੀਹ ਚੀਜ਼ਾਂ ਨੂੰ ਦੌੜਾਂ ਲਗ ਗਈਆਂ । ਇਹਨਾਂ ਵੀਹ ਗਲਾਂ ਦਾ ਭਵਿਖ ਇਕ ਧਨੁਖ ਨਾਲ ਬਝਾ ਹੋਇਆ ਸੀ ਤਿਵੇਂ ਹੀ ਸ੍ਰੀ ਜੀਵਨ ਨਗਰ ਦੀ ਸਥਾਪਨਾ ਨਾਲ ਵੀ ਕਈ ਗਲਾਂ ਦੀ ਹੋਣੀ ਬਝੀ ਹੋਈ ਸੀ ਜਿਨ੍ਹਾਂ ਵਿਚ ਨਾਮਧਾਰੀ ਕਾਂਗ੍ਰਸ ਦੇ ਸਬੰਧਾਂ ਵਿਚ ਵਿਗਾੜ ਚੌਧਰੀ ਦੇਵੀ ਲਾਲ ਦੀ ਨਾਮਧਾਰੀਆਂ ਨਾਲ ਸਥਾਈ ਦੁਸ਼ਮਣੀ, ਘਸੀਟਾ ਸਿੰਘ ਕਤਲ, ਮਹਾਰਾਜ ਬੀਰ ਸਿੰਘ ਜੀ ਵਿਰੁਧ ਝੂਠਾ ਕਤਲ ਮੁਕਦਮਾ, ਕੰਧਾਰਾ ਸਿੰਘ ਨੂੰ ਫਾਂਸੀ ਦੀ ਸਜਾ,ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਾਨੂੰਨੀ ਸ਼ਕੰਜੇ ਵਿਚ ਫਸਾਉਣ ਦੇ ਸ੍ਰਕਾਰੀ ਜਤਨਾਂ ਵਿਚ ਤੇਜੀ ਅਤੇ ਅੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਾਮਧਾਰੀਆਂ ਨੂੰ ਸਦੀਵ ਤੇ ਦੁਖਦਾਈ ਵਿਛੋੜਾ ਆਦਿ ਘਟਨਾਵਾਂ ਮੁਖ ਤੌਰ ਤੇ ਗਿਣੀਆਂ ਜਾ ਸਕਦੀਆਂ ਹਨ ਜਿਨਾਂ ਦਾ ਸੰਖੇਪ ਜਿਕਰ ਕੋਈ ਬੇਤੁਕੀ ਗਲ ਨਹੀਂ ਹੋਵੇਗੀ:-

ਕਾਂਗਰਸ ਇਕ ਵਡੀ ਰਾਜਨੀਤਕ ਪਾਰਟੀ ਸੀ ਤੇ ਨਾਮਧਾਰੀ ਗੈਰ ਰਾਜਨੀਤਕ ਨਿਰੋਲ ਧਾਰਮਕ ਸੰਪਰਦਾ । ਕਾਂਗਰਸ ਨੇ ਅਪਣੀ ਰਾਜਨੀਤੀ ਵਿਚ ਭਾਵੇਂ ਕੁਝ ਅਜਿਹੀਆਂ ਗਲਾਂ ਵੀ ਸ਼ਾਮਲ ਕੀਤੀਆਂ ਹੋਈਆਂ ਸਨ ਜਿਨ੍ਹਾਂ ਨਾਲ ਨਾਮਧਾਰੀ ਸਹਿਮਤ ਨਹੀਂ ਹੋ ਸਕਦੇ ਸਨ ਤੇ ਨਾ ਅਜ ਤਕ ਹੋਏ ਹੀ ਹਨ ਪਰ ਉਹ ਫਿਰ ਵੀ ਕਾਂਗਰਸ ਦਾ ਸਾਥ ਇੰਨੀ ਗਰਮ ਜੋਸ਼ੀ ਨਾਲ ਦਿੰਦੇ ਆਏ ਹਨ ਜਿੰਨੀ ਨਾਲ ਸ਼ਾਇਦ ਕਈ ਕਾਂਗਰਸੀਆਂ ਨੇ ਆਪ ਵੀ ਨਾ ਦਿਤਾ ਹੋਵੇ ਪਰ ਜਦੋਂ ਚੌਧਰੀ ਦੇਵੀ ਲਾਲ ਨੇ ਨਾਮਧਾਰੀਆਂ ਦੀ ਵਿਰੋਧਤਾ ਕਰਨੀ ਅਪਣਾ ਧਰਮ ਬਣਾ ਲਿਆ ਤਾਂ ਕਾਂਗਰਸੀਆਂ ਨੇ ਅਪਣੇ ਰਾਜਨੀਤਕ ਤੇ ਸਦਾਚਾਰਕ ਅਸੂਲ ਛਿਕੇ ਤੇ ਟੰਗਕੇ ਨਾਮਧਾਰੀਆਂ ਦੇ ਪਖ ਨੂੰ ਇਸਤਰਾਂ ਤ੍ਰਿਸਕਾਰਿਆ ਜਿਵੇਂ ਦੋਹਾਂ ਦਾ ਕਦੇ ਕੋਈ ਪ੍ਰਸਪਰ ਸੰਬੰਧ ਰਹਿਣਾ ਤਾਂ ਪਾਸੇ ਦੀ ਗਲ ਸਗੋਂ ਵਿਰੋਧ ਰਿਹਾ ਹੋਵੇ। ਇਸ ਰਵਈਏ ਨੇ ਦੋਹਾਂ ਧਿਰਾਂ ਵਿਚਕਾਰ ਪਾੜਾ ਇਥੋਂ ਤਕ ਵਧਾ ਦਿਤਾ ਕਿ ਨਾਮਧਾਰੀਆਂ ਨੂੰ ਕਾਂਗਰਸ ਦੇ ਕੁਛ ਕੁ ਉਮੀਦਵਾਰਾਂ ਦੀ ਚੋਣ ਵਿਚ ਡਟਕੇ ਵਿਰੋਧਤਾ ਵੀ ਕਰਨੀ ਪਈ।

ਚੌਧਰੀ ਦੇਵੀ ਲਾਲ ਹੋਰਾਂ ਦਾ ਨਾਮਧਾਰੀਆਂ ਨਾਲ ਕੀ ਸ਼ਰੀਕਾ ਸੀ? ਗਲ ਸਿਰਫ ਕੁਰਸੀ ਦੀ ਸੀ। ਕੁਰਸੀ ਦੀ ਖਾਤਰ ਰਾਜਨੀਤਕ ਬੰਦਾ ਨਾ ਪਿਉ ਦੇਖਦਾ ਹੈ ਨਾ ਭਰਾ। ਕੁਰਸੀ ਦੇ ਲਾਲਚੀਆਂ ਹਥੋਂ ਸਿਖ ਰਾਜ ਤਬਾਹ ਹੋਇਆ ਸੀ। ਔਰੰਗਜੇਬ ਨੇ ਪਿਉ ਨੂੰ ਕੈਦ ਕਰਕੇ ਭਰਾ ਨੂੰ ਇਸੇ ਸਵਾਰਥ ਲਈ ਮਰਵਾਇਆ ਸੀ । ਇਸਤਰਾਂ ਦੀਆਂ ਅਨੇਕਾਂ ਉਦਾਹਰਨਾਂ ਦਿਤੀਆਂ ਜਾ ਸਕਦੀਆਂ ਹਨ। ਦੇਵੀ ਲਾਲ ਹੋਰੀਂ ਆਪਣੀ ਚੌਧਰ ਕਾਇਮ ਕਰ ਰਹੇ ਸਨ

Namdhari Elibrary NamdhariElibrary@gmail.com

ਨਾਮਧਾਰੀਆਂ ਦੇ ਭਾਰੀ ਗਿਣਤੀ ਵਿਚ ਸਰਸਾ ਤਹਿਸੀਲ ਵਿਚ ਆ ਵਸਣ ਨਾਲ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ੍ਰੀ ਜੀਵਨ ਨਗਰ ਸਥਾਪਤ ਹੋਏ ਨਿਵਾਸ ਸਥਾਨ ਨੇ ਚੌਧਰੀ ਸਾਹਿਬ ਦੀ ਕੁਰਸੀ ਨੂੰ ਖਤਰਾ ਪੈਦਾ ਕਰ ਦਿਤਾ ਜਿਸ ਕਰਕੇ ਉਹਨਾਂ ਨੇ ਬਾਂਸੁਰੀ ਨੂੰ ਖਤਮ ਕਰਨ ਵਾਸਤੇ ਬਾਂਸ ਨੂੰ ਖਤਮ ਕਰਨ ਦਾ ਬੀੜਾ ਚੁਕ ਲਿਆ ਤੇ ਰਾਜ ਸੱਤਾ ਦੀ ਮਾਲਕ ਕਾਂਗਰਸ ਨੇ ਉਹਨਾਂ ਦੇ ਝੂਠ ਨੂੰ ਸਚ ਮੰਨਕੇ ਉਹਨਾਂ ਦੀ ਪਿਠ ਠੋਕਣੀ ਸ਼ੁਰੂ ਕਰ ਦਿਤੀ। ਇਕ ਧਿਰ ਨੇ ਸਚ ਅਧਾਰਤ ਅਣਖੀ ਜੀਵਨ ਨੂੰ ਤੇ ਦੂਜੀ ਨੇ ਇਸ ਨੂੰ ਤਬਾਹ ਕਰਨ ਦੀ ਇਛਾ ਨੂੰ ਅਪਣੇ ਵਕਾਰ ਦੀ ਗਲ ਬਣਾ ਲਿਆ। ਵਕਾਰ ਦਾ ਇਹ ਮਸਲਾ ਹੁਣ ਤਕ ਕਿਤੇ ਨਾ ਕਿਸੇ ਰੂਪ ਵਿਚ ਚਲਿਆ ਆ ਰਿਹਾ ਹੈ। ਸ੍ਰੀ ਜੀਵਨ ਨਗਰ ਦੀ ਸਥਾਪਨਾ ਨਾਲ ਜਿੰਨੀਆਂ ਬਾਕੀ ਗਲਾਂ ਜਾਂ ਘਟਨਾਵਾਂ ਦੀ ਹੋਣੀ ਬਝੀ ਹੋਈ ਸੀ ਉਹਨਾਂ ਦਾ ਕੇਂਦਰੀ ਧੁਰਾ ਇਹੋ ਵਕਾਰ ਆਖਿਆ ਜਾ ਸਕਦਾ ਹੈ। ਜੇ ਮਹਾਰਾਜ ਜੀ ਨੂੰ ਕਤਲ ਦੇ ਮੁਕਦਮੇ ਵਿਚ ਫਸਾਇਆ ਗਿਆ ਤਦ ਇਸੇ ਕਰਕੇ,ਜੇ ਘਸੀਟਾ ਸਿੰਘ ਕਤਲ ਹੋਇਆ ਤਦ ਚੌਧਰੀ ਸਾਹਿਬ ਤੇ ਕਾਂਗਰਸੀ ਆਗੂਆਂ ਦੀ ਕੁਟਲ ਨੀਤੀ ਦੇ ਸਿਟੇ ਵਜੋਂ ਤੇ ਜੇ ਕੰਧਾਰਾ ਸਿੰਘ ਨੂੰ ਫਾਂਸੀ ਲਗੀ ਉਸਦੇ ਪਿਛੇ ਵੀ ਇਹਨਾਂ ਸ਼ਕਤੀਆਂ ਦੇ ਜਤਨ ਜ਼ਰੂਰ ਸਨ ਭਾਵੇਂ ਕੰਧਾਰਾ ਸਿੰਘ ਠੀਕ ਕਤਲ ਦਾ ਦੋਸ਼ੀ ਵੀ ਸੀ ਤੇ ਇਸੇ ਕਰਕੇ ਸਤਿਗੁਰੂ ਜੀ ਉਸ ਨਾਲ ਨਾਰਾਜ਼ ਵੀ ਰਹੇ ਸਨ, ਪਰ ਇਸ ਕਤਲ ਦੇ ਹਲਾਤ ਪੈਦਾ ਕਰਨ ਵਾਲਾ ਵੀ ਉਹੀ ਉਕਤ ਵਕਾਰ ਦਾ ਮਸਲਾ ਸੀ।

ਇਹ ਵਕਾਰ ਇਸ ਹਦ ਤਕ ਗਿਆ ਕਿ ਅੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਰੁਧ ੧੪ ਝੂਠੇ ਮੁਕਦਮੇ ਦਰਜ ਕਰਕੇ ਜੀਵਨਨਗਰਦੀ ਸਥਾਪਨਾ ਦੇ ਵਿਰੋਧੀ ਚੌਧਰੀ ਦੇਵੀ ਲਾਲ ਵਲੋਂ ਵਕਾਰ ਦਾ ਨਵਾਂ ਦੌਰ ਸ਼ੁਰੂ ਕੀਤਾ ਗਿਆ। ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਤੇ ਦੇਵੀ ਲਾਲ ਨੇ ਸਤਿਗੁਰੂ ਜੀ ਨੂੰ ਅਦਾਲਤ ਵਿਚ ਪੇਸ਼ ਕਰਵਾਉਣ ਹਿਤ ਸਾਰੀ ਸ਼ਕਤੀ ਦੀ ਵਰਤੋਂ ਕਰ ਲਈ। ਇਧਰ ਸਤਿਗੁਰੂ ਜੀ ਨੇ ਕਚ-ਹਿਰੀ ਵਿਚ ਕਿਸੇ ਵੀ ਹਾਲਤ ਵਿਚ ਪੇਸ਼ ਨਾ ਹੋਣ ਦਾ ਪ੍ਰਣ ਧਾਰਨ ਕਰ ਲਿਆ। ਸਤਿਗੁਰੂ ਜੀ ਦਾ ਬਹੁਤ ਨਿਘਾ ਦੋਸਤ ਤੇ ਦੇਸ਼ ਦਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੀ ਅਖਾਂ ਫੇਰ ਗਿਆ। ਸਤਿਗੁਰੂ ਜੀ ਨੂੰ ਅਪਣਾ ਪ੍ਰਣ ਨਿਭਾਉਣ ਲਈ ਥੋਹ ਦਾ ਉਹਲਾ ਕਰਨਾ ਪਿਆ।

ਇਕ ਹੋਰ ਗਲ ਜੋ ਸ੍ਰੀ ਜੀਵਨ ਨਗਰ ਦੀ ਸਥਾਪਨਾ ਨਾਲ ਬੱਝੀ ਹੋਈ ਸੀ ਉਹ ਸੀ ਨਾਮ-ਧਾਰੀ ਕਿਸਾਨਾਂ ਦੀ ਖੁਸ਼ਹਾਲੀ। ਬਾਰ ਜਾਂ ਪਾਕਿ-ਸਤਾਨ ਦੀ ਉਪਜਾਊ ਧਰਤੀ ਵਿਚ ਕੀਤੀ ਖੇਤੀ ਦੇ ਆਸਰੇ ਹੋਏ ਖੁਸ਼ਹਾਲ ਕਿਸਾਨ ਜਿਸ ਹਾਲਤ ਵਿਚ ਉਖੜਕੇ ਆਏ ਸਨ ਜੇ ਉਹਨਾਂ ਨੂੰ ਇਧਰ ਆਕੇ ਇਸਤਰਾਂ ਦੀ ਖੁਲੀ ਡੁਲੀ ਤੇ ਉਪਜਾਊ ਜਮੀਨ ਨਾ ਮਿਲਦੀ ਤਾਂ ਪਤਾ ਨਹੀਂ ਉਹਨਾਂ ਦਾ ਭਵਿਖ ਕਿੰਨਾਂ ਧੁੰਧਲਾ ਹੁੰਦਾ। ਭਾਵੇ ਇਸ ਧਰਤੀ ਨੂੰ ਆਬਾਦ ਕਰਨ ਲਈ ਉਹਨਾਂ ਨੂੰ ਪਹਿਲੇ ਕੁਛ ਸਾਲ ਸਖਤ ਮਿਹਨਤ ਵੀ ਕਰਨੀ ਪਈ ਪਰ ਆਦਮ ਕੱਦੇ ਨਰਮਿਆਂ ਤੇ ਅਨਾਜਾਂ ਦੀਆਂ ਭਰਪੂਰ ਫਸਲਾਂ ਨੇ ਇਹ ਮੁਸ਼ਕਤ ਛੇਤੀ ਹੀ ਭੁਲਾ ਦਿਤੀ ਤੇ ਮੂਲ ਪੰਜਾਬੀ ਬਸ਼ਿੰਦਿਆਂ ਦੇ ਮੁਕਾਬਲੇ ਇਹ ਸ਼ਰਨਾਰਥੀ ਸੁਖ ਸਮ੍ਰਿਧੀ ਵਿਚ ਫਿਰ ਨੰਬਰ ਲੈ ਗਏ। ਇਹ ਸਭ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੂਰਦਰਸ਼ਤਾ ਤੇ ਦਰਦਵੰਦੀ ਦੇ ਫਲਸਰੂਪ ਨਵੇਂ ਵਸਾਏ ਨਗਰ ਸ੍ਰੀ ਜੀਵਨ ਨਗਰ ਦੇ ਪ੍ਰਤਾਪ ਦਾ ਸਿਟਾ ਸੀ।

ਉਡੀਨੀ ਉਡੀਨੀ ਉਡੀਨੀ "ਕਬਿ ਘਰਿ ਆਵੈ ਰੀ"

ਸ੍ਰੀ ਮਹਾਰਾਜ ਬੀਰ ਸਿੰਘ ਜੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਹੋਣ ਵੇਲੇ ਸ੍ਰੀ ਭੈਣੀ ਸਾਹਿਬ ਅਰਧ ਬੰਦੀਖਾਨੇ ਦੇ ਰੂਪ ਵਿਚ ਸੀ। ਦਰਵਾਜ਼ੇ ਤੇ ਪੋਲੀਸ ਚੌਂਕੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਵੇਲੇ (ਮਾਘ ੧੯੨੮) ਤੋਂ ਬੈਠਾਈ ਗਈ ਸੀ। ਇਕ ਤਾਂ ਔਣ ਵਾਲੇ ਸਿੰਘਾਂ ਨਾਲ ਪੋਲੀਸ ਦਾ ਰੁਖਾ ਵਰਤਾਉ, ਦੂਜਾ ਸਿੰਘਾਂ ਦੇ ਅੰਦਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦਾ ਦੁਖ। ਇਸ ਸਾਰੇ ਦੁਖ ਭਰਿਆ ਵਾਤਾਵਰਨ ਨੂੰ ਝਲਦੇ ਹੋਏ ਭੀ ਸਿੰਘ ਔਂਦੇ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਅਤੇ ਗੁਰਸਥਾਨ ਦੇ ਦਰਸ਼ਨ ਕਰਦੇ। ਜਦੋਂ ਦਰਸਨ ਕਰਦੇ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦੇ ਬਚਨ ਕਰਦੇ। ਉਸ ਵੇਲੇ ਬਹੁਤ ਸਾਰੇ ਓਹ ਸਿੰਘ ਜਿਊਂਦੇ ਸਨ ਜਿਨਾਂ ਨੇ ਚੀਨੀਵਾਲੇ ਪਾਤਸ਼ਾਹ ਜੀ ਦਾ ਸ੍ਰੀ ਭੈਣੀ ਸਾਹਿਬ ਤੋਂ ਪ੍ਰਦੇਸ ਗਮਨ ਦਾ ਦੁਖ ਭਰਿਆ ਦ੍ਰਿਸ਼ਜ ਅਪਣੀ ਅਖੀਂ ਵੇਖਿਆ ਸੀ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਜਿਨਾ ਦੇ ਨੇਤਰ ਹਰ ਸਮੇਂ ਚੀਨੀਵਾਲੇ ਪ੍ਰੀਤਮ ਜੀ ਦੀ ਯਾਦ ਵਿਚ ਸਜਲ ਰਹਿੰਦੇ ਸਨ। ਏਸਤਰਾਂ ਦੀ ਯਾਦ ਵਾਲੇ ਕਿਤਨੇ ਹੀ ਓਹ ਸਿੰਘ ਸਨ, ਜਦੋਂ ਉਹ ਆਉਂਦੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਹੀ ਕਰਦੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਾਲ ਜੀਵਨ ਵਿਚ ਇਨਾਂ ਬਚਨਾਂ ਦਾ ਪ੍ਰਭਾਵ ਐਸਾ ਪਿਆ ਜੋ ਚੀਨੀਵਾਲੇ ਸਤਿਗੁਰੂ ਜੀ ਦਾ ਬ੍ਰਿਹੋਂ ਜੀਵਨ ਭਰ ਤਾਜ਼ਗੀ ਵਿਚ ਹੀ ਰਿਹਾ। ਭਾਈ ਸੱਦਾ ਸਿੰਘ ਜੀ ਅੰਮ੍ਰਿਤਸਰ ਤੋਂ ਆਰਾਮ ਕੁਰਸੀ ਬਣਾਕੇ ਲਿਆਏ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਬੈਠਣ ਵਾਸਤੇ ਅਰਜ ਕੀਤੀ। ਉਹਨਾਂ ਉਤ੍ਰ ਦਿਤਾ ਕਿ ਸਤਿਗੁਰੂ ਰਾਮ ਸਿੰਘ ਜੀ ਔਣਗੇ ਤਾਂ ਬੈਠਣਗੇ ਅਸੀਂ ਨਹੀਂ ਇਸਤੇ ਬੈਠਣਾ ਇਹ ਸਾਰਾ ਕੁਛ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਹਮਣੇ ਹੋਇਆ।

ਜਦ ਕਦੇ ਦੀਵਾਨ ਤੋਂ ਬਾਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗਤ ਵਿਚ ਬੈਠਦੇ ਤਾਂ ਚੀਨੀ-ਵਾਲੇ ਸਤਿਗੁਰੂ ਜੀ ਦੀ ਯਾਦ ਵਿਚ ਜਾਂ ਓਨਾਂ ਸਿੰਘਾਂ ਦੇ ਬਚਨ ਹੀ ਕਰਦੇ ਜੋ ਰੰਗੂਨ ਅਤੇ ਮਰਗੋਈ ਦਰਸ਼ਨ ਕਰਨ ਜਾਂਦੇ ਰਹੇ ਕਈ ਓਥੋਂ ਹੁਕਮਨਾਮੇ ਲਿਆਏ। ਕਈ ਰਸਤੇ ਵਿਚ ਪਕੜੇ ਗਏ। ਕਈਆਂ ਨੂੰ ਕਈ ਪ੍ਰਕਾਰ ਦੀਆਂ ਸਖਤੀਆਂ ਵਿਚ ਦੀ ਲੰਘਣਾਂ ਪਿਆ। ਇਹ ਬਚਨ ਕਰਦੇ ਕਰਦੇ ਬਹੁਤ ਵਾਰੀ ਐਸਾ ਵੈਰਾਗ ਰਸ ਛਾ ਜਾਂਦਾ ਜੋ ਸਾਰੀ ਸੰਗਤ ਅਤੇ ਸਤਿਗੁਰੂ ਜੀ ਕਿਤਨਾ ਕਿਤਨਾ ਚਿਰ ਵਿਸਮਾਦ ਵਿਚ ਲੀਨ ਹੋਏ ਰਹਿੰਦੇ। ਆਪ ਜੀ ਨੇ ਜੀਵਨ ਭਰ ਚੀਨੀਵਾਲੇ ਪਾਤਸ਼ਾਹ ਜੀ ਦੀ ਉਡੀਕ ਨਾਮਧਾਰੀ ਪੰਥ ਵਿਚ ਉਤੇਜਿਤ ਰਖੀ। ਗਿਣਤੀ ਨਹੀਂ ਕੀਤੀ ਜਾ ਸਕਦੀ ਕਿਤਨੇ ਪਾਠ ਹਵਨ ਯਗ, ਅਤੇ ਵਰਨੀਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਆਪ ਜੀ ਨੇ ਕਰਵਾਈਆਂ।

Namdhari Elibrary NamdhariElibrary@gmail.com

ਚੀਨੀਵਾਲੇ ਸਤਿਗੁਰੂ ਜੀ ਦੀ ਉਡੀਕ ਦਰਸ਼ਨਾਂ ਦੀ ਖਿਚ ਉਸ ਸਮੇਂ ਦੇ ਰਾਗੀ ਰਬਾਬੀਆਂ ਦੇ ਅੰਦਰ ਭੀ ਬੜੀ ਤੀਬਰ ਸੀ। ਭਾਈ ਕਾਲੂ ਜੀ ਰਬਾਬੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜੂਰ ਕੀਰਤਨ ਕਰਦੇ ਰਹੇ ਹਨ। ਭਾਈ ਕਾਲੂ ਜੀ ਦੇ ਦਰਸ਼ਨ ਮੈਂ ਬੜੀ ਚੰਗੀਤਰਾਂ ਕੀਤੇ ਹਨ। ਇਨਾਂ ਦਾ ਜਨਮ ਭਾਵੇਂ ਸਿਖ ਘਰਾਣੇ ਵਿਚ ਨਹੀਂ ਸੀ ਹੋਇਆ ਪਰ ਇਨਾਂ ਦਾ ਜੀਵਨ ਉਚ ਬਿਰਤੀ ਵਾਲੇ ਸਿਖਾਂ ਵਾਲਾ ਸੀ। ਏਹ ਕੀਰਤਨ ਕਰਨ ਤੋਂ ਪਹਿਲਾਂ ਇਸ਼ਨਾਨ ਕਰਕੇ ਆਸਣ ਲੈਕੇ ਬਾਹਰ ਜਾਕੇ ਇਕਾਂਤ ਵਿਚ ਭਜਨ ਕਰਦੇ ਫੇਰ ਆਕੇ ਕੀਰਤਨ ਕਰਦੇ। ਉਸ ਸਮੇਂ ਦੇ ਕਈ ਸਿੰਘ ਜਿਨਾਂ ਨੇ ਇਨਾਂ ਦੇ ਨੇੜਿਓਂ ਦਰਸ਼ਨ ਕੀਤੇ ਹਨ, ਦਸਦੇ ਹੁੰਦੇ ਸਨ ਕਿ ਇਕਲੇ ਤੁਰੇ ਜਾਂਦਿਆਂ ਥੋੜੇ ਥੋੜੇ ਚਿਰ ਪਿਛੋਂ ਆਖੀ ਜਾਣਾਂ "ਧੰਨ ਸਤਿਗੁਰ ਰਾਮ ਸਿੰਘ ਧੰਨ ਸਤਿਗੁਰ ਰਾਮ ਸਿੰਘ।"

ਇਕ ਵਾਰੀ ਸਤਿਗੁਰੂ ਹਰੀ ਸਿੰਘ ਜੀ ਦੌਰੇ ਨਾਲ ਸਿਆਲਕੋਟ ਦੇ ਜਿਲੇ ਗਿਲਾਂ ਵਿਚ ਗਏ ਸਨ ਸੰਤ ਲਾਲ ਸਿੰਘ ਜੀ ਭੂਰੇ ਗਿਲਾਂ ਵਾਲੇ ਭੀ ਨਾਲ ਸਨ। ਦੀਵਾਨ ਦਾ ਰਸ ਬਣਿਆ ਅਤੇ ਰੰਗ ਵਿਚ ਹੋਇਆ ਭਾਈ ਕਾਲੂ ਜੀ ਨੇ ਇਹ ਪੜਿਆ।

ਮਾਨ ਅਭਿਮਾਨ ਅਸਾਂ ਦੇਵੇ ਡਿਠੇ ਖੁਥੀਂ ਖੰਭੀ ਜਾਂਦੇ
ਨੀਵਿਆਂ ਰੁਖਾਂ ਦੇ ਫਲ ਮਿਠੇ ਫਿਕੇ ਉਚ ਰਹੰਦੇ।
ਪਾਣੀ ਵਲ ਨੀਵੀਂ ਥਾਂ ਆਇਆ ਟਿਬੇ ਰਹੇ ਹੁੜਾਂਦੇ
ਸਤਿਗੁਰੂ ਰਾਮ ਸਿੰਘ ਜੇ ਸਾਨੂੰ ਨਾ ਮਿਲਦਾ ਤਾਂ ਅਸੀਂ ਭੀ ਔਤਰ ਜਾਂਦੇ।

ਇਹ ਸੁਣਕੇ ਬਾਬਾ ਜਮੀਤ ਸਿੰਘ ਜੀ ਮਸਤ ਹੋ ਗਏ। ਇਨਾਂ ਬਾਬਾ ਜੀ ਦੀ ਸਰਧਾ ਸਤਿਗੁਰੂ ਹਰੀ ਸਿੰਘ ਜੀ ਤੇ ਪੂਰੀ ਨਹੀਂ ਸੀ। ਮਸਤ ਹੋਕੇ ਬਖਸ਼ ਮੰਗੀ। ਹੋਰ ਭੀ ਬਾਬਾ ਜੀ ਦੇ ਸ੍ਰਧਾਲੂਆਂ ਦਾ ਸਤਿਗੁਰੂ ਹਰੀ ਸਿੰਘ ਜੀ ਤੇ ਨਿਸ਼ਚਾ ਹੋਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਦ ਕਦੀ ਆਪ ਕੀਰਤਨ ਕਰਦੇ ਤਾਂ ਚੀਨੀਵਾਲੇ ਪਾਤਸ਼ਾਹ ਦੀ ਯਾਦ ਵਿਚ ਵੈਰਾਗ ਵਾਲੇ ਸ਼ਬਦ ਜਰੂਰ ਪੜ੍ਹਦੇ ਕਈ ਵਾਰੀ ਆਪ ਐਸੇ ਵੈਰਾਗੀ ਹੋ ਜਾਂਦੇ ਕਿ ਕੰਠ ਰੁਕ ਜਾਂਦਾ। ਸਾਰੀ ਸੰਗਤ ਭੀ ਨਾਲ ਹੀ ਵੈਰਾਗੀ ਹੋ ਜਾਂਦੀ। ਐਸੇ ਸਮੇਂ ਕਦੇਕਦੇ ਵੇਖਣ ਵਿਚ ਆਏ ਹਨ, ਜੋ ਮੇਰੇ ਲਈ ਅਜ ਤਕ ਅਭੁਲ ਬਣੇ ਹੋਏ ਹਨ। ਉਸ ਵੈਰਾਗ ਰਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਓਹ "ਵੇਖਾ ਹੀ ਪ੍ਰਵਾਨ" ਹੈ।

ਉਸ ਸਮੇਂ ਲਾਊਡ ਸਪੀਕਰ ਨਹੀਂ ਸਨ। ਹੋਲੇ ਜਾਂ ਮੇਲੇ ਦੀ ਆਸਾ ਦੀ ਵਾਰ ਵਿਚ ਸੰਤ ਦਰਸ਼ਨ ਸਿੰਘ ਜੀ ਖਜਾਨ ਸਿੰਘ ਜੀ ਨੇ ਇਕ ਵਾਰੀ ਸ਼ਬਦ ਪੜ੍ਹਿਆ "ਮੋਹਨ ਘਰਿ ਆਵਹੁ ਕਰਹੁ ਜੋਦੜੀਆ।" ਅੰਮ੍ਰਿਤ ਵੇਲੇ ਦੀਵਾਨ ਭਰਿਆ ਹੋਇਆ ਸੀ ਦਰਵਾਜੇ ਬੰਦ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਿਤਨਾਂ ਹੀ ਚਿਰ ਵਿਸਮਾਦ ਵਿਚ ਰਹੇ। ਸਾਰੀ ਸੰਗਤ ਐਸੇ ਰੰਗ ਵਿਚ ਰੰਗੀ ਰਹੀ ਜਿਸਦਾ ਬਿਆਨ ਨਹੀਂ ਕੀਤਾ ਜਾ ਸਕਦਾ।

ਪਹੁ ਫੁਟਾਲੇ ਸਮੇਂ, ਅਪਣੇ ਤਾਊਸ ਨਾਲ ਜਦ ਕਦੀ ਆਪ "ਭਈ ਨਿਰਾਸੀ ਬਹੁਤ ਦਿਨ ਲਾਗੇ" ਸ਼ਬਦ ਪੜ੍ਹਦੇ ਤਾਂ ਬਹੁਤ ਵਾਰੀ ਪ੍ਰਮਾਣ ਦਿੰਦਿਆਂ ਵੈਰਾਗ ਰਸ ਵਿਚ ਕੰਠ ਰੁਕ ਜਾਂਦਾ ਅਤੇ ਸਾਰੀ ਸੰਗਤ ਐਸੇ ਵਿਸਮਾਦ ਵਿਚ ਹੋ ਜਾਂਦੀ ਜਿਸਦਾ ਅਨੁਭਵ ਹੀ ਹੈ। ਵਰਣਨ ਨਹੀਂ ਕੀਤਾ ਜਾ ਸਕਦਾ। ਆਪ ਜੀ ਨੇ ਅਪਾਰ ਕਿਰਪਾ ਕੀਤੀ ਸ੍ਰੀ ਭੈਣੀ ਸਾਹਿਬ ਵਿਦਿਆਰਥੀਆਂਨੂੰ ਸੰਗੀਤ ਸਿਖਿਆ ਦੇਣ ਦਾ ਪ੍ਰਬੰਧ ਕੀਤਾ। ਉਸਤਾਦ ਹਰਨਾਮ ਸਿੰਘ ਜੀ ਪਹਿਲੇ ਅਧਿਆਪਕ ਸਨ। ਫੇਰ ਰਾਮਪੁਰ ਤੋਂ ਕਲਾਵੰਤ, ਉਸਤਾਦ ਊਧੋ ਖਾਂ ਜੀ ਓਨਾਂ ਦੇ ਸਪੁਤ੍ਰ ਰਹੀਮ ਬਖਸ਼ ਜੀ ਨੂੰ ਲਿਆਂਦਾ ਗਿਆ। ਏਹ ਉਸਤਾਦ ਊਧੋ ਖਾਂ ਜੀ ਤਲਵੰਡੀ ਘਰਾਣੇ ਦੇ ਉਸ-ਤਾਦ ਮੌਲਾ ਦਾਦ ਜੀ ਦੇ ਪੋਤਰੇ ਸ਼ਾਗਿਰਦ ਸਨ। ਇਨਾਂ ਦੇ ਉਸਤਾਦ ਮੌਲਾ ਬਖਸ਼ ਜੀ ਸਨ। ਉਸਤਾਦ ਊਧੋ ਖਾਂ ਜੀ ਅਤੇ ਰਹੀਮ ਬਖਸ਼ ਜੀ ਪਾਸ ਬਹੁਤ ਸਾਰੀਆਂ ਐਸੀਆਂ ਰੀਤਾਂ(ਬੰਦਸ਼ਾਂ) ਸਨ ਜੋ ਉਸ-ਤਾਦ ਮੌਲਾ ਦਾਦ ਜੀ ਦੀਆਂ ਅਤੇ ਸਾਂਈ ਅਲੀਆਸ

Namdhari Elibrary NamdhariElibrary@gmail.com

ਜੀ ਦੀਆਂ ਰਚਨਾਂ ਸਨ। ਸਾਂਈ ਅਲੀਆਸ ਜੀ, ਸ੍ਰੀ ਅੰਮ੍ਰਿਤਸਰ ਵਾਲੇ "ਸ਼ੰਕਰਸ਼ਾਹ" ਜੋਗੀ ਜੀ ਦੇ ਸ਼ਾਗਿਰਦ ਅਤੇ ਆਸ਼ਕ ਸਨ। ਇਹ ਵੇਖਣ ਵਿਚ ਆਇਆ ਹੈ ਕਿ ਜੋ ਲੋਕ ਪਰਮਾਤਮਾ ਦੇ ਨੇੜੇ ਹੋ ਜਾਂਦੇ ਹਨ ਉਨਾਂ ਵਿਚ ਸੰਪ੍ਰਦਾਇਕ ਭੇਦਭਾਵ ਮਿਟ ਜਾਂਦਾ ਹੈ।

ਸਾਨੂੰ ਉਸਤਾਦ ਉਧੋ ਖਾਂ ਜੀ ਅਤੇ ਰਹੀਮ ਬਖਸ਼ ਜੀ ਸੰਗੀਤ ਸਿਖਿਆ ਦੀ ਕਿਰਪਾ ਕਰਦੇ ਰਹੇ ਅਤੇ ਖਾਸ ਕਰਕੇ ਧ੍ਰੁਵਪਦ ਦੀ ਗਾਇਕੀ ਦੀ ਬਹੁਤ ਸਿਖਿਆ ਦਿਤੀ। ਇਨਾਂ ਧ੍ਰੁਵਪਦ ਦੀਆਂ ਬੰਦਸ਼ਾਂ ਨੂੰ ਸ੍ਰੀ ਸਤਿਗੁਰੂ ਜੀ ਆਪ ਸੁਣਦੇ ਅਤੇ ਜੇ ਕਿਸੇ ਪਦ ਵਿਚ ਫਰਕ ਹੁੰਦਾ ਤਦ ਉਸਨੂੰ ਸ਼ੁਧ ਕਰਨ ਦੀ ਕਿਰਪਾ ਆਪ ਕਰਦੇ।

ਇਨਾਂ ਵਿਚ ਕਈ ਐਸੀਆਂ ਬੰਦਸ਼ਾਂ ਸਨ ਜੋ ਉਸਤਾਦਾਂ ਨੇ ਅਪਣੇ ਮੁਰਸ਼ਦ ਜਾਂ ਗੁਰੂ ਦੇ ਪ੍ਰੇਮ ਬਿਛੋਹ ਵਿਚ ਉਚਾਰਨ ਕੀਤੀਆਂ ਸਨ। ਇਨਾਂ ਨੂੰ ਸਤਿਗੁਰੂ ਜੀ ਉਚੇਚ ਕਰਕੇ ਸੁਣਦੇ। ਇਨਾਂ ਵਿਚੋਂ ਕੁਛ ਬੰਦਸ਼ਾਂ ਇਥੇ ਦਿਤੀਆਂ ਜਾਂਦੀਆਂ ਹਨ:-

ਸੋਰਠ ਰਾਗ ਵਿਚ ਸਾਂਈ ਅਲੀਆਸ ਜੀ ਦੀ ਚਾਰ ਤਾਲ ਵਿਚ ਇਹ ਰਚਨਾ ਹੈ:-

ਕਠਿਨ ਦਿਨ ਬੀਤੇ ਪੀਆ ਬਿਨ
ਅਵਧ ਙੁਨ ਪਲ ਛਿਨ ਦਿਨ ਗਿਨਤ ਚੂਕੇ।
ਜਬ ਸੇ ਬਿਦੇਸ ਗਏ ਸੁਧ ਹੂ ਨ ਲੀਨੀ ਮੋਰੀ
ਪਾਤੀ ਨਾ ਪਠਾਈ ਨ ਸੰਦੇਸਵਾ ਮੋਪੇ।
ਨੀਂਦ ਨਹੀਂ ਆਵਤ ਦ੍ਰਿਗਨ ਜਲ ਭਰ ਭਰ
ਆਵਤ ਸ੍ਵਾਸ ਸੀਤਲ ਪਲ ਪਲ
ਆਵਤ ਯਾਦ ਅੰਗ ਉਨੀਕੇ।
ਐਸਾ ਕੋਈ ਹੋਵੇ ਸੁਘਰ ਚਤੁਰ ਨਰ
ਅਲੀਆਸਾ ਸੰਤਾਂ ਕੋ ਆਣ ਮਿਲਾਵੇ
ਏਹ ਪਾਪੀ ਪ੍ਰਾਨ ਉਨੀਕੇ ਸੰਗ ਜਾਨਤ ਚੂਕੇ।

ਉਸਤਾਦ ਮੌਲਾ ਦਾਦ ਜੀ ਦੀ ਇਹ ਰਚਨਾਂ ਰਾਗ ਬਿਹਾਗ ਵਿਚ ਚਾਰਤਾਲ ਵਿਚ ਸਤਿਗੁਰੂ ਜੀ ਕਈ ਵਾਰੀ ਆਖਕੇ ਇਸਦੀ ਗਾਇਕੀ ਸੁਣਦੇ:-

ਮਾਈ ਰੀ ਮੇਰੋ ਮਨ ਤਰਸਤ ਪੀਆ ਬਿਨ
ਕਵਨ ਘੜੀ ਸੀ ਜਬ ਲਾਗੇ ਨੈਨ।
ਕਰ ਕਿਰਪਾ ਕਬ ਆਵਹੁਗੇ ਮੇਰੇ ਘਰ
ਗਲੇ ਲਾਗਨ ਕੋ ਧਾਉਂ ਤਬ ਹੀ ਅਨੰਦ ਭਇਓ ਸੁਖ ਚੈਨ।
ਸਗਰੇ ਨਗਰ ਕੀ ਨਾਰ ਆਪਸ ਮੇ ਹਸ ਹਸ ਕਰਤ ਮੀਠੇ ਬੈਨ।
ਮੌਲਾ ਦਾਦ ਕੇ ਪ੍ਰਭ ਦਰਸ ਤਿਹਾਰੇ ਕੋ
ਠਾਂਢੇ ਆਂਗਨ ਰਹਿਤ ਚਿੰਤਾ ਮੇ ਬੀਤ ਗਇਓ ਦਿਨ ਰੈਨ।

ਰਾਗ ਗੌਡ ਮਲਾਰ ਦੀ ਛੋਟੀ ਜਿਹੀ ਇਹ ਰਚਨਾਂ ਬੜੇ ਮਿਠੇ ਸੁਰਾਂ ਵਿਚ ਅਤੇ ਪੰਜਾਬੀ ਠੇਕੇ ਵਿਚ ਹੈ। ਇਹ ਕਈ ਵਾਰੀ ਆਪ ਆਗਿਆ ਦੇਕੇ ਸੁਣਦੇ ਅਤੇ ਨਾਲ ਥੋੜਾ ਥੋੜਾ ਗਾਇਕ ਆਪ ਭੀ ਕਰਦੇ;-

ਹਰਿ ਪ੍ਰਦੇਸ ਬਹੁਤ ਦਿਨ ਲਾਇ।
ਕਾਰੀ ਘਟਾ ਦੇਖ ਬਾਦਰ ਕੀ
ਮੋਰੇ ਨੈਨ ਨੀਰ ਭਰ ਆਇ।
ਬੀਰ ਬਟਾਊ ਪੰਖੀਓ ਤੁਮ ਕਵਨ ਦੇਸ ਤੇ ਆਇ।
ਇਹ ਪਾਤੀ ਹਮਰੀ ਲੇ ਜਾਨਾ
ਜਹਾਂ ਸਜਾਮ ਘਨ ਛਾਇ।

ਹੋਰ ਭੀ ਬਹੁਤ ਸਾਰੀਆਂ ਐਸੀਆਂ ਰਚਨਾਂ ਹੈਨ ਵਿਸਥਾਰ ਦੇ ਭੈ ਤੋਂ ਇਥੇ ਨਹੀਂ ਦਿਤੀਆਂ ਗਈਆਂ।

ਇਕ ਵਾਰੀ ਸ੍ਰੀ ਭੈਣੀ ਸਾਹਿਬ ਸਾਵਨ ਭਾਦਰੋਂ ਦੇ ਦਿਨਾਂ ਵਿਚ ਨਿਤਨੇਮ ਕੀਤਾ ਅਤੇ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪਾਠ ਭੀ ਨਾਲ ਨਾਲ ਕੀਤੇ ਪਾਠ ਕਰਨ ਵਾਲਿਆਂ ਵਿਚ ਕਈ ਸਿੰਘ ਸਨ ਪਰ ਖਾਸ ਕਰਕੇ ਨਿਕਟ ਵਰਤੀ ਸਨ ਜਿਨਾਂ ਦੇ ਪਾਨ ਸ਼ੁਧ ਕਰਾਏ। ਏਹ ਨਿਕਟੀਵਰਤੀ ਸਨ ਸੰਤ ਹਾਕਮ ਸਿੰਘ ਜੀ ਕਾਲੇਕੇ, ਸੰਤ ਸੁੰਦਰ ਸਿੰਘ ਜੀ ਫਰੀਦ ਅਤੇ ਮਾਸਟਰ-ਬਲਵੰਤ ਸਿੰਘ ਜੀ। ਜਿਸ ਵੇਲੇ ਪਾਠ ਸੰਪੂਰਨ ਹੋ ਗਏ ਤਾਂ ਸਤਿਗੁਰੂ ਜੀ ਇਨਾਂ ਨੂੰ ਬਚਨ ਕੀਤਾ ਕਿ ਤੁਹਾਡੇ ਪਾਠ ਸ਼ੁਧ ਕਰਾਏ ਹਨ ਸਾਨੂੰ ਕੁਛ ਦਛਣਾ ਦਿਓ। ਇਨਾਂ ਸਾਰਿਆਂ ਅਗੋਂ ਅਰਜ ਕੀਤੀ ਕਿ ਸਚੇ ਪਾਤਸ਼ਾਹ ਜੀ ਅਸਾਡੇ ਪਾਸ

(ਬਾਕੀ ਸਫਾ ਵੇਖੋ ੧੧੩ ਤੇ)

Namdhari Elibrary NamdhariElibrary@gmail.com

ਅਫਰੀਕਾ ਨਵੰਬਰ ੧੯੫੩

ਕਿਟਾਲੀ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿਘ ਜੀ, ਸ੍ਰੀ ਮਹਾਰਾਜ ਜੀ,ਸੰਤ ਰਤਨ ਸਿੰਘ ਜੀ, ਸੰਤ ਪ੍ਰੀਤਮ ਸਿੰਘ ਜੀ ਪਦੀ(ਚੌਰੀ ਕਰਦੇ ਹੋਏ). ਸੰਤ ਰਾਮ ਸਿੰਘ ਜੀ,ਸੂਬਾ ਲਾਲ ਸਿੰਘ ਜੀ ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਮੇਰੇ ਨਾਲ:—

ਹਡ ਬੀਤਿਆ

"ਪਿਆਰ"

ਲੇਖਕ ਮੁਖ਼ੀ ਮਨਸ਼ਾ

ਜਿਸਦੇ ਪਿਆਰ ਭੰਡਾਰ ਸਾਗਰ ਦਾ
ਪਾਰਾਵਾਰ ਨ ਆਇਆ ।
ਜਿਸਨੇ ਪਿਆਰ ਤਕਣੀ ਅੰਦਰ
ਮਿਕਨਾਤੀਸ ਛੁਪਾਇਆ।
ਪਿਆਰ ਬੀਨ ਪ੍ਰਬੀਨ ਜਿਸਦੀ
ਮੁਨਕਰ ਸੱਪ ਭੀ ਕੀਲੇ,
ਪਿਆਰ ਦਾ ਸੋਮਾ ਉਸ ਸਤਿਗੁਰੂ ਤੋਂ
ਆਤਮਾ ਇਵ ਵਰੋਸਾਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਚੇ ਪਾਤਸ਼ਾਹ ਜੀ ਨੂੰ ਜੇਕਰ ਪਿਆਰ ਦਾ ਸਾਕਾਰ ਅਵਤਾਰ ਆਖ-ਲਿਆ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀਂ, ਸਗੋਂ ਮਨ ਬਚ ਕ੍ਰਮ ਦੀ ਪਧਰ ਤੋਂ ਸੌ ਪ੍ਰਤੀਸ਼ਤ ਪੂਰਾ ਉਤਰਨ ਵਾਲਾ ਅਨੁਮਾਨ ਹੈ। ਦੂਸਰੇ ਸ਼ਬਦਾਂ ਵਿਚ ਉਹ ਪਿਆਰ ਦਾ ਉਹ ਜਾਦੂਗਰ ਸੀ, ਜਿਸਦੇ ਜਾਦੂ ਤੋਂ ਉਹ ਕੋਈ ਵੀ ਮਨੁਖ, ਪਸ਼ੂ, ਪੰਛੀ, ਵੀ ਵਸ ਹੋਣ ਤੋਂ ਨਹੀਂ ਸੀ ਬਚਿਆ, ਜਿਸਨੂੰ ਇਸ ਪਿਆਰ ਦੇ ਜਾਦੂਗਰ ਦੀ ਕਿਸੇ ਭੀ ਤਰਾਂ ਇਕ ਵਾਰੀ ਛੋਹ ਪ੍ਰਾਪਤ ਹੋ ਗਈ।

ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਜਿਨਾਂ ਵਿਚ ਕੁਦਰਤ ਨੇ ਅਨੰਤ ਗੁਣ ਪਾਕੇ ਇਸ ਧਰਤੀ ਉਤੇ ਭੇਜਿਆ ਸੀ, ਜੇਕਰ ਸਾਰੇ ਬੇ-ਸ਼ੁਮਾਰ ਗੁਣਾਂ ਨੂੰ ਇਕ ਪਾਸੇ ਰਖਕੇ ਕੇਵਲ ਉਨਾਂ ਦੇ ਵਿਸ਼ਾਲ ਹਿਰਦੇ ਵਿਚ ਵਸਦੇ ਪਿਆਰ ਦਾ ਹੀ ਉਹ ਕ੍ਰਿਸ਼ਮਾ ਬੇ-ਮਿਸਾਲ ਸੀ, ਜਿਸਦੇ ਨਾਲ ਉਹ ਪੌਣੀ ਸਦੀ ਤੋਂ ਵਧ ਸਮਾ ਬਿਨਾਂ ਕਿਸੇ ਵਿਤਕਰੇ ਸਭ ਜੀਵ ਜੰਤੂਆਂ ਨੂੰ ਆਕਰਖਤ ਕਰਦੇ ਰਹੇ। ਜਿਥੇ ਵਡ ਪ੍ਰਤਾਪੀ ਸਤਿਗੁਰੂ ਦੇ ਪਿਆਰ ਦੇ ਝਰਦੇ ਝਰਨਿਆਂ ਦੁਆਰਾ ਅਨਗਿਨਤ ਜੀਵ ਜੰਤੂ ਪ੍ਰਸੀਜਿਤ ਹੁੰਦੇ ਰਹੇ, ਓਥੇ ਮੈਂ ਕੇਵਲ ਅਪਣੇ ਹਡ ਬੀਤੇ ਪਿਆਰ ਦੇ ਕੁਝ ਅੰਸ਼ ਪਾਠਿਕਾਂ ਅਗੇ ਪੇਸ਼ ਕਰ ਰਿਹਾ ਹਾਂ ਜਿਹੜੇ ਸੰਮਤ ੧੯੭੮ ਤੋਂ ਲੈਕੇ ਸੰਮਤ ੨੦੧੬ ਦੇ ੩੨ ਹਾੜ ਤਕ ਸਚੇ ਪਾਤਸ਼ਾਹ ਦੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਸਮੇਂ ਸਮੇਂ ਵਖ ਵਖ ਰੂਪਾਂ ਵਿਚ ਨਿਜੀ ਤੌਰ ਤੇ ਮੈਨੂੰ ਪ੍ਰਾਪਤ ਹੁੰਦੇ ਰਹੇ। ਜਿਵੇਂ ਕਿ:—

ਸੰਮਤ ੧੯੭੮ ਦੀਆਂ ਗਰਮੀਆਂ ਵਿਚ ਇਕ ਮੇਲਾ ਕੱਕੇ ਕੇ ਕਿਆਮਪੁਰ ਵਿਚ ਹੋਇਆ ਸੀ ਜਿਸ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦਿਤੇ। ਕੱਕੇ ਕੇ ਕਿਆਮਪੁਰ ਨਗਰ ਦਰਿਆ ਰਾਵੀ ਦੇ ਨਜ਼ਦੀਕ ਹੈ, ਇਹ ਨਗਰ ਇਸ ਇਲਾਕੇ ਵਿਚ ਨਾਮਧਾਰੀ ਸਾਧ ਸੰਗਤ ਦਾ ਕੇਂਦਰ ਸੀ, ਕਕੇ ਕਿਆਂ ਵਿਚ ਸੋਧੀਆਂ ਦਾ ਉਹ ਪ੍ਰਵਾਰ ਵੀ ਸੀ ਜਿਸਨੂੰ 'ਰੂਸੇ' ਕਰਕੇ ਸਦਿਆ ਜਾਂਦਾ, ਜਿਨਾਂ ਵਿਚੋਂ ਸੰਤ ਸਦਾਗਰ ਸਿੰਘ ਜੀ ਇਕ ਮੰਨੇ ਪ੍ਰਮੰਨੇ ਨਾਮਧਾਰੀ ਪੰਥ ਦੀ ਪ੍ਰਗਤੀ ਦੇ ਚਾਹਵਾਨ ਤੇ ਗੁਰੂ ਘਰ ਦੇ ਪ੍ਰੇਮ ਸੇਵਕ ਹੋਏ ਹਨ। ਏਸੇਤਰਾਂ ਕਿਆਮ ਪੁਰਾ ਵਿਚ ਬਾਬੇ ਬਲੀ ਸਿੰਘ ਜੀ ਭਾਈ ਟਹਿਲ ਸਿੰਘ ਜੀ(ਜੋ ਅਜਕਲ ਭੰਗਾਲੇ ਨੇੜੇ ਅਲਾੜਪੁਰ ਰਹਿੰਦੇ ਹਨ) ਨੰਬਰਦਾਰ ਬੂਟਾ ਸਿੰਘ ਜੀ ਤੇ ਹੋਰ ਕਈ ਨਾਮਧਾਰੀ ਪ੍ਰਵਾਰ ਵਸਦੇ ਸਨ, ਇਨਾਂ ਨੇ ਇਕ ਵਾਰੀ ਬਹੁਤ ਵਡਾ ਮੇਲਾ ਕੀਤਾ। ਉਹਨਾਂ ਦਿਨਾਂ ਵਿਚ ਸ੍ਰੀਮਾਨ ਸੰਤ ਟਹਿਲ ਸਿੰਘ ਜੀ ਸਵੋਵਾਲੀਆਂ ਨੇ ਇਲਾਕੇ ਦੀ ਸਾਧ ਸੰਗਤ ਦ ਸਹਿਯੋਗ ਨਾਲ ਇਲਾਕੇ ਦੇ ਨਾਮਧਾਰੀ ਬਚਿਆਂ

Namdhari Elibrary NamdhariElibrary@gmail.com

ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਕਰਨ ਤੋਂ ਰੋਕਣ ਲਈ ਨਾਮਧਾਰੀ ਸ੍ਰਿਸ਼ਟੀ ਸੁਧਾਰ ਸਤਿਜੁਗੀ ਆਸ਼੍ਰਮ ਸਨਖਤਰੇ ਦੇ ਨਾਮ ਹੇਠਾਂ ਇਕ ਵਿਦਆਲਾ ਖੋਲ੍ਹ ਰਖਿਆ ਸੀ ਜਿਸ ਵਿਚ ਰਾਵੀ ਤੋਂ ਪਾਰ ਤੇ ਕਕੇ ਕੇ ਕਿਆਮਪੁਰ ਰੋਹੀ ਆਦਿਕ ਨਗਰਾਂ ਤੋਂ ਵੀ ਬਹੁਤ ਸਾਰੇ ਲੜਕੇ ਇਸ ਵਿਦਿਆਲੇ ਦੁਆਰਾ ਗੁਰਮੁਖੀ,ਹਿੰਦੀ, ਉਰਦੂ ਆਦਿਕ ਵਿਦਿਆ ਪ੍ਰਾਪਤ ਕਰਨ ਵਾਸਤੇ ਰਹਿੰਦੇ, ਜਦੋਂ ਕਿ ਸਨਖਤਰੇ ਦੇ ਦੁਆਲੇ ਨਗਰਾਂ(ਖਾਰਾ ਦੇਊਆਂ ਖਾਨਪੁਰ'ਬੁਲਾਰ ਟਪਿਆਲਾ ਵੀਰੋਕੇ ਆਦਿਕ) ਤੋਂ ਲੜਕੇ ਪਿੰਡਾਂ ਤੋਂ ਆਕੇ ਵਿਦਿਆ ਪ੍ਰਾਪਤ ਕਰਦੇ। ਕਕੇ-ਕਿਆਂ ਦੇ ਮੇਲੇ ਵਿਚ ਸਾਰੇ ਲੜਕੇ ਸਚੇ ਪਾਤਸ਼ਾਹ ਜੀ ਦਾ ਦਰਸ਼ਨ ਕਰਨ ਗਏ ਜਿਸਤਰਾਂ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸ੍ਰੀ ਭੈਣੀ ਸਾਹਿਬ ਸ੍ਰੀ ਜੀਵਨ ਨਗਰ ਦੇ ਵਿਦਿਆਲਿਆਂ ਤੇ ਸਤਿਗੁਰੂ ਪ੍ਰਤਾਪ ਸਿੰਘ ਅਕਾਡਮੀ ਦੇ ਛੋਟੇ ਛੋਟੇ ਬਚਿਆਂ ਦੇ ਪ੍ਰੋਗ੍ਰਾਮਾਂ ਤੋਂ ਸਭ ਦਰਸ਼ਕ ਪ੍ਰਭਾਵਤ ਹੁੰਦੇ ਹਨ, ਤਿਵੇਂ ਉਸ ਵਕਤ ਸਾਡੇ ਵਿਦਆਲੇ ਦੇ ਬਚਿਆਂ ਤੋਂ ਸਭ ਸਾਧ ਸੰਗਤ ਬਹੁਤ ਪ੍ਰਭਾਵਤ ਹੋਈ ਤੇ ਸਚੇ ਪਾਤਸ਼ਾਹ ਜੀ ਬਹੁਤ ਪ੍ਰਸੰਨ ਹੋਏ। ਉਸ ਦੀਵਾਨ ਵਿਚ ਆਪਣੇ ਹਮ ਜਮਾਤੀਆਂ ਨਾਲ ਮੈਂ ਭੀ ਸਬਦ ਪੜ੍ਹਿਆ।

ਓਥੇ ਹੀ ਸਚੇ ਪਾਤਸ਼ਾਹ ਜੀ ਨੇ ਮੇਰੇ ਵਲ "ਕ੍ਰਿਪਾ ਕਟਾਖ੍ਯ ਅਵਲੋਕਨ ਕੀਨੋ" ਵਾਲਾ ਵਾਕ ਪੂਰਨ ਕਰਕੇ ਹਰ ਪਖੋਂ ਹੀ ਛੋਟੇ ਹੁੰਦਿਆਂ ਹੋਇਆਂ ਭੀ ਮੈਨੂੰ ਆਪਣੇ ਪਿਆਰ ਵਿਚ ਲੈ ਲਿਆ ਤੇ ਪਾਸ ਸਦਕੇ ਖੁਸ਼ੀਆਂ ਬਖਸ਼ੀਆਂ। ਮੇਰੇ ਵਾਸਤੇ ਸ੍ਰੀ ਸਤਿਗੁਰੂ ਜੀ ਦੇ ਪਿਆਰ ਦੀ ਪਹਿਲੀ ਝਲਕ ਸੀ, ਜਿਸਨੇ ਮੈਨੂੰ ਜਿੰਦਗੀ ਭਰ ਵਾਸਤੇ ਅਪਣਾ ਸ਼ੈਦਾਈ (ਚਰਨ ਸੇਵਕ) ਬਣਾ ਲਿਆ।

ਸੰਮਤ ੧੯੯੦ ਵਿਚ ਬਿਜਲੀਵਾਲ ਦਾ ਹੋਲਾ ਸੀ, ਉਸ ਹੋਲੇ ਵਿਚ ਸਾਡੇ ਵਿਦਆਲੇ ਦੇ ਵਿਦਆਰਥੀਆਂ ਦੇ ਜਾਣ ਦਾ ਪ੍ਰੋਗ੍ਰਾਮ ਸੀ ਸਾਡੇ ਅਧਿ-ਆਪਕ ਸਤਿਕਾਰ ਯੋਗ ਮਾਸਟਰ ਬੂੜ ਸਿੰਘ ਜੀ ਛਨੀਆਂ ਵਾਲਿਆਂ ਭੀ ਨਾਲ ਜਾਣਾ ਸੀ, ਹੋਲੇ ਵਿਚ ਪੜ੍ਹਨ ਵਾਲੇ ਸ਼ਬਦ ਕੁਝ ਵਿਦਆਰਥੀਆਂ ਨੇ ਯਾਦ ਕਰ ਰਖੇ ਸੀ ਜਿਨਾਂ ਵਿਚ ਮੈਂ ਭੀ ਸ਼ਾਮਲ ਸਾਂ, ਉਸ ਵਕਤ ਹਰ ਸਮਾਗਮ ਸਮੇਂ ਪੈਦਲ ਤੁਰਕੇ ਜਾਣਾ ਪੈਂਦਾ ਹੁੰਦਾ ਸੀ, ਜਿਸ ਦਿਨ ਸਵੇਰੇ ਅਸਾਂ ਬਿਜਲੀਵਾਲ ਦੇ ਹੋਲੇ ਵਾਸਤੇ ਤੁਰਨਾ ਸੀ,ਉਸਤੋਂ ਪਹਿਲੇ ਦਿਨ ਸ਼ਾਮ ਨੂੰ ਘੋੜੀ ਤੋਂ ਡਿਗਕੇ ਮੇਰੀ ਸਜੀ ਬਾਂਹ ਟੁਟ ਗਈ, ਜਿਸ ਕਾਰਨ ਮੈਂ ਹੋਲੇ ਤੇ ਨਾ ਜਾ ਸਕਿਆ। ਹੋਲੇ ਤੋਂ ਬਾਦ ਤਕ਼ਰੀਬਨ ਹਰ ਸਾਲ ਸਤਿਗੁਰੂ ਜੀ ਦਾ ਘੋੜਿਆਂ ਉਤੇ ਦੌਰਾ ਜਿਲਾ ਗੁਰਦਾਸਪੁਰ ਤੇ ਸਿਆਲਕੋਟ ਦਾ ਖਾਸ ਕਰਕੇ ਦੜਪ ਇਲਾਕੇ ਦਾ ਦੌਰਾ ਹੋਇਆ ਕਰਦਾ ਸੀ। ਏਸੇ ਪ੍ਰੰਪਰਾ ਅਨੁਸਾਰ ਹੋਲੇ ਤੋਂ ਬਾਦ ਗੁਰਦਾਸਪੁਰ ਦੇ ਨਗਰਾਂ ਦਾ ਦੌਰਾ ਕਰਕੇ ਸਨਖਤਰੇ ਨਾਮ-ਧਾਰੀ ਆਸ਼੍ਰਮ ਵਿਚ ਜਦ ਸਚੇ ਪਾਤਸ਼ਾਹ ਜੀ ਨੇ ਦਰਸ਼ਨ ਦਿਤੇ ਤਾਂ ਟੁਟੀ ਹੋਈ ਬਾਂਹ ਦੀ ਹਾਲਤ ਵਿਚ ਮੈਂ ਵੀ ਚਰਨਾਂ ਉਤੇ ਜਾਂ ਨਮਸਕਾਰ ਕਰਨ ਲਗਾ ਤਾਂ ਮੈਨੂੰ ਸੰਬੋਧਨ ਕਰਕੇ ਬੜੇ ਪਿਆਰ ਨਾਲ ਬਚਨ ਕੀਤਾ, "ਮਹੰਤਾ ਮੈਂ ਆਖਦਾ ਸਾਂ ਕਿ ਉਹ ਹੋਲੇ ਤੇ ਅਪਣੇ ਸਾਥੀਆਂ ਨਾਲ ਕਿਉਂ ਨਹੀਂ ਆਇਆ?"

ਅੱਛਾ ਕੋਈ ਗਲ ਨਹੀਂ ਬਾਂਹ ਠੀਕ ਹੋ ਜਾਵੇਗੀ ਕੋਈ ਫਿਕਰ ਨ ਕਰੀਂ। ਬਸ ਫਿਰ ਕੀ ਸੀ ਥੋੜੇ ਦਿਨਾਂ ਵਿਚ ਬਾਂਹ ਠੀਕ ਹੋ ਗਈ।

ਇਕ ਵਾਰੀ ਟਪਿਆਲੇ ਨਗਰ ਵਿਚ ਬੜਾ ਭਾਰੀ ਮੇਲਾ ਹੋਇਆ ਸਚੇ ਪਾਤਸ਼ਾਹ ਜੀ ਨੇ ਭੀ ਦਰਸ਼ਨ ਦਿਤੇ ਉਸ ਮੇਲੇ ਵਿਚ ਪੜ੍ਹਨ ਵਾਸਤੇ ਮਾ. ਜੀ ਨੇ ਸਾਨੂੰ ਇਕ ਕੌਮੀ ਕਵਿਤਾ

ਭੈਣੀ ਵਾਲੇ ਪਾਤਸ਼ਾਹ ਕਿਉਂ ਦੇਰ ਲਗਾਈ।
ਸੰਗਤ ਤੇਰੇ ਦਰਸ ਦੀ ਮਾਹੀ ਤਰਿਹਾਈ।
ਗਾਂਧੀ ਜੇਹੇ ਮਹਾਤਮਾ ਜੇਲ ਕੰਬਲੀ ਵਿਛਾਈ।

ਇਹ ਕਵਿਤਾ ਮੈਂ ਤੇ ਸਾਧਾ ਸਿੰਘ ਖਾਰੇਵਾਲੇ ਅਤੇ(ਜਥੇਦਾਰ) ਗਿਆਨ ਸਿੰਘ ਵੀਰੋਕੇ ਵਾਲਿਆਂ ਮਿਲਵੀਂ ਅਵਾਜ ਨਾਲ ਜਦ ਹੇਕ ਲਾਕੇ ਸੁਣਾਈ ਤਾਂ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ,ਸਾਨੂੰ ਤਿੰਨਾ ਨੂੰ

Namdhari Elibrary NamdhariElibrary@gmail.com

ਹਜ਼ੂਰੀ ਵਿਚ ਸਦਕੇ ਬੜੇ ਪਿਆਰ ਨਾਲ ਬਦਾਮ ਦੇਕੇ ਕ੍ਰਿਤਾਰਥ ਕੀਤਾ।

ਏਸੇਤਰਾਂ ਇਕ ਵਾਰੀ ਵਜੀਰਪੁਰ ਕੰਧਾਲੇ ਸਤਿ-ਗੁਰੂ ਜੀ ਦੀ ਹਜ਼ੂਰੀ ਵਿਚ ਮੇਲਾ ਹੋਇਆ ਇਥੇ ਭੀ ਸਚੇ ਪਾਤਸ਼ਾਹ ਜੀ ਸਾਥੋਂ ਇਕ ਸ਼ਬਦ ਉਚੇਚੇ ਤੌਰ ਤੇ ਸੁਣਿਆ ਤੇ ਖੁਸ਼ੀਆਂ ਪ੍ਰਦਾਨ ਕੀਤੀਆਂ।

ਅੰਮ੍ਰਿਤਸਰ ਦੇ ਹੋਲੇ ਸਮੇਂ ਸਾਡੇ(ਤੇਜਾ ਸਿੰਘ ਜੀ ਸ਼ੰਗਾਰਾ ਸਿੰਘ ਬੰਤਾ ਸਿੰਘ ਤਾਰਾ ਸਿੰਘ ਸਾਧਾ ਸਿੰਘ ਖਾਰਾ ਮੈਂ ਤੇ ਭਾਨ ਸਿੰਘ ਨੰਗਲ ਪਿਆਰਾ ਸਿੰਘ ਦਾਦੂ ਬਾਜਵਾ ਗਿਆਨ ਸਿੰਘ ਵੀਰੋਕੇ ਆਦਿਕ ਹੋਲੇ ਤੇ ਸ਼ਬਦ ਪੜਨ ਤੇ ਲੈਕਚਰ ਕਰਨ ਵਾਸਤੇ) ਮਾਸਟਰ ਜੀ ਨੇ ਕਾਫੀ ਮਿਹਨਤ ਕਰਵਾਈ ਹੋਈ ਸੀ। ਸਾਡਾ ਵਿਦਿਆਰਥੀਆਂ ਦਾ ਜਥਾ ਢੋਲਕੀ ਛੈਣਿਆਂ ਨਾਲ ਕੀਰਤਨ ਕਰਦਾ ਜਦ ਮੇਲੇ ਤੇ ਰਾਮ ਤਲਾਈ ਅਸਥਾਨ ਤੇ ਪੁਜਾ ਤਾਂ ਇਕ ਵਾਰੀ ਤਾਂ ਹਜ਼ਾਰਾਂ ਲੋਕ ਸਾਡੇ ਜਥੇ ਨੂੰ ਵੇਖਣ ਵਾਸਤੇ ਉਮਡ ਪਏ। ਸ੍ਰੀ ਸਤਿਗੁਰੂ ਜੀ ਨੇ ਵੀ ਜਦ ਸੁਣਿਆਂ ਤਾਂ ਬਹੁਤ ਹੀ ਪ੍ਰਸੰਨ ਹੋਏ ਤੇ ਹੋਲੇ ਦੇ ਦੀਵਾਨਾਂ ਵਿਚ ਜਿਥੇ ਸਾਡੇ ਵਿਦਯਾਰਥੀਆਂ ਦੇ ਸ਼ਬਦੀ ਲੈਕਚਰਾਂ ਦਾ ਸਮੇਂ ਸਮੇਂ ਪ੍ਰੋਗ੍ਰਾਮ ਹੋਇਆ ਓਥੇ ਮਾਸਟਰ ਜੀ ਨੇ ਮੈਨੂੰ ਤੇ ਭਾਨ ਸਿੰਘ ਨੰਗਲ ਵਾਲੇ ਨੂੰ ਦੇਹਧਾਰੀ ਗੁਰੂ ਨੂੰ ਸਿਧ ਕਰਨ ਤੇ ਸ੍ਰੀ ਗਰੰਥ ਸਾਹਿਬ ਨੂੰ ਗੁਰੂ ਮੰਨਣ ਵਾਲੇ ਪਖ ਤੋਂ ਸਵਾਲ ਜਵਾਬ ਦੇ ਢੰਗ ਵਾਲਾ ਲੈਕਚਰ ਯਾਦ ਕਰਵਾ-ਇਆ ਹੋਇਆ ਸੀ। ਮੇਰਾ ਪਖ ਦੇਹਧਾਰੀ ਗੁਰੂ ਨੂੰ ਸਿਧ ਕਰਨ ਵਾਲਾ ਸੀ ਤੇ ਭਾਨ ਸਿੰਘ ਦਾ ਦੂਸਰਾ ਪਖ ਸੀ ਸ਼ਾਮ ਨੂੰ ਰਾਗੀਆਂ ਦੇ ਕੀਰਤਨ ਸ਼ਾਇਦ ਸਾਨੂੰ ਏਹ ਲੈਕਚਰ ਸੁਣੋਣ ਦਾ ਵਕਤ ਮਿਲਿਆ ਕੋਈ ਪੌਣਾ ਘੰਟਾ ਸਾਡੇ ਸਵਾਲ ਜਵਾਬ ਹੁੰਦੇ ਰਹੇ,ਉਸ ਉਮਰ ਵਿਚਮੈਨੂੰ ਹੋਰ ਤੇ ਕਿਸੇ ਗਲ ਦਾ ਪਤਾ ਨਹੀਂ ਸੀ ਹੁੰਦਾ ਪਰ ਦੀਵਾਨ ਦੇ ਗੋਲ ਚਕਰ ਵਿਚ ਖਲੋਤਿਆਂ ਮੈਂ ਸਤਿਗੁਰੂ ਸਚੇ ਪਾਤ-ਸ਼ਾਹ ਦੀ ਪ੍ਰਸੰਨਤਾ ਦੇ ਇਸ਼ਾਰਿਆਂ ਨੂੰ ਵੇਖ ਵੇਖਕੇ ਮਨ ਹੀ ਮਨ ਵਿਚ ਬੜੀ ਖੁਸ਼ੀ ਅਨੁਭਵ ਕਰਦਾ ਸਾਂ ਲੈਕਚਰ ਤੋਂ ਬਾਅਦ ਅਸੀਂ ਦੋਵੇਂ ਸਾਥੀ ਜਦ ਸਚੇ ਪਾਤਸ਼ਾਹ ਜੀ ਨੂੰ ਨਮਸਕਾਰ ਕਟਨ ਗਏ ਤਾਂ ਉਸ ਵੇਲੇ ਪਿਆਰ ਦੇ ਅਥਾਹ ਸਾਗਰ ਸਤਿਗੁਰੂ ਜੀ ਨੇ ਜੋ ਪਿਆਰ ਭਰੀਆਂ ਖੁਸ਼ੀਆਂ ਮੈਨੂੰ ਤੇ ਮੇਰੇ ਸਾਥੀ ਨੂੰ ਬਖਸੀਆਂ ਉਹ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ। ਸਗੋਂ ਕੁਝ ਪਦਾਰਥ ਵੀ ਬਖਸ਼ਿਆ ਏਸੇਤਰਾ ਗੁਜਰਾਂਵਾਲੇ ਦੇ ਹੋਲੇ ਤੇ ਭਾਵੇਂ ਕੁਝ ਕਾਰਨਾਂ ਕਰਕੇ ਸਾਡਾ ਵਿਦਿਆਲਾ ਬੰਦ ਹੋ ਚੁਕਾ ਸੀ ਪਰ ਇਸਤੋਂ ਪਹਿਲਾਂ ਮਾਸਟਰ ਜੀ ਨੇ ਮੈਨੂੰ ਇਕ ਲੈਕਚਰ–

"ਮਾਸ ਖਾਣਾ ਛੋਡ ਦੋ ਭਾਈਓ ਖੁਦਾ ਕੇ ਵਾਸਤੇ
ਮਾਸ ਖਾਣਾ ਹੈ ਲਿਖਾ ਨਹੀਂ ਆਦਮੀ ਕੇ ਵਾਸਤੇ"

ਯਾਦ ਕਰਵਾਇਆ ਹੋਇਆ ਸੀ।

ਇਸ ਹੋਲੇ ਵਿਚ ਮੈਂ ਬਾਕੀ ਵਿਦਯਾਰਥੀਆਂ ਤੋਂ ਬਗੈਰ ਇਕੱਲਾ ਹੀ ਪਹੁੰਚਿਆ। ਸਚੇ ਪਾਤਸ਼ਾਹ ਜੀ ਨੂੰ ਜਦ ਨਮਸਕਾਰ ਕੀਤੀ ਤਾਂ ਹੁਕਮ ਕੀਤਾ ਮਹੰਤਾ! ਕੁਝ ਸੁਣਾਂਇਗਾ? ਮੈਂ ਭੋਲੇ ਪਨ ਵਿਚ ਹੀ ਅਰਜ ਕੀਤੀ ਗ੍ਰੀਬ ਨਿਵਾਜ ਇਕ ਲੈਕਚਰ ਯਾਦ ਕਰਕੇ ਲਿਆਂਦਾ ਹੈ।

ਹੋਲੇ ਦੇ ਦੂਸਰੇ ਦਿਨ ਸ਼ਾਮ ਨੂੰ ਮੈਨੂੰ ਇਕ ਸਿੰਘ ਰਾਹੀਂ ਅਪਨਾ ਲੈਕਚਰ ਸੁਨਾਉਣ ਦਾ ਹੁਕਮ ਮਿਲਿਆ। ਮੈਂ ਇਕਲਾ ਹੀ ਜਾ ਹਾਜਰ ਹੋਇਆ ਤੇ ਆਗਿਆ ਪ੍ਰਾਪਤ ਕਰਨ ਤੇ ਕੋਈ ਅਧੇ ਘੰਟੇ ਵਿਚ ਯਾਦ ਕੀਤਾ ਅਪਨਾ ਲੈਕਚਰ ਖਤਮ ਕੀਤਾ। ਸਚੇ ਪਾਤਸ਼ਾਹ ਜੀ ਨੇ ਇਸ ਵਕਤ ਮੈਨੂੰ ਜੋ ਅਪਾਰ ਖੁਸ਼ੀਆਂ ਬਖਸ਼ੀਆਂ ਓਥੇ ਸਟੇਜ ਤੋਂ ਇਨਾਮ ਵਜੋਂ ਮੈਨੂੰ ਗੜਵਾ ਆਸਨ ਪਊਏ ਮਾਲਾ ਦਸਤਾਰ ਤੇ ਗੁਟਕਾ ਦੇਣ ਬਾਬਤ ਅਨਾਂਉਸ ਕਰਵਾਇਆ,ਪਰ ਮੈਨੂੰ ਜਦ ਇਹ ਪਤਾ ਹੀ ਨਹੀਂ ਸੀ ਕਿ ਇਹ ਚੀਜਾਂ ਕਿਥੇਂ ਕਿਸ ਪਾਸੋਂ ਤੇ ਕਦੋਂ ਪ੍ਰਾਪਤ ਕਰਨੀਆਂ ਹਨ। ਇਸ ਕਰਕੇ ਭਾਵੇਂ ਇਹ ਇਨਾਮੀ ਵਸਤਾਂ ਤਾਂ ਪ੍ਰਾਪਤ ਨ ਹੋਈਆਂ ਪਰ ਪਿਆਰ ਭਰੀਆਂ ਖੁਸ਼ੀਆਂ ਸਚੇ ਪਾਤਸ਼ਾਹ ਦੀਆਂ ਅਜ ਭੀ ਉਸੇਤਰਾਂ ਮੈਨੂੰ ਉਤਸ਼ਾਹਤ ਕਰ ਰਹੀਆਂ ਹਨ।

ਇਕ ਦੌਰੇ ਸਮੇਂ ਸਚੇ ਪਾਤਸ਼ਾਹ ਛਨੀਆਂ,ਬੂੜਾ ਡਲਾ, ਜਰਮੀਆਂ, ਮਿਰਜਾਵਾਲੀ ਜਿਲਾ ਗੁਰਦਾਸ ਪੁਰ ਦੇ ਨਗਰਾਂ ਵਿਚੋਂ ਹੁੰਦੇ ਹੋਏ ਸਨਖਤਰੇ ਡੇਰੇ ਦ੍ਰਸ਼ਨ ਦਿਤੇ। ਇਸ ਦੌਰੇ ਦੇ ਨਾਲ ਸੰਤ ਮੋਹਨ ਸਿੰਘ ਜੀ ਮਸਤਾਨੇ ਨਗਰਾਂ ਵਿਚ ਨਾਮਧਾਰੀ ਪ੍ਰਵਾਰਾਂ ਨੂੰ(ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੋਧ ਰਖਵਾਉਣ ਵਾਸਤੇ ਅੰਮ੍ਰਿਤ ਤਿਆਰ ਕਰਕੇ ਨਾਲ ਹੀ ਰਖਿਆ ਕਰਦੇ ਸਨ। ਦੌਰੇ ਸਮੇਂ ਸਚੇ ਪਾਤਸ਼ਾਹ ਜੀ ਦੀ ਆਮਦ ਸੁਣਕੇ ਅਸਾਂ(ਮੈਂ ਤੇ ਮੇਰੇ ਮਾਤਾ ਪਿਤਾ) ਅਪਣੀਆਂ ਬੋਹੜਾਂ ਵਾਂਗ ਵਡੀਆਂ ਵਡੀਆਂ ਬੇਰੀਆਂ ਨਾਲੋਂ ਬਹੁਤ ਵਧੀਆ ਤੇ ਮੋਟੇ ਮੋਟੇ ਬੇਰ ਕੋਈ ਡੇਢ ਮਣ ਦੇ ਕ੍ਰੀਬ ਟੋਕਰਿਆਂ ਵਿਚ ਤਿਆਰ ਕਰਕੇ ਭੇਟਾ ਕਰਨ ਵਾਸਤੇ ਰਖੇ ਸਨ। ਸਗੋਂ ਮੈਂ ਇਕ ਸੁਕਮਾਂਜ ਥਾਲੇ ਵਿਚ ਬਹੁਤ ਸੋਹਣੇ ਤੇ ਮਿਠੇ ਬੇਰ ਪਾਤਸ਼ਾਹ ਜੀ ਦੇ ਛਕਣ ਵਾਸਤੇ ਵਖਰੇ ਕਰਕੇ ਰਖੇ। ਜਦ ਸਚੇ ਪਾਤਸ਼ਾਹ ਜੀ ਨੇ ਦ੍ਰਸ਼ਨ ਦਿਤੇ ਤਾਂ ਘੋੜੇ ਤੋਂ ਉਤਰਕੇ ਬੇਰੀਆਂ ਹੇਠ ਖੂਹੀ ਦੇ ਪਾਸ ਬਣੇ ਥੜੇ ਉਤੇ ਵਿਛਾਏ ਬਿਸਤਰੇ ਤੇ ਸ਼ਸ਼ੋਭਿਤ ਹੋਏ ਤਾਂ ਬੇਰਾਂ ਦੇ ਟੋਕਰੇ ਵੇਖਕੇ ਬਹੁਤ ਪ੍ਰਸੰਨ ਹੋਏ ਇਹਨਾਂ ਥਾਲ ਵਾਲੇ ਬੇਰਾਂ ਤੇ ਪ ਰੁਪੈ ਰਖਕੇ ਮੈਂ ਆਕੇ ਨਮਸਕਾਰ ਕਰਕੇ ਅਰਜ ਕੀਤੀ ਗ੍ਰੀਬ ਨਿਵਾਜ ਇਹ ਬੇਰ ਮੈਂ ਆਪ ਜੀ ਦੇ ਛਕਣ ਵਾਸਤੇ ਚੁਣਕੇ ਰਖੇ ਹਨ, ਕ੍ਰਿਪਾ ਕਰਕੇ ਭੋਗ ਲਾਓ।

ਸਚੇ ਪਾਤਸ਼ਾਹ ਬੜੇ ਪਿਆਰ ਨਾਲ ਬਚਨ ਕੀਤਾ, ਮੈਂ ਤੇਰੇ ਬੇਰ ਖਾ ਲੈਂਦਾ ਹਾਂ ਤੂੰ ਸੋਧ ਧਾਰਨ ਕਰ ਲੈ ਤੇ ਇਸ਼ਨਾਨ ਕਰਕੇ ਅੰਮ੍ਰਿਤ ਛਕ ਲੈ ਜੇ ਇਹ ਸੌਦਾ ਹੋ ਜਾਵੇ ਤਾਂ ਬੇਰ ਛਕ ਲੈਂਦਾ ਹਾਂ, ਮੈਂ ਉਸੇ ਵਕਤ ਕਪੜੇ ਉਤਾਰਨੇ ਸ਼ੁਰੂ ਕਰ ਦਿਤੇ। ਸਚੇ ਪਾਤਸ਼ਾਹ ਜੀ ਬਚਨ ਕੀਤਾ ਹੁਣ ਇਤਨੀ ਛੇਤੀ ਨ ਕਰ, ਟਪਿਆਲੇ ਨਾਲੇ ਬਾਕੀ ਦੇ ਬੇਰ ਪਹੁੰਚਾ ਦਿਓ ਅਤੇ ਓਥੇ ਆਕੇ ਅੰਮ੍ਰਿਤ ਛਕ ਲਵੀਂ ਅਤੇ ਉਥੋਂ ਅੰਮ੍ਰਿਤ ਲਿਆਕੇ ਅਪਨੀ ਮਾਤਾ ਨੂੰ ਛਕਾ ਦੇਵੀਂ ਅਤੇ ਆਪ ਖੂਹੀ ਤੋਂ ਚੂਲਾ ਕਰਕੇ ਥਾਲੇ ਵਾਲੇ ਬੇਰ ਧੋਕੇ ਬਹੁਤ ਹੀ ਪ੍ਰਸੰਨਤਾ ਨਾਲ ਛਕੇ ਮੇਰੇ ਸਾਹਮਣੇ ਸਚ ਮੁਚ ਭਗਵਾਨ ਰਾਮ ਜੀ ਦਾ ਭੀਲਨੀ ਦੇ ਡੇਰੇ ਜਾਕੇ ਬੇਰ ਖਾਣ ਵਾਲਾ ਦ੍ਰਿਸ਼ਜ ਪ੍ਰਤਖ ਵੇਖਣ ਵਿਚ ਆ ਰਿਹਾ ਸੀ। ਉਸ ਦਿਨ ਤੋਂ ਮੈਂ ਤੇ ਮਾਤਾ ਜੀ ਨੇ ਕਈ ਸਾਲ ਸੋਧ ਮਰਜਾਦਾ ਰਖੀ।

ਇਹ ਗਲ ਉਸ ਸਮੇਂ ਦੀ ਹੈ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਦਜਾਲਾ ਸ਼ੁਰੂ ਕਰ ਦਿਤਾ ਹੋਇਆ ਸੀ, ਚੇਤਰ ਵਿਸਾਖ ਦੇ ਦਿਨਾਂ ਵਿਚ ਸਨਖਤਰੇ ਦੇ ਇਲਾਕੇ ਦਾ ਦੌਰਾ ਕਰਦਿਆਂ ਇਕ ਵਾਰੀ ਮਹੀਓ ਦਾਤੇ ਅਤੇ ਇਕ ਵਾਰੀ ਹੋਰ ਨਗਰ ਵਿਚ ਮੈਥੋਂ ਰਹਿਰਾਸ ਦਾ ਪਾਠ ਸੁਣਿਆ ਅਤੇ ਸ੍ਰੀ ਭੈਣੀ ਸਾਹਿਬ ਦੀ ਟਕਸਾਲ ਦੇ ਸੁਧ ਪਾਠ ਤੋਂ ਮੈਨੂੰ ਜਾਣੂੰ ਕਰਵਾਇਆ ਅਤੇ ਹੁਕਮ ਕੀਤਾ ਕਿ ਦੋ ਤਿੰਨ ਮਹੀਨੇ ਓਥੇ ਆਕੇ ਲਗਾਂ ਮਾਤ੍ਰਾਂ ਦੀ ਸੁਧੀ ਵਾਲਾ ਪਾਠ ਕਰ ਆ, ਵੈਸੇ ਤੇਰਾ ਪਾਠ ਬਹੁਤ ਚਲੰਤ ਹੈ, ਜ਼ਰਾ ਸੁਧੀ ਕਰਨ ਦੀ ਲੋੜ ਹੈ।

ਸਚੇ ਪਾਤਸ਼ਾਹ ਜੀ ਦਾ ਹੁਕਮ ਮੰਨਕੇ ਮੈਂ ਸਾਵਣ ਦੇ ਮਹੀਨੇ(ਉਸ ਵਕਤ ਸ਼ਾਇਦ ਸੰਮਤ ੧੯੯੬ ਹੀ ਸੀ) ਸੰਤ ਬੂੜ ਸਿੰਘ ਜੀ ਸੋਧੀ ਸਦੋਵਾਲੀਏ ਦੇ ਉਦਮ ਦੇਣ ਉਤੇ ਮੈਂ ਉਸਦੇ ਨਾਲ ਪਹਿਲੀ ਵਾਰੀ ਸ੍ਰੀ ਭੈਣੀ ਸਾਹਿਬ ਆਇਆ ਸਚੇ ਪਾਤਸ਼ਾਹ ਜੀ ਬਹੁਤ ਪ੍ਰਸੰਨ ਹੋਏ ਤੇ ਸੰਤ ਹਰਭਜਨ ਸਿੰਘ ਜੀ(ਜੋ ਉਸ ਵਕਤ ਸੈਚੀਆਂ ਤੋਂ ਵਰਤਮਾਨ ਸਤਿਗੁਰੂ ਜੀ ਸ੍ਰੀ ਮਹਾਰਾਜ ਜੀ ਤੇ ਹੋਰ ਕਾਫੀ ਵਿਦਜਾਰਥੀਆਂ ਨੂੰ ਪਾਠ ਦੀ ਸੰਥਾ ਦੇਂਦੇ ਹੁੰਦੇ ਸਨ) ਨੂੰ ਸਦਕੇ ਮੈਨੂੰ ਵੀ ਇਨਾਂ ਸੰਥਾ ਵਾਲੇ ਪਾਠੀਆਂ ਵਿਚ ਦਾਖਲ ਕਰਨ ਵਾਸਤੇ ਹੁਕਮ ਦੇ ਦਿਤਾ। ਪਰ ਮੈਂ ਕੇਵਲ ਪਾਠ ਦੀ ਸੰਥਾ ਕਰਦਾ ਸਾਂ, ਜਦ ਕਿ ਬਾਕੀ ਦੇ ਵਿਦਯਾਰਥੀ ਕੁਝ ਪ੍ਰੇਸ ਵਿਚ ਕੰਮ ਕਰਦੇ ਤੇ ਸਮੇਤ ਵਰਤਮਾਨ ਸਤਿਗੁਰੂ ਜੀ ਤੇ ਸ੍ਰੀ ਮਹਾਰਾਜ ਜੀ ਦੇ ਕੁਝ ਵਿਦਯਾਰਥੀ ਸੰਗੀਤਾਚਾਰਯਾ ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ ਚਵਿੰਡੇ ਵਾਲਿਆਂ ਪਾਸੋਂ

ਸੰਗਤਿ ਦੀ ਸੰਥਾ ਵੀ ਰਟਦੇ ਰਹਿੰਦੇ ਮੈਂ ਕਦੇ ਜਦੋਂ ਵੀ ਵੇਖਦਾ ਜਾਂ ਸੁਣਦਾ ਸੰਗੀਤ ਸਿਖਯਾਰਥੀ ਕਥਾ ਵਿਚ ਛੋਟੇ ਛੋਟੇ ਲਕੜੀ ਦੇ ਤੂਲਾਂ ਦੀ ਤਾਰ ਨਾਲ "ਮੀਠੇ ਮੇਰੀ ਮਾਈ ਚਰਨ ਗੁਰ ਮੀਠੇ" ਦਾ ਅਲਾਪ ਕਰਦੇ ਹੁੰਦੇ।

ਕਦੇ ਕਦੇ ਸ਼ਾਮ ਦੇ ਦੀਵਾਨ ਸਮੇਂ ਮੇਰੇ ਪਾਠ ਵਲੋਂ ਸੰਤਾਂ ਨੂੰ ਪੁਛਦੇ ਕਿ ਮਹੰਤ ਦੇ ਪਾਠ ਦਾ ਕੀ ਹਾਲ ਹੈ, ਇਹੋ ਵਜਾ ਸੀ ਕਿ ਭਾਵੇਂ ਸੰਤ ਹਰਭਜਨ ਸਿੰਘ ਜੀ ਦਾ ਵਰਤਾਓ ਬਾਕੀ ਵਿਦਯਾਰਥੀਆਂ ਨਾਲ ਕੁਝ ਸਖਤੀ ਵਾਲਾ ਹੀ ਹੁੰਦਾ ਪਰ ਮੇਰੇ ਉਤੇ ਹਮੇਸ਼ਾਂ ਹੀ ਬੜੇ ਪ੍ਰਸੰਨ ਰਹਿੰਦੇ ਤੇ ਮੈਂ ਵੀ ਵਿਤ ਅਨੁਸਾਰ ਸੰਤਾਂ ਦੀ ਸੇਵਾ ਕਰਦਾ ਰਹਿੰਦਾ। ਇਨ੍ਹਾਂ ਹੀ ਦਿਨਾਂ ਵਿਚ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਬਿਮਾਰੀ ਦੀ ਹਾਲਤ ਵਿਚ ਸ੍ਰੀ ਭੈਣੀ ਸਾਹਿਬ ਆਏ। ਮੈਂ ਤਾਂ ਉਸ ਵਕਤ ਅਨਜਾਣ ਹੀ ਸਾਂ ਪਰ ਮੇਰਾ ਡੇਰਾ ਸੰਤ ਬੂੜ ਸਿੰਘ ਜੀ ਤੇ ਬਾਬਾ ਸੌਣ ਸਿੰਘ ਜੀ ਸਦੋਵਾਲੀਆਂ ਨਾਲ ਸੀ, ਜਿਸ ਕਰਕੇ ਉਸ ਵੇਲੇ ਦੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਬਚਨ ਤੇ ਹੋਰ ਕਈ ਪੰਥਕ ਸਮਾਚਾਰ ਸੁਣਦਾ ਰਹਿੰਦਾ ਸਾਂ। ਸਗੋਂ ਉਸ ਵਕਤ ਓਥੇ ਪਾਠ ਦੀ ਸੰਥਾ ਕਰਨ ਦੇ ਫਲਸਰੂਪ ਤੇ ਸ੍ਰੀ ਸਤਿ-ਗੁਰੂ ਜੀ ਦੇ ਪਿਆਰ ਅਤੇ ਸੰਤ ਹਰਭਜਨ ਸਿੰਘ ਜੀ ਦੀ ਪ੍ਰਸੰਨਤਾ ਕਾਰਨ ਜਿਸ ਵਕਤ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਗੁਰਪੁਰੀ ਸਿਧਾਰੇ, ਮੈਂ ਉਸ ਗੋਲ ਤੰਬੂ ਵਿਚ ਉਹਨਾਂ ਦੇ ਪਲੰਘ ਤੋਂ ਕੁਝ ਹਟਵਾਂ ਪੰਜ ਗੁੰਬੀ ਤੋਂ ਬਾਵਨ ਅਖਰੀ ਬਾਣੀ ਦਾ ਪਾਠ ਕਰ ਰਿਹਾ ਸਾਂ ਤੇ ਮੈਂ ਵੇਖਿਆ ਕਿ ਸ੍ਰੀ ਸਤਿਗੁਰੂ ਜੀ ਅਗੇ ਸ੍ਰੀ ਮਹਾਰਾਜ ਜੀ ਨੇ ਬਹੁਤ ਧੀਮੀ ਅਵਾਜ ਵਿਚ ਅਪਨੇ ਅੰਤ ਸਮੇਂ ਵਾਸਤੇ ਅਰਦਾਸਾ ਕਰਨ ਦੀ ਅਰਜ ਕੀਤੀ ਅਤੇ ਸਚੇ ਪਾਤ-ਸ਼ਾਹ ਜੀ ਨੇ ਅਰਜ ਪ੍ਰਵਾਨ ਕਰਕੇ ਆਪ ਰਸਨਾ ਕਰਕੇ ਗੁਪਤ ਅਰਦਾਸਾ ਕੀਤਾ ਤਾਂ ਅਰਦਾਸੇ ਦੀ ਸਮਾਪਤੀ ਦੇ ਨਾਲ ਹੀ ਸ੍ਰੀ ਮਹਾਰਾਜ ਜੀ ਦਾ ਸ਼ਰੀਰ ਸ਼ਾਂਤ ਹੋ ਗਿਆ, ਉਸ ਵਕਤ ਇਕ ਖਬੇ ਪਾਸੇ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਤੇ ਸਜੇ ਪਾਸੇ ਸ੍ਰੀ ਸਤਿਗੁਰੂ ਜੀ ਖੜੇ ਸਨ ਤੇ ਮੈਂ ਅਪਨੇ ਧਿਆਨ ਬਾਵਨ ਅਖਰੀ ਦਾ ਪਾਠ ਕਰ ਰਿਹਾ ਸਾਂ ਸਰੀਰ ਸ਼ਾਂਤ ਹੋਣ ਉਪ੍ਰੰਤ ਬਾਵਨ ਅਖਰੀ ਦਾ ਪਾਠ ਪੂਰਾ ਕਰਕੇ ਮੈਂ ਵਿਦਯਾਲੇ ਚਲਾ ਗਿਆ।

ਜਪ ਪ੍ਰਯੋਗ ਤੇ ਮਹਾਰਾਜ ਜੀ ਨਮਿਤ ਹੋਏ ਮੇਲੇ ਤੋਂ ਉਪ੍ਰੰਤ ਸਚੇ ਪਾਤਸ਼ਾਹ ਤੋਂ ਆਗਿਆ ਲੈਕੇ ਵਾਪਸ ਸਨਖਤਰੇ ਆ ਗਿਆ, ਜਦੋਂ ਕਿ ਸੰਤ ਹਰਭਜਨ ਸਿੰਘ ਜੀ ਚਾਹੁੰਦੇ ਸਨ ਕਿ ਮੈਂ ਉਨਾਂ ਪਾਸੋਂ ਅਰਥ ਬੋਧ ਕਰਕੇ ਜਾਵਾਂ।

ਇਸ ਤੋਂ ਬਾਅਦ ਜਦੋਂ ਭੀ ਕਿਸੇ ਮੇਲੇ ਉਤੇ ਮੈਨੂੰ ਦਰਸ਼ਨ ਹੁੰਦੇ ਸਚੇ ਪਾਤਸ਼ਾਹ ਬੜੇ ਪਿਆਰ ਨਾਲ ਸੁਖ ਸਾਂਦ ਪੁਛਦੇ। ਮੈਨੂੰ ਇਕ ਵਾਰੀ ਦਾ ਵੀ ਉਹ ਸਮਾ ਯਾਦ ਨਹੀਂ ਆਉਂਦਾ ਜਦੋਂ ਕਦੇ ਗ੍ਰੀਬ ਨਿਵਾਜ ਸਤਿਗੁਰੂ ਜੀ ਦੇ ਦਰਸ਼ਨ ਹੋਏ ਅਤੇ ਉਨਾਂ ਮੈਨੂੰ ਬੁਲਾਕੇ ਕੋਈ ਬਚਨ ਨ ਕੀਤਾ ਹੋਵੇ।

ਮੈਨੂੰ ਪੂਰਾ ਚੇਤਾ ਤਾਂ ਨਹੀਂ, ਪਰ ਸੰਮਤ ੧੯੮੯ ਦੀ ਗਲ਼ ਹੈ, ਉਸ ਵਕਤ ਮੇਰਾ ਅਨੰਦ ਨਹੀਂ ਸੀ ਹੋਇਆ ਮਾਘ ਦੇ ਮਹੀਨੇ ਸਨਖਤਰੇ ਡੇਰੇ ਮੇਰੇ ਨਾਮ ਤੇ ਸਚੇ ਪਾਤਸ਼ਾਹ ਜੀ ਵਲੋਂ ਇਕ ਪਤ੍ਰ ਮਿਲਿਆ ਕਿ ਅਪਨੇ ਪਿਤਾ ਸਮੇਤ ਦੋਵੇਂ ਜਣੇ ਲਾਹੌਰ ਬਾਬੇ ਧਿਆਨ ਸਿੰਘ ਜੀ ਪਥਰਾਂ ਵਾਲਿਆਂ ਦੀ ਕੋਠੀ ਜਲਦੀ ਆਓ।

ਹੁਕਮ ਦੇ ਮੁਤਾਬਿਕ ਅਸੀਂ ਦੋਵੇਂ ਲਾਹੌਰ ਦਸੇ ਹੋਏ ਟਿਕਾਣੇ ਉਤੇ ਪੁਜ ਗਏ। ਉਨਾਂ ਦਿਨਾਂ ਵਿਚ ਬਾਬਾ ਜੀ ਦੇ ਸਪੁਤ੍ਰਾਂ ਨੇ ਕੋਠੀ ਦੇ ਨਾਲ ਇਕ ਬੜਾ ਵਡਾ ਥੇਟਰ ਘਰ ਬਣਵਾਇਆ ਸੀ, ਉਸਦੇ ਉਦਘਾਟਨ ਵਾਸਤੇ ਉਸ ਵਿਚ ਅਖੰਡ ਪਾਠ ਰਖਿਆ ਹੋਇਆ ਸੀ, ਮੈਨੂੰ ਉਸ ਪਾਠ ਵਿਚ ਲਗਣ ਦਾ ਹੁਕਮ ਹੋਇਆ ਇਸਦੇ ਨਾਲ ਹੀ ਸੂਬਾ ਹਰੀ ਸਿੰਘ ਜੀ(ਜਨਰਲ ਸੂਬੇ) ਨੇ ਮੈਨੂੰ ਦਸਿਆ ਕਿ ਅਖੰਡ ਪਾਠ ਦਾ ਭੋਗ ਪਾਕੇ ਤੈਨੂੰ ਸਤਿਗੁਰੂ ਜੀ ਨੇ ਮੇਰੇ ਨਾਲ ਬਾਰੇ ਗਿਲੀ ਜਾਣ ਦਾ ਹੁਕਮ ਕੀਤਾ ਹੈ ਓਥੇ ਬਸੰਤ ਪੰਚਮੀ ਦਾ ਮੇਲਾ ਹੈ ਉਸ ਮੇਲੇ ਵਿਚ

Namdhari Elibrary NamdhariElibrary@gmail.com

ਤੇਰਾ ਅਨੰਦ ਕਰਨਾ ਹੈ ਅਪਣੇ ਪਿਤਾ ਨੂੰ ਭਾ ਵੇਂ ਵਾਪਸ ਘਲ ਦਿਓ। ਸੂਬਾ ਜੀ ਦੇ ਕਹਿਣ ਅਨੁਸਾਰ ਸੰਤਾਂ(ਪਿਤਾ ਜੀ) ਨੂੰ ਮੈਂ ਵਾਪਸ ਭੇਜ ਦਿਤਾ ਤੇ ਰਾਤ ਦੀ ਰੇਲ ਤੇ ਮੈਂ ਤੇ ਸੂਬਾ ਜੀ ਗਿਲੀਂ ਬਸੰਤ ਪੰਚਮੀ ਦੇ ਮੇਲੇ ਤੇ ਜੋ ਸ੍ਰੀ ਮਾਨ ਸੰਤ................. ਜੀ ਵਲੋਂ ਕੀਤਾ ਜਾ ਰਿਹਾ ਸੀ ਓਥੇ ਜਾਕੇ ਸੂਬਾ ਜੀ ਨੇ ਮੈਨੂੰ ਆਖਿਆ ਕਿ ਆਪਣੀ ਅਤੇ ਆਪਣੇ ਨਾਨਕਿਆਂ ਦੀ ਗੋਤ ਲਿਖਕੇ ਮੈਨੂੰ ਦੇਵੋ। ਮੈਂ ਗੋਤਾਂ ਲਿਖਕੇ ਸੂਬਾ ਜੀ ਨੂੰ ਦੇ ਦਿਤੀਆਂ ਥੋੜੇ ਚਿਰ ਬਾਦ ਸੂਬਾ ਜੀ ਨੇ ਇਕ ਹੋਰ ਕਾਗਜ ਮੈਨੂੰ ਦਿਤਾ, ਜਿਸ ਉਤੇ ਕਿਸੇ ਦੂਸਰੇ ਸਜਨ ਵਲੋਂ ਆਪਣੀਆਂ ਗੋਤਾਂ ਲਿਖੀਆਂ ਸਨ, ਜੋ ਮੇਰੀਆਂ ਗੋਤਾਂ ਨਾਲ ਹੀ ਮਿਲਦੀਆਂ ਸਨ। ਮੈਂ ਉਹ ਕਾਗਜ ਪੜ੍ਹਕੇ ਵਾਪਸ ਆਉਣ ਦੀ ਛੁਟੀ ਮੰਗੀ। ਤੁਰਨ ਵੇਲੇ ਜਦ ਮੈਂ ਦੀਵਾਨ ਵਿਚ ਨਮਸਕਾਰ ਕਰਨ ਗਿਆ ਤਾਂ ਉਸ ਵਕਤ ਸਚੇ ਪਾਤਸ਼ਾਹ ਜੀ ਨੇ ਬੋਲਨਾ ਤਾਂ ਹੈ ਨਹੀਂ ਸੀ, ਬੜੇ ਪਿਆਰ ਤੇ ਪ੍ਰਸੰਨਤਾ ਨਾਲ"ਫਿਰ ਸਹੀ" ਦਾ ਇਸ਼ਾਰਾ ਕਰਕੇ ਖੁਸ਼ੀਆਂ ਬਖਸ਼ੀਆਂ। ਤੇ ਸੂਬਾ ਜੀ ਨੂੰ ਰਸਤੇ ਦੇ ਖਰਚ ਵਾਸਤੇ ਮੈਨੂੰ ਕੁਝ ਦੇਣ ਲਈ ਸੈਨਤ ਕੀਤੀ। ਇਹ ਗਲ ਮਾਘ ਮਹੀਨੇ ਦੀ ਹੈ ਤੇ ਵਿਸਾਖ ਜੇਠ ਦੇ ਮਹੀਨੇ ਮੇਰਾ ਅਨੰਦ ਢਪਈ ਸਤਿਕਾਰਯੋਗ ਮਹੰਤ ਕਰਮ ਸਿੰਘ ਜੀ ਦੇ ਘਰ ਹੋ ਗਿਆ। ਹੋਲੇ ਤੋਂ ਬਾਦ ਵਿਸਾਖ ਦੇ ਮਹੀਨੇ ਦੌਰਾ ਕਰਦੇ ਜਦ ਸਚੇ ਪਾਤਸ਼ਾਹ ਸਨਖਤਰੇ ਆਏ ਤਾਂ ਫਿਰ ਅਨੰਦ ਬਾਬਤ ਕੋਈ ਬਚਨ ਕਰਨ ਤੋਂ ਪਹਿਲਾਂ ਹੀ ਮੈਂ ਅਰਜ ਕਰ ਦਿਤੀ ਗ੍ਰੀਬ ਨਿਵਾਜ ਜੀ, ਮਹੰਤ ਕਰਮ ਸਿੰਘ ਜੀ ਢਪਈ ਵਾਲਿਆਂ ਮੇਰੇ ਵਲ ਰਿਸ਼ਤਾ ਕਰ ਦਿਤਾ ਹੈ। ਸਚੇ ਪਾਤਸ਼ਾਹ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤਾ ਮੈਂ ਚਾਹੁੰਦਾ ਸਾਂ ਕਿ ਮਹੰਤ ਦਾ ਅਨੰਦ ਕਿਧਰੇ ਕਰ ਦੇਈਏ। ਮੈਂ ਅਰਜ ਕੀਤੀ ਗ੍ਰੀਬ ਨਿਵਾਜ ਜੀ ਆਪ ਜੀ ਦੀ ਕ੍ਰਿਪਾ ਨਾਲ ਹੀ ਇਹ ਕੰਮ ਹੋਇਆ ਹੈ, ਨਹੀਂ ਤਾਂ ਮਹੰਤ ਕਰਮ ਸਿੰਘ ਜੀ ਕਦੋਂ ਮੰਨਦੇ ਸਨ, ਪਰ ਹੁਣ ਝਟ ਪਟ ਹੀ ਆਕੇ ਵਿਆਹ ਦੀ ਤਾਰੀਖ ਦੇ ਗਏ ਹਨ।

ਜਦੋਂ ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਵਾ ਲਖ ਪਾਠਾਂ ਦਾ ਅਦੁਤੀ ਪ੍ਰੋਗ੍ਰਾਮ ਚਾਲੂ ਕੀਤਾ ਤਾਂ ਜਦ ਕਦੇ ਦ੍ਰਸ਼ਨ ਮੇਲਾ ਹੁੰਦਾ ਤਾਂ ਬੜੇ ਪਿਆਰ ਨਾਲ ਬੁਲਾਕੇ ਪਾਠਾਂ ਸਬੰਧੀ ਬਚਨ ਬਿਲਾਸ ਕਰਦੇ ਤੇ ਸਗੋਂ ਸਨਖਤਰੇ ਦੇ ਇਲਾਕੇ ਵਾਲੇ ਨਗਰਾਂ ਵਿਚ ਪਾਠ ਤਕਸੀਮ ਕਰਨ ਦਾ ਮੈਨੂੰ ਹੁਕਮ ਦਿਤਾ।

੫-੬ ਸਾਲ ਸਚੇ ਪਾਤਸ਼ਾਹ ਜੀ ਜਪ ਪ੍ਰਯੋਗ ਦੇ ਮੇਲੇ ਸਮੇਂ ਗੋਲ ਛਪਰ ਵਿਚ ਬਾਬਾ ਸੁੰਦਰ ਸਿੰਘ ਜੀ ਫਰੀਦ ਸੰਤ ਨਗਰ, ਸ੍ਰੀ ਮਾਨ ਸੰਤ ਤਰਨ ਸਿੰਘ ਜੀ ਵਹਿਮੀ,ਸ੍ਰੀ ਮਾਨ ਪੰਡਿਤ ਗੁਪਾਲ ਸਿੰਘ ਜੀ ਅਤੇ ਮੈਨੂੰ ਹਜ਼ੂਰੀ ਵਿਚ ਬੈਠਾਲ ਸੰਤ ਸੰਤੋਖ ਸਿੰਘ ਜੀ ਵਾਲੇ ਗ੍ਰੰਥ ਦੀਆਂ ਸਾਖੀਆਂ ਨੂੰ ਤਰਤੀਬ ਦੇਣ ਦੇ ਸਬੰਧ ਵਿਚ ਵਿਚਾਰ ਵਟਾਂਦਰਾ ਕਰਦੇ ਰਹੇ। ਇਹ ਬੈਠਕ ਬਹੁਤ ਹੀ ਜਾਣਕਾਰੀ ਭਰਪੂਰ ਹੋਇਆ ਕਰਦੀ। ਸਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਇਹ ਮੰਡਲੀ ਸਵੇਰੇ ੮ ਵਜੇ ਤੋਂ ਗਿਆਰਾਂ ਵਜੇ ਤਕ ਹਜ਼ੂਰੀ ਵਿਚ ਬੈਠੀ ਰਹਿੰਦੀ।

ਪਾਕਿਸਤਾਨ ਬਣਨ ਤੋਂ ੧ ਸਾਲ ਪਹਿਲਾਂ ਇਕ ਮੇਲਾ ਨਾਰੋਵਾਲ ਦੇ ਪਾਸ ਪਿੰਡ ਵੌਂਦ ਵਿਖੇ ਮਿ. ਬਾਬਾ ਮੇਲਾ ਸਿੰਘ ਜੀ(ਜੋ ਸਰਸੇ ਆਕੇ ਵਿਹਾਰ ਕਾਰ ਕਰਦੇ ਰਹੇ ਅਰ ਏਥੇ ਹੀ ਪ੍ਰਲੋਕ ਸਿਧਾਰੇ ਹਨ) ਨੇ ਕਰਵਾਇਆ, ਉਸ ਮੇਲੇ ਸਮੇਂ ਮੈਨੂੰ ਸਚੇ ਪਾਤਸ਼ਾਹ ਜੀ ਨਾਲ ਇਕਾਂਤ ਵਿਚ ਬੈਠਕੇ ਅਰਜਾਂ ਕਰਨ ਦਾ ਵਕਤ ਮਿਲ ਗਿਆ ਮੈਂ ਹਥ ਜੋੜਕੇ ਅਰਜ ਕੀਤੀ, ਗ੍ਰੀਬ ਨਿਵਾਜ ਜੀ ਸਾਰਾ ਸਿਖ ਇਤਹਾਸ ਹੀ ਖੋਜ ਦੀ ਕਸਵਟੀ ਉਤੇ ਹੈ ਇਸ ਵਾਸਤੇ ਅਧੂਰਾ ਤੇ ਨਾ ਮੁਕੰਮਲ ਹੈ ਕਿ ਕੋਈ ਇਤਹਾਸ ਕਿਸੇ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਕਿਸੇ ਲਿਖਾਰੀ ਨੇ ਨਹੀਂ ਲਿਖਿਆ ਹੋਇਆ। ਸਗੋਂ ਸਭਨਾਂ ਨੇ ਵਧ ਘਟ ਅਰਸੇ ਦੇ ਹਿਸਾਬ ਨਾਲ ਗੁਰੂ ਸਾਹਿਬਾਂ ਦੀ ਅਧਮ ਮੌਜੂਦਗੀ ਵਿਚ ਇਕ ਦੂਸਰੇ ਸਿਖ ਪਾਸੋਂ ਸੁਣ ਸੁਣਾਕੇ ਹੀ ਲਿਖੇ ਹੋਏ ਹਨ। ਇਸ ਵਾਸਤੇ ਆਪ ਕਿਰਪਾ ਕਰੋ ਅਰ

Namdhari Elibrary NamdhariElibrary@gmail.com

ਅਪਣੀ ਦੇਖ ਰੇਖ ਅਥਵਾ ਹਜ਼ੂਰੀ ਵਿਚ ਜਨਮ-ਸਾਖੀ ਤੋਂ ਲਗਕੇ ਹੁਣ ਤਕ ਦਾ ਸਾਰਾ ਸਿਖ ਇਤ-ਹਾਸ ਲਿਖਿਵਾਓ ਸਮਾਂ ਪਾਕੇ ਆਪ ਜੀ ਦਾ ਲਿਖ-ਵਾਜਾ ਇਤਹਾਸ ਆਮ ਇਤਹਾਸ ਨਾਲੋਂ ਸਹੀ ਤੇ ਪ੍ਰਮਾਣੀਕ ਮੰਨਿਆ ਜਾਇਆ ਕਰੇਗਾ।

ਮੇਰੀ ਅਰਜ ਸੁਣਕੇ ਸਚੇ ਪਾਤਸ਼ਾਹ ਬਹੁਤ ਹੀ ਪ੍ਰਸੰਨ ਹੋਏ, ਅਤੇ ਬਚਨ ਕੀਤਾ । ਮਹੰਤਾ ਤੇਰਾ ਇਹ ਸੁਝਾਓ ਬਹੁਤ ਚੰਗਾ ਹੈ ਪਰ ਇਸਦੇ ਵਾਸਤੇ ਲਿਖਨ ਵਾਲੇ ਅਜਿਹੇ ਬੰਦੇ ਚਾਹੀਦੇ ਹਨ, ਜੋ ਮੇਰੇ ਨੇੜੇ ਤੇੜੇ ਰਹਿਣ ਅਰ ਜਦੋਂ ਮੇਰਾ ਚਿਤ ਕਰੇ, ਉਸ ਵਕਤ ਮੈਂ ਉਹਨਾਂ ਨੂੰ ਕੁਝ ਲਿਖਵਾਵਾਂ ਸਭ ਤੋਂ ਪਹਿਲਾਂ ਤੂੰ ਦਸ ਕਿ ਤੂੰ ਵਕਤ ਦੇ ਸਕਦਾ ਹੈਂ:-

ਮੈਂ ਆਪਣੀਆਂ ਕੁਝ ਮਜਬੂਰੀਆਂ ਦਸੀਆਂ। ਸਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ, ਕਿ ਇਹ ਕੋਈ ਗਲ ਨਹੀਂ, ਸਭ ਕੁਝ ਠੀਕ ਹੋ ਜਾਵੇਗਾ।

ਸਤਿਜੁਗ ਪੜਨ ਤੇ ਇਸਦੇ ਵਾਸਤੇ ਅਪਣੀ ਤੁਛ ਬੁਧੀ ਅਨੁਸਾਰ ਕਦੇ ਕਵਿਤਾ ਅਤੇ ਕਦੇ ਕੋਈ ਲੇਖ ਲਿਖਣ ਦਾ ਸ਼ੌਕ ਮੈਨੂੰ ਸ੍ਰੀਮਾਨ ਸੰਤ ਟਹਿਲ ਸਿੰਘ ਜੀ ਸਦੋਵਾਲੀਆਂ ਦੀ ਸੰਗਤ ਕਰਕੇ ਬਾਲ ਅਵਸਥਾ ਤੋਂ ਹੀ ਸੀ ਇਕ ਵਾਰੀ ਮੈਂ ਸਤਿਜੁਗ ਵਿਚ ਆਤਮ ਵਿਚਾਰਧਾਰਾ ਦੇ ਸਿਰਲੇਖ ਹੇਠਾਂ ਇਕ ਲੇਖ ਸ਼ੁਰੂ ਕੀਤਾ, ਜਿਸਨੂੰ ਬਹੁਤ ਸਾਰੇ ਪਾਠਕਾਂ ਨੇ ਤੇ ਖਾਸ ਕਰਕੇ ਸ੍ਰੀ ਸਤਿਗੁਰੂ ਜੀ ਨੇ ਬਹੁਤ ਪਸੰਦ ਕੀਤਾ। ਏਸੇ ਲੇਖ ਲੜੀ ਵਿਚ ਮੈਂ ਗੁਰੂ ਭਗਤੀ ਤੇ ਗੁਰੂ ਸੇਵਾ ਦਾ ਜ਼ਿਕਰ ਕਰਦਿਆਂ ਲਿਖ ਦਿਤਾ ਕਿ ਗੁਰੂ ਸੇਵਾ ਕਰਕੇ ਭਾਈ ਲਹਿਣਾਂ ਗੁਰੂ ਅੰਗਦ ਬਣ ਗਿਆ ਜਦੋਂ ਕਿ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਾਹਿਬਜ਼ਾਦੇ ਗੁਰੂਗਦੀ ਤੋਂ ਵਾਂਝੇ ਰਹਿ ਗਏ ਅਤੇ ਇਸਦੀ ਪੁਸ਼ਟੀ ਵਾਸਤੇ ਮੈਂ ਰਾਮ-ਕਲੀ ਰਾਗ ਦੀ ਤੀਸਰੀ ਵਾਰ (ਜੋ ਸਤੇ ਬਲਵੰਡ ਹੋਰਾਂ ਉਚਾਰਨ ਕੀਤੀ ਹੋਈ ਹੈ) ਵਿਚੋਂ

"ਪੁਤਰੀਂ ਕਉਲੁ ਨ ਪਾਲਿਓ
ਕਰਿ ਪੀਰਹੁ ਕੰਨਿ ਮੁਰਟੀਐ।,,

ਪ੍ਰਮਾਨ ਵਜੋਂ ਪੰਗਤੀ ਲਿਖ ਦਿਤੀ। ਇਨਾਂ ਹੀ ਦਿਨਾਂ ਵਿਚ ਚਵਿੰਡੇ (ਪਾਕਿਸਤਾਨ ਵਿਚ) ਇਕ ਮੇਲਾ ਹੋਇਆ ਜਿਸ ਵਿਚ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਦਰਸ਼ਨ ਦਿਤੇ, ਇਸ ਮੇਲੇ ਉਤੇ ਸੰਤ ਸਾਧੂ ਸਿੰਘ ਦਾਦੂ ਬਾਜਵੇ ਵਾਲਾ (ਜੋ ਅਪਣੇ ਆਪ ਨੂੰ ਇਕ ਚੰਗਾ ਵਿਦਵਾਨ ਤੇ ਵਿਚਾਰਵਾਨ ਸਮਝਦਾ ਸੀ) ਉਸ ਮੇਲੇ ਵਿਚ ਗਿਆ ਹੋਇਆ ਮੈਨੂੰ ਇਕ ਥਾਂ ਏਠਾਲ ਕੇ ਬੜੀ ਵਿਦਵਤਾ ਦੀ ਰੌਂ ਵਿਚ ਕਹਿਣ ਲਗਾ ਕਿ ਕੋਈ ਲੇਖ ਲਿਖਣ ਤੇ ਗੁਰਬਾਣੀ ਦੇ ਪ੍ਰਮਾਣ ਦੇਣ ਤੋਂ ਪਹਿਲਾਂ ਕੁਝ ਸੋਚ ਵਿਚਾਰ ਭੀ ਕਰ ਲਿਆ ਕਰ ਤੇ ਐਵੇਂ ਹੀ ਅਨ-ਰਥ ਗਲਾਂ ਹੀ ਨ ਲਿਖੀ ਜਾਇਆ ਕਰ ? ਮੈਂ ਉਸਦਾ ਸਤਿਕਾਰ ਕਰਦਿਆਂ ਪੁਛਿਆ ਕਿ ਦਸੋ ਮੈਂ ਕੀ ਗਲਤੀ ਕੀਤੀ ਹੈ, ਸਾਧੂ ਸਿੰਘ ਜੀ ਨੇ ਪੁਤ੍ਰੀ ਕਉਲ ਵਾਲੀ ਪੰਗਤੀ ਪੜਕੇ ਉਸਦੀ ਵਿਆਖਿਆ ਕਰਦਿਆਂ ਦਸਿਆ ਕਿ ਸਤੇ ਬਲਵੰਡ ਦੀ ਪੁਤਰੀ ਦੇ ਵਿਆਹ ਸਮੇਂ ਜੋ ਗੁਰੂ ਅਰਜਨ ਦੇਵ ਜੀ ਨਾਲ ਤਕਰਾਰ ਹੋਇਆ ਸੀ, ਉਸਦਾ ਸੰਕੇਤ ਇਸ ਪੰਗਤੀ ਵਿਚ ਉਹਨਾਂ ਦਿਤਾ ਹੋਇਆ ਹੈ ਪਰ ਤੂੰ ਉਸਦਾ ਮਨਘੜਤ ਅਰਥ ਲਿਖ ਮਾਰਿਆ ਹੈ। ਬਸ ਫਿਰ ਕੀ ਸੀ ਕੋਈ ਇਕ ਘੰਟਾ ਸਾਡੀ ਦੰਦ ਕਥਾ ਹੁੰਦੀ ਰਹੀ, ਉਹ ਅਪਣੇ ਹਠ ਤੇ ਕਾਇਮ ਰਿਹਾ ਅਤੇ ਮੈਂ ਅਪਣੀ ਵਿਚਾਰਧਾਰਾ ਉਤੇ ਅੜਿਆ ਰਿਹਾ।

ਸ਼ਾਮ ਦੇ ਦੀਵਾਨ ਵਿਚ ਜਦ ਸਚੇ ਪਾਤਸ਼ਾਹ ਦਰਸ਼ਨ ਦਿਤੇ ਤਾਂ ਦੀਵਾਨ ਵਿਚ ਚਵਿੰਡੇ ਦੇ ਨਾਗ-ਰਿਕ ਇਕ ਬੇਦੀ ਸਾਹਿਬਜ਼ਾਦੇ ਤੇ ਏਥੋਂ ਦੇ ਹੀ ਇਕ ਬੜੇ ਵਿਦਵਾਨ ਸ੍ਰੀ ਪੰਡਿਤ ਕਿਰਪਾ ਰਾਮ ਜੀ ਵੀ ਆਏ।

ਬੇਦੀ ਸਾਹਿਬਜ਼ਾਦੇ ਨੇ ਸਚੇ ਪਾਤਸ਼ਾਹ ਜੀ ਨੂੰ ਨਮਸਕਾਰ ਕਰਨ ਸਮੇਂ ਇਕ ਰੁਪਿਆ ਭੀ ਮਥਾ ਟੇਕਿਆ।

ਸਚੇ ਪਾਤਸ਼ਾਹ ਜੀ ਨੇ ਇਕ ਸਿਖ ਨੂੰ ਪਾਸ ਬੁਲਾਕੇ ਹੁਕਮ ਕੀਤਾ ਕਿ ਇਹ ਰੁਪਿਆ ਬੇਦੀ ਸਾਹਿਬ ਅਗੇ ਸਤਿਕਾਰ ਨਾਲ ਧਰਕੇ ਮਥਾ ਟੇਕ ਆਵੇ। ਸਿਖ ਨੇ ਉਸੇਤਰਾਂ ਬੜੇ ਅਦਬ ਨਾਲ ਜਾਕੇ

Namdhari Elibrary NamdhariElibrary@gmail.com

ਬੇਦੀ ਜੀ ਨੂੰ ਰੁਪਿਆ ਮਥਾ ਟੇਕ ਦਿਤਾ। ਬੇਦੀ ਸਾਹਿਬ ਜੀ ਨੇ ਜਦ ਰੁਪਿਆ ਵਾਪਸ ਹੋਣ ਤੇ ਕੁਝ ਸਤਿਕਾਰ ਭਰੀ ਹੈਰਾਨੀ ਪ੍ਰਗਟ ਕੀਤੀ, ਤਾਂ ਸਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਬਾਬਾ ਜੀ ਸਾਡੇ ਵਲੋਂ ਤੁਹਾਡੀ ਸੇਵਾ ਪੂਜਾ ਕਰਨੀ ਬਣਦੀ ਹੈ,ਪਰ ਆਪ ਵਲੋਂ ਸਾਨੂੰ ਇਹ ਭੇਟਾ ਲੈਣੀ ਨਹੀਂ ਬਣਦੀ ਇਹ ਸਾਰਾ ਕੁਝ ਆਪ ਜੀ ਦੀ ਬਖਸ਼ਿਸ਼ ਹੀ ਹੈ। ਸਾਹਿਬਜ਼ਾਦਾ ਜੀ ਇਸ ਸਤਿਕਾਰ ਭਰੇ ਬਚਨਾਂ ਤੋਂ ਬਹੁਤ ਪ੍ਰਭਾਵਿਤ ਹੋਏ। ਏਸੇ ਹੀ ਸਮੇਂ ਸ੍ਰੀ ਮਾਨ ਸੰਤ ਇੰਦ੍ਰ ਸਿੰਘ ਜੀ ਚਕਰਵਰਤੀ ਨੇ ਚੰਡੀ ਦੀ ਵਾਰ ਦੀ ਪੰਗਤੀ "ਖੰਡਾ ਪ੍ਰਿਥਮੈ" ਦਾ ਅਰਥ ਸਚੇ ਪਾਤਸ਼ਾਹ ਜੀ ਤੋਂ ਜਾਨਣਾ ਚਾਹਿਆ, ਜਦ ਇਹ ਬਚਨ ਖਤਮ ਹੋ ਗਿਆ ਤਾਂ ਮੈਂ ਕੋਲ ਬੈਠਿਆਂ ਅਰਜ਼ ਕੀਤੀ, ਸਚੇ ਪਾਤਸ਼ਾਹ ਅਜ ਸਾਧੂ ਸਿੰਘ ਜੀ ਦਾਦੂ ਬਾਜਵੇ ਵਾਲਿਆਂ ਮੇਰੇ ਪ੍ਰਕਾਸ਼ਤ ਹੋ ਰਹੇ ਲੇਖ ਤੇ ਟਿਪਣੀ ਕਰਦਿਆਂ "ਪੁਤਰੀ ਕਉਲੁ" ਵਾਲੀ ਪੰਗਤੀ ਤੇ ਬੜਾ ਤਕਰਾਰ ਕੀਤਾ ਹੈ, ਕਿ ਤੂੰ ਗਲਤ ਅਰਥ ਕੀਤਾ ਹੈ। ਸਚੇ ਪਾਤਸ਼ਾਹ ਬੜੇ ਹਸੇ ਅਤੇ ਬਚਨ ਕੀਤਾ ਇਸਦਾ ਨਿਰਣਾ ਅਜ ਪੰਡਿਤ ਕ੍ਰਿਪਾ ਰਾਮ ਪਾਸੋਂ ਵੀ ਕਰਵਾਉਂਦੇ ਹਾਂ ਭਲਾ ਉਹ ਕੀ ਦਸਦਾ ਹੈ।

ਦੀਵਾਨ ਦੀ ਸਮਾਪਤੀ ਤੋਂ ਬਾਦ ਬਾਈਵਾਰਾਂ ਦੀ ਪੋਥੀ ਮੰਗਵਾਕੇ ਦੀਵੇ ਦੀ ਰੋਸ਼ਨੀ ਵਿਚ ਪੰਡਿਤ ਜੀ ਨੂੰ ਰਾਮਕਲੀ ਦੀ ਵਾਰ ਦੇ ਅਰਥ ਕਰਨ ਵਾਸਤੇ ਬੜੇ ਅਦਬ ਨਾਲ ਆਪਣੇ ਪਾਸ ਬੈਠਾ ਲਿਆ। ਪੰਡਿਤ ਜੀ ਜਦ ਇਸ ਪੰਗਤੀ ਤੇ ਆਕੇ ਬੇਦੀ ਸਾਹਿਬ ਤੋਂ ਝਿਜਕ ਖਾਕੇ ਪੁਤਰੀ ਦੇ ਵਿਆਹ ਵਾਲੀ ਕਥਾ ਆਰੰਭ ਕੀਤੀ ਤਾਂ ਸਚੇ ਪਾਤਸ਼ਾਹ ਜੀ ਨੇ ਬੜੇ ਪਿਆਰ ਨਾਲ ਪੰਡਿਤ ਜੀ ਨੂੰ ਆਖਿਆ, ਪੰਡਿਤ ਜੀ ਆਪ ਵਿਦਵਾਨ ਹੋ ਤੇ ਫਿਰ ਲਿਖੀਆਂ ਪੰਗਤੀਆਂ ਦੇ ਭਾਵਾਰਥ ਤੋਂ ਏਧਰ ਓਧਰ ਕਿਉਂ ਜਾਂਦੇ ਹੋ। ਸਵਾਲ ਏਥੇ ਪੰਗਤੀਆਂ ਦੇ ਅਰਥ ਦਾ ਹੈ, ਬੇਦੀ ਸਾਹਿਬਜ਼ਾਦਿਆਂ ਦੇ ਸਤਿਕਾਰ ਦਾ ਨਹੀਂ ਇਹਨਾਂ ਦਾ ਸਤਿਕਾਰ ਤੇ ਅਦਬ ਜਿਤਨਾਂ ਭੀ ਹੋ ਸਕੇ ਆਪਾਂ ਕਰਨ ਵਾਸਤੇ ਤਿਆਰ ਹਾਂ। ਉਹ ਗਲ ਵਖਰੀ ਹੈ ਤੇ ਇਹ ਪੰਗਤੀ ਵਾਲੀ ਗਲ ਵਖਰੀ ਹੈ। ਆਖਰਕਾਰ ਪੰਡਿਤ ਜੀ ਨਿਰੁਤ੍ਰ ਹੋ ਗਏ ਤੇ ਮੇਰੇ ਵਲ ਕ੍ਰਿਪਾ ਕਟਾਖਸ਼ ਕਰਦੇ ਹੋਏ,ਬਚਨ ਕੀਤਾ ਮਹੰਤਾ ਹੁਣ ਰਾਜ਼ੀ ਹੈਂ।

ਸੰਮਤ ੨੦੦੦ ਦੇ ਜਪ ਪ੍ਰਯੋਗ ਦੀ ਗਲ ਹੈ, ਸਨਖਤਰੇ ਡੇਰੇ ਵਿਚ ਸਾਡੇ ਪਾਸ ਦੋ ਝੋਟੀਆਂ ਲਵੇ-ਰੀਆਂ ਸਨ, ਥੋੜੇ ਥੋੜੇ ਸਮੇਂ ਬਾਦ ਦੋਵੇਂ ਹੀ ਮਰ ਗਈਆਂ ਉਸ ਜਪ ਪ੍ਰਯੋਗ ਵਿਚ ਦਸਮ ਗਰੰਥ ਸਾਹਿਬ ਦੇ ਅਖੰਡ ਪਾਠ ਹੋਣੇ ਸਨ ਮੈਨੂੰ ਵੀ ਸ੍ਰੀ ਭੈਣੀ ਸਾਹਿਬ ਪਹੁੰਚਣ ਵਾਸਤੇ ਹੁਕਮ ਆਇਆ। ਤੁਰਨ ਤੋਂ ਦੋ ਕੂ ਦਿਨ ਪਹਿਲਾਂ ਮੈਂ ਸੰਤਾਂ (ਪਿਤਾ ਜੀ) ਨਾਲ ਸੁਭਾਵਿਕ ਹੀ ਗਲ ਕੀਤੀ ਕਿ ਐਤਕਾਂ ਸਚੇ ਪਾਤਸ਼ਾਹ ਕੋਈ ਮਝ ਦੇਣ ਤਾਂ ਠੀਕ ਹੈ, ਕੋਈ ਲਵੇਰਾ ਮੁਲ ਤਾਂ ਹਾਲੀ ਖਰੀਦਿਆ ਨਹੀਂ ਜਾਣਾ। ਆਖਿਰ ਨਿਸ਼ਚਿਤ ਤਾਰੀਖ ਤੇ ਮੈਂ ਸ੍ਰੀ ਭੈਣੀ ਸਾਹਿਬ ਸਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਜਾ ਹਾਜ਼ਰ ਹੋਇਆ। ਸਚੇ ਪਾਤਸ਼ਾਹ ਬਹੁਤ ਹੀ ਪ੍ਰਸੰਨ ਹੋਏ। ਸ੍ਰੀ ਦਸਮ ਗ੍ਰੰਥ ਦੇ ਅਖੰਡ ਪਾਠ ਛਪਰਾਂ ਤੇ ਵਰਨੀਆਂ ਵਾਲੀ ਕੋਠੀ ਵਿਚ ਅਰੰਭ ਹੋ ਗਏ।

ਇਕ ਦਿਨ ਮੈਂ ਕੋਠੀ ਵਾਲੇ ਲੰਗਰੋਂ ਪ੍ਰਸ਼ਾਦਾ ਛਕਕੇ ਬਾਹਰ ਵਲ ਜਾ ਰਿਹਾ ਸਾਂ ਕਿ ਪੌੜੀਆਂ ਹੇਠ ਕੋਠੀ ਦੇ ਬਰਾਂਡੇ ਵਿਚ ਬੈਠਿਆਂ ਸਚੇ ਪਾਤ-ਸ਼ਾਹ ਜੀ ਨੇ ਮੈਨੂੰ ਪਾਸ ਬੁਲਾਇਆ ਤੇ ਬੈਠਨ ਦਾ ਹੁਕਮ ਕੀਤਾ। ਮੇਰੇ ਬੈਠ ਜਾਣ ਤੇ ਬਚਨ ਕੀਤਾ, ਮਹੰਤਾ ਅਜਕਲ ਡੇਰੇ ਕੀ ਲਵੇਰਾ ਹੈ, ਮੈਂ ਅਰਜ਼ ਕੀਤੀ ਕਿ ਅਜਕਲ ਤਾਂ ਇਕ ਗਊ ਹੀ ਥੋੜਾ ਜੇਹਾ ਦੁਧ ਦਿੰਦੀ ਹੈ,ਦੋ ਝੋਟੀਆਂ ਚੜ੍ਹਾਈ ਕਰ ਗਈਆਂ ਹਨ।ਅੰਤ੍ਰਜਾਮੀ ਗ੍ਰੀਬ ਨਿਵਾਜ ਜੀਨੇ ਬਚਨ ਕੀਤਾ, ੫-੬ ਦਿਨ ਹੋਏ ਹਨ ਮੈਂ ਮਾਲ ਵਿਚ ਗਿਆ ਸਾਂ ਓਥੇ ਇਕ ਮਝ ਮੈਂ ਤੇਰੇ ਵਾਸਤੇ ਆਖ ਆਇਆ ਹਾਂ, ਜਦੋਂ ਜਾਵੇਂਗਾ ਉਹ ਮਝ ਲੈ ਜਾਵੀਂ। ਸਚੇ ਪਾਤਸ਼ਾਹ ਜੀ ਦਾ ਬਚਨ ਸੁਣਕੇ ਮਨ ਹੀ ਮਨ ਵਿਚ

Namdhari Elibrary NamdhariElibrary@gmail.com

ਹਿਸਾਬ ਲਾਇਆ ਕਿ ਜਿਸ ਦਿਨ ਮੈਂ ਸਨਖਤਰੇ ਇਹ ਮੰਗ ਮੰਗੀ ਸੀ, ਸਚੇ ਪਾਤਸ਼ਾਹ ਜੀ ਨੇ ਉਹ ਮੰਗ ਉਸੇ ਦਿਨ ਤੋਂ ਪ੍ਰਵਾਨ ਕਰ ਲਈ ਪ੍ਰਤੀਤ ਹੁੰਦੀ ਹੈ।

ਜਦ ਅਖੰਡ ਪਾਠਾਂ ਦਾ ਭੋਗ ਪੈ ਜਾਣਾ ਸੀ, ਜਿਸ ਪਾਠ ਵਿਚ ਮੈਂ ਲਗਾ ਹੋਇਆ ਸੀ ਉਸ ਪਾਠ ਦੀ ਸਮਾਪਤੀ ਸ਼ਾਮ ਦੇ ੫-੬ ਵਜੇ ਹੋ ਗਈ ਤੇ ਬਾਕੀ ਪਾਠ ਅਜੇ ਚਲਦੇ ਸਨ। ਸਚੇ ਪਾਤਸ਼ਾਹ ਜੀ ਸਵੇਰੇ ੭ ਵਜੇ ਸਾਰੇ ਪਾਠਾਂ ਦੀ ਸਮਾਪਤੀ ਦਾ ਹੁਕਮ ਕਰ ਦਿਤਾ। ਕੋਠੀ ਵਾਲੇ ਅਖੰਡ ਪਾਠ ਵਿਚ ਸੂਬਾ ਸਧਾ ਸਿੰਘ ਜੀ ਵਰਗੇ ਬੜੇ ਉਘੇ ਪਾਠੀ ਲਗੇ ਹੋਏ ਸਨ, ਪਰ ਪਾਠ ਉਨਾਂ ਦਾ ਸਭ ਤੋਂ ਪਿਛੇ ਸੀ ਜਿਸਦਾ ਭੋਗ ੮ ਵਜੇ ਤੋਂ ਪਹਿਲਾਂ ਪੈਣਾ ਮੁਸ਼ਕਿਲ ਸੀ। ਪ੍ਰਬੰਧਕਾਂ ਨੇ ਸਾਰੇ ਹੋ ਰਹੇ ਪਾਠਾਂ ਦੀ ਰਿਪੋਰਟ ਸ਼ਾਮ ਨੂੰ ਸਚੇ ਪਾਤਸ਼ਾਹ ਜੀ ਨੂੰ ਜਾ ਦਿਤੀ, ਕਿ ਕੋਠੀ ਵਾਲੇ ਪਾਠ ਦਾ ਭੋਗ ੭ ਵਜੇ ਨਹੀਂ ਪੈ ਸਕਦਾ। ਸਾਕੀ ਪਾਠਾਂ ਦੀ ਸਮਾਪਤੀ ੭ ਵਜੇ ਤਕ ਹੋ ਜਾਵੇਗੀ। ਕ੍ਰਿਪਾ ਨਿਧਾਨ ਸ੍ਰੀ ਸਤਿ-ਗੁਰੂ ਜੀ ਨੇ ਮੇਰੇ ਵਲੋਂ ਪੁਛਿਆ ਕਿ ਉਹਨਾਂ ਵਾਲਾ ਪਾਠ ਹੋ ਗਿਆ ਹੈ, ਕਿ ਚਲਦਾ ਹੈ, ਪ੍ਰਬੰਧਕਾਂ ਨੇ ਦਸਿਆ ਕਿ ਉਸ ਪਾਠ ਦਾ ਭੋਗ ਪੈ ਗਿਆ ਹੈ ਸਚੇ ਪਾਤਸ਼ਾਹ ਜੀ ਨੇ ਹੁਕਮ ਦਿਤਾ ਕਿ ਆਤਮਾ ਸਿੰਘ ਨੂੰ ਆਖੋ ਕਿ ੪ ਵਜੇ ਕੋਠੀ ਵਾਲੇ ਪਾਠ ਵਿਚ ਜਾਕੇ ਰੌਲ ਲਾਵੇ ਤੇ ੭ ਵਜੇ ਤਕ ਉਸ ਪਾਠ ਦੀ ਸਮਾਪਤੀ ਹੋ ਜਾਣੀ ਚਾਹੀਦੀ ਹੈ। ਪ੍ਰਬੰਧਕਾਂ ਨੇ ਆਕੇ ਮੈਨੂੰ ਹੁਕਮ ਸੁਣਾ ਦਿਤਾ ਮੈਂ ਤਿੰਨ ਵਜੇ ਉਠਕੇ ਇਸ਼ਨਾਨ ਪਾਨ ਕਰਕੇ ੪ ਵਜੇ ਤੋਂ ਪਹਿਲਾਂ ਹੀ ਕੋਠੀ ਪਹੁੰਚ ਗਿਆ। ਜਦ ਪ੍ਰਬੰਧਕਾਂ ਨੇ ਉਨਾਂ ਗੰਧਰਬ ਤੇ ਬੜੇ ਬੜੇ ਲੰਬੇ ਬਜੁਰਗ ਪਾਠੀਆਂ ਨੂੰ ਦਸਿਆ ਕਿ ਤੁਸੀਂ ਸਭ ਹਟ ਜਾਓ ਰਹਿੰਦਾ ਪਾਠ ਹੁਣ ਇਹ ਕਰੇਗਾ ਤਾਂ ਉਹ ਸਾਰੇ ਹੈਰਾਨ ਕਿ ਏਹ ਪ ਫੁਟਾ ਅਲੂਆਂ ਜਿਹਾ ਮੁੰਡਾ ਕਰੇਗਾ ਕੀਹ। ਮੈਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਗੇ ਅਰਦਾਸ ਕਰਕੇ ਜਦ ਰੌਲ ਤੇ ਬੈਠਾ ਤਾਂ ਉਸ ਗ੍ਰੰਥ ਸਾਹਿਬ ਦੇ ੯੭-੯੮ ਪਕੇ ਪਤਰੇ ਪਾਠ ਰਹਿੰਦਾ ਸੀ। ਮੈਨੂੰ ਨਹੀਂ ਪਤਾ ਕਿ ਸਚੇ ਪਾਤਸ਼ਾਹ ਨੇ ਅਪਣੀ ਅਥਾਹ ਸ਼ਕਤੀ ਕਿਥੋਂ ਮੇਰੀ ਜੀਭ ਵਿਚ ਭਰ ਦਿਤੀ। ਉਹ ਬਜੁਰਗ ਪਾਠੀ ਮੇਰੇ ਮਗਰ ਖਲੋਕੇ ਮੇਰਾ ਪਾਠ ਸੁਣਨ ਲਗੇ। ਸਚੇ ਪਾਤਸ਼ਾਹ ਜੀ ਦੀ ਕ੍ਰਿਪਾ ਨਾਲ ਮੈਂ ਉਚੀ ਅਵਾਜ਼ ਰਖਕੇ ਪਾਠ ਕਰਨ ਲਗ ਪਿਆ ਉਹ ਬਜ਼ੁਰਗ ਹੈਰਾਨ ਸਨ ਕਿ ਇਤਨੀ ਉਚੀ ਸੁਰ ਵਿਚ ਇਤਨਾ ਜਲਦੀ ਪਾਠ ਕਿਵੇਂ ਕਰ ਰਿਹਾ ਹੈ। ਮੈਂ ਸਚ ਲਿਖ ਰਿਹਾ ਹਾਂ ਕਿ ਮੈਨੂੰ ਆਪਨੂੰ ਵੀ ਕੋਈ ਪਤਾ ਨਹੀਂ ਸੀ ਲਗ ਰਿਹਾ ਕਿ ਉਹ ੯੮ ਪਕੇ ਪਤਰੇ ਢਾਈ ਘੰਟਿਆਂ ਵਿਚ ਕਿਵੇਂ ਪੜ੍ਹ ਗਏ ਹਨ ਆਖਿਰ ਇਕ ਹੋਰ ਪਾਠੀ ਨੇ ਆਖਰੀ ਹਿਕਾਇਤ ਮੇਰੇ ਨਾਲ ਪੜ੍ਹਕੇ ਪੌਣੇ ਸਤ ਵਜੇ ਪਾਠ ਦੀ ਸਮਾ-ਪਤੀ ਦਾ ਅਰਦਾਸਾ ਕਰਕੇ ਛਪਰਾਂ ਵਾਲੇ ਪਾਠਾਂ ਵਿਚ ਜਦ ਆਇਆ ਤਾਂ ਏਥੇ ਸਚੇ ਪਾਤਸ਼ਾਹ ਪਾਠਾਂ ਦੇ ਭੋਗ ਪਾ ਰਹੇ ਸਨ, ਮੈਂ ਆਣਕੇ ਜਦ ਨਮਸ-ਕਾਰ ਕੀਤੀ ਤਾਂ ਉਸ ਵਕਤ ਸਚੇ ਪਾਤਸ਼ਾਹ ਜਿਸ ਪ੍ਰਸੰਨਤਾ ਭਰੀ ਮੇਹਰ ਦੀ ਨਜ਼ਰ ਨਾਲ ਮੈਨੂੰ ਤਕਿਆ ਮੈਂ ਬਿਆਨ ਨਹੀਂ ਕਰ ਸਕਦਾ। ਜਦ ਮੈਂ ਬਹਿਣ ਲਗਾ ਤਾਂ ਸੰਤ ਰਤਨ ਸਿੰਘ ਜੀ ਲਾਂਗਰੀ ਨੂੰ ਹੁਕਮ ਕੀਤਾ 'ਰਤਨ'ਮਹੰਤ ਨੂੰ ਲਿਜਾਕੇ ਗਰਮ ਦੁਧ ਵਿਚ ਘਿਓ ਪਾਕੇ ਰਜਕੇ ਛਕਾ ਰਤਨ ਸਿੰਘ ਜੀ ਨੇ ਅਰਜ ਕੀਤੀ ਜੀ ਅਰਦਾਸਾ ਹੋਣ ਵਾਲਾ ਹੈ ਫਿਰ ਛਕਾ ਦੇਵਾਂਗਾ ਸ੍ਰੀ ਸਤਿਗੁਰੂ ਜੀ ਨੇ ਜਰਾ ਤੇਜੀ ਵਿਚ ਹੋਕੇ ਹੁਕਮ ਕੀਤਾ ਤੂੰ ਅਰਦਾਸੇ ਨੂੰ ਕੀ ਆਖਣਾ ਹੈ ਛੇਤੀ ਇਸ ਨੂੰ ਲੰਗਰ ਵਲ ਲੈ ਜਾ। ਸੰਤਾਂ ਨਾਲ ਆਕੇ ਘਿਓ ਵਾਲਾ ਦੁਧ ਜਦ ਛਕਾਇਆ ਤਾਂ ਉਹ ਮੇਰੇ ਵਿਤ ਤੋਂ ਵਧੇਰਾ ਸੀ, ਪਰ ਪਤਾ ਨਹੀਂ ਉਹ ਕਿਵੇਂ ਛੇਤੀ ਨਾਲ ਹੀ ਹਜ਼ਮ ਹੋ ਗਿਆ।

ਪਾਠਾਂ ਦੀ ਸਮਾਪਤੀ ਤੋਂ ਬਾਦ ਜਦ ਮੈਂ ਵਾਪਸੀ ਵਾਸਤੇ ਅਰਜ ਕੀਤੀ ਤਾਂ ਮਝ ਵਾਲਾ ਮਸਲਾ ਫਿਰ ਸਾਹਮਣੇ ਆ ਗਿਆ ਮੈਂ ਅਰਜ ਕੀਤੀ ਗਰੀਬ

ਨਿਵਾਜ ਜੀ ਮੈਂ ਮਝ ਲਿਜਾਣ ਤੋਂ ਅਸਮਰਥ ਹਾਂ ਮਸਾਂ ਅਪਣਾ ਆਪ ਹੀ ਲੈਕੇ ਪਹੁੰਚ ਸਕਦਾ ਹਾਂ। ਸਚੇ ਪਾਤਸ਼ਾਹ ਬਚਨ ਕੀਤਾ ਕਿ ਅਛਾ ਤੁਸਾਂ ਫਲਾਣੀ ਤਾਰੀਖ ਨੂੰ ਗੁਰੂ ਕੇ ਜੰਡਿਆਲੇ ਦੇ ਸਟੇਸ਼ਨ ਤੋਂ ਆਕੇ ਮਝ ਲੈ ਜਾਣੀ ਜੇ ਇਕ ਅਧਾ ਦਿਨ ਦੇਰ ਲਗੇ ਤਾਂ ਵਡਾਲੇ ਜੌਹਲਾਂ ਰਹਿਕੇ ਉਡੀਕ ਕਰ ਲੈਣੀ ਮੈਂ ਤੇ ਕਿਸ਼ਨ ਸਿੰਘ ਕੋਈ ੬-੭ ਦਿਨ ਜੰਡਿਆਲੇ ਸਟੇਸ਼ਨ ਤੇ ਜਾਂਦੇ ਰਹੇ ਪਰ ਕੋਈ ਗਲ ਨ ਬਣੀ। ਇਸੇ ਸੰਬੰਧ ਵਿਚ ਸ੍ਰੀ ਮਹਾਰਾਜ ਬੀਰ ਸਿੰਘ ਜੀ ਦਾ ਚਿਠੀ ਪਤ੍ਰ ਸਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਹੁੰਦਾ ਰਿਹਾ, ਅਖੀਰ ਅੰਮ੍ਰਿਤਸਰ ਦੀਪਮਾਲਾ ਤੇ ਹੋਰ ਪਸ਼ੂਆਂ ਨਾਲ ਮੇਰੇ ਵਾਲੀ ਮਝ ਵੀ ਲੈ ਆਂਦੀ ਗਈ। ਅਤੇ ਜਦ ਮੈਂ ਦੀਵਾਨ ਵਿਚ ਆਕੇ ਨਮਸਕਾਰ ਕੀਤੀ ਤਾਂ ਦੀਨ ਦਿਆਲ ਪਾਤਸ਼ਾਹ ਬਚਨ ਕੀਤਾ ਮਹੰਤਾ ਹੁਣ ਏਥੋਂ ਤਾਂ ਅਪਣੀ ਮਝ ਲੈ ਜਾਹ ਮੈਂ ਪਿੰਡੋਂ ਅਪਣਾ ਇਕ ਸਰੀਰ ਭਗਤ ਸਿੰਘ ਲਿਆਂਦਾ ਹੋਇਆ ਸੀ ਉਸਦੇ ਰਾਹੀਂ ਮਝ ਸਨਖਤ੍ਰੇ ਪਹੁੰਚੀ ਉਹ ਮਝ ਸੰਨ ਸੰਤਾਲੀ ਤਕ ਡੇਰੇ ਵਿਚ ਦੁਧ ਦਿੰਦੀ ਰਹੀ ਪਰ ਹਮਲੇ ਵਿਚ ਪਤਾ ਨ ਲਗਾ ਕਿ ਉਸਨੂੰ ਕੌਣ ਲੈ ਗਿਆ। (ਬਾਕੀ ਫਿਰ)

ਭਾਵਨਿਕ ਬੋਲ

ਵਲੋਂ–ਜੋਗਿੰਦਰ ਸਿੰਘ 'ਮੁਕਤਾ'

ਸੰਮਤ ਉਨੀ ਸੌ ਛਿਆਸੀ ਭਾਗਾਂ ਵਾਲਾ ਆਇਆ।
ਭੈਣੀ ਸਾਹਿਬ ਧਰਤੀ ਅੰਦਰ ਰਬੀ ਨੂਰ ਪ੍ਰਗਟਾਇਆ।
ਇਕ ਇਕ ਕਿਰਣ ਸੁਨਹਿਰੀ ਜਿਸਦੀ ਜਗ ਨੂੰ ਹੈ ਰੁਸ਼ਨਾਇਆ।
ਦਰਦੀ ਦੁਨੀਆਂ ਦਾ ਵਡ ਪ੍ਰਤਾਪੀ ਆਇਆ। ਦਰਦੀ ਦੁਨੀਆਂ।

ਜੀਵਨ ਮਾਂ ਦੀ ਅਖ ਦਾ ਤਾਰਾ ਜੀਵਨ ਦਾਤਾ ਜਗਦਾ।
ਉਸਦੇ ਸੁੰਦਰ ਚੇਹਰੇ ਵਿਚੋਂ ਨੂਰ ਇਲਾਹੀ ਲਭਦਾ।
ਬੈਠਾ ਵਿਚ ਦੀਵਾਨ ਪ੍ਰਤਾਪ ਗੁਰ ਡਾਢਾ ਸੋਹਣਾ ਫਬਦਾ।
ਮੁਕਤਾ ਸਚ ਆਖਾਂ ਰੂਪ ਜਾਪੇ ਉਹ ਰਬਦਾ। ਮੁਕਤਾ ਸਚਾ

ਵਡ ਪ੍ਰਤਾਪੀ ਸਤਿਗੁਰ ਨੇ ਜਦ ਪੰਥ ਦੀ ਵਾਗ ਸੰਭਾਲੀ।
ਪਾਪੀ ਤੋਂ ਪਾਪੀ ਵੀ ਨ ਮੁੜਿਆ ਉਸਦੇ ਦਰ ਤੋਂ ਖਾਲੀ।
'ਮੁਕਤਾ' ਦੁਨੀਆਂ ਸਾਰੀ ਤੋਂ ਸੀ ਉਸਦੀ ਸ਼ਾਨ ਨਿਰਾਲੀ।
ਖੇੜਾ ਮੁਖੜੇ ਤੇ ਜਿਉਂ ਊਸ਼ਾ ਦੀ ਲਾਲੀ। ਖੇੜਾ ਮੁਖੜੇ......

ਅੰਮ੍ਰਿਤ ਭਰੀ ਦ੍ਰਿਸ਼ਟੀ ਤੋਂ ਜਿਸ ਦੇਤੋਂ ਸੰਤ ਬਣਾਏ।
ਯਗ ਹਵਨ ਤੇ ਵਰਨੀਆਂ ਲਖਾਂ ਪਾਠ ਅਖੰਡ ਕਰਵਾਏ।
ਸੁੰਦਰ ਛਬਿ ਦ੍ਰਬਾਰ ਉਹਦੇ ਦੀ ਅਰਸ਼ੋਂ ਦੇਵ ਜਿਉਂ ਆਏ।
ਚਰਨ ਛੋਹ ਪਾ ਮੁਕਤਾ, ਪਾਪੀ ਭੀ ਗਤਿ ਪਾਏ। ਚਰਨ ਛੋਹ ਪਾ।

ਕੀਤਾ ਹਰ ਇਕ ਦਿਲ ਵਿਚ ਘਰ ਹੈ ਮਿਠੀਆਂ ਉਸਦੀਆਂ ਯਾਦਾਂ।
ਆਲਿਮਾਂ ਆਰਫਾਂ ਜਿਨ੍ਹੇ ਸਿਜਦੇ ਕੀਤੇ ਧ੍ਰੁਪਦ ਦੇ ਉਸਤਾਦਾਂ।
ਤਾਊਸ ਵਜਾ ਮਸਤਾਨੇ ਕਰਦੇ ਗਾਕੇ ਰਾਗਾਂ ਨਾਦਾਂ।
ਮੁਕਤਾ ਜਗ ਮੋਹਿਆ ਉਹਦੇ ਸੰਗੀਤ ਸੁਆਦਾਂ। ਮੁਕਤਾ ਜਗ ਮੋਹਿਆ......

Namdhari Elibrary NamdhariElibrary@gmail.com

ਗਊ ਗਊ ਮਾਤਾ ਕਿਉਂ? ਕਿਉਂ?

ਪੰਡਿਤ ਰਜਿੰਦਰ ਸਿੰਘ 'ਗੁਰੂਸਰ'

ਬਹੁਤ ਪੁਰਾਣੀ ਗਲ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਮੈਨੂੰ ਤਬੇਲੇ ਵਿਚ ਗਾਈਆਂ ਵਖਾ ਰਹੇ ਸਨ। ਕਹਿਣ ਲਗੇ ਆਹ ਓਹ ਗਾਂ ਹੈ, ਜਿਸਦਾ ੩੬ ਸੇਰ ਦੁਧ ਅਤੇ ਸਵਾ ਦੋ ਸੇਰ ਮਖਣ ਰੋਜਾਨਾ ਦਾ ਜੋਖਿਆ ਗਿਆ ਹੈ। ਏਸ ਗਾਂ ਦੀ ਨਾਨੀ ਮਾਂ ਗੁਰੂਸਰ ਤੋਂ ਆਈ ਸੀ। ਤੈਨੂੰ ਮੈਂ ਓਸ ਦੀ ਕਹਾਣੀ ਸੁਣੌਂਦਾ ਹਾਂ।

ਮੇਰੀ ਮਾਤਾ ਜਿਉਣ ਕੌਰ ਨਾਲ ਤਿਖੀ ਤੂੰ ਤੜਕ ਹੋ ਗਈ ਸੀ। ਅਸੀ ਬਿਨਾਂ ਕਿਸੇ ਨੂੰ ਦਸੇ ਅਪਣਾ ਕਛੈਹਰਾ ਪਰਨਾ ਅਤੇ ਕੁਝ ਪਾਠੀ ਸਿੰਘ ਨਾਲ ਲੈ ਬੀੜ ਵਿਚ ਚਲੇ ਆਏ। ਭੈਣੀ ਸਾਹਿਬ ਅਸਲੋਂ ਕਿਸੇ ਨੂੰ ਪਤਾ ਨਹੀਂ ਸੀ, ਕਿ ਮੈਂ ਕਿਥੇ ਹਾਂ। ਨਕਦੀ ਦੇ ਰੂਪ ਵਿਚਮੇਰੇ ਕੋਲ ਇਕ ਪੈਸਾ ਵੀ ਨਹੀਂ ਸੀ! ਰਾਤ ਨੂੰ ਜਿਉਂ ਤੁਰੇ ਦਿਨ ਚੜਦੇ ਨੂੰ ਬੀੜ ਵਿਚ ਪਹੁੰਚ ਗਏ।

ਬੀੜ ਵਿਚ ਗਾਈਆਂ ਸਨ ਅਤੇ ਥੋੜੀ ਜਿਨੀ ਖੇਤੀ ਵੀ ਹੈਸੀ। ਖੇਤੀ ਅਤੇ ਗਾਈਆਂ ਦੀ ਦੇਖ ਭਾਲ ਉਤੇ ਕੁਝ ਸਿੰਘ ਵੀ ਓਥੇ ਰਹਿੰਦੇ ਸਨ। ਜਿਸ ਕਰਕੇ ਬਹੁਤੀ ਪ੍ਰੇਸ਼ਾਨੀ ਨਹੀਂ ਸੀ ਹੋਈ ਸਾਨੂੰ ਅਸਲੋਂ ਸਾਦਾ ਜੇਹੀ ਰਿਹਾਇਸ਼ ਮਿਲ ਗਈ ਸੀ ਅਸੀਂ ਇਸ਼ਨਾਨ ਪਾਣੀ ਕੀਤਾ। ਪ੍ਰਸ਼ਾਦੇ ਛਕੇ ਅਤੇ ਬਰਾਜ ਗਏ।

ਪਿਛਲੇ ਪਹਿਰ ਉਠਕੇ ਸਕੀਮ ਬਣਾਈ ਗਈ ਕਿ ਅਖੰਡ ਪਾਠਾਂ ਦੀ ਲੜੀ ਤੋਰੀ ਜਾਏ। ਜੰਗ ਸਿੰਘ ਮਾਘਾ ਸਿੰਘ ਸੰਤ ਇੰਦ੍ਰ ਸਿੰਘ ਚਕ੍ਰਵਰਤੀ ਭਾਈ ਵਜੀਰ ਸਿੰਘ ਤਾਂ ਮੇਰੇ ਨਾਲ ਹੀ ਸਨ। ਭਾਈ ਜੀ ਨੂੰ ਤਾਂ ਅਸੀਂ ਪਹਿਰੇ ਉਤੇ ਲਾ ਦਿਤਾ। ਏਸਤਰਾਂ ਅਸੀਂ ਚੋਹਾਂ ਨੇ ਪਾਠ ਸ਼ੁਰੂ ਕਰ ਦਿਤੇ। ਪਾਠੀ ਅਸੀਂ ਸਾਰੇ ਹੀ ਬਹੁਤ ਤੇਜ ਸਾਂ, ਏਸ ਵਾਸਤੇ ਬਾਰਾਂ ਪਹਿਰਾਂ ਪਿਛੋਂ ਅਖੰਡ ਪਾਠ ਦਾ ਭੋਗ ਪਾ ਦਿੰਦੇ।

ਅਖੰਡ ਪਾਠਾਂ ਵੇਲੇ ਚਕ੍ਰਵਰਤੀ ਜੰਗ ਸਿੰਘ ਮਾਘਾ ਸਿੰਘ ਅਮੂਮਨ ਮੇਰੇ ਨਾਲ ਹੀ ਰਹਿੰਦੇ। ਪਾਠਾਂ ਦਾ ਤਾਂ ਸਾਨੂੰ ਚਾ ਹੀ ਚੜ ਜਾਂਦਾ। ਆਟਾ ਤਾਂ ਵਾਧੂ ਸੀ,ਘਿਓ ਥੋੜਾ ਬਹੁਤ ਸਾਧਾਂ ਨੇ ਜੋੜਿਆਂ ਸੀ ਦੋਂਹ ਚੌਂਹ ਦਿਨਾਂ ਵਿਚ ਹੀ ਖਤਮ ਹੋ ਗਿਆ। ਸਾਡੇ ਕੋਲ ਰਹਿ ਗਿਆ, ਗਾਂ ਦਾ ਦੁਧ ਜੋ ਸਾਡੇ ਗੁਜ਼ਾਰੇ ਜੋਗਾ ਤਾਂ ਹੈ ਹੀ ਸੀ।

ਆਪੇ ਜਾਂਞੀ ਆਪੇ ਮਾਂਞੀ ਆਪ ਵਜਾਏ ਤੂਰਾ।

ਵਾਂਗ ਲੰਗਰ ਪਾਣੀ ਦਾ ਪ੍ਰਬੰਧ ਵੀ ਸਾਨੂੰ ਆਪ ਹੀ ਕਰਨਾਂ ਪੈਂਦਾ ਸੀ। ਗਾਂ ਜੋ ਮੇਰੇ ਸਹੁਰਾ ਸਾਹਿਬ ਸ੍ਰ. ਸੁੰਦਰ ਸਿੰਘ ਨੇ ਗੁਰੂਸਰ ਤੋਂ ਭੇਜੀ ਸੀ। ਓਹੋ ਹੀ ਦੁਧ ਦਿੰਦੀ ਸੀ। ਮੈਂ ਸਾਰਿਆਂ ਨੂੰ ਕਹਿ ਦਿਤਾ ਸੀ ਕਿ ਮੈਨੂੰ ਪ੍ਰਸ਼ਾਦਾ ਅਨ ਚੋਪੜਿਆ ਦੇ ਦਿਆ ਕਰੋ। ਦੁਧ ਵਿਚੋਂ ਮੇਰਾ ਹਿਸਾ ਜਿਨਾਂ ਬਣੇ ਓਹ ਮੈਨੂੰ ਜਰੂਰ ਦੇ ਦਿਆ ਕਰੋ।

ਓਸ ਵੇਲੇ ਗਾਂ ਦਾ ਦੁਧ ਚਾਰ ਸੇਰ ਸੁਭਾ ਅਤੇ ਚਾਰ ਸੇਰ ਸ਼ਾਮ ਨੂੰ ਅਸੀਂ ਚੋਂ ਲੈਂਦੇ ਸਾਂ। ਏਹੋ ਹੀ

Namdhari Elibrary NamdhariElibrary@gmail.com

ਸਾਡੇ ਵਾਸਤੇ ਬਹੁਤ ਸੀ। ਲਾਂਗਰੀ ਮੇਰੇ ਹਿਸੇ ਦਾ ਦੁਧ ਮੈਨੂੰ ਸੁਭਾ ਸ਼ਾਮ ਦੇ ਦਿੰਦੇ ਅਤੇ ਬਾਕੀ ਦਾ ਜਮਾਕੇ ਘੀ ਨਾਲ ਪ੍ਰਸ਼ਾਦੇ ਚੋਪੜ ਲੈਂਦੇ ਅਤੇ ਲਸੀ ਜੋ ਦੁਧ ਨਾਲੋਂ ਵੀ ਪਿਆਰੀ ਸੀ ਛਕ ਲੈਂਦੇ। ਘਿਉ ਨਾਂ ਹੋਣ ਕਰਕੇ ਪ੍ਰਸ਼ਾਦ ਤਾਂ ਮਸਾਂ ਛਟਾਂਕ ਪਾਈਏ ਦਾ ਹੀ ਕਰਕੇ ਸਾਰ ਲੈਂਦੇ ਭੋਗ ਪੈਣ ਵੇਲੇ ਅਖੰਡ ਪਾਠ ਦਾ।

ਹੌਲੀ ਹੌਲੀ ਸਾਧ ਸੰਗਤ ਨੂੰ ਦਸ ਪੈਣੀ ਸ਼ੁਰੂ ਹੋ ਗਈ। ਏਸਤਰਾਂ ਰਸਤਾਂ ਵੀ ਮੈਣ ਦੁਆਬ ਅਤੇ ਪਟਿਆਲੇ ਦੇ ਪਿੰਡਾਂ ਵਿਚੋਂ ਔਣੀਆਂ ਸ਼ੁਰੂ ਹੋ ਗਈਆਂ ਅਤੇ ਪਾਠੀ ਤੇ ਸੇਵਾਦਾਰ ਵੀ ਹੋਰ ਪਹੁੰਚ ਗਏ। ਰੌਣਕ ਤਾਂ ਹੁਣ ਬਹੁਤ ਹੋ ਗਈ ਸੀ। ਪਰ ਦੁਧ ਵਲੋਂ ਗੁਰੂਸਰ ਵਾਲੀ ਗਾਂ ਹੀ ਸੀ। ਜੋ ਸਾਡਾ ਕੰਮ ਸਾਰੀ ਜਾਂਦੀ ਸੀ।

ਹੁਣ ਸਾਡੇ ਉਤੇ ਜੇਠ ਹਾੜ ਦੇ ਕਰੜੇ ਦਿਨ ਆ ਗਏ ਸਨ। ਮੈਂ ਸਾਰਿਆਂ ਨੂੰ ਕਹਿ ਦਿਤਾ ਸੀ ਏਸ ਗਾਂ ਨੂੰ ਬਿਲਕੁਲ ਖੁਲੀ ਫਿਰਨ ਦਿਓ। ਜਿਥੇ ਏਸ ਦਾ ਜੀ ਕਰੇ ਫਿਰੇ। ਕੋਈ ਰੋਕ ਨਹੀਂ ਇਸਨੂੰ ਜੇ ਓਹ ਸਾਡੇ ਕੋਲ ਔਂਦੀ ਤਾਂ ਅਸੀਂ ਲੰਗਰ ਦਾ ਬਚਿਆ ਪ੍ਰਸ਼ਾਦਾ ਜਾਂ ਆਟੇ ਦਾ ਪੇੜਾ ਵੀ ਉਸਨੂੰ ਛਕਾ ਦਿੰਦੇ। ਪੈਲੀ ਵਿਚ ਵੀ ਖੁਲ੍ਹੀ ਫਿਰਦੀ ਰਹਿੰਦੀ ਸੁਭਾ ਸ਼ਾਮ ਅਵਾਜਾਂ ਮਾਰਕੇ ਦੁਧ ਚੁਆ ਜਾਂਦੀ। ਲਗਾਤਾਰ ਓਸ ਨਾਲ ਸਾਡਾ ਲਗਾਉ ਵਧਦਾ ਚਲਾ ਗਿਆ। ਦੁਪਹਿਰ ਵੀ ਓਹ ਸਾਡੇ ਕੋਲ ਕਿਕਰਾਂ ਥਲੇ ਆਕੇ ਕੱਟਦੀ ਪਾਣੀ ਵੀ ਖੂਹ ਉਤੇ ਹੀ ਆਕੇ ਪੀਂਦੀ।

ਮਹਾਰਾਜਾ ਨਾਭਾ ਨੇ ਗਊਆਂ ਵਾਸਤੇ ਹੀ ੬੦ ਮੁਰਬੇ ਦਾ ਏਹ ਬੀੜ ਸ੍ਰੀ ਭੈਣੀ ਸਾਹਿਬ ਦੇ ਲੰਗਰ ਨੂੰ ਦਾਨ ਸਰੂਪ ਭੇਟਾ ਕੀਤਾ ਸੀ। ਏਹ ਸਾਰਾ ਬੀੜ ਹੀ ਓਸ ਵੇਲੇ ਭਾਰੀ ਜੰਗਲ ਸੀ। ਚੋਰ ਡਾਕੂ ਵੀ ਏਥੇ ਆਕੇ ਲੁਕ ਜਾਂਦੇ ਸਨ। ਸਿਰ ਸਿਰ ਜਿਡਾ ਘਾਹ ਸੌਣ ਭਾਦਰੋਂ ਦੇ ਮਹੀਨੇ ਹੋ ਜਾਂਦਾ ਸੀ। ਜਿਸ ਵਿਚ ਜੰਗਲੀ ਸੂਰ ਹਿਰਨ ਸਹੇ ਸੇਹਾਂ ਗਿਦੜ ਬਘਿਆੜ ਅਤੇ ਰੋਝ ਚੀਤਲ ਫਿਰਦੇ ਰਹਿੰਦੇ ਸਨ, ਸੈਂਕੜੇ ਗਾਈਆਂ ਵੀ ਏਥੇ ਭੈਣੀ ਸਾਹਿਬ ਦੀਆਂ ਚਰਦੀਆਂ ਰਹਿੰਦੀਆਂ ਸਨ। ਜੋ ਦੁਧੋਂ ਟਲੀਆਂ ਹੁੰਦੀਆਂ ਜਾਂ ਗਊਸ਼ਾਲਾ ਦੀ ਤਰਾਂ ਹਮੇਸ਼ਾਂ ਹਮੇਸ਼ਾਂ ਲਈ ਪਛੜ ਹੁੰਦੀਆਂ। ਓਹਨਾਂ ਦਾ ਗੁਜ਼ਾਰਾ ਵੀ ਏਥੇ ਵਧਾਇਆ ਹੁੰਦਾ ਜਾਂਦਾ ਸੀ। ਬੀੜ ਦੇ ਵਿਚਾ-ਲਿਓਂ ਬਰਸਾਤੀ ਨਾਲਾ ਲੰਘਦਾ ਸੀ। ਜੋ ਸਾਰੇ ਬੀੜ ਨੂੰ ਸਿੰਜਦਾ ਸੀ। ਅਤੇ ਬੀੜ ਦੇ ਛਪੜਾਂ ਤੇ ਟੋਇਆਂ ਨੂੰ ਪਾਣੀ ਨਾਲ ਭਰ ਦਿੰਦਾ ਸੀ। ਏਹਨਾਂ ਛਪੜਾਂ ਉਤੇ ਹੀ ਜੰਗਲੀ ਜੀਵਾਂ ਤੇ ਗਾਈਆਂ ਦਾ ਗੁਜਾਰਾ ਹੁੰਦਾ ਸੀ ਪਾਣੀ ਦਾ। ਰਾਮ ਗਊਆਂ ਵੀ ਬੀੜ ਵਿਚ ਆ ਡੇਰੇ ਜਮੌਂਦੀਆਂ ਸਨ। ਗਿਦੜ ਬਘਿਆੜ ਕਦੇ ਕਦੇ ਰਾਖਿਆਂ ਵਾਸਤੇ ਬੜੀ ਬਿਪਤਾ ਖੜੀ ਕਰ ਦਿੰਦੇ ਸਨ। ਜਦੋਂ ਕੋਈ ਗਾਂ ਜੰਗਲ ਵਿਚ ਸੂ ਪੈਂਦੀ। ਓਸਦੇ ਬਛੜੇ ਨੂੰ ਖਾਣ ਦੀ ਕੋਸ਼ਸ਼ ਕਰਦੇ। ਪਰ ਸਾਡੇ ਸਿੰਘਾਂ ਦੀ ਚੌਕਸੀ ਕਰਕੇ ਬਚਤ ਹੋ ਜਾਂਦੀ। ਛੇਤੀ ਕੀਤਿਆਂ ਗਾਂ ਵੀ ਕਿਸੇ ਨੂੰ ਨੇੜੇ ਨਹੀਂ ਸੀ ਲਗਣ ਦਿੰਦੀ। ਪਰ ਬਹੁਤਿਆਂ ਅਗੇ ਕੀ ਪੇਸ਼ ਜਾ ਸਕਦੀ ਹੈ।

ਸਤਿਗੁਰੂ ਜੀ ਫੁਰਮਾਇਆ ਜਿਵੇਂ ਕਿਵੇਂ ਜੇਠ ਹਾੜ ਦੇ ਦਿਨ ਵੀ ਲੰਘ ਗਏ। ਏਹ ਰਾਠੀ ਗਾਂ ਲਗਾਤਾਰ ਇਕ ਸਾਰ ੮ ਸੇਰ ਦੁਧ ਰੋਜ਼ਾਨਾ ਸਾਨੂੰ ਦਿੰਦੀ ਰਹੀ। ਅਧ ਹਾੜ ਨੂੰ ਇਕ ਹਲਕੀ ਜੇਹੀ ਬਾਰਸ਼ ਹੋਈ ਜਿਸ ਨਾਲ ਮੌਸਮ ਸੁਹਾਣਾ ਹੋ ਗਿਆ ਥੋੜੀ ਜਿਹੀ ਹਰੇਵਾਈ ਨਾਲ ਹੀ ਸਾਨੂੰ ਸ਼ਕ ਹੋ ਗਿਆ ਜਿਵੇਂ ਗਾਂ ਦਾ ਦੁਧ ਵਧ ਗਿਆ ਹੋਵੇ। ਸੌਣ ਵਿਚ ਜਦੋਂ ਬਾਰਸ਼ ਖੁਲ ਗਈ ਮਛਰ ਤਾਂ ਭਾਵੇਂ ਵਧ ਗਿਆ ਸੀ। ਪਰ ਗਾਈਆਂ ਵਾਸਤੇ ਘਾਹ ਪਾਣੀ ਵਾਧੂ ਹੋ ਗਿਆ ਸੀ। ਥੋੜੀ ਜਿਨੀ ਠੰਢ ਤੇ ਹਰਿਆਲੀ ਵਧਣ ਨਾਲ ਗਾਂ, ਖੂਬ ਰਜਣ ਲਗੀ। ਅਤੇ ਹੌਲੀ ਹੌਲੀ ਦੁਧ ਵੀ ਵਧਣ ਲਗ ਪਿਆ। ਸੌਣ ਦਾ ਮਹੀਨਾ ਖਤਮ ਹੁੰਦੇ ਹੁੰਦੇ ਗਊ ਮਾਤਾ ਨੌ ਸੇਰ ਡੰਗ ਦਾ ਦੁਧ ਕਰ ਆਈ। ਦੁਧ ਚੋਣ ਵਾਸਤੇ ਸਾਨੂੰ ਨਵੀਂ ਬਾਲਟੀ ਮੰਗਵੌਣੀ ਪਈ। ਦੋ ਵੇਲੇ ਦਾ ਅਠਾਰਾਂ ਸੇਰ ਪੱਕਾ ਦੁਧ ਮੇਰੇ ਜੀਵਨ ਦੀ ਇਕ ਅਜੇਹੀ ਘਟਨਾ ਸੀ, ਜਿਸਨੇ ਗਾਂ ਪ੍ਰਤੀ

Namdhari Elibrary NamdhariElibrary@gmail.com

ਮੈਨੂੰ ਬਰਦਾਲੂ ਬਣਾ ਦਿਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਦਸਿਆ ਏਸ ਤੋਂ ਪਹਿਲਾਂ ਮੈਂ ਗਾਂ ਨੂੰ ਮਝ ਬਕਰੀ ਦੀ ਤਰਾਂ ਦੁਧ ਦੇਣ ਵਾਲਾ ਸਾਧਾਰਣ ਪਸ਼ੂ ਹੀ ਸਮਝਦਾ ਸਾਂ। ਜਦੋਂ ਮੈਂ ਨਜ਼ਦੀਕ ਹੋਕੇ ਗਾਂ ਦੀ ਏਹ ਕਰਾਮਾਤ ਵੇਖੀ ਮੇਰਾ ਸੀਸ ਸਰਧਾ ਨਾਲ ਝੁਕ ਗਿਆ ਅਤੇ ਓਸ ਦਿਨ ਤੋਂ ਮੈਂ ਰਿਸ਼ੀਆਂ ਮੁਨੀਆਂ ਦੇ ਏਸ ਵਾਕ ਨੂੰ ਸਹੀ ਰੂਪ ਵਿਚ ਪ੍ਰਤਖ ਅਜਮਾ ਲਿਆ ਕਿ ਗਊ ਇਕ ਦੁਧ ਦੇਣ ਵਾਲਾ ਪਸੂ ਹੀ ਨਹੀਂ, ਸਗੋਂ ਇਨਸਾਨੀਅਤ ਦੀ ਪ੍ਰਤੀਪਾਲਕ ਵੀ ਹੈ। ਅਤੇ ਮੈਂ ਏਸ ਨੂੰ ਗਊ ਮਾਤਾ ਦੇ ਰੂਪ ਵਿਚ ਸ੍ਵੀਕਾਰ ਕਰ ਲਿਆ।

ਰਾਤ ਦਿਨ ਦੀ ਸੇਵਾ ਅਤੇ ਚੰਗੇ ਸੁਾਨ ਰਖਣ ਦਾ ਏਹ ਨਤੀਜਾ ਹੈ ਓਸੇ ਗਾਂ ਦੀ ਦੋਹਤੀ ਹੇਠਾਂ ੩੬ ਸੇਰ ਦੁਧ ਤੇ ਸਵਾ ਦੋ ਸੇਰ ਮਖਣ ਹੈ।

ਨਸਲ ਨੂੰ ਵਧੀਆ ਬਣੌਣ ਦਾ ਇਕੋ ਇਕ ਗੁਰ ਹੈ ਵਧੀਆ ਨਸਲ ਦਾ ਖੂਬ ਸੂਰਤ ਸੁਾਨ।

ਉਤਲੀ ਸਾਖੀ ਕਿਉਂਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਆਪ ਸੁਣਾਈ ਸੀ ਜਿਸ ਵਾਸਤੇ ਏਸ ਨੂੰ ਮੈਂ ਸੰਖੇਪ ਨਹੀਂ ਕਰ ਸਕਿਆ। ਏਸਤੋਂ ਅਗਲੀਆਂ ਉਪਲ ਬਧੀਆਂ ਦਾ ਜ਼ਿਕਰ ਮੈਂ ਸੰਖੇਪ ਵਿਚ ਕਰ ਰਿਹਾ ਹਾਂ।

ਸਤਿਗੁਰੂ ਜੀ ਨੇ ਮੈਨੂੰ ਦਸਿਆ ਸੀ ਮਝ ਗਿਆਰਾਂ ਸੌ ਰੁਪਏ ਖਾਕੇ ਜਿਤਨਾ ਘੀ ਦੁਧ ਸਾਨੂੰ ਦਿੰਦੀ ਹੈ, ਗਾਂ ਸਤ ਸੌ ਰੁਪੈ ਖਾਕੇ ਉਤਨਾਂ ਹੀ ਦੁਧ ਘੀ ਸਾਨੂੰ ਦਿੰਦੀ ਹੈ। ਪਰ ਮਝਾਂ ਦਾ ਨਖਰਾ ਮਝਾਂ ਰਖਣ ਵਾਲੇ ਹੀ ਜਾਣਦੇ ਹਨ। ਪੰਜਾਬੀ ਅਖਾਣ ਹੈ–

ਘੋੜੇ ਘਰ ਸੁਲਤਾਨਾਂ ਮਝਾਂ ਘਰ ਵਰਿਆਮਾਂ।

ਕਹਿੰਦੇ ਨੇ ਤਕੜਾ ਆਦਮੀ ਮਝ ਨੂੰ ਖਾ ਜਾਂਦਾ ਹੈ ਅਤੇ ਮਾੜੇ ਆਦਮੀ ਨੂੰ ਮਝ ਖਾ ਜਾਂਦੀ ਹੈ।

ਸਤਿਗੁਰੂ ਜੀ ਨੇ ਮਝ ਨੂੰ ਵੀ ਅਗੇ ਵਧੌਣ ਦੀ ਬੜੀ ਕੋਸ਼ਿਸ਼ ਕੀਤੀ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਜਦੋਂ ਅਜੇ ਚਾਂਦੀ ਦਾ ਰੁਪੀਆ ਚਲਦਾ ਸੀ। ਇਕ ਮਜਦੂਰ ਦੀ ਇਕ ਮਹੀਨੇ ਦੀ ਮਜ਼ਦੂਰੀ ਕੇਵਲ ਪੰਜ ਰੁਪਏ ਸੀ। ਘੀ ਸਵਾ ਸੇਰ ਰੁਪਏ ਦਾ ਅਤੇ ਕਣਕ ਇਕ ਰੁਪਏ ਦਸ ਆਨੇ ਮਣ ਮਿਲਦੀ ਸੀ। ਇਕ ਮਝ ਤੇ ਉਸਦੀ ਹੋਣਹਾਰ ਕਟੀ ੩੫੦ ਰੁਪਏ ਵਿਚ ਖਰੀਦੀ ਗੁਰੂ ਜੀ ਨੇ ਮੁਕਤਸਰ ਤੋਂ। ਵੇਖਣ ਸੁਣਨ ਵਾਲੇ ਕਹਿੰਦੇ ਸਨ ਮਝ ਖਰੀਦੀ ਹੈ ਕਿ ਹਾਥੀ? ਵਪਾਰੀ ਨੇ ਉਸ ਵੇਲੇ ਉਸਦਾ ਦੋ ਵੇਲੇ ਦਾ ਸਾਰਾ ਦੁਧ ੨੫ ਸੇਰ ਤੋਲ ਕੇ ਦਿਤਾ ਸੀ। ਪਰ ਭੈਣੀ ਸਾਹਿਬ ਆਕੇ ਓਹ ੨੨ ਸੇਰ ਤੋਂ ਉਤੇ ਨਹੀਂ ਵਧੀ। ਮਝਾਂ ਉਤੇ ਹੋਰ ਵੀ ਰੀਸਰਚ ਸਤਿਗੁਰੂ ਜੀ ਨੇ ਕੀਤੀ ਪਰ ਭਾਗ ਦਾ ਰੀਕਾਰਡ ਕਿਸੇ ਨੇ ਨਹੀਂ ਸੀ ਤੋੜਿਆ। ਅੰਤ ਵਿਚ ਸਤਿਗੁਰੂ ਜੀ ਨੂੰ ਮਝਾਂ ਦੀ ਲਗਨ ਨੇ ਨਿਰਾਸ ਹੀ ਕੀਤਾ। ਮਝ ਦਾ ਨਾਮ ਭਾਗ ਸੀ। ਓਸ ਨੇ ਇਨਾਮ ਤਾਂ ਬਹੁਤ ਜਿਤੇ ਪਰ ਦੁਧ ਨਾ ਵਧੀ।

ਗਾਈਆਂ ਦੀ ਦੁਧ ਘੀ ਦੀ ਸਮਰਥਾ ਬੇਅੰਤ ਹੈ। ਜਿਸਦਾ ਸਤਿਗੁਰੂ ਜੀ ਨੇ ਗੁਰੂ ਸਰਵਾਲੀ ਗਾਂ ਤੋਂ ਹੀ ਅੰਦਾਜ਼ਾ ਲਾ ਲਿਆ ਸੀ।

ਆਲ ਇੰਡੀਆ ਕੇਟਲ ਸ਼ੋ ਵਿਚ ਸਤਿਗੁਰੂ ਜੀ ਦੀਆਂ ਸਾਰੀਆਂ ਗਾਈਆਂ ਹੀ ਅਵਲ ਤੇ ਦੋਮ ਦੇ ਸਾਰੇ ਇਨਾਮ ਜਿਤ ਲੈਂਦੀਆਂ ਸਨ। ਪ੍ਰਾਈਵੇਟ ਤੇ ਸਰਕਾਰੀ ਫਾਰਮਾਂ ਨੂੰ ਰਹਿੰਦੇ ਖੂਹਦੇ ਹੀ ਹਥ ਔਂਦੇਸੀ। ਸਰਕਾਰੀ ਅਫਸਰਾਂ ਨੇ ਏਸਨੂੰ ਆਪਣੀ ਬੇ-ਇਜਤੀ ਸਮਝਿਆ। ਅਤੇ ਇਕ ਸਾਜ਼ਸ ਰਚਕੇ ਗਲਤ ਢੰਗ ਨਾਲ ਗਲਤ ਪਸ਼ੂਆਂ ਨੂੰ ਇਨਾਮ ਦੇ ਦਿਤੇ। ਸਤਿਗੁਰੂ ਜੀ ਨੇ ਕੇਟਲ ਸ਼ੋਆਂ ਦਾ ਬਾਈਕਾਟ ਕਰ ਦਿਤਾ। ਦੋ ਸਾਲ ਜਦੋਂ ਸਤਿਗੁਰੂ ਜੀ ਦੇ ਪਸ਼ੂ ਨਾਂ ਗਏ ਤਾਂ ਸਾਰੇ ਹਿੰਦੋਸਤਾਨ ਵਿਚ ਹਲ ਮਚ ਗਈ। ਆਖਰ ਮਨ ਚਲੇ ਅਫਸਰਾਂ ਨੂੰ ਝੁਕਣਾ ਪਿਆ ਅਤੇ ਸਤਿਗੁਰੂ ਜੀ ਨੇ ਅਪਣੇ ਆਪ

ਹੀ ਇਕ ਬੇ-ਹਦ ਖੂਬਸੂਰਤ ਸੁਨਹਿਰੀ ਫੈਸਲਾ ਕਰ ਦਿਤਾ । ਸਾਡੇ ਫਾਰਮ ਦੇ ਪਸ਼ੂਆਂ ਨੂੰ,ਗਾਈਆਂ ਮਝਾਂ ਨੂੰ ਸਰਟੀਫੀਕੇਟ ਤਾਂ ਓਹੋ ਦਿਤਾ ਜਾਵੇ ਜਿਸਦੇ ਓਹ ਹਕਦਾਰ ਹਨ। ਅਤੇ ਏਹਨਾਂ ਇਨਾਮਾਂ ਦੇ ਪੈਸੇ ਜੋ ਹਜਾਰਾਂ ਰੁਪਏ ਬਨਦੇ ਹਨ। ਤੀਸਰੇ ਚੌਥੇ ਦਰਜੇ ਦੇ ਪਸ਼ੂ ਮਾਲਕਾਂ ਵਿਚ ਵੰਡ ਦਿਤੇ ਜਾਣ। ਏਸ ਫੈਸਲੇ ਨਾਲ ਸਾਰੇ ਮੇਲੇ ਵਿਚ ਲਹਿਰ ਬਹਿਰ ਹੋ ਗਈ । ਸਾਰੇ ਅਫਸਰ ਤੇ ਪੇਂਡੂ ਲੋਕ ਖੁਸ਼ ਹੋ ਗਏ । ਸਾਰੇ ਹਿੰਦੁਸਤਾਨ ਵਿਚ ਹੀ ਏਸ ਫਰਾਖ ਦਿਲੀ ਦੀ ਬੇ-ਹਦ ਚਰਚਾ ਹੋਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਰਖ ਸ਼ਕਤੀ ਏਨੀ ਮਹਾਨ ਸੀ ਕਿ ਇਕ ਗਊ ਹਟਿ–ਆਣਾ ਨਸਲ ਦੀ ਜੋ ਆਲਇੰਡੀਆ ਕੈਟਲ ਸ਼ੋ ਹਿਸਾਰ ਵਿਚ ਇਨਾਮੀ ਮੁਕਾਬਲੇ ਵਿਚ ਹਿਸਾ ਲੈਣ ਆਈ ਸੀ। ਸਤਿਗੁਰੂ ਜੀ ਨੇ ਤਿੰਨ ਹਜ਼ਾਰ ਰੁਪਏ ਵਿਚ ਖਰੀਦ ਲਈ। ਓਸ ਵੇਲੇ ਤਿੰਨ ਹਜਾਰ ਦਾ ਮੁਲ ਅਜ ਦੇ ੧੫ ਹਜਾਰ ਰੁਪਏ ਤੋਂ ਵੀ ਵਧ ਸੀ। ਹਿਸਾਰ ਦੀ ਓਸ ਕੈਟਲ ਸ਼ੋ ਦੇ ਜਿਨੇ ਵੀ ਇਨਾਮ ਸਨ, ਸਾਰੇ ਹੀ ਓਸ ਗਾਂ ਨੂੰ ਮਿਲ ਗਏ। ਖੂਬ ਸੂਰਤੀ ਦਾ ਇਨਾਮ ਚੁਆਈ ਦਾ ਇਨਾਮ ਦੁਧ ਦਾ ਇਨਾਮ ਰੰਗ ਦਾ ਇਨਾਮ ਜੁਆਨੀ ਦਾ ਇਨਾਮ ਵਛੀ ਦਾ ਇਨਾਮ ਏਹ ਸਾਰੇ ਹੀ ਗਰੇਡ ਦੇ ਇਨਾਮ ਸਨ ਜੋ ਓਸ ਗਾਂ ਨੂੰ ਮਿਲੇ ਜਿਨਾਂ ਦੀ ਕੁਲ ਰਾਸ਼ੀ ਸ਼ੱਤ ਹਜਾਰ ਰੁਪਏ ਬਣਦੀ ਸੀ। ਹਿਸਾਰ ਦੇ ਸਾਰੇ ਅਫਸਰਾਂ ਦੀ ਨਿਗਾਹ ਵਿਚ ਸੀ ਓਹ ਗਾਂ । ਸਾਰਿਆਂ ਨੇ ਓਸ ਆਦਮੀ ਨੂੰ ਬੁਰਾ ਭਲਾ ਕਿਹਾ ਗਾਂ ਵੇਚਣ ਉਤੇ। ਏਹਨਾਂ ਇਨਾਮਾਂ ਵਿਚੋਂ ਸਤਿਗੁਰੂ ਜੀ ਨੇ ਓਸਨੂੰ ਕਾਫੀ ਰੁਪਏ ਹੋਰ ਦੇਕੇ ਖੁਸ਼ ਕਰ ਦਿਤਾ ! ਏਹ ਸੀ ਸਤਿਗੁਰੂ ਜੀ ਦੀ ਗ੍ਰੀਬ ਨਿਵਾਜੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਘੋੜਿਆਂ ਦੇ ਵੀ ਅਵਲ ਦਰਜੇ ਦੇ ਮਾਹਰ ਹਨ। ਵਧੀਆ ਤੋਂ ਵਧੀਆ ਘੋੜਾ ਓਹਨਾਂ ਦੇ ਅਸਤਬਲ ਵਿਚ ਸੀ। ਇਕ ਵਾਰ ਲਾਹੌਰ ਜਿਮਖਾਨੇ ਦੀਆਂ ਅਠ ਦੌੜਾਂ ਹੋਈਆਂ ਤੇ ਸ੍ਰ. ਭਗਤ ਸਿੰਘ ਨੇ ਅਠੇ ਹੀ ਜਿਤ ਲਈਆਂ। ਲਾਹੌਰ ਓਸ ਵੇਲੇ ਸਾਰੇ ਹਿੰਦੋਸਤਾਨ ਦਾ ਹੈਡ ਸੀ। ਦਿਲੀ ਤਾਂ ਓਸ ਵੇਲੇ ਲਾਹੌਰ ਦੀ ਚਰਨ ਧੂੜ ਨੂੰ ਵੀ ਨਹੀਂ ਸੀ ਪਹੁੰਚਦੀ। ਏਸ ਜਿਤ ਤੋਂ ਸਾਰੇ ਅੰਗ੍ਰੇਜ ਰਾਜੇ ਮਹਾਰਾਜੇ ਤੇ ਸਰਕਾਰ ਹੈਰਾਨ ਰਹਿ ਗਏ। ਹਰ ਥਾਂ ਉਤੇ ਸ੍ਰ. ਭਗਤ ਸਿੰਘ ਦੀ ਚਰਚਾ ਸੀ। ਹਰ ਆਦਮੀ ਚਹੁੰਦਾ ਸੀ ਸਤਿਗੁਰੂ ਜੀ ਦਾ ਜਾਕੀ ਸ੍ਰ. ਭਗਤ ਸਿੰਘ ਉਸਦੇ ਘੋੜੇ ਨੂੰ ਦੌੜਾਏ। ਜਦੋਂ ਕਿ ਇਕ ਜੇਤੂ ਦੌੜ ਦੀ ਫੀਸ ਇਕ ਸੌ ਰੁਪਏ ਜੋ ਚਾਂਦੀ ਦੇ ਹੁੰਦੇ ਸਨ ਮਿਲਦੀ ਸੀ। ਪਰ ਸ੍ਰੀ ਸਤਿ-ਗੁਰੂ ਜੀ ਦੇ ਹੁਕਮ ਤੋਂ ਬਿਨਾਂ ਸ੍ਰ. ਭਗਤ ਸਿੰਘ ਏਹਨਾਂ ਰੁਪੈਆਂ ਵਲ ਵੇਖਦਾ ਵੀ ਨਹੀਂ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਘੋੜਿਆਂ ਦੇ ਸ਼ਾਹ ਸਵਾਰ ਸਨ। ਕਹਿੰਦੇ ਕਹੌਂਦੇ ਘੋੜੇ ਦੀ ਲੱਤਾਂ ਨਾਲ ਘੁਟਕੇ ਹੀ ਲਿਦ ਕੱਢ ਦਿੰਦੇ ਸਨ। ਇਕ ਹੋਣ ਹਾਰ ਵਛੇਰਾ ਜਿਸਨੂੰ ਇਕ ਸੇਰ ਪੱਕਾ ਮਖਣ ਰੋਜਾਨਾ ਸਾਲ ਭਰ ਦਿਤਾ ਗਿਆ ਸੀ। ਉਸ ਉਤੇ ਕਾਠੀ ਕਸ ਦਿਤੀ ਗਈ। ਬਹੁਤ ਹੀ ਅਥਰਾ ਵਛੇਰਾ ਸੀ ਏਹ ਮਕਦੂਨੀਆਂ ਦੇ ਘੋੜੇ ਵਾਂਗ ਕਿਸੇ ਵੀ ਸਵਾਰ ਨੂੰ ਨੇੜੇ ਨਹੀਂ ਸੀ ਔਣ ਦਿੰਦਾ। ਕਰੜਾ ਲਗਾਮ ਦੇਕੇ ਦੋਹ ਆਦਮੀਆਂ ਨੇ ਦੋਹਾਂ ਪਾਸਿਆਂ ਤੋਂ ਵਾਗਾਂ ਖਿਚਕੇ ਸਤਿਗੁਰੂ ਜੀ ਦੇ ਪੇਸ਼ ਕਰ ਦਿਤਾ। ਤਬੇਲਾ ਓਸ ਵੇਲੇ ਬਹੁਤ ਲੰਬਾ ਤੇ ਉਚਾ ਹੁੰਦਾ ਸੀ। ਸਤਿਗੁਰੂ ਜੀ ਵੀ ਪੂਰੇ ਜੁਆਨ ਸਨ ਉਸ ਵੇਲੇ। ਸੰਭਲਕੇ ਛਾਲ ਮਾਰ ਘੋੜੇ ਦੀ ਪਿਠ ਉਤੇ ਜਾ ਬੈਠੇ। ਸਾਈਸਾਂ ਨੇ ਵਾਗਾਂ ਛਡ ਦਿਤੀਆਂ। ਘੋੜਾ ਤੇਜੀ ਨਾਲ ਕਈ ਪਲਾਘਾਂ ਪੁਟਕੇ ਏਨਾਂ ਉਛਲਿਆ ਕਿ ਮੈਨੂੰ ਤਬੇਲੇ ਉਤੇ ਜੰਮੇ ਮਕਈ ਦੇ ਬੂਟੇ ਦਿਸ ਪਏ। ਪੂਰੀ ਉਚਾਈ ਤੇ ਜਾਕੇ ਉਸਨੇ ਪਿੰਡਾ ਝਟਕਿਆ ਮੈਨੂੰ ਡੇਗਣ ਵਾਸਤੇ ਮੈਂ ਪੂਰੀਤਰਾਂ ਤਿਆਰ ਸਾਂ। ਘੋੜੇ ਨੂੰ ਲਤਾਂ ਨਾਲ ਜੋਰ ਦੀ ਘੁਟ ਲਿਆ। ਘੋੜੇ ਨੇ ਦੂਸਰੀ ਛਾਲ ਫੇਰ ਚੁਕੀ ਅਤੇ ਤੀਸਰੀ ਛਾਲ ਮਾਰਕੇ ਬਿਲਕੁਲ ਸ਼ਾਂਤ ਹੋ ਗਿਆ। ਸਾਰੀ ਮਸਤੀ ਚੂਰ ਚੂਰ ਹੋ ਗਈ ਵਛੇਰੇ ਦੀ ਅਤੇ

Namdhari Elibrary NamdhariElibrary@gmail.com

ਮੇਰੇ ਹੁਕਮ ਦਾ ਗੁਲਾਮ ਬਣ ਗਿਆ। ਇਹ ਵਾਰਤਾ ਵੀ ਮੈਨੂੰ ਸ੍ਰੀ ਸਤਿਗੁਰੂ ਜੀ ਨੇ ਆਪ ਹੀ ਆਪਣੀ ਰਸਨਾ ਦੁਆਰਾ ਸੁਣਾਈ ਸੀ।

ਸ੍ਰੀ ਸਤਿਗੁਰੂ ਜੀ ਚਾਹੁੰਦੇ ਸਨ ਸਾਰੇ ਪੰਜਾਬ ਵਿਚ ਜੋ ਉਸ ਵੇਲੇ ਦਿਲੀ ਤਕ ਫੈਲਿਆ ਹੋਇਆ ਸੀ ਹਰ ਪਿੰਡ ਹਰ ਘਰ ਵਿਚ ਸਾਡੇ ਫਾਰਮ ਵਰਗੀਆਂ ਗਾਈਆਂ ਹੋਣ। ਉਹ ਚਾਹੁੰਦੇ ਸਨ ਹਰ ਇਕ ਪਿੰਡ ਨੂੰ ਵਧੀਆ ਗੋਕਾ ਸਾਨ ਦਿਤਾ ਜਾਵੇ। ਅਤੇ ਘਟੀਆ ਕਿਸਮ ਦੇ ਸਾਨਾਂ ਨੂੰ ਅਲ-ਵਿਦਾ ਕਹਿ ਦਿਤੀ ਜਾਵੇ। ਉਸ ਵੇਲੇ ਗੋਰੇਂ ਦਾ ਜਮਾਨਾਂ ਸੀ। ਅਜੇਹੇ ਪਵਿਤ੍ਰ ਕੰਮਾਂ ਵਾਸਤੇ ਕਿਸਨੂੰ ਵਿਹਲ ਸੀ। ਸਰਕਾਰ ਦੀ ਮਦਦ ਤੋਂ ਬਿਨਾਂ ਇਹ ਸਕੀਮ ਸਿਰੇ ਨਹੀਂ ਸੀ ਚੜ੍ਹ ਸਕਦੀ ਅਤੇ ਸਰਕਾਰ ਨੂੰ ਕੁਰਸੀ ਯੁਧ ਤੋਂ ਹੀ ਵਿਹਲ ਨਹੀਂ ਸੀ ਮਿਲਦੀ ਜਿਸ ਕਰਕੇ ਇਹ ਸਕੀਮ ਵੀ ਸਿਰੇ ਨਹੀਂ ਚੜ੍ਹ ਸਕੀ ਹਾਂ ਸਤਿਗੁਰੂ ਜੀ ਨੇ ਆਪਣੇ ਪਿੰਡਾਂ ਵਿਚ ਏਸਦਾ ਵਿਸਥਾਰ ਜਰੂਰ ਕਰ ਦਿਤਾ ਸੀ। ਜੋ ਅਜ ਵੀ ਚਲ ਰਿਹਾ ਹੈ।

ਅਟੱਲ ਪ੍ਰਤਾਪੀ ਸਤਿਗੁਰੂ ਦਾ ਪਿਆਰ ਮੰਗਿਆ

ਨਿਰੰਜਨ ਸਿੰਘ "ਤਾਂਘੀ

ਕਿਸੇ ਮੰਗੀ ਏ ਧਰਤ ਦੀ ਬਾਦਸ਼ਾਹੀ, ਅਮਰ ਵਸਣਾ ਵਿਚ ਸੰਸਾਰ ਮੰਗਿਆ।
ਕਿਸੇ ਸਿਦਕੀ ਨੇ ਭੁਖ ਹੜਤਾਲ ਮੰਗੀ, ਛੱਤੀ ਕਿਸਮ ਦਾ ਕਿਸੇ ਅਹਾਰ ਮੰਗਿਆ।
ਕਿਸੇ ਮੰਗਿਆ ਥਾਨ ਪ੍ਰਸਤ ਰਹਿਣਾ, ਕਿਸੇ ਵਸਣਾ ਸਦਰ ਬਾਜ਼ਾਰ ਮੰਗਿਆ।
ਕਿਸੇ ਦੁਧ ਮੰਗਿਆ ਕਿਸੇ ਪੁਤ ਮੰਗਿਆ, ਕਿਸੇ ਦਿਲਬਰ ਨੂੰ ਕਰਨਾ ਪਿਆਰ ਮੰਗਿਆ।
ਕਿਸੇ ਇਜਤ ਇਤਫਾਕ ਆਬਰੂ ਮੰਗੀ,
ਕਿਸੇ ਜਾਣਾ ਸਮੁੰਦਰੋਂ ਪਾਰ ਮੰਗਿਆ।
ਕਿਸੇ ਇਲਮ ਈਮਾਨ ਗਿਆਨ ਮੰਗਿਆ,
ਕਿਸੇ ਮੋਤੀਆਂ ਦਾ ਪੌਣਾ ਹਾਰ ਮੰਗਿਆ।
ਕਿਸੇ ਮੋਟਰਾਂ ਏਅਰਪੋਲੇਨ ਮੰਗੇ
ਕਿਸੇ ਅਸਪ ਦਾ ਹੋਣਾ ਸਵਾਰ ਮੰਗਿਆ।
ਸੜਨਾ ਸ਼ਮਾਂ ਤੋਂ ਮੰਗਿਆ ਪ੍ਰਵਾਨਿਆਂ ਨੇ,
ਪਾਣੀ ਮਛੀਆਂ ਨੇ ਠੰਡਾ ਠਾਰ ਮੰਗਿਆ।
ਤਾਂਘੀ ਮੰਗਿਆ ਤੇ ਬਸ ਇਹੋ ਮੰਗਿਆ
ਅਟਲ ਪ੍ਰਤਾਪੀ ਸਤਿਗੁਰੂ ਦਾ ਪਿਆਰ ਮੰਗਿਆ।

Namdhari Elibrary NamdhariElibrary@gmail.com

ਸਤਿਗੁਰੂ ਪ੍ਰਤਾਪ ਸਿੰਘ ਅਤੇ ਸਿਖ ਸਮਾਜ ਸੁਧਾਰ

ਦੇਵਿੰਦਰ ਸਿੰਘ ਗਿਲ(ਜੀਆ ਨੱਥਾ)

ਸ੍ਰ. ਦੇਵਿੰਦ੍ਰ ਸਿੰਘ ਇਕ ਸਹਿਜਧਾਰੀ ਸਿਖ ਹਨ ਪਰ ਸ੍ਰੀ ਸਨਖਤ੍ਰਾ ਜੀ ਦੀ ਸੰਗਤ ਨੇ ਇਸਦੇ ਅੰਦਰ ਨਾਮਧਾਰੀ ਲਗਨ ਪੈਦਾ ਕਰ ਦਿਤੀ। ਅਜ ਏਹ ਦੇਵਿੰਦ੍ਰ ਸਿੰਘ ਥੋੜੇ ਹੀ ਅਰਸੇ ਵਿਚ ਨਾਮਧਾਰੀ ਪੰਥ ਬਾਰੇ ਹੀ ਨਹੀਂ ਸਗੋਂ ਸਮੁਚੇ ਸਿਖ ਪੰਥ ਬਾਰੇ ਜੋ ਇਤਹਾਸ ਦੀ ਖੋਜ ਕਰ ਚੁਕਾ ਹੈ, ਉਹ ਇਸਦੇ ਲੇਖਾਂ ਤੋਂ ਹੀ ਪਤਾ ਚਲ ਜਾਂਦਾ ਹੈ।

ਇਸ ਲੇਖ ਵਿਚ ਇਸਨੇ ਜੋ ਸਮਗ੍ਰੀ ਇਕਤ੍ਰ ਕਰਕੇ ਆਪਣੀ ਖੋਜ ਦਾ ਸਬੂਤ ਦਿਤਾ ਹੈ ਉਹ ਸ਼ਲਾਘਾ ਯੋਗ ਹੈ। ਉਮੀਦ ਹੈ ਕਿ ਔਣ ਵਾਲੇ ਭਵਿਖ ਵਿਚ ਇਹ ਅਜੇ ਹੋਰ ਵੀ ਇਸਤੋਂ ਉਚੀਆਂ ਉਡਾਣਾਂ ਭਰੇਗਾ। ਜੌਹਲ

ਹਰ ਮਜ਼ਹਬੀ ਆਗੂ ਅਰਥਾਤ ਗੁਰੂ ਅਧਿਆਤਮਿਕ ਉਪਦੇਸ਼ ਦਾਤਾ ਤੋਂ ਇਲਾਵਾ ਸਮਾਜ ਸੁਧਾਰਕ ਵੀ ਹੁੰਦਾ ਹੈ। ਉਹ ਸਮਾਜ ਨੂੰ ਕੁਰੀਤੀਆਂ ਦੀ ਦਲਦਲ ਵਿਚੋਂ ਕਢਦਾ ਹੈ। ਉਸਦੇ ਅਤੀਤ ਤੇ ਵਰਤਮਾਨ ਨੂੰ ਸਾਹਮਣੇ ਰਖਕੇ ਆਪਣੀ ਕੌਮ ਦੇ ਭਵਿਖ ਬਾਰੇ ਸੋਚਦਾ ਹੈ। ਉਸਦੇ ਉਪਦੇਸ਼ ਕਈ ਵਾਰ ਸਮਾਜ ਦੇ ਠੇਕੇਦਾਰਾਂ ਨੂੰ ਮਾੜੇ ਦਿਖਾਈ ਦੇਂਦੇ ਹਨ। ਤੇ ਉਹ ਉਸ ਦਾ ਵਿਰੋਧ ਵੀ ਕਰਦੇ ਹਨ। ਉਸਦੇਖਿਲਾਫ ਜਹਾਦ ਦਾ ਨਾਅਰਾ ਵੀ ਬੁਲੰਦ ਕਰਦੇ ਹਨ, ਉਸਨੂੰ ਜਹਿਰ ਪੀਣ ਨੂੰ ਦੇਂਦੇ ਹਨ, ਤਸਮਕਸੀ ਦੀ ਸਜਾ ਦੇਂਦੇ ਹਨ, ਉਸਨੂੰ ਸੰਗਸਾਰ ਕਰਦੇ ਹਨ ਉਸਨੂੰ ਉਬਲਦੇ ਪਾਣੀ ਦੀਆਂ ਦੇਗਾਂ ਵਿਚ ਉਬਾਲਦੇ, ਤੱਤੀਆਂ ਤਵੀਆਂ ਤੇ ਬਿਠਾਕੇ ਸਰੀਰ ਤੇ ਸੜਦੀ ਰੇਤ ਵੀ ਪਾਉਂਦੇ ਹਨ ਜਾਂ ਫਿਰ ਸ਼ਰੇ ਬਾਜ਼ਾਰ ਸੀਸ ਕਲਮ ਕੀਤਾ ਜਾਂਦਾ ਹੈ, ਪ੍ਰੰਤੂ ਉਹ ਸਚੇ ਰਹਿਬਰ, ਕੌਮ ਦੀ ਬੇੜੀ ਦੇ ਮਲਾਹ ਇਹ ਸਭ ਕੁਝ ਠੰਢੇ ਦਿਲ ਸ਼ਾਂਤ ਚਿਤ ਤੇ ਫਿਰ ਪ੍ਰਭੂ ਦਾ ਭਾਣਾ ਮੰਨਦੇ ਹੋਇਆਂ ਤੇਰਾ ਕੀਆ ਮੀਠਾ ਲਾਗੈ ਨੂੰ ਅਲਾਪਦੇ ਹੋਏ ਸਚੇ ਮਾਰਗ ਤੇ ਅਗਾਂਹ ਹੀ ਵਧਦੇ ਜਾਂਦੇ ਹਨ।

ਉਹਨਾਂ ਰਹਿਬਰਾਂ ਦੀ ਕਤਾਰ ਵਿਚ ਨਾਮਧਾਰੀ ਪੰਥ ਅਨੁਸਾਰ ਗੁਰੂ ਨਾਨਕ ਦੀ ਬਾਰ੍ਹਵੀਂ ਜੋਤ ਗੁਰੂ ਰਾਮ ਸਿੰਘ ਜੀ ਸਨ ਜਿਹਨਾਂ ਦੀ ਸਖਸ਼ੀਅਤ ਅਤੇ ਫਿਲਾਸਫੀ ਨੂੰ ਸਮੇਂ ਦੀ ਹਕੂਮਤ ਧਰਮ ਦੇ ਠੇਕੇਦਾਰਾਂ ਤੇ ਸਮਾਜ ਦੇ ਚੌਧਰੀਆਂ ਨੇ ਨੇਸਤੋ ਨਾਬੂਦ ਕਰਨਾ ਚਾਹਿਆ ਪਰ ਉਹ ਸਚ ਦੇ ਪਹਿਰੇਦਾਰ ਹੋ ਨਿਬੜੇ। ਜਦ ਆਪ ਜੀ ਨੇ ੧੮੫੭ ਈਸਵੀ ਦੇ ਵਿਸਾਖੀ ਦੇ ਦਿਹਾੜੇ ਸੰਤ ਖਾਲਸਾ ਦੀ ਸਾਜਨਾ ਕੀਤੀ ਸਮਾਜ ਅਧੋਗਤੀ ਦੀ ਖੱਡ ਵਿਚ ਡਿਗਿਆ ਹੋਇਆ ਸੀ। ਗਊ ਗਰੀਬ ਦੀ ਕੋਈ ਪੁਛ ਪ੍ਰਤੀਤ ਨਹੀਂ ਸੀ,ਸਮਾਜ ਵਿਚ ਬਾਲ ਵਿਆਹ ਕੁੜੀ ਵੇਚਣੀ ਸਤੀ ਪ੍ਰਥਾ ਅਤੇ ਜੰਮਦਿਆਂ ਕੁੜੀ ਮਾਰਨ, ਦੀਆਂ ਕੋਝੀਆਂ,ਕੁਰੀਤੀਆਂ ਪੈਦਾ ਹੋ ਗਈਆਂ ਸਨ। ਇਥੇ ਹੀ ਬਸ ਨਹੀਂ, ਸਿਖ ਸ੍ਰਦਾਰ ਤੇ ਹੋਰ ਜਨਤਾ ਵੇਸਵਾ ਨਾਚ ਮੁਜਰੇ ਦੇਖਣ ਦੀ ਸ਼ੌਕੀਨ ਅਤੇ ਸ਼ਰਾਬ ਮਾਸ ਚੋਰੀ ਤੇ ਯਾਰੀ ਦੀ ਆਦੀ ਹੋ ਗਈ। ਜਿਹਨਾਂ ਕੁਰੀਤੀਆਂ ਤੋਂ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਨੂੰ ਰਾਹਤ ਦਿਤੀ ਸੀ, ਉਸ ਦਲਦਲ ਵਿਚ ਹੀ ਸਿਖ ਸਮਾਜ ਮੁੜ ਜਾ ਫਸਿਆ।

ਗੁਰੂ ਰਾਮ ਸਿੰਘ ਜੀ ਨੇ ਪੰਜਾਬੀਆਂ ਵਿਚ ਜਾਗ੍ਰਤੀ ਲਿਆਉਣ ਲਈ ਵਖ ਵਖ ਇਲਾਕਿਆਂ ਦੇ ਦੌਰੇ ਕੀਤੇ ਤੇ ਉਹਨਾਂ ਨੂੰ ਲਾਮਬੰਦ ਕੀਤਾ। ਉਹਨਾਂ ਨੂੰ ਭਰਾਤਰੀ ਭਾਵ ਦਾ ਸਬਕ ਸਿਖਾਇਆ

Namdhari Elibrary NamdhariElibrary@gmail.com

ਬਸੰਤ ਸਮਾਰੋਹ ਯੂਨੀਵਰਸਿਟੀ ਹਾਲ ਲਾਹੌਰ

ਸੋਫਾ ਸੈਟ ਤੇ ਬੈਠੇ-੧. ਗਿਆਨੀ ਤੇਜਾ ਸਿੰਘ ਜੀ ਨਿਰਮਲੇ ੨. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ੩. ਭਾਈ ਪਰਮਾ ਨੰਦ ਜੀ ਐਮ. ਐਲ. ਏ. ੪. ਦੀਵਾਨ ਬਹਾਦਰ ਐਸ. ਪੀ. ਸਿੰਘਾ ਰਜਿਸਟਰਾਰ ਪੰਜਾਬ ਯੂਨੀਵਰਸਿਟੀ

੫ ਅਖਬਾਰ ਪੜਦੀ ਹੋਈ ਮਿਸ ਬੰਬਾ(ਮਹਾਰਾਜਾ ਦਲੀਪ ਸਿੰਘ ਦੀ ਪੁਤ੍ਰੀ) ਪਿਛੇ ਖੜੋਤੇ ਖਬੇ ਤੋਂ ਸਜੇ ੧. ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ ੨. ਸ੍ਰੀ ਰਨਬੀਰ ਜੀ ਮਿਲਾਪ ਅਖਬਾਰ ੩, ਸ੍ਰ. ਦਇਆ ਸਿੰਘ ਜੀ ੪. ਕਰਤਾਰ ਸਿੰਘ ਜੀ ਲਾਹੌਰ

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਤੇ ਲੋਕਾਈ ਨੂੰ ਹਕੂਮਤ ਦੀ ਫੁਟ ਪਾਓ ਤੇ ਰਾਜ ਕਰੋ" ਦੀ ਨੀਤੀ ਤੋਂ ਸੁਚੇਤ ਕੀਤਾ। ਉਹਨਾਂ ਨੇ ਨਾਮਧਾਰੀਆਂ ਨੂੰ ਬਾਲ ਵਿਆਹ ਤੇ ਕੁੜੀ ਮਾਰਨ ਵਟਾ ਕਰਨ ਵਿਰੁਧ ਸਖਤ ਤਾੜਨਾ ਕੀਤੀ। ਇਥੇ ਹੀ ਬਸ ਨਹੀਂ, ਆਪ ਜੀ ਨੇ ਸਮੁਚੇ ਪੰਜਾਬ ਵਿਚ ਗੁਰਮਤ ਦਾ ਪ੍ਰਚਾਰ ਕਰਕੇ ਸਤਿਜੁਗ ਵਰਤਾ ਦਿਤਾ ਉਹਨਾਂ ਨੇ ਸਿਖਾਂ ਵਿਚ ਗੁਰਮਤਿ ਅਨੁਸਾਰ ਅਨੰਦ ਕਾਰਜ ਦੀ ਰੀਤ ਵੀ ਚਾਲੂ ਕੀਤੀ ਅਤੇ ਇਸਦਾ ਸੁਭ ਆਰੰਭ ਪਿੰਡ ਖੋਟੇ ਜ਼ਿਲਾ ਫਿਰੋਜਪੁਰ ਤੋਂ ਸੰਨ ੧੮੬੩ ਨੂੰ ਸ਼ੁਰੂ ਕੀਤਾ। ਉਹਨਾਂ ਦੇ ਧੂੰਆਂਧਾਰ ਪ੍ਰਚਾਰ ਤੋਂ ਧਰਮ ਦੇ ਠੇਕੇਦਾਰ ਘਬਰਾ ਉਠੇ ਤੇ ਸਮੇਂ ਦੀ ਹਕੂਮਤ ਨੂੰ ਉਹਨਾਂ ਦੇ ਧਰਮ ਪ੍ਰਚਾਰ ਚੋਂ ਬਗਾਵਤ ਦੀ ਬੋ ਆਉਣ ਲਗੀ। ਹਕੂਮਤ ਉਹਨਾਂ ਦੀਆਂ ਗਤੀ ਵਿਧੀਆਂ ਤੇ ਨਜ਼ਰ ਰਖਣ ਲਗੀ। ਉਧਰ ਨਾਮਧਾਰੀ ਲਹਿਰ ਆਪਣੇ ਪ੍ਰਚੰਡ ਰੂਪ ਵਿਚ ਪ੍ਰਤਖ ਹੋ ਗਈ ਸੀ। ਨਾਮਧਾਰੀ ਜਿੰਨੀ ਛੇਤੀ ਹੋ ਸਕੇ ਬਿਦੇਸ਼ੀ ਹਕੂਮਤ ਤੋਂ ਭਾਰਤ ਨੂੰ ਆਜ਼ਾਦ ਕਰਵਾਉਣਾ ਚਾਹੁੰਦੇ ਸਨ। ਨਤੀਜੇ ਵਜੋਂ ਅੰਮ੍ਰਿਤ-ਸਰ ਰਾਏਕੋਟ ਤੇ ਮਲੇਰ ਕੋਟਲੇ ਦੇ ਸਾਕੇ ਵਾਪਰ ਗਏ ਕਿਉਂਕਿ ਹਕੂਮਤ ਦੇ ਇਸ਼ਾਰੇ ਤੇ ਸਿਖਾਂ ਦੇ ਧਾਰਮਿਕ ਅਸਥਾਨਾਂ ਦੇ ਨੇੜੇ ਮੁਸਲਮਾਨ ਬੁਚੜਾਂ ਨੇ ਗਊ ਵਧ ਕਰਨਾ ਸ਼ੁਰੂ ਕਰ ਦਿਤਾ ਸੀ। ਨਾਮਧਾਰੀਆਂ ਨੇ ਉਹਨਾਂ ਬੁਚੜਾਂ ਨੂੰ ਕਤਲ ਕਰ ਦਿਤਾ। ਜਦੋਂ ੧੮੭੨ ਈਸਵੀ ਵਿਚ ਨਾਮਧਾ-ਰੀਆਂ ਨੇ ਮਲੇਰ ਕੋਟਲੇ ਵਿਖੇ ਬੁਚੜਾਂ ਨੂੰ ਸੋਧਿਆ ਤਾਂ ਅੰਗਰੇਜ ਹਕੂਮਤ ਹਰਕਤ ਵਿਚ ਆ ਗਈ ਤਾਂ ਨਤੀਜੇ ਵਜੋਂ ੬੬ ਕੂਕਿਆਂ ਨੂੰ ਤੋਪਾਂ ਅਗੇ ਖੜੇ ਕਰਕੇ ਸ਼ਹੀਦ ਕਰ ਦਿਤਾ ਅਤੇ ਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿਤਾ।

ਉਹਨਾਂ ਤੋਂ ਪਿਛੋਂ ਨਾਮਧਾਰੀ ਪੰਥ ਦੀ ਵਾਗ-ਡੋਰ ਸਤਿਗੁਰੂ ਹਰੀ ਸਿੰਘ ਜੀ ਨੇ ਸੰਭਾਲੀ ਉਸ ਸਮੇਂ ਨਾਮਧਾਰੀਆਂ ਤੇ ਅਤਿਅੰਤ ਤਸ਼ਦਦ ਹੋਇਆ। ਨਾਮਧਾਰੀ ਪੰਜ ਤੋਂ ਵਧ ਕਿਸੇ ਜਗ੍ਹਾ ਇਕਠੇ ਨਹੀਂ ਹੋ ਸਕਦੇ ਸਨ ਅਤੇ ਉਹਨਾਂ ਨੂੰ ਰੋਜ਼ਾਨਾਂ ਆਪਣੇ ਇਲਾਕੇ ਦੇ ਥਾਣੇ ਵਿਚ ਹਾਜ਼ਰੀ ਦੇਣੀ ਪੈਂਦੀ ਸੀ। ਨਾਮਧਾਰੀ ਸ੍ਰੀ ਆਦਿ ਗਰੰਥ ਸਾਹਿਬ ਦੇ ਅਖੰਡ ਪਾਠ ਨਹੀਂ ਕਰਵਾ ਸਕਦੇ ਸਨ ਸਰਕਾਰ ਨੂੰ ਇਸ ਵਿਚ ਵੀ ਬਗਾਵਤ ਦੀ ਬੋ ਆਉਂਦੀ ਸੀ। ਪੰਥ ਦੀ ਇਹ ਦਸ਼ਾ ੧੯੦੬ ਈਸਵੀ ਤਕ ਅਜਿਹੀ ਰਹੀ ਤੇ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਇਸ ਸਾਲ ਨਾਮਧਾਰੀ ਪੰਥ ਦੇ ਵਾਰਸ ਨਿਯੁਕਤ ਹੋਏ ਤਾਂ ਉਹਨਾਂ ਦੀ ਜਦੋ ਜਹਿਦ ਸਦਕਾ ਨਾਮਧਾਰੀ ਪੰਥ ਮੁੜ ਅਪਣੇ ਪੈਰਾਂ ਤੇ ਖਲੋ ਗਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਚੰਗੀਤਰਾਂ ਜਾਣਦੇ ਸਨ ਕਿ ਨਾਮਧਾਰੀਆਂ ਦਾ ਸਮਾਜਿਕ ਪਧਰ ਉਚਾ ਕਰਨ ਲਈ ਜਰੂਰੀ ਹੈ ਕਿ ਉਹਨਾਂ ਨੂੰ ਨੈਤਿਕ ਤੇ ਆਚਰਨਿਕ ਪੱਖ ਤੋਂ ਸੁਦ੍ਰਿੜ ਕੀਤਾ ਜਾਵੇ,ਕਿਉਂਕਿ ਇਤਿਹਾਸ ਗਵਾਹ ਹੈ ਕਿ ਸਿਖ ਮਿਸਲ ਕਾਲ ਤੋਂ ਪਹਿਲਾਂ ਜਦੋਂ ਤਕ ਆਚਰਣਕ ਪੱਖ ਤੋਂ ਬਲਵਾਨ ਰਿਹਾ, ਉਸ ਸਮੇਂ ਸਿਖਾਂ ਦੀ ਬਹਾਦਰੀ ਤੇ ਆਚਰਣ ਦੀ ਸਿਫਤ ਸਾਲਾਹ ਕਾਜ਼ੀ ਨੂਰ ਮੁਹੰਮਦ ਵਰਗੇ ਕਟੜ ਮੁਸਲਮਾਨ ਆਪਣੀਆਂ ਲਿਖਤਾਂ ਵਿਚ ਕਰਦੇ ਰਹੇ ਪ੍ਰੰਤੂ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਪਿਛੋਂ ਆਮ ਸਿਖਾਂ ਦਾ ਆਚਰਣਕ ਪੱਖ ਕਮਜ਼ੋਰ ਹੋਇਆ ਤਾਂ ਸਿਖ ਰਾਜਸੀ ਤਾਕਤ ਤੋਂ ਹਥ ਧੋ ਬੈਠੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇਸ ਬਾਰੇ ਚੰਗੀਤਰ੍ਹਾਂ ਗਿਆਨ ਸੀ।

ਉਹਨਾਂ ਨੇ ਨਾਮਧਾਰੀਆਂ ਦੀ ਧਾਰਮਿਕ ਰਹਿਣੀ ਬਹਿਣੀ ਉਚੀ ਭਾਵ ਪਾਕ ਕਰਨ ਲਈ ਜੋਰ ਦਿਤਾ। ਨਾਮਧਾਰੀਆਂ ਵਿਚ ਸੁਚ ਸੋਧ ਨੂੰ ਵਿਆਪਕ ਰੂਪ ਵਿਚ ਲਾਗੂ ਕੀਤਾ। ਜੋ ਸਿਖ ਸੁਚ ਸੋਧ ਦੇ ਪਾਬੰਦ ਸਨ, ਉਹਨਾਂ ਨੂੰ ਗੁਰੂ ਦਰਬਾਰ ਚ ਵਧੇਰਾ ਆਦਰ ਸਤਿਕਾਰ ਮਿਲਣ ਲਗਾ। ਜਿਸਤੋਂ ਪ੍ਰੇਰਿਤ ਹੋਕੇ ਅਨੇਕ ਪ੍ਰਾਣੀ ਨਾਮਧਾਰੀ ਸਿਖ ਸਜਣ ਲਗੇ ਤੇ ਨਾਮ ਬਾਣੀ ਦਾ ਅਭਿਆਸ ਕਰਨ ਲਗੇ। ਹਰ ਨਾਮਧਾਰੀ ਸਿਖ ਲਈ ਅੰਮ੍ਰਿਤ ਵੇਲੇ ਉਠਕੇ ਸਣਕੇਸੀ ਰੋਜ਼ਾਨਾ ਇਸ਼ਨਾਨ ਕਰਨਾ ਲਾਜ਼ਮੀ

Namdhari Elibrary NamdhariElibrary@gmail.com

ਕੀਤਾ,ਤੇ ਇਕ ਘੰਟਾ ਨਾਮ ਜਪਣਾ ਜਰੂਰੀ ਕਰ ਦਿਤਾ। ਚਾਹੇ ਇਹ ਮਰਯਾਦਾ ਸਾਰੇ ਗੁਰੂ ਸਾਹਿਬਾਂ ਨੇ ਹੀ ਸਿਖ ਪੰਥ ਵਿਚ ਲਾਗੂ ਕੀਤੀ ਸੀ ਪਰ ਕੁਝ ਸਮੇਂ ਦੇ ਪ੍ਰਭਾਵ ਕਾਰਨ ਆਮ ਸਿਖ ਅਵੇਸਲੇ ਹੋ ਚੁਕੇ ਸਨ।

ਨਾਮਧਾਰੀਆਂ ਦੀ ਧਾਰਮਿਕ ਰਹਿਤ ਬਹਿਤ ਵਿਚ ਸੁਧਾਰ ਹੋ ਜਾਣ ਕਾਰਨ ਉਹ ਆਚਰਣਕ ਪੱਖ ਤੋਂ ਬਲਵਾਨ ਹੋ ਗਏ। ਉਹ ਸਤਿਗੁਰੂ ਅਕਾਲ ਪੁਰਖ ਨੂੰ ਹਰ ਸਮੇਂ ਆਪਣੇ ਅੰਗ ਸੰਗ ਸਮਝਣ ਲਗੇ। ਉਹਨਾਂ ਦੀ ਸੰਤ ਬਿਰਤੀ ਨੇ ਸਿਖ ਸਮਾਜ ਨੂੰ ਅਨੋਖੀ ਸੇਧ ਬਖਸ਼ੀ। ਉਹ ਜ਼ਾਲਮ ਨੂੰ ਨਹੀਂ ਸਗੋਂ ਜ਼ੁਲਮ ਨੂੰ ਨਫਰਤ ਕਰਨ ਲਗੇ। ਉਹਨਾਂ ਦੀ ਦੇਖਾ ਦੇਖੀ ਅਨੇਕ ਸਿੰਘ ਸਭਾ ਦੇ ਖਿਆਲਾਂ ਵਾਲੇ ਸਿਖ ਵੀ ਨਾਮਧਾਰੀ ਸਿਖ ਸਜ ਗਏ ਤੇ ਆਜ਼ਾਦੀ ਦੀ ਲਹਿਰ ਵਿਚ ਯੋਗਦਾਨ ਪਾਉਣ ਲਗੇ।

ਚਾਹੇ ਅਨੰਦ ਕਾਰਜ ਦੀ ਗੁਰਮਤ-ਪ੍ਰੰਪਰਾ ਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕਰ ਦਿਤੀ ਸੀ ਪ੍ਰੰਤੂ ਫਿਰ ਵੀ ਆਮ ਨਾਮਧਾਰੀ ਸਿਖ ਆਮ ਲੋਕਾਂ ਵਾਂਗ ਰਿਸ਼ਤੇਦਾਰੀਆਂ ਕਾਇਮ ਕਰ ਲੈਂਦੇ ਤੇ ਅਨਮਤੀਆਂ ਦੀ ਰੀਤ ਅਪਨਾਉਣ ਲਗ ਜਾਂਦੇ ਜਦ ਕਿ ਉਹਨਾਂ ਬਹੁਤੇ ਅਨਮਤੀਆਂ ਵਿਚੋਂ ਸਾਰੇ ਆਦਮੀ ਚੋਰੀ ਯਾਰੀ ਕਰਨ ਵਾਲੇ ਜਾਂ ਫਿਰ ਸ਼ਰਾਬ ਤੇ ਮਾਸ ਦਾ ਸੇਵਨ ਕਰਨ ਵਾਲੇ ਹੁੰਦੇ। ਜਦੋਂ ਨਾਮਧਾਰੀ ਕਈ ਵਾਰ ਭੁਲੇਖੇ ਵਿਚ ਆਕੇ ਆਪਣੀਆਂ ਧੀਆਂ ਦੇ ਸਾਕ ਅਨਮਤੀਆਂ ਨਾਲ ਕਰ ਦੇਂਦੇ ਤਾਂ ਉਹਨਾਂ ਨੂੰ ਫਿਰ ਦਾਜ ਦੀ ਕੋਝੀ ਰਸਮ ਵੀ ਭੁਗਤਾਉਣੀ ਪੈਂਦੀ ਇਸਤੋਂ ਬਿਨਾਂ ਹੋਰ ਵੀ ਵਿਆਹਾਂ ਦੀਆਂ ਕਈ ਖਰਚੀਲੀਆਂ ਰਸਮਾਂ ਨੂੰ ਭੁਗਤਾਉਣਾ ਪੈਂਦਾ ਸੀ। ਇੰਨਾ ਕੁਝ ਕਰਨ ਦੇ ਬਾਵਜੂਦ ਵੀ ਕਈ ਵਾਰ ਲੜਕੀ ਸਹੁਰੇ ਘਰ ਨਹੀਂ ਸੀ ਵਸ ਸਕਦੀ ਤੇ ਕਿਸੇ ਨਾਮਧਾਰੀ ਸਿਖ ਵਾਸਤੇ ਬੜੀ ਪ੍ਰੇਸ਼ਾਨੀ ਦਾ ਜੀਵਨ ਬਣ ਜਾਂਦਾ ਸੀ।

ਉਸ ਭਿਆਨਕ ਸਮਾਜਕ ਕੋਹੜ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਲੀ ਭਾਂਤ ਅਨੁਭਵ ਕੀਤਾ ਜੇ ਇਹ ਸਮਾਜਕ ਕੁਰੀਤੀ ਦੂਰ ਨਾ ਕੀਤੀ ਗਈ ਤਾਂ ਨਾਮਧਾਰੀ ਇਸਦੇ ਭਾਰ ਹੇਠ ਹੋਰ ਦਬ ਜਾਣਗੇ। ਉਹਨਾਂ ਨੇ ਸਮੁਚੀ ਨਾਮਧਾਰੀ ਲੋਕਾਈ ਨੂੰ ਹੁਕਮ ਕੀਤਾ ਕਿ ਕੋਈ ਵੀ ਨਾਮਧਾਰੀ ਆਪਣੀ ਧੀ ਦਾ ਸਾਕ ਅਨਮਤੀ ਨੂੰ ਨਾ ਦੇਵੇ ਅਤੇ ਜਿਸਨੂੰ ਸਾਕ ਦਿਤਾ ਜਾਵੇ, ਉਹ ਨਾਮਧਾਰੀ ਰਹਿਤ ਬਹਿਤ ਵਿਚ ਪਰਪੱਕ ਹੋਵੇ। ਇਸਤੋਂ ਬਿਨਾਂ ਆਪਜੀ ਨੇ ਇਸ ਹੁਕਮ ਵਿਚ ਪਰਪਕਤਾ ਲਿਆਉਣ ਲਈ ਕਿਹਾ ਕਿ ਸਭ ਅਨੰਦ ਕਾਰਜ ਹੋਲੇ ਮਹਲੇ ਅਤੇ ਜਪ ਪ੍ਰਯੋਗ ਆਦਿਕ ਸਮਾਗਮਾਂ ਦੇ ਅਵਸਰ ਤੇ ਹੀ ਕੀਤੇ ਜਾਇਆ ਕਰਨਗੇ। ਕੋਈ ਵੀ ਨਾਮਧਾਰੀ ਅਨੰਦ ਆਪਣੇ ਘਰ ਨਾ ਪੜ੍ਹਾਵੇ। ਅਤੇ ਨ ਹੀ ਕੁੜਮਾਈ ਕਰਿਆ ਕਰੇ।

ਇਹ ਸਤਿਗੁਰਾਂ ਦਾ ਐਲਾਨ ਨਾਮਧਾਰੀ ਜਗਤ ਲਈ ਅਨੋਖਾ ਤੇ ਹੈਰਾਨ ਕਰਨ ਵਾਲਾ ਸੀ। ਪਰ ਫਿਰ ਸਹਿਜੇ ਸਹਿਜੇ ਸਾਰਿਆਂ ਨੂੰ ਇਹ ਹੁਕਮ ਮੰਨਣਾ ਪਿਆ। ਸਭ ਮੁੰਡਿਆਂ ਤੇ ਕੁੜੀਆ ਦੇ ਅਨੰਦ ਮੇਲਿਆਂ ਦੇ ਸਮੇਂ ਪੜ੍ਹਾਏ ਜਾਣ ਲਗੇ। ਜਦੋਂ ਅਨੰਦ ਪੜ੍ਹਾ ਦਿਤਾ ਜਾਂਦਾ ਉਸ ਸਮੇਂ ਕੁੜੀ ਨੂੰ ੧੫ ਦਿਨਾਂ ਵਾਸਤੇ ਓਥੋਂ ਹੀ ਸਹੁਰੇ ਘਰ ਤੋਰ ਦਿਤਾ ਜਾਂਦਾ, ਤੇ ਕੋਈ ਦਾਜ ਦਹੇਜ ਨਾ ਦਿਤਾ ਜਾਂਦਾ ਤੇ ਨਾ ਹੀ ਕੋਈ ਹੋਰ ਸਮਾਜਿਕ ਫਜ਼ੂਲ ਰਸਮ ਰਿਵਾਜ ਕੀਤਾ ਜਾਂਦਾ। ਸਿਰਫ ਪ੍ਰਸ਼ਾਦ ਕਰਵਾਉਣ ਲਈ ਸਵਾ ਰੁਪਿਆ ਅਰਦਾਸ ਕਰਵਾਇਆ ਜਾਂਦਾ ਸੀ ਜੇਕਰ ਕਿਸੇ ਲੜਕੀ ਦੇ ਬਾਪ ਤੋਂ ਇਹ ਰਕਮ ਵੀ ਦੇਣ ਦੀ ਹਿੰਮਤ ਨਾ ਹੋਵੇ ਤਾਂ ਇਹ ਰਕਮ ਗੁਰੂ ਘਰ ਵਲੋਂ ਪਾ ਦਿਤੀ ਜਾਂਦੀ ਸੀ ਇਸ ਸਮਾਜਿਕ ਸੁਧਾਰ ਨੇ ਨਾਮਧਾਰੀਆਂ ਨੂੰ ਸਮਾਜਿਕ ਬੰਧਨਾ ਤੋਂ ਰਹਿਤ ਦਿਵਾਈ।

ਸਤਿਗੁਰੂ ਰਾਮ ਸਿੰਘ ਜੀ ਦੀ ਕਾਇਮ ਕੀਤੀ ਗੁਰਮਤ ਮਰਜਾਦਾ ਅਨੁਸਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸਤਰੀ ਨੂੰ ਪੁਰਸ਼ ਬਰਾਬਰ ਦਰਜਾ ਦੇਣ ਵਿਚ ਵਿਸ਼ਾਲ ਹਿਰਦੇ ਅਤੇ ਹਿੰਮਤ ਤੋਂ ਕੰਮ

Namdhari Elibrary NamdhariElibrary@gmail.com

ਲਿਆ। ਚਾਹੇ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲੀ ਵਾਰ ਸਿਖ ਇਤਿਹਾਸ ਵਿਚ ਔਰਤ ਨੂੰ ਖੰਡੇ ਦਾ ਅੰਮ੍ਰਿਤ ਛਕਾਕੇ ਧਾਰਮਿਕ ਪਖ ਤੋਂ ਪੁਰਸ਼ ਦੇ ਬਰਾਬਰ ਦਰਜਾ ਦੇ ਦਿਤਾ ਸੀ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਪੁਰਸਾਂ ਨੂੰ ਹੀ ਅੰਮ੍ਰਿਤ ਦੀ ਦਾਤ ਬਖਸ਼ੀ ਇਸਤਰੀ ਨੂੰ ਨਹੀਂ। ਪ੍ਰੰਤੂ ਸਤਿ-ਗੁਰੂ ਪ੍ਰਤਾਪ ਸਿੰਘ ਜੀ ਨੇ ਇਸਨੂੰ ਹੋਰ ਵਿਆਪਕ ਰੂਪ ਵਿਚ ਲਾਗੂ ਕੀਤਾ।

ਜਦੋਂ ਵੀ ਕੋਈ ਅਨੰਦ ਕਾਰਜ ਕਿਸੇ ਲੜਕੇ ਲੜਕੀ ਦਾ ਹੋਣਾ ਹੁੰਦਾ ਸੀ, ਸਤਿਗੁਰਾਂ ਦਾ ਤਾਗੀਦੀ ਹੁਕਮ ਹੰਦਾ ਸੀ ਲੜਕਾ ਤੇ ਲੜਕੀ ਦੋਹਾਂ ਦੇ ਘਰ ਸ੍ਰੀ ਆਦਿ ਗਰੰਥ ਸਾਹਿਬ ਦੇ ਸਾਧਾਰਨ ਪਾਠ ਕਰਵਾਏ ਜਾਣ ਅਤੇ ਕਿੰਨਾ ਚੰਗਾ ਹੋਵੇ ਜੇ ਲੜਕਾ ਤੇ ਲੜਕੀ ਸਾਧਾਰਨ ਪਾਠ ਆਪ ਕਰਨ ਤੇ ਉਨ੍ਹਾਂ ਪਾਠਾਂ ਦੇ ਭੋਗ ਅਨੰਦ ਕਾਰਜ ਹੋਣ ਸਮੇਂ ਪਾਏ ਜਾਣਾ ਇਸ ਪ੍ਰਕਾਰ ਨੌਜਵਾਨ ਪੀੜੀ ਦੀ ਬਿਰਤੀ ਸੁਭਾਵਿਕ ਹੀ ਧਾਰਮਿਕ ਖਿਆਲਾਂ ਦੀ ਹੋ ਜਾਂਦੀ ਜੋ ਵਡੇ ਹੋਕੇ ਈਮਾਨਦਾਰੀ ਨਾਲ ਦੇਸ਼ ਸੇਵਾ ਕਰਦੇ।

ਉਪ੍ਰੋਕਤ ਸਮਾਜਕ ਸੁਧਾਰਾਂ ਤੋਂ ਬਿਨਾਂ ਸਤਿ-ਗੁਰੂ ਪ੍ਰਤਾਪ ਸਿੰਘ ਜੀ ਨੇ ਇਸਤਰੀ ਨੂੰ ਪੁਰਸ਼ ਬਰਾਬਰ ਦਰਜਾ ਦੇਣ ਲਈ ਇਸਤਰੀਆਂ ਨੂੰ ਜਪ ਪ੍ਰਯੋਗ ਕਰਨ ਦੀ ਆਗਿਆ ਵੀ ਦੇ ਦਿਤੀ। ਸਭ ਤੋਂ ਪਹਿਲਾਂ ਮਾਤਾ ਭੁਪਿੰਦਰ ਕੌਰ ਜੀ ਨੇ ਪੂਰੀ ਸੁਚ ਸੋਧ ਰਖਵਾਕੇ ਹੋਰ ਬੀਬੀਆਂ ਸਮੇਤ ਜਪ ਪ੍ਰਯੋਗ ਕਰਨਾ ਆਰੰਭ ਕੀਤਾ। ਉਸ ਸਮੇਂ ਤੋਂ ਲੈਕੇ ਅਜ ਤਕ ਬੀਬੀਆਂ ਪੂਰਨ ਤੌਰ ਤੇ ਜਪ ਪ੍ਰਯੋਗ ਕਰਦੀਆਂ ਚਲੀਆਂ ਆ ਰਹੀਆਂ ਹਨ ਅਤੇ ਨਾਮ ਦਾ ਸਿਮਰਨ ਕਰਕੇ ਜਨਮ ਸਫਲਾ ਕਰਦੀਆਂ ਹਨ। ਇਸਤੋਂ ਬਿਨਾਂ ਹੋਰ ਵੀ ਅਨੇਕਾਂ ਆਪ ਜੀ ਨੇ ਸਮਾਜਕ ਸੁਧਾਰ ਕੀਤੇ। ਪੰਜਾਬੀਆਂ ਦਾ ਨੈਤਿਕ ਤੇ ਆਚਾ-ਰਣਕ ਪਖ ਉਚਾ ਕੀਤਾ। ਆਪ ਜੀ ਨੇ ਪੰਜਾਬੀਆਂ ਨੂੰ ਸ਼ਾਂਤ ਚਿਤ ਰਹਿਣਾ ਨਾਮ ਦਾ ਸਿਮਰਨ ਕਰਨਾ ਤੇ ਦੇਸ਼ ਦੀ ਉਸਾਰੀ ਵਿਚ ਹਿਸਾ ਪਾਉਣ ਦਾ ਉਪਦੇਸ਼ ਸਭ ਨੂੰ ਦਿਤਾ: ਆਪ ਜੀ ਦੇ ਉਪਦੇਸ਼ ਆਉਣ ਵਾਲੇ ਸਮੇਂ ਵਿਚ ਈਸ਼ਵਰ ਭਗਤੀ, ਵਤਨ ਪ੍ਰਸਤੀ, ਤੇ ਸਰਬਤ ਦੇ ਭਲੇ ਦੀ ਰਾਹਨੁਮਾਈ ਕਰਦੇ ਰਹਿਣਗੇ।

ਲਗੇ ਤੂੰ ਪਿਆਰਾ ਏਂ

ਟੁਟੇ ਫੁਟੇ ਰਾਹ ਪਹਿਲਾਂ ਅਜ ਉਥੇ ਸੜਕਾਂ ਨੇਂ, ਸਿੰਘ ਜਿਹੜੇ ਧਨ ਵਾਲੇ ਫਿਰਦੇ ਲੈ ਕਾਰਾਂ ਏ।
ਦਿਨੇ ਰਾਤੀਂ ਔਂਦੇ ਜਾਂਦੇ ਡਰ ਕੋਈ ਲਗਦਾ ਨਾ, ਢੋਲਕੀ ਤੇ ਛੈਣਿਆਂ ਨਾਲ ਪੜ੍ਹਦੇ ਪਏ ਵਾਰਾਂ ਏ।
ਜਗ੍ਹਾ ਜਗ੍ਹਾ ਪੰਪ ਲਗੇ ਪਾਣੀ ਬੜਾ ਸੁਟਦੇ ਨੇ, ਕਰ ਇਸ਼ਨਾਨ ਬਹਿੰਦੇ ਬਣੀਆਂ ਮੌਜ ਤੇ ਬਹਾਰਾਂ ਏ।
ਲਗਦੇ ਦੀਵਾਨ ਲੋਕੀ ਆਉਂਦੇ ਜਾਂਦੇ ਆਮ, ਐਸਾ ਨਾ ਕੋਈ ਅਗੇ ਡਿਠਾ ਕਰਦੇ ਵਿਚਾਰਾਂ ਏ।
(ਚਾਨਾ) ਬੋਲਦਾ ਨਾ ਝੂਠ ਲਗੇ ਅੰਬ ਤੇ ਫਰੂਟ, ਗੁਰੂ ਚਰਨਾ ਨਾਲ ਪ੍ਰੀਤ ਦਿਲੋ ਕੱਢ ਦੇਂਦੇ ਖਾਰਾਂ ਏ।
ਹੋਇਆ ਜੀਵਨ ਨਗਰ ਅਜਾਦ ਮੈਨੂੰ ਹਰ ਪਲ ਆਵੇ ਯਾਦ, ਸੁਣ ਫਰਿਆਦ ਛੇਤੀ ਆਣਦੇ ਦੀਦਾਰਾ ਏ।
ਬੋਲੀਂ ਸਚੋ ਸਚ ਮੈਨੂੰ ਛੇਤੀ ਦੇਵੀਂ ਦਸ, ਅਜ ਤੱਕ ਝੂਠਾ ਕਦੀ ਨਾ ਤੂੰ ਲਾਇਆ ਲਾਰਾ ਏ।
ਤੈਨੂੰ ਸਚ ਸੁਣਾਵਾਂ ਬੋਲ ਅਗਰ ਹੋਵੇ ਮੇਰੇ ਕੋਲ, ਏਸ ਤਨ ਨਾਲੋਂ ਦਾਤਾ ਲਗੇ ਤੂੰ ਪਿਆਰਾ ਏ।

ਹਰਬੰਸ ਸਿੰਘ 'ਚਾਨਾ' ਸਾਊਥ ਹਾਲ ਯੂ. ਕੇ.

Namdhari Elibrary NamdhariElibrary@gmail.com

ਗੱਡੀ ਵਿਚ ਮੇਰੀ ਰਖਿਆ ਕਿਵੇਂ ਕੀਤੀ

ਜਥੇਦਾਰ ਸੇਵਾ ਸਿੰਘ (ਮੰਡੀ ਹਿਮਾਚਲ)

ਮੈਂ ਜਦੋਂ ਦਾ ਦੀਵਾਨ ਸੁਣਨ ਤੇ ਲੌਣ ਲਗਾ ਹਾਂ ਮੇਰੇ ਮਨ ਦੇ ਵਿਚ ਇਕ ਗਲ ਕਾਫੀ ਚਿਰ ਟਿਕੀ ਰਹੀ ਸੀ। (ਗੁਰਵਾਕ) ਨਿਕਟਿ ਜੀਅ ਕੈ ਸਦ ਹੀ ਸੰਗਾ। ਕੁਦਰਤਿ ਵਰਤੈ ਰੂਪ ਅਰੁ ਰੰਗਾ। ਸਦਾ ਹੀ ਜੀਆਂ ਦੇ ਅੰਗ ਸੰਗ ਕਿਸਤਰਾਂ ਰਹਿੰਦਾ ਹੈ। ਤੇ ਨਿਕਟੀ ਹੋਕੇ ਕਿਸਤਰਾਂ ਦਖੌਂਦਾ ਹੈ। ਸੱਦਨ ਵਾਲੇ ਕਿਸਤਰਾਂ ਸਦ ਲੈਂਦੇ ਨੇ। ਜਿਸਨੂੰ ਸਦ ਦੇ ਨੇ ਓ ਕਿਸਤਰਾਂ ਆ ਜਾਂਦਾ ਹੈ। ਇਤਹਾਸਾਂ ਦੇ ਵਿਚੋਂ ਕਈ ਸਾਖੀਆਂ ਅਤੇ ਪ੍ਰਮਾਣ ਮਿਲਦੇ ਨੇ। ਇਸ ਵਿਚਾਰ ਦੇ ਅਨੁਸਾਰ ਮੰਡੀ ਵਿਚ ਰਹਿੰਦਿਆਂ ਨੂੰ ਸੰਮਤ ੨੦੦੭ ਦਾ ਸਮਾਂ ਆਇਆ। ਮੇਰੇ ਮਾਮਾ ਜੀ ਅੰਮ੍ਰਿਤਸਰ ਚੜ੍ਹਾਈ ਕਰ ਗਏ। ਮੈਂ ਮਾਮਾ ਜੀ ਦੇ ਭੋਗ ਤੇ ਜਾਨ ਵਾਸਤੇ ਮੰਡੀ ਤੋਂ ਸਵੇਰੇ ੫ ਵਜੇ ਅਰਦਾਸ ਕਰਕੇ ਸੈਕਲ ਤੇ ਅੰਮ੍ਰਿਤਸਰ ਨੂੰ ਤੁਰ ਪਿਆ। ਸੈਕਲ ਤੇ ਮੰਡੀ ਤੋਂ ਨਗਰੋਟੇ ਤਕ ੧੫ ਮੀਲ ਸਫਰ ਬਸ ਵਿਚ ਉਲਟੀ ਆ ਜਾਨ ਕਰਕੇ ਕਰਿਆ ਕਰਦਾ ਸਾਂ। ਮੈਂ ਸਵੇਰੇ ਮੰਡੀ ਤੋਂ ਚਲਕੇ ਰਾਤ ਸੇਠ ਹਰਬੰਸਸਿੰਘ ਜੀਦੇ ਪਾਸ ਨਗਰੋਟੇ ਰਿਹਾ ਸਵੇਰੇ ੭ ਵਜੇ ਰੇਲ ਦੇ ਵਿਚ ਚਲਕੇ ੧ ਵਜੇ ਮੈਂ ਪਠਾਨਕੋਟ ਪੁਜ ਗਿਆ। ਪਰ ਸਾਵਣ ਦਾ ਮਹੀਨਾ ਕਰਕੇ ਬਾਰਸ਼ ਸ਼ੁਰੂ ਤੋਂ ਹੀ ਬੜੇ ਜੋਰ ਦੀ ਹੋ ਰਹੀ ਸੀ। ਪਠਾਨਕੋਟ ਵੀ ਬਾਰਸ਼ ਦਾ ਬੜਾ ਜੋਰ ਸੀ ਉਸ ਵਕਤ ਪਠਾਨਕੋਟ ਤੋਂ ਕਸ਼ਮੀਰ ਮੇਲ ਦਿਲੀ ਨੂੰ ਢਾਈ ਵਜੇ ਵਾਇਆ ਅੰਮ੍ਰਿਤਸਰ ਜਾਇਆ ਕਰਦੀ ਸੀ। ਮੈਂ ਅੰਮ੍ਰਿਤਸਰ ਜਾਨ ਦੇ ਵਾਸਤੇ ਗਡੀ ਦੇ ਪਿਛਲੇ ਪਾਸੇ ਜਾਕੇ ਇਕ ਡਬੇ ਦੇ ਵਿਚ ਬੈਠ ਗਿਆ। ਟੀਟੀ ਸਾਹਿਬ ਨੇ ਆਨਕੇ ਮੇਰੀ ਟਿਕਟ ਦੇਖਕੇ ਸਫਰ ਅਣਹੋਣ ਦੀ ਵਜਾ ਕਰਕੇ ਮੈਨੂੰ ਅਗੇ ਘਲ ਦਿਤਾ। ਮੈਂ ਬਾਰਸ਼ ਹੁੰਦੀ ਵਿਚ ਹੀ ਅਗੇ ਇੰਜਨ ਦੇ ਨਾਲੋਂ ਇਕ ਡਬਾ ਛਡਕੇ ਦੂਸਰੇ ਡਬੇ ਦੇ ਵਿਚ ਬੈਠ ਗਿਆ। ਜਿਸ ਵਕਤ ਮੈਂ ਡਬੇ ਵਿਚ ਬੈਠਾ ਤਾਂ ਮੇਰੀ ਰਸਨਾ ਫਰਨ ਫਰਨ ਭਜਨ ਕਰਨ ਤੇ ਲਗ ਪਈ ਸੀ। ਬੰਦਰ ਮਨ ਵੀ ਕਾਬੂ ਆਗਿਆ ਕਿਸੇ ਪਾਸੇ ਵਲ ਭਜਦਾ ਨਹੀਂ। ਮੈਂ ਉਸ ਵਕਤ ਇਸ ਗਲ ਵਿਚ ਬੜਾ ਹੈਰਾਨ ਸਾਂ ਕਿ ਅਜ ਪਤਾ ਨਹੀਂ ਕੀ ਗਲ ਹੈ ਭਜਨ ਕੀਤਿਆਂ ਵੀ ਨਹੀਂ ਹੁੰਦਾ ਅਜ ਅਪਣੇ ਆਪ ਕਿਸਤਰਾਂ ਹੋ ਰਿਹਾ ਹੈ। ਗਡੀ ਵਿਚ ਬੈਠਿਆਂ ਮੇਰੇ ਕੋਲ ਇਕ ਸਿਖ ਹੋਰ ਆ ਬੈਠਾ। ਮੇਰੀ ਰੁਚੀ ਵਲ ਵੇਖਕੇ ਮੈਨੂੰ ਆਖਿਆ ਸੰਤ ਜੀ ਮੈਂ ਵੀ ਨਾਮ-ਧਾਰੀ ਹਾਂ। ਪਰ ਤੁਹਾਡਾ ਮੇਰੇ ਨਾਲ ਬਚਨ ਕਰਨ ਨੂੰ ਦਿਲ ਨਹੀਂ ਕਰਦਾ। ਮੇਰੇ ਉਸਅੰਦਰਵਕਤ ਭਜਨ ਦਾ ਹੜ ਵਗਾ ਰਿਹਾ ਸੀ ਓ ਸਿਖ ਫਟੇ ਤੇ ਚੜਕੇ ਲੰਮਾ ਪਿਆ ਤੇ ਸੌਂ ਗਿਆ। ਮੇਰੇ ਧਿਆਨ ਵਿਚ ਆਇਆ ਸੇਵਾ ਸਿੰਘਾ ਅਜ ਤੇਰੇ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪੂਰਨ ਕ੍ਰਿਪਾ ਹੋ ਗਈ ਹੈ ਜੇਹੜਾ ਭਜਨ ਅਪਣੇ ਆਪ ਚਲ ਰਿਹਾ ਹੈ। ਠੀਕ ਢਾਈ ਵਜੇ ਗਡੀ ਵਿਸਲ ਕਰਕੇ ਅਸਟੇਸਨ ਤੋਂ ਚਲ ਪਈ। ਅਤੇ ਬਾਰਸ਼ ਦਾ ਵੀ ਬੜਾ ਜੋਰ ਸੀ। ਪਠਾਨਕੋਟ ਤੋਂ ਥੋੜਾ ਸਫਰ ਕਰਕੇ ਬਾਰਸ਼ ਦੀ ਵਜਾ ਕਰਕੇ ਰੇਲ ਹੌਲੀ ਹੋ ਗਈ। ਅਗੇ ਪੂਰੀ ਰਫਤਾਰ ਤੇ ਜਾ ਰਹੀ ਸੀ। ੫ ਵਜੇ ਦੇ ਟੈਮ ਤੇ ਦੀਨਾ ਨਗਰ ਪੁਜੀ ਤਾਂ ਬਾਰਸ਼ ਦੀ ਵਜਾ ਕਰਕੇ ਲਾਈਨ ਦੇ ਥਲੇ ਇਕ ਪੁਲੀ ਟੁਟ ਗਈ ਤਾਂ ੩ ਡਬੇ

Namdhari Elibrary NamdhariElibrary@gmail.com

ਗਡੀ ਦੇ ਚੂਰੇ ਦੂਰ ਹੋ ਗਏ ਵਿਚਕਾਰਲੇ ਡਬੇ ਦੇ ਵਿਚ ਮੈਂ ਬੈਠਾ ਸਾਂ। ਮੇਰਾ ਸਰੀਰ ਐਸੀ ਜਗਾ ਤੇ ਫਸ ਗਿਆ ਕਿ ਜਿਥੋਂ ਮੈਨੂੰ ਆਪਣੇ ਨਿਕਲਨ ਦਾ ਕੋਈ ਤਰੀਕਾ ਨਜਰ ਨ ਆਏ। ਭਜਨ ਰਸਨਾ ਫਰਨ ਫਰਨ ਕਰੀ ਜਾ ਰਹੀ ਹੈ। ਉਸ ਵਕਤ ਮੌਤਾਂ ਵੀ ਕਾਫੀ ਹੋ ਗਈਆਂ ਸਨ ਸਟ ਪੇਟਾਂ ਵੀ ਕਾਫੀ ਸਰੀਰਾਂ ਨੂੰ ਲਗੀਆਂ । ਬਾਰਸ਼ ਅਪਣਾ ਕੰਮ ਕਰੀ ਜਾ ਰਹੀ ਹੈ। ਲਾਗੋਂ ਪਿੰਡਾਂ ਦੇ ਲੋਕ ਆਕੇ ਕਤਲ ਦੀ ਸੇਵਾ ਤੇ ਲਗ ਗਏ। ਅਤੇ ਫਟੜਾਂ ਨੂੰ ਗਡੀ ਵਿਚੋਂ ਬਾਹਰ ਕਢੀ ਜਾਂਨ ਪਰ ਮੇਰੇ ਵਲ ਕੋਈ ਨਾ ਆਵੇ। ਮੈਂ ਬੜਾ ਜਤਨ ਕੀਤਾ ਪਰ ਮੇਰੀ ਪੇਸ਼ ਕੋਈ ਨਾ ਜਾਵੇ ਮੈਨੂੰ ਉਸ ਵਕਤ ਸਮਝ ਆਈ ਕਿ ਸੇਵਾ ਸਿੰਘਾ ਤੇਰੀ ਜਿੰਦਗੀ ਇਸ ਵਕਤ ਦਸ ਜਾ ਪੰਦਰਾਂ ਮਿੰਟਾਂ ਦੀ ਹੈ। ਮੇਰਾ ਉਸ ਵਕਤ ਸਨ ਘਰ ਬਾਲ ਬਚੇ ਤੇ ਮਾਤਾ ਭਰਾਵਾਂ ਵਲ ਚਲਿਆ ਗਿਆ ਤਾਂ ਮੈਨੂੰ ਤ੍ਰਲੋਚਨ ਜੀ ਦਾ ਸਬਦ ਯਾਦ ਆਇਆ ਅੰਤ ਕਾਲ਼ ਦੇ ਸਿਮਰਨ ਕਰਨ ਵਾਲਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੇਰੇ ਨਾਲ ਬਦਨ ਕੀਤੇ ਹੋਏ ਸਨ ਓ ਬਚਨ ਮੈਂ ਯਾਦ ਕਰਕੇ ਸਤਿਗੁਰਾਂ ਨੂੰ ਮੇਹਣੇ ਮਾਰੇ ਸਾਰਿਆਂ ਪਾਸਿਆਂ ਤੋਂ ਮਨ ਨੂੰ ਰੋਕ ਕੇ ਆਖਿਆ ਮਨਾ ਛਡ ਖੈੜਾ ਬਾਲ ਬਚਿਆਂ ਦਾ ਤੇ ਭੈਣਾ ਭਰਾਵਾਂ ਦਾ। ਤੇਰੀ ਦੋ ਚਾਰ ਮਿੰਨਟ ਦੀ ਜਿੰਦ ਬਾਕੀ ਹੈ। ਸਤਿਗੁਰਾਂ ਦੇ ਚਰਣਾ ਚ ਅਰਦਾਸ ਕਰਕੇ ਅਰਜ ਕਰ ਗਰੀਬ ਨਿਵਾਜ ਜੀ ਮੇਰੇ ਹੁਣ ਸਵਾਸ ਨਿਕਲ ਜਾਣੇ ਨੇ ਕ੍ਰਿਪਾ ਕਰਕੇ ਅਪਣਿਆ ਚਰਨਾਂ ਵਿਚ ਰਖਿਓ ਕਿਤੇ ਬਾਹਰ ਨਾ ਧਕਾ ਦਿਓ ਜੇ। ਭਜਨ ਓਸੇ ਤਰਾਂ ਹੋਈ ਜਾਂਦਾ ਹੈ ਮਨ ਦੀ ਅਕਾਗਰਤਾਈ ਹੋਕੇ ਮਨਦਾ ਕਨੈਕਸ਼ਨ ਸਿਧਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਲ ਜੁੜਿਆ। ਸਜੀ ਮੇਰੀ ਲਤ ਨੂੰ ਤਿੰਨ ਜਖਮ ਹੋ ਗਏ ਜੋ ਕਾਫੀ ਵਡੇ ਸਨ ਖ਼ੂਨ ਵਗਦਾ ਜਾ ਰਿਹਾ ਸੀ। ਮੈਂ ਪਗ ਦਾ ਪਲਾ ਗਲ ਵਿਚ ਪਾ ਅਖੀਆਂ ਬੰਦ ਕਰਕੇ ਅਰਦਾਸ ਸ਼ੁਰੂ ਕਰ ਦਿਤੀ। ਉਸ ਵਕਤ ਦੇ ਰਸ ਨੂੰ ਮੈਂ ਹੀ ਜਾਨ ਦਾ ਸਾਂ। ਜਿਸ ਵਕਤ ਮੈਂ ਅਰਦਾਸ ਕਰ ਰਿਹਾ ਸਾਂ ਮੇਰੇ ਸਵਾਸ ਰੁਕਣੇ ਸ਼ੁਰੂ ਹੋ ਗਏ। ਸਮਝ ਆਈ ਸੇਵਾ ਸਿੰਘਾ ਤੇਰੀ ਅਰਦਾਸ ਪੂਰੀ ਹੋਣ ਤੋਂ ਸਵਾਸ ਪਹਿਲੋਂ ਹੀ ਨਿਕਲ ਜਾਨੇ ਨੇ। ਅਰਦਾਸ ਵਿਚ ਛਡਕੇ (ਅਖੀਆਂ ਮੇਰੀਆਂ ਮੀਟੀਆਂ ਹੋਈਆਂ ਸਨ) ਮੈਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਿਆਂ ਚਰਣਾਂ ਵਿਚ ਅਰਜ ਕੀਤੀ ਦੀਨ ਦਿਆਲ ਜੀ ਮੇਰੇ ਸੁਵਾਸ ਨਿਕਲ ਚਲੇ ਨੇ ਜੇ ਆਪ ਜੀ ਨੇ ਰਖਣਾ ਹੈ ਤਾਂ ਰਖ ਲਵੋ ਨਹੀਂ ਤਾਂ ਅਪਣੇ ਚਰਨਾਂ ਚੋਂ ਕਿਤੇ ਬਾਰ ਨਾ ਸੁਟਿਓ ਜੀ ਇਸਤਰਾਂ ਅਰਜ ਕਰਨ ਦਾ ਇਸਤੋਂ ਪਹਿਲੋਂ ਕਦੀ ਸੁਵਾਦ ਨਹੀਂ ਸੀ ਆਇਆ। ਨਾ ਪਿਛੋਂ ਹੀ ਆਇਆ ਹੈ। ਜਿਸ ਵਕਤ ਮੈਂ ਅਖੀਆਂ ਖੋਲੀਆਂ ਤਾਂ ਮੈਂ ਕੀ ਦੇਖਦਾ ਹਾਂ। ਕੋਈ ੨੫-੨੬ ਕੂ ਸਾਲ ਦੀ ਉਮਰ ਦਾ ਇਕ ਸਿਖ ਮੇਰੇ ਥਲੇ ਖੜਾ ਹੈ ਉਸ ਸਿਰ ਤੇ ਬਦਾਮੀ ਰੰਗਦੀ ਪਗ ਤੇ ਗਲ ਕਲੀਆਂ ਵਾਲਾ ਚਿਟਾ ਕੁੜਤਾ ਲਕ ਬਰੀਆਂ ਵਾਲਾ ਰੇਬ ਕਛੈਹਰਾ ਤੇ ਪੈਰਾ ਤੋਂ ਨੰਗਾ ਮੇਰੇ ਵਲ ਦੇਕੇ ਆਖਦਾ ਹੈ ਕੋਈ ਫਿਕਰ ਨਾ ਕਰ ਮੈਂ ਤੈਨੂੰ ਕਢਨ ਵਾਸਤੇ ਆਇਆ ਹਾਂ। ਮੈਂ ਸੁਣਕੇ ਆਖਿਆ ਸਰਦਾਰਾ ਜੇ ਤੂੰ ਮੈਨੂੰ ਕਢਨ ਵਾਸਤੇ ਆਇਆ ਹੈ ਤਾਂ ਮੇਰੀ ਧੌਣ ਤੋਂ ਪਹਿਲੋਂ ਖਿੜਕੀ ਦਾ ਦਰਵਾਜਾ ਚੁਕ। ਮੈਂ ਉਸ ਵਕਤ ਕੋਈ ਜਮੀਨ ਦੇ ਨਾਲੋਂ ੬ ਫੁਟ ਉਚਾ ਫਸਿਆ ਹੋਇਆ ਸਾਂ। ਮੈਨੂੰ ਨਹੀਂ ਪਤਾ ਕਿ ਸਰਦਾਰ ਉਪਰ ਕਿਸਤਰਾਂ ਚੜਿਆ ਹੈ। ਉਸ ਸ੍ਰਦਾਰ ਨੇ ਖਿੜਕੀ ਦਾ ਦਰਵਾਜਾ ਫੜਕੇ ਮੇਰੇ ਅਗੋਂ ਦੀ ਥਲੇ ਸੁਟ ਦਿਤਾ। ਉਸ ਦੇ ਡਿਗਨ ਦੇ ਨਾਲ ਮੇਰੇ ਨਿਕਲਨ ਦਾ ਰਸਤਾ ਬਣ ਗਿਆ। ਸ੍ਰਦਾਰ ਮੇਰੇ ਥਲੇ ਫੇਰ ਆਨ ਖਲੋਤਾ। ਮੈਂ ਰਸਤਾ ਬਣਿਆ ਹੋਇਆ ਦੇਖਕੇ ਸ੍ਰਦਾਰ ਨੂੰ ਆਖ ਦਿਤਾ ਸ੍ਰਦਾਰ ਜੀ ਤੁਸੀਂ ਹਟ ਜਾਵੋ ਮੈਂ ਹੁਣ ਨਿਕਲ ਜਾਵਾਂਗਾ। ਸ੍ਰਦਾਰ ਨੇ ਆਖਿਆ ਮੈਂ ਤੈਨੂੰ ਕਢਨ ਵਾਸਤੇ ਆਇਆ ਹਾਂ। ਭਜਨ ਹੋਈ ਜਾਂਦਾ ਹੈ। ਸ੍ਰਦਾਰ ਨੇ ਮੇਰੇ ਥਲੇ ਖੜੇ ਹੋਕੇ ਆਖਿਆ। ਮੇਰੇ ਸਜੇ ਮੋਡੇ ਤੇ ਸਜੀ ਲਤ ਰਖ ਤੇ ਖਬੇ ਮੋਡੇ ਤੇ ਖਬੀ ਰਖ ਮੈਂ ਆਖਿਆ ਸ੍ਰਦਾਰਾ ਤੂੰ ਪਰਾਂ ਹੋ ਜਾ ਮੈਂ ਹੁਣ ਨਿਕਲ ਆਵਾਂਗਾ। ਤੇਰੇ ਖ਼ੂਨ ਦੇ ਨਾਲ ਕਪੜੇ ਖਰਾਬ ਹੋ ਜਾਣਗੇ। ਉਸ ਆਖਿਆ ਮੇਰੇ ਕਪੜਿਆਂ ਦਾ ਕੋਈ ਖਿਆਲ ਨਾ ਕਰ ਮੇਰੇ ਪਾਸ

Namdhari Elibrary NamdhariElibrary@gmail.com

ਕਪੜੇ ਬਥੇਰੇ ਨੇ ਮੈਂ ਜਾਕੇ ਹੋਰ ਬਦਲ ਲਵਾਂਗਾ। ਮੈਂ ਸ੍ਰਦਾਰ ਦੇ ਦੋਵਾਂ ਮੋਢਿਆਂ ਤੇ ਦੋਵੇਂ ਲਤਾਂ ਰਖਕੇ ਸਿਧਾ ਖੜਾ ਹੋ ਗਿਆ। ਸਜਾ ਮੋਢਾ ਸ੍ਰਦਾਰ ਦਾ ਮੇਰੀ ਲਤ ਦਾ ਖ਼ੂਨ ਪੈਕੇ ਅਗਾ ਪਿਛਾ ਭਰ ਗਿਆ ਸ੍ਰਦਾਰ ਜੀ ਜਮੀਨ ਤੇ ਬੈਠ ਗਏ ਤੇ ਮੈਂ ਗਡੀ ਵਿਚੋਂ ਨਿਕਲ ਗਿਆ ਫੇਰ ਮੈਂ ਛੇਤੀ ਦੇ ਨਾਲ ਸ੍ਰਦਾਰ ਜੀ ਦੇ ਮੋਡਿਆਂ ਤੋਂ ਉਤਰਨ ਲਗਾ। ਸ੍ਰਦਾਰ ਨੇ ਫੇਰ ਆਖਿਆ ਤੂੰ ਕਾਲੀ ਨਾ ਕਰ ਮੈਂ ਤੈਨੂੰ ਕਢਨ ਵਾਸਤੇ ਆਇਆ ਹਾਂ ਮੈਨੂੰ ਮੋਢਿਆਂ ਤੋਂ ਉਤਾਰਕੇ ਜਫੀ ਪਾਕੇ ਆਖਿਆ ਔ ਪਾਣੀ ਵਗਦਾ ਹੈ ਜਾ ਜਾਕੇ ਜਖਮ ਧੋ ਲੈ। ਮੈਂ ਜਾਕੇ ਪਾਣੀ ਦੇ ਨਾਲ ਜਖਮ ਧੋਣ ਲਗ ਪਿਆ। ਪੰਜਾਂ ਸਤਾਂ ਮਿੰਟਾਂ ਬਾਦ ਮੈਨੂੰ ਧਿਆਨ ਆਇਆ ਸੇਵਾ ਸਿੰਘ ਜਿਨ ਤੇਰੀ ਜਾਨ ਬਚਾਈ ਹੈ ਉਸ ਦਾ ਧੰਨਵਾਦ ਤੇ ਕਰ। ਫੇਰ ਮੈ ਆਸੇ ਪਾਸੇ ਨਿਗਾ ਫੇਰਕੇ ਦੇਖਿਆ ਉਸ ਸ੍ਰਦਾਰ ਦੇ ਦਰਸ਼ਨ ਨਾ ਹੋਏ ਮੇਰੀਆਂ ਭੁਬਾਂ ਨਿਕਲ ਗਈਆਂ ਸੇਵਾ ਸਿੰਘਾ ਸ੍ਰਦਾਰ ਸ੍ਰਦਾਰ ਹੀ ਕਰਦਾ ਰਿਹਾ ਤੂੰ ਉਸਦੀ ਪਛਾਨ ਨਾ ਕੀਤੀ ਕਿ ਓਹ ਕੌਣ ਸੀ। ਮੈਨੂੰ ਫੇਰ ਉਸ ਸ੍ਰਦਾਰ ਦੇ ਦਰਸਨਾ ਨਾ ਹੋਏ। ਸਾਨੂੰ ਬਸਾਂ ਵਿਚ ਪਾਕੇ ਗੁਰਦਾਸਪੁਰ ਹਸਪਤਾਲ ਲਿਆਕੇ ਸਾਰਿਆਂ ਦੇ ਇਲਾਜ ਕਰਦਿਆਂ ਮੇਰੀ ਵੀ ਪਟੀ ਕੀਤੀ ਗਈ। ਮੈਨੂੰ ਇਕ ਸਿਖ ਨੇ ਮੇਰੀ ਗਲ ਮਨ ਕੇ ਅੰਮ੍ਰਿਤਸਰ ਦੀ ਬਸ ਵਿਚ ਬਹਾ ਦਿਤਾ। ਓਥੇ ਇਕ ਨੌਜਵਾਨ ਨਾਮਧਾਰੀ ਨੇ ਆਕੇ ਮੇਰੇ ਕੋਲ ਅਰਜ ਕਰਦਿਆਂ ਆਖਿਆ ਜਥੇਦਾਰਜੀ ਮੇਰਾ ਡੇਰਾ ਏਥੇ ਹੀ ਹੈ ਮੇਰੇ ਡੇਰੇ ਚਲੋ ਮੈਂ ਤੁਹਾਡੀ ਸੇਵਾ ਕਰਾਂਗਾ। ਮੈਂ ਉਸਨੂੰ ਪੁਛਿਆ ਤੇਰਾ ਨਾਮ ਕੀ ਹੈ ਮੇਰਾ ਨਾਮ ਬਲਵੰਤ ਸਿੰਘ ਹੈ ਤੇ ਮੈਂ ਸੰਤ ਬਹਾਦਰ ਸਿੰਘ ਜੀ ਦਾ ਭਤੀਜਾ ਹਾਂ। ਮੈਂ ਡੇਰੇ ਵਾਲੀ ਗਲ ਤਾਂ ਨਾ ਮੰਨੀ ਉਸ ਕੋਲੋਂ ਗਰਮ ਦੁਧ ਮੰਗਾਕੇ ਛਕਿਆ ਤੇ ਨਾਲੇ ਪੰਜ ਰੁਪੈ ਉਸ ਪਾਸੋਂ ਲਏ ਤੇ ਬਸ ਚਲੀ ਕੋਈ ਰਾਤੀਂ ੯ ਵਜੇ ਸੰਤਾਂ ਪਾਸ ਨਛੋਹਰੇ ਪੁਜ ਗਿਆ ਓਥੇ ਸੰਤ ਪਿਆਰਾ ਸਿੰਘ ਮੇਰਾ ਮੇਲੀ ਸੀ ਮੈਨੂੰ ਅਪਨੇ ਡੇਰੇ ਲੈ ਗਿਆ ਤੇ ਸੰਤਾਂ ਵੀ ਦਰਸ਼ਨ ਆਣ ਦਿਤੇ। ਮੈਂ ਨਮਸਕਾਰ ਕੀਤੀ ਸੰਤਾਂ ਬਚਨ ਕਰਕੇ ਆਖਿਆ ਜਥੇਦਾਰ ਜੀ ਤੁਹਾਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਕੇ ਕਢਿਆ ਹੈ। ਸੰਤਾਂ ਮੇਰੀ ਬੜੇ ਪਿਆਰ ਨਾਲ ਸੰਤ ਪਿਆਰਾ ਸਿੰਘ ਜੀ ਪਾਸੋਂ ਸੇਵਾ ਕਰਵਾਈ। ਮੈਂ ਤੀਸਰੇ ਦਿਨ ਅੰਮ੍ਰਿਤਸਰ ਚਲਿਆ ਗਿਆ ਮੇਰੀ ਫੇਰ ਬੀਬੀ ਮੰਡੀ ਤੋਂ ਆ ਗਈ। ਇਕ ਮਹੀਨਾ ਘਰ ਜਖਮਾਂ ਦਾ ਉਸਇਲਾਜ ਕਰਵਾਇਆ ਤੇਮੰਡੀ ਚਲੇ ਗਏ। ਮੰਡੀ ਜਾਕੇ ਮੈਂ ਅਜੇ ਸੋਟੇ ਨਾਲ ਤੁਰਦਾ ਸਾਂ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਮੰਡੀ ਦਾ ਪ੍ਰੋਗ੍ਰਾਮ ਆ ਗਿਆ ਉਸ ਵਕਤ ਸਾਰੀ ਸਾਧ ਸੰਗਤ ਸੜਕ ਤੇਂ ਖੜੀ ਸਤਿਗੁਰੂਜੀ ਇੰਤਜਾਰ ਕਰ ਰਹੀ ਸੀ ਸਤਿਗੁਰਾਂ ਦਰਸ਼ਨ ਆ ਦਿਤੇ ਸਾਧ ਸੰਗਤ ਜੈਕਾਰੇ ਬੁਲਾਏ। ਮੈਂ ਸੜਕ ਦੇ ਦੂਸਰੇ ਪਾਸੇ ਸੋਟਾ ਲਈ ਕਲਾ ਹੀ ਖੜਾ ਸਾਂ ਸਾਰੀ ਸਾਧ ਸੰਗਤ ਨੇ ਨਮਸਕਾਰ ਕਰ ਲਈਪਰਮੈਂ ਅਗੇ ਹੋਕੇ ਨਮਸ-ਕਾਰ ਨਾ ਕਰ ਸਕਿਆ ਮਨ ਦੀ ਖਰਾਬੀ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਵਾਜ ਮਾਰਕੇ ਆਖਿਆ ਜਥੇਦਾਰ ਜੀ ਓਦੋਂ ਤੇ ਮੇਹਨੇ,ਮਾਰਦੇ ਸੌ ਹੁਣ ਨੇੜੇ ਨਹੀਂ ਜੇ ਔਂਦੇ ਉਸ ਵਕਤ ਦਾ ਮੈਨੂੰ ਪਤਾ ਹੈ ਮੈਂ ਕਿਸਤਰਾਂ ਸਤਿਗੁਰਾਂ ਦੇ ਕੋਲ ਗਿਆ ਸਾਂ। ਮੈਂ ਸਤਿਗੁਰਾਂ ਨੂੰ ਮਥਾ ਨਹੀਂ ਟੇਕ ਸਕਿਆ ਸਤਿਗੁਰਾਂ ਮੈਨੂੰ ਜਫੀ ਵਿਚ ਲੈਕੇ ਛਾਤੀ ਦੇ ਨਾਲ ਲਗਾ ਲਿਆ। ਉਸ ਵਕਤ ਪੁਲ ਵਾਲੇ ਕੋਲ ਖੜੇ ਸਨ। ਮਾਤਾ ਜੀ ਨੇ ਆਖਿਆ ਸਚਿਆ ਪਾਤਸ਼ਾਹ ਮੈਨੂੰ ਏਹ ਦਸੋ ਜਥੇਦਾਰ ਨੂੰ ਗਡੀ ਵਿਚੋਂ ਕਿਸਤਰਾਂ ਕਡਿਆ ਸੀ ਸਤਿਗੁਰਾਂ ਆਖਿਆ ਬੇਬੇ ਏ ਗਲਾਂ ਪੁਛਨ ਵਾਲੀਆਂ ਨਹੀਂ ਹੁੰਦੀਆਂ। ਆ ਵੇਖ ਸਚਿਆ ਪਾਤਸ਼ਾਹ ਇਸਦੇ ਜਖਮ ਕਿਡੇ ਕਿਡੇ ਨੇ। ਬੇਬ ਤੂੰ ਤਾਂ ਹੁਣ ਦੇਖੇ ਨੇ ਸਾਨੂੰ ਓਦੋਂ ਦਾ ਹੀ ਪਤਾ ਹੈ ਸਤਿਗੁਰੂ ਜੀ ਸਾਧ ਸੰਗਤ ਦੇ ਨਾਲ ਥਲੇ ਕੋਠੀ ਚਲੇ ਗਏ। ਉਪਰ ਦੀ ਪੌੜੀ ਚੜਨ ਲਗੇ ਤਾਂ ਮਾਤਾ ਜੀ ਸਤਿਗੁਰਾਂ ਦੇ ਕੁੜਤੇ ਨੇ ਦੀ ਕਫ ਫੜ ਆਖਿਆ ਸਚਿਆ ਪਾਤਸ਼ਾਹ ਜੀ ਹੁਣ ਤਾਂ ਕੋਲ

Namdhari Elibrary NamdhariElibrary@gmail.com

ਕੋਈ ਨਹੀਂ ਹੈ ਹੁਣ ਤਾਂ ਦਸਦੇ ਜਥੇਦਾਰ ਨੂੰ ਗਡੀ ਵਿਚੋਂ ਜਾਕੇ ਕਿਸਤਰਾਂ ਕਢਿਆ ਸੀ। ਬਚਨ ਕੀਤਾ ਜਾ ਜਾਕੇ ਜਥੇਦਾਰ ਕੋਲੋਂ ਪੁਛ ਲਓ ਕਿਸਤਰਾਂ ਨਿਕਲਿਆ ਸੀ। ਮੇਰੇ ਮਨ ਦਾ ਸਾਰਾ ਸ਼ੰਕਾ ਦੂਰ ਹੋ ਗਿਆ ਜਿਸ ਦੀ ਮੈਂ ਉਪਰ ਸ਼ੁਰੂ ਵਿਚ ਅਰਜ ਕੀਤੀ ਹੈ। ਜੇਹੜਾ ਉਸਨੂੰ ਸਦਨ ਵਾਲੀ ਜਗਾ ਤੇ ਪੁਜ ਜਾਵੇ ਤਾਂ ਔਣ ਵਾਲਾਆ ਜਾਂਦਾਹੈ। ਏ ਮੇਰਾ ਵਕਤ ੨੦-੯-੧੯੫੦ ਅਤੇ ਐਤਵਾਰ ਦਾ ਸੀ ਸੰਮਤ ੨੦੦੭ ਸੀ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਕ ਸੂਦਾਰ ਦਾ ਰੂਪ ਧਾਰਕੇ ਮੈਨੂੰ ਗਡੀ ਵਿਚੋਂ ਕਢਕੇ ਬਚਾ-ਇਆ ! ਓ ਪੰਗਤੀ ਸਫਲ ਕਰਕੇ ਦਸੀ:-

ਆਪੇ ਬਹੁਬਿਧ ਰੰਗਲਾ ਸਖੀਏ ਮੇਰਾ ਲਾਲ।

ਜਥੇਦਾਰ ਸੇਵਾ ਸਿੰਘ ਮੰਡੀ।

ਧਰਮ ਅਰਥ ਔ ਕਾਮ ਮੋਖ ਦਾ ਡੇਰਾ ਏਥੇ ਲਾਇਆ

ਜੀਊਣ ਕੌਰ ਖੁਸ਼ਹਾਲ ਪਿਤਾ ਨੇ ਜਿਸਦਾ ਨਾਮ ਰਖਾਇਆ।
ਜਿਸਦੇ ਜੀਵਨ ਅੰਦਰ ਕੁਦਰਤ ਦਿਲ ਸਾਗਰ ਦਾ ਪਾਇਆ।
ਵਿਸ਼ਨੂੰ ਰੂਪ ਹਰੀ ਹਰਿ ਘਰ ਜਿਸ ਲਛਮੀ ਰੋਲ ਨਿਭਾਇਆ।
ਭੈਣੀ ਸਾਹਿਬ ਦੇਵ ਪੁਰੀ ਜਿਸ ਜੀਵਨ ਸਮਾ ਬਿਤਾਇਆ।
ਨਾਲ ਅਡੋਲਤਾ ਅਪਤੀ ਕਾਲ ਦਾ ਜੀਵਨ ਕਾਲ ਲੰਘਾਇਆ।
ਗੁਰੂ ਪ੍ਰਤਾਪ ਨਿਹਾਲ ਸਪੁਤ੍ਰ ਸ੍ਰੀ ਗੁਰਦਯਾਲ ਜਨਾਇਆ।
ਸੇਵਾ ਭਗਤੀ ਸਹਿਨ ਸ਼ੀਲਤਾ ਦਾ ਜਿਸ ਕਰਕੇ ਅਮਲ ਵਿਖਾਇਆ।
ਬਿਨਾ ਵਿਤਕਰੇ ਅਤੁਟ ਪਦਾਰਥ, ਜਿਸ ਮਾਂ ਨੇ ਵਰਤਾਇਆ।
ਜਿਸ ਮਾਤਾ ਨੇ ਪੁਤਰਾਂ ਨਾਲੋਂ ਸਿਖਾਂ ਨੂੰ ਅਪਨਾਇਆ।
ਅਕਣਾ ਥਕਣਾ ਕੌੜਾ ਬੋਲਣਾ ਜੀਵਨ ਭਰ ਨ ਆਇਆ।
ਦੈਵੀ ਗੁਣਾਂ ਦੀ ਮਹਿਕ ਨਾਲ ਜਿਸ ਸਾਰਾ ਜਗ ਮਹਿਕਾਇਆ।
ਜਿਸ ਮਾਤਾ ਦੇ ਜੀਵਨ ਕਾਲ ਵਿਚ ਜੋ ਭੀ ਸੀ ਵਰੋਸਾਇਆ।
ਅਪਣੇ ਜੀਵਨ ਕਾਲ ਚ ਉਸਨੇ ਜਿਸਨੂੰ ਨ ਭੁਲਾਇਆ।
ਜਿਸ ਮਾਤਾ ਦੇ ਪਿਆਰ ਭੰਡਾਰ ਦਾ ਅੰਤ ਨ ਜਾਂਦਾ ਪਾਇਆ।
ਗੁਰੂ ਪ੍ਰਤਾਪ ਵਿਸ਼ੇਸ਼ ਜਾਣ ਕਰ ਇਹ ਸੀ ਕਰਮ ਕਮਾਇਆ।
ਨਾਮ ਮਾਤਾ ਦਾ ਅਮਰ ਰਖਣ ਹਿਤ ਜੀਵਨ ਨਗਰ ਵਸਾਇਆ।
ਮਗਹਰ ਦੀ ਧਰਤੀ ਨੂੰ ਆਕੇ ਕਾਂਸੀ ਪੁਰੀ ਬਣਾਇਆ।
ਮਾਰੂ ਥਲ ਦੀ ਰੇਤਾ ਵਿਚੋਂ ਸੋਨਾ ਕਢ ਵਿਖਾਇਆ।
ਕਥਾ ਕੀਰਤਨ ਨਾਮ ਬਾਣੀ ਦਾ ਸੋਮਾਂ ਏਥੋਂ ਚਲਾਇਆ।
ਗੁਰੂ ਜਗਜੀਤ ਨੇ ਉਸ ਨਗਰੀ ਨੂੰ ਚਾਰ ਚੰਨ ਹੈ ਲਾਇਆ।
ਟਿਬਿਆਂ ਦੇ ਵਿਚ ਬਾਗ ਲਵਾਕੇ ਇਲਾਕਾ ਸੁਰਗ ਬਣਾਇਆ।
ਅੰਨ ਧਨ ਤੇ ਦੁਧ ਦਾ ਦਿਸਦਾ ਹੜ ਹੈ ਏਥੇ ਆਇਆ।
ਧਰਮ ਅਰਥ ਔ ਕਾਮ ਮੋਖ ਆ ਡੇਰਾ ਏਥੇ ਲਾਇਆ।
ਜੀਵਨ ਨਗਰ ਜਸ ਜੀਊਣ ਮਾਤਾ ਦਾ ਹਫ 'ਆਤਮਾ' ਗਾਇਆ।

ਆਤਮਾ ਸਿੰਘ ਸਨਖਤ੍ਰਵੀ

Namdhari Elibrary NamdhariElibrary@gmail.com

ਜਾਨਾ ਰਾਮ ਦੀ ਹਡ ਬੀਤੀ

ਗੁਰਦਿਆਲ ਸਿੰਘ ਰੇਲਵੇ ਸਟੇਸ਼ਨ ਜੋਧਪੁਰ

ਰਾਜਸਥਾਨ ਪ੍ਰਾਂਤ ਦਾ ਨਗੌਰ ਇਕ ਛੋਟਾ ਜਿਹਾ ਸ਼ਹਿਰ ਹੈ। ਰਾਜਿਆਂ ਦੇ ਵਕਤ ਨਗੌਰ ਰਿਆਸਤ ਹੋਇਆ ਕਰਦੀ ਸੀ। ਨਗੌਰ ਦੇ ਦਖਨ ਦੀ ਤਰਫ ਕਰੀਬ ੭ ਕਿਲੋਮੀਟਰਦੀ ਦੂਰੀ ਤੇ ਇਕਛੋਟਾਜਿਹਾ ਪਿੰਡ ਜਿਸਦਾ ਨਾਮ ਜਨਾਨਾ ਪਿੰਡ ਹੈ। ਇਸ ਵਿਚ ਸਾਰੀਆਂ ਜਾਤੀਆਂ ਦੇ ਲੋਕ ਹਨ। ਪਰ ਜਾਟ(ਜਟ) ਜਾਤੀ ਦੀ ਗਿਣਤੀ ਜਿਆਦਾ ਹੈ। ਲੋਕਾਂ ਦਾ ਜੀਵਨ ਖੇਤੀ ਬਾੜੀ ਤੇ ਨਿਰਭਰ ਹੈ। ਅਜ ਤਕ ਵੀ ਪੱਕੇ ਮਕਾਨਾਂ ਨਾਲੋਂ ਕੱਚੇ ਮਕਾਨਾਂ ਦੀ ਗਿਣਤੀ ਜਿਆਦਾ ਹੈ। ਮੇਨ ਰੋਡ ਤੋਂ ਵੀ ਇਹ ਪਿੰਡ ੩-੪ ਕਿਲੋ ਮੀਟਰ ਦੂਰ ਵਸਿਆ ਹਇਆ ਹੈ।

ਅਜ ਤੋਂ ਲਗਭਗ ੪੦ ਸਾਲ ਪਹਿਲਾਂ ਇਸੇ ਪਿੰਡ ਦਾ ਜਾਟ ਜਾਤੀ ਦਾ"ਜਾਨਾ ਰਾਮ" ਨਾਮ ਦਾ ਇਕ ਗਭਰੂ ਜਵਾਨ ਮੁੰਡਾ ਮਾਰਵਾੜੀ ਲਿਬਾਸ ਹਥ ਵਿਚ ਲੋਟਾ(ਗੜਵੇ ਦੀ ਤਰਾਂ) ਪਿੰਡ ਤੋਂ ਥੋੜੀ ਦੂਰ ਤੇ ਜੰਗਲ ਜਾਣ ਲਈ ਜਾ ਰਿਹਾ ਹੈ। ਪਿੰਡ ਤੋਂ ਬਾਹਰ ਸੜਕ ਕਿਨਾਰੇ ਦੋ ਕਾਰਾਂ ਦਰਖਤ ਦੀ ਛਾਂ ਹੇਠਾਂ ਖੜੀਆਂ ਹਨ। ਤੇ ਕਰੀਬ ੧੦-੧੨ ਆਦਮੀ ਕੁਝ ਖੜੇ ਤੇ ਕੁਝ ਬੈਠੇ ਹਨ। ਜਾਨਾ ਰਾਮ ਤੁਰਦਾ ਤੁਰਦਾ ਸੋਚਦਾ ਹੈ ਇਹ ਕੌਣ ਹਨ ? ਸਿਖ ਤਾਂ ਬਹੁਤ ਵੇਖੇ ਹਨ। ਪਰ ਇਹਨਾਂ ਦਾ ਪਹਿਰਾਵਾ ਅਲਗ ਦਸਤਾਰਾ ਅਲਗ ਗਲਾਂ ਵਿਚ ਉਨ ਦੀਆਂ ਮਾਲਾ ਉਚੇ ਲੰਮੇ ਸਰੀਰ ਹਸ ਮੁਖ ਚਿਹਰੇ ਚਿਟੇ ਦੁਧ ਵਰਗੇ ਸਫੇਦ ਬਸਤਰ ਹਨ। ਜਦੋਂ ਅਜੇ ਜਾਨਾ ਰਾਮ ਕਾਰਾਂ ਤੋਂ ਥੋੜੀ ਦੂਰ ਹੀ ਸੀ ਤਾਂ ਇਕ ਸਿਖ ਨੇ ਅਵਾਜ ਦਿਤੀ। ਕਾਕਾ ਇਧਰ ਆਨਾ। ਜਾਨਾ ਰਾਮ ਡਰਦਾ ਡਰਦਾ ਕੋਲ ਗਿਆ। ਕਾਕਾ ਕਿਧਰ ਜਾ ਰਹੇ ਹੋ। ਮੈਂ ਜੰਗਲ ਜਾ ਰਿਹਾ ਹਾਂ। ਅੱਛਾ ਪਹਿਲਾਂ ਜੰਗਲ ਹੋ ਆ। ਫਿਰ ਸਾਡੇ ਕੋਲ ਵਾਪਸ ਆਉਣਾ। ਜਾਨਾ ਰਾਮ ਜੰਗਲ ਜਾ ਰਿਹਾ ਹੈ। ਨਾਲੇ ਸੋਚਦਾ ਹੈ। ਇਹ ਕੌਣ ਹਨ। ਕੋਈ ਸੰਤ ਮਹਾਤਮਾ ਹਨ। ਪੰਜਾਬ ਦੇ ਕੋਈ ਸੇਠ ਸ਼ਾਹੂਕਾਰ ਹਨ। ਜਾਨਾ ਰਾਮ ਜੰਗਲ ਹੋਕੇ ਵਾਪਸ ਆਕੇ ਆਖਿਆ ਦਸੋ ਜੀ ਕੀ ਹੁਕਮ ਹੈ। ਸਿਖ ਆਖਿਆ ਪਿੰਡ ਵਿਚ ਖ਼ੂਹ ਦਾ ਪਾਣੀ ਮਿਲੇਗਾ ਤੇ ਕੋਈ ਐਸਾ ਪ੍ਰਵਾਰ ਹੋਵੇ ਜਿਹੜਾ ਮੀਟ ਸ਼ਰਾਬ ਤੇ ਕਿਸੇ ਪ੍ਰਕਾਰ ਦਾ ਨਸ਼ਾ ਪਤਾ ਨਾ ਵਰਤਦਾ ਹੋਵੇ। ਅਸੀਂ ਲੰਗਰ ਕਰਨਾ ਹੈ। ਖੂਹ ਤਾਂ ਮੁਸ਼ਕਲ ਹੈ। ਅਸੀਂ ਰਾਜਸਥਾਨੀ ਲੋਕ ਬਰਸਾਤ ਦਾ ਪਾਣੀ ਜਮੀਨ ਵਿਚ ਇਕਠਾ ਕਰ ਲੈਂਦੇ ਹਾਂ। ਫਿਰ ਸਾਰਾ ਸਾਲ ਉਹੀ ਪਾਣੀ ਘਰ ਲਈ ਵਰਤਦੇ ਹਾਂ। ਮੀਟ ਸ਼ਰਾਬ ਜਾਂ ਨਸ਼ਾ ਅਸੀਂ ਨਹੀਂ ਵਰਤਦੇ। ਸਾਡੇ ਘਰ ਚਲੋ।

Namdhari Elibrary NamdhariElibrary@gmail.com

ਲੰਗਰ ਪਾਣੀ ਕਰੋ।

ਜਾਨਾ ਰਾਮ ਨੇ ਇਕ ਸਿਖ ਨੂੰ ਪੁਛਿਆ ਤੁਸੀਂ ਕੌਣ ਹੋ ਕਿਥੋਂ ਆਏ ਹੋ। ਇਹ ਮਹਾਤਮਾ ਸੰਤ ਜੀ ਕੌਣ ਹਨ? ਸਿਖ ਆਖਿਆ ਤੁਸੀਂ ਸਤਿਗੁਰੂ ਨਾਨਕ ਦੇਵ ਦਾ ਨਾਮ ਸੁਣਿਆ ਹੈ। ਜਾਨਾ ਰਾਮ ਆਖਿਆ ਹਾਂ ਜੀ। ਇਹ ਉਹੀ ਜੋਤ ਹੈ। ਉਸੇ ਗਦੀ ਦੇ ਮਾਲਕ ਹਨ। ਸਿਖਾਂ ਦੇ ਵਰਤਮਾਨ ਗੁਰੂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਨ। ਅਸੀਂ ਪੰਜਾਬ,ਸ੍ਰੀ ਭੈਣੀ ਸਾਹਿਬ ਤੋਂ ਆਏ ਸੀ। ਨਗੌਰ ਪਸ਼ੂ ਪ੍ਰਦਸ਼ਨੀ ਵਿਚ ਤੇ ਵਾਪਸ ਸ੍ਰੀ ਜੀਵਨ ਨਗਰ ਜਾਣਾ ਹੈ। ਜਾਨਾ ਰਾਮ ਦੀ ਖੁਸ਼ੀ ਦੀ ਹਦ ਨਾਂ ਰਹੀ। ਹਥ ਜੋੜਕੇ ਸਤਿਗੁਰੂ ਜੀ ਦੇ ਚਰਨਾ ਤੇ ਨਮਸਕਾਰ ਕੀਤੀ ਤੇ ਮਾਫੀ ਮੰਗੀ। ਸਚੇ ਪਾਤਸ਼ਾਹ ਮੈਂ ਅਨਜਾਣ ਸਾਂ। ਸਤਿਗੁਰੂ ਜੀ ਜਾਨਾ ਰਾਮ ਤੇ ਬਹੁਤ ਖੁਸ਼ ਹੋਏ ਤੇ ਖੁਸ਼ੀਆਂ ਬਖਸ਼ੀਆਂ। ਜਾਨਾ ਰਾਮ ਸਤਿਗੁਰੂ ਜੀਨੂੰ ਸੇਵਕਾਂ ਸਮੇਤ ਘਰ ਲੈ ਆਇਆ। ਆਪਣੀ ਘਰ ਵਾਲੀ ਤੇ ਬੱਚਿਆਂ ਨੂੰ ਆਖਿਆ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕਰੋ।(ਜਾਨਾ ਰਾਮ ਦਸਿਆ ਸੰਤ ਰਤਨ ਸਿੰਘ ਸੰਤ ਬਹਾਦਰ ਸਿੰਘ, ਸੰਤ ਕੰਧਾਰਾ ਸਿੰਘ ਕੁਝ ਹੋਰ ਨਾਮ ਦਸੇ ਸਨ। ਜੋ ਲੇਖਕ ਨੂੰ ਯਾਦ ਨਹੀਂ। ਸਤਿਗੁਰੂ ਜੀ ਦੇ ਨਾਲ ਸਨ–ਲੇਖਕ) ਤੇ ਅਪਣੀ ਘਰ ਵਾਲੀ ਨੂੰ ਆਖਿਆ ਕਿ ਲੰਗਰ ਤਿਆਰ ਕਰੋ ਸਚੇ ਪਾਤਸ਼ਾਹ ਨੇ ਜਾਨਾ ਰਾਮ ਨੂੰ ਕਿਹਾ ਕਿ ਅਸੀਂ ਆਪਣਾ ਲੰਗਰ ਆਪ ਬਣਾਨਾ ਹੈ। ਤੁਸੀਂ ਸਾਨੂੰ ਸੁਕਾ ਰਾਸ਼ਨ ਦੇ ਦਿਓ। ਜਾਨਾ ਰਾਮ ਤੇ ਇਸਦੀ ਔਰਤ ਇਹ ਸੁਣਕੇ ਬਹੁਤ ਹੈਰਾਨ ਹੋਏ ਤੇ ਸੁਕਾ ਰਾਸ਼ਨ ਦੇ ਦਿਤਾ। ਲੰਗਰ ਤਿਆਰ ਹੋ ਗਿਆ। ਸਾਰਿਆਂ ਸਿਖਾਂ ਛਕਿਆ। ਜਾਨਾ ਰਾਮ ਦੇ ਪ੍ਰਵਾਰ ਨੇ ਵੀ ਛਕਿਆ। ਜਾਨਾ ਰਾਮ ਦੇ ਸਾਰੇ ਪ੍ਰਵਾਰ ਨੂੰ ਭਜਨ ਦੇ ਦਿਤਾ।

ਲੌਢੇ ਕੁ ਵੇਲੇ ਸਤਿਗੁਰਾਂ ਜਾਨਾ ਰਾਮ ਨੂੰ ਆਖਿਆ। ਅਸੀਂ ਤੇਰਾ ਪਿੰਡ ਵੇਖਣਾ ਹੈ। ਕੁਝ ਗਾਈਆਂ ਮੱਝਾਂ ਖਰੀਦਣ ਦਾ ਵਿਚਾਰ ਹੈ। ਸਚੇ ਪਾਤਸ਼ਾਹ ਪਿੰਡ ਦਾ ਦੌਰਾ ਸ਼ੁਰੂ ਕਰ ਦਿਤਾ। ਸਾਰਾ ਪਿੰਡ ਇਕਠਾ ਹੋ ਗਿਆ। ਪਿੰਡ ਵਾਲਿਆਂ ਇਸ ਤਰਾਂ ਦੇ ਸਿਖ ਪਹਿਲੀ ਵਾਰ ਵੇਖੇ ਸਨ। ਸਚੇ ਪਾਤਸ਼ਾਹ ਘਰ ਘਰ ਜਾਕੇ ਗਊਆਂ ਮੱਝਾਂ ਵੇਖਣ ਲਗੇ। ਜਿਹੜੀ ਗਊ ਮੱਝ ਪਸੰਦ ਆਉਂਦੀ। ਮਾਲਕ ਜੋ ਮੁਲ ਆਖਦਾ ਪੈਸੇ ਦੇ ਦਿੰਦੇ। ਇਸਤਰਾਂ ਥੋੜ੍ਹਿਆਂ ਹੀ ਘੰਟਿਆਂ ਵਿਚ ੨੨ ਗਊਆਂ ਤੇ ਮਝਾਂ ਖਰੀਦ ਲਈਆਂ ਪਿੰਡ ਦੇ ਸਿਆਣੇ ਆਦਮੀ ਆਪਸ ਵਿਚ ਗਲਾਂ ਕਰਦੇ ਤੇ ਕਹਿੰਦੇ ਕਿ ਪਤਾ ਨਹੀਂ ਕੌਣ ਤੇ ਕਿਥੋਂ ਇਤਨਾਂ ਵਡਾ ਵਪਾਰੀ ਆ ਗਿਆ ਹੈ।

ਸਵੇਰੇ ਦਿਨ ਚੜਦੇ ਹੀ ਜਾਂ ਸਚੇ ਪਾਤਸ਼ਾਹ ਨੇ ਜਾਨਾ ਰਾਮ ਨੂੰ ਬੁਲਾਕੇ ਆਖਿਆ ਅਸੀਂ ਹੁਣ ਸ੍ਰੀ ਜੀਵਨ ਨਗਰ ਚਲੇ ਹਾਂ। ਜੋ ਅਸੀਂ ੨੨ ਡੰਗਰ ਖਰੀਦੇ ਹਨ। ਇਹ ਹੁਣ ਤੂੰ ਜੀਵਨ ਨਗਰ ਪਚਾ- ਉਣੇ ਹਨ। ਟਰਕਾਂ ਦੇ ਭਾੜੇ ਦੇ ਪੈਸੇ ਜਾਨਾ ਰਾਮ ਨੂੰ ਦੇ ਦਿਤੇ। ਫਿਰ ਸਚੇ ਪਾਤਸ਼ਾਹ ਜਾਨਾ ਰਾਮ ਨੂੰ ਕਿਹਾ ਕਿ ਤੂੰ ਇਥੇ ਖੂਹ ਲਾ ਲੈ ਇਕ ਅਛੀ ਜਗ੍ਹਾ ਵੇਖਕੇ ਕਹੀ ਲੈਕੇ ਸਚੇ ਪਾਤਸ਼ਾਹ ਟੱਕ ਲਾ ਦਿਤਾ ਤੇ ਆਖਿਆਂ, ਇਥੇ ਖੂਹ ਪਟ ਲੈ। ਅਸੀਂ ਜਦ ਵੀ ਇਸ ਇਲਾਕੇ ਵਿਚ ਆਵਾਂਗੇ ਤੇਰੇ ਹੀ ਠਹਿਰਾਂਗੇ ਨਾਲੇ ਸਚੇ ਪਾਤਸ਼ਾਹ ਆਪਣੇ ਹਥ ਨਾਲ ਇਕ ਪੌਦਾ ਵੀ ਲਾਇਆ(ਲੇਖਕ-ਇਹ ਪੇੜ ਤੇ ਖੂਹ ਅਜੇ ਦੋਨੋਂ ਹਨ) ਜਿਥੇ ਸੰਗਤ ਸਮੇਤ ਸਚੇ ਪਾਤਸ਼ਾਹ ਨਿਤਨੇਮ ਤੇ ਕੀਰਤਨ ਕੀਤਾ ਸੀ।

ਜਾਨਾ ਰਾਮ ਨੇ ਇਕ ਹਫਤੇ ਵਿਚ ਹੀ ਗਾਈਆਂ ਮਝਾਂ ਟਰੱਕਾਂ ਰਾਹੀਂ ਜੀਵਨ ਨਗਰ ਪਹੁੰਚਾ ਦਿਤੀਆਂ। ਜਾਂ ਸਚੇ ਪਾਤਸ਼ਾਹ ਨੂੰ ਨਮਸਕਾਰ ਕੀਤੀ ਸਚੇ ਪਾਤਸ਼ਾਹ ਜੀ ਆਖਿਆ ਜਾਨਾ ਰਾਮ ਆ ਗਿਆ ਐਂ। ਹੁਣ ਕੁਝ ਦਿਨ ਇਥੇ ਸਾਡੇ ਕੋਲ ਰੁਕਣਾ। ਜਾਨਾ ਰਾਮ ਸਤ ਬਚਨ ਕਹਿ ਬੈਠ ਗਿਆ। ਜਾਨਾ ਰਾਮ ਸਵੇਰੇ ਆਸਾ ਦੀਵਾਰ ਸ਼ਾਮ ਦਾ ਨਿਤਨੇਮ ਕੀਰਤਨ ਸੁਣਦਾ। ਭਾਵੇਂ ਇਹ ਪੰਜਾਬੀ ਭਾਸ਼ਾ ਨਹੀਂ ਸੀ ਜਾਣਦਾ। ਫਿਰ ਵੀ ਅਨੰਦ ਬਹੁਤ ਆਇਆ। ਜਾਨਾ ਰਾਮ ਦਾ ਮਨ

Namdhari Elibrary NamdhariElibrary@gmail.com

ਲਗ ਗਿਆ। ਫਿਰ ਉਸ ਨੇ ਸਤਿਗੁਰੂ ਜੀ ਦੀਆਂ ਗਊਆਂ ਮਝਾਂ ਬੈਲ ਘੋੜੇ ਵੇਖੇ ਤਾਂ ਮਨ ਵਿਚ ਆਖੇ ਪਾਤਸ਼ਾਹ ਤੂੰ ਧੰਨ ਹੈਂ। ਕੁਝ ਦਿਨ ਰੁਕਣ ਤੋਂ ਬਾਦ ਜਾਨਾ ਰਾਮ ਛੁਟੀ ਲੈਕੇ ਵਾਪਸ ਆਪਣੇ ਘਰ ਆ ਗਿਆ।

ਪਿੰਡ ਪਰਤਣ ਤੋਂ ਬਾਦ ਜਾਨਾ ਰਾਮ ਖੇਤੀ ਬਾੜੀ ਤੇ ਘਰ ਦਾ ਕਾਰੋਬਾਰ ਵੀ ਕਰਦਾ। ਪਰ ਧਿਆਨ ਸਤਿਗੁਰੂ ਜੀ ਦੇ ਚਰਨਾਂ ਵਿਚ ਰਖਣਾ ਸੋਚਦਾ ਕਦੋਂ ਨਗੌਰ ਪਸ਼ੂ ਮੇਲਾ ਲਗੇ,ਕਦੋਂ ਸਤਿ-ਗੁਰੂ ਜੀ ਆਉਣ, ਕਦੋਂ ਦਰਸ਼ਨ ਕਰਾਂ ? ਆਖਰ ਪਸ਼ੂ ਪ੍ਰਦਸ਼ਨੀ ਦਾ ਦਿਨ ਆ ਗਿਆ। ਸਚੇ ਪਾਤ-ਸ਼ਾਹ ਨੇ ਵੀ ਦਰਸ਼ਨ ਆ ਦਿਤੇ। ਐਤਕਾਂ ਫਿਰ ਸਚੇ ਪਾਤਸ਼ਾਹ ਨੇ ਗਊਆਂ ਖਰੀਦੀਆਂ ਜਾਨਾ ਰਾਮ ਦੇ ਹਵਾਲੇ ਕਰਕੇ ਹੁਕਮ ਕੀਤਾ ਐਤਕਾਂ ਟਰਕ ਅਸੀਂ ਭੇਜਾਂਗੇ। ਤੂੰ ਨਾਲ ਡੰਗਰਾਂ ਦਾ ਟਰੱਕ ਲੈਕੇ ਜੀਵਨ ਨਗਰ ਆਉਣਾ। ਸਚੇ ਪਾਤਸ਼ਾਹ ਨੇ ਜੋ ਟਰੱਕ ਨਗੌਰ ਡੰਗਰ ਲੈਣ ਲਈ ਭੇਜਿਆ । ਉਸ ਦਾ ਨਗੌਰ ਦੇ ਲਾਗੇ ਦੂਸਰੇ ਟਰੱਕ ਨਾਲ ਐਕਸੀਡੈਂਟ ਹੋ ਗਿਆ। ਦੋਨਾਂ ਡਰਾਈਵਰਾਂ ਦੇ ਸੱਟਾਂ ਲੱਗੀਆਂ ਦੂਜੇ ਟਰਕ ਦਾ ਡਰਾਈਵਰ ਕੁਝ ਦਿਨਾਂ ਬਾਦ ਹਸਪਤਾਲ ਵਿਚ ਦਮ ਤੋੜ ਗਿਆ। ਪੁਲੀਸ ਕੇਸ ਬਣ ਗਿਆ । ਜਦੋਂ ਸਚੇ ਪਾਤਸ਼ਾਹ ਨੂੰ ਇਸ ਐਕਸੀਡੈਂਟ ਦਾ ਪਤਾ ਲਗਾ। ਸਚੇ ਪਾਤਸ਼ਾਹ ਨੇ ਜਾਨਾ ਰਾਮ ਨੂੰ ਚਿਠੀ ਲਿਖੀ ਆਖਿਆ ਕਿ ਸਿਖ ਨੂੰ ਬਰੀ ਕਰਾਉਣਾ ਹੈ। ਮੁਕਦਮਾ ਚਲਿਆ,ਤਰੀਕਾਂ ਪੈਣ ਲਗੀਆਂ। ਸਤਿਗੁਰੂ ਜੀ ਆਪ ਆਏ ਐਕਸੀ-ਡੈਂਟ ਕੇਸ ਬਾਰੇ ਜਜ ਨਾਲ ਗਲਬਾਤ ਕੀਤੀ। ਜਜ ਨੂੰ ਆਖਿਆ ਕਿ ਸਾਡਾ ਡਰਾਈਵਰ ਇਸ ਕੇਸ ਵਿਚੋਂ ਬਰੀ ਹੋਣਾ ਚਾਹੀਦਾ ਹੈ। ਜਾਨਾ ਰਾਮ ਫਿਰ ਕੁਝ ਦਿਨਾਂ ਬਾਦ ਕਚਹਿਰੀ ਗਿਆ। ਜਜ ਨੇ ਸਚੇ ਪਾਤਸ਼ਾਹ ਜੀ ਦੇ ਬਾਰੇ ਵਿਚ ਪੁਛਿਆ। ਜਾਨਾ ਰਾਮ ਆਖਿਆ ਇਸਨੂੰ ਮਨੁਖ ਨਾਂ ਸਮਝ ਬੈਠੀ। ਤੂੰ ਇਸਤਰਾਂ ਸਮਝ ਤੂੰ ਪ੍ਰਮਾਤਮਾ ਦੇ ਦਰਸ਼ਨ ਕੀਤੇ ਹਨ। ਇਹ ਸਮੇਂ ਦਾ ਅਵਤਾਰ ਹੈ। ਦੇਖੀ ਕਿਤੇ ਲਾਲਚ ਨਾਂ ਕਰ ਬੈਠੀਂ । ਆਖਰ ਚਿਰ ਬਾਦ ਮੁਕਦਮੇ ਦਾ ਫੈਸਲਾ ਹੋ ਗਿਆ। ਸਿਖ ਬਰੀ ਹੋ ਗਿਆ।

ਸਚੇ ਪਾਤਸ਼ਾਹ ਫਿਰ ਕ੍ਰਿਪਾ ਕੀਤੀ। ਜਜ ਨੂੰ ਆਣ ਦਰਸ਼ਨ ਦਿਤਾ। ਆਖਿਆ ਤੂੰ ਸਾਡਾ ਕੰਮ ਕਰ ਦਿਤਾ। ਤੂੰ ਦਸ ਕੀ ਚਾਹੀਦਾ ਹੈ ? ਜਜ ਜਾਨਾ ਰਾਮ ਦੀਆਂ ਗਲਾਂ ਸੁਣ ਚੁਕਾ ਸੀ। ਹਥ ਜੋੜ ਖੜਾ ਹੋ ਗਿਆ। ਆਖਿਆ ਗੁਰੂ ਜੀ, ਪੈਸਾ ਜਮੀਨ ਮਕਾਨ ਸੰਸਾਰੀ ਸੁਖ ਸਭ ਹਨ। ਕੁਝ ਨਹੀਂ ਚਾਹੀਦਾ । ਉਮਰ ਕਾਫੀ ਹੋ ਗਈ ਹੈ ਔਲਾਦ ਨਹੀਂ ਹੈ । ਮੇਹਰ ਕਰੋ ਪੁਤਰ ਦੀ ਦਾਤ ਬਖਸ਼ੋ। ਸਚੇ ਪਾਤਸ਼ਾਹ ਦੇ ਹੁਕਮ ਨਾਲ ਇਕ ਸਿਖ ਨੇ ਅਰਦਾਸ ਕਰ ਦਿਤੀ ਤੇ ਇਕ ਸਾਲ ਦੇ ਲਗਭਗ ਜਜ ਦੇ ਘਰ ਪੁਤਰ ਦਾ ਜਨਮ ਹੋ ਗਿਆ(ਜਾਨਾ ਰਾਮ ਨੇ ਦਸਿਆ ਕਿ ਉਹ ਲੜਕਾ ਵੀ ਅਜਕਲ ਜਜ ਲਗਾ ਹੋਇਆ ਹੈ-ਲੇਖਕ)

ਮੈਂ(ਲੇਖਕ) ਆਪ ਇਕ ਸਾਲ ਪਹਿਲਾਂ ਜਾਣੇ ਪਿੰਡ ਦਾ ਦੌਰਾ ਕੀਤਾ ਹੈ। ਜਿਸਤਰਾਂ ਅਸੀਂ ਅਪਣੇ ਨਾਮ ਲਿਖਕੇ ਪਿਛੇ ਨਾਮਧਾਰੀ ਸ਼ਬਦ ਲਿਖਦੇ ਹਾਂ। ਇਥੇ ਜਨਾਨਾਂ ਪਿੰਡ ਕਈ ਮਾਰਵਾੜੀ ਘਰਾਂ ਦੇ ਅਗੇ ਨਾਮ ਲਿਖਕੇ ਪਿਛੇ ਨਾਮਧਾਰੀ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਜਾਨਾ ਰਾਮ ਤੇ ਉਸ ਦੇ ਪ੍ਰਵਾਰ ਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਉਸੇ ਤਰਾਂ ਪ੍ਰੀਤ ਬਣੀ ਹੋਈ ਹੈ ਜਿਸਤਰਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਲ ਬਣੀ ਹੋਈ ਸੀ। ਜਾਨਾ ਰਾਮ ਦੀ ਉਮਰ ਹੁਣ ੬੫ ਸਾਲ ਦੇ ਲਗਭਗ ਹੈ। ਜਾਨਾ ਰਾਮ ਨੇ ਦਸਿਆ ਕਿ ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਲਾਗੇ ਹੀ ਬੈਠਾ ਸੀ। ਮਨ ਵਿਚ ਸ਼ੰਕਾ ਹੋਈ ਕਿ ਮੈਂ ਮਾਰਵਾੜੀ ਆਦਮੀ ਹਾਂ। ਮੈਂ ਭਜਨ ਜਰੂਰ ਲਿਆ ਹੈ ! ਨਾਂ ਮੈਂ ਨਾਮਧਾਰੀ ਪਹਿਰਾਵਾ ਧਾਰਨ ਕੀਤਾ ਹੈ ! ਨਾਂ ਦਸਤਾਰ ਸਿਧੀ ਬੰਨੀ ਹੈ ! ਨਾਂ ਮੇਰੇ ਦਾੜੀ ਕੇਸ ਹਨ। ਮੇਰੀ ਮੁਕਤੀ ਕਿਸਤਰਾਂ ਹੋਏਗੀ? ਸਤਿ-ਗੁਰੂ ਪ੍ਰਤਾਪ ਸਿੰਘ ਜੀ ਨੇ ਜਾਨਾ ਰਾਮ ਨੂੰ ਕੋਲ

ਬਾਕੀ ਸਫਾ ੪੮ ਤੇ

Namdhari Elibrary NamdhariElibrary@gmail.com

ਸੰਘਰਸ਼ਵਾਨ ਸਤਿਗੁਰੂ

ਸੁਰਿੰਦਰ ਸਿੰਘ ਨਾਮਧਾਰੀ (ਯਮਨਾ ਨਗਰੀ) ਲੁਧਿਆਣਾ

ਸ੍ਰੀ ਸੁਰਿੰਦ੍ਰ ਸਿੰਘ ਨਾਮਧਾਰੀ ਯਮਨਾ ਨਗਰ ਸੰਤ ਦਲੀਪ ਸਿੰਘ ਜੀ ਪ੍ਰਧਾਨ ਸ. ਹਿੰ. ਨਾ. ਵਿਦਜਕ ਜਥਾ ਲੁਧਿਆਣਾ ਦੇ ਛੋਟੇ ਵੀਰ ਹਨ, ਨਾਮਧਾਰੀ ਇਤਹਾਸ ਤੇ ਸਾਹਿਤਜ ਪੜ੍ਹਨ ਲਿਖਨ ਦੀ ਇਸ ਨੌ ਜਵਾਨ ਨੂੰ ਬੜੀ ਲਗਨ ਹੈ ਕਈ ਵਿਦਜਕ ਸੰਮੇਲਨ ਸਮੇਂ ਹੋਣ ਵਾਲੀਆਂ ਪ੍ਰਤੀਯੋਗਤਾ ਵਿਚ ਇਹਨਾਂ ਦੇ ਲੇਖਾਂ ਨੂੰ ਪਹਿਲੇ ਦੂਸਰੇ ਨੰਬਰ ਦੇ ਇਨਾਮ ਮਿਲਦੇ ਰਹੇ ਹਨ। ਸਤਿਜੁਗ ਤੇ ਨਿਰੀ-ਖਿਯਕ ਵਿਚ ਹਮੇਸ਼ਾਂ ਇਨਾਂ ਦੇ ਲੇਖ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ।

ਆਸ ਹੈ ਇਹ ਅਗੇ ਵਾਸਤੇ ਵੀ ਆਪਨੀ ਖੋਜ ਨੂੰ ਜਾਰੀ ਰਖਣਗੇ। ਸੰਪਾਦਿਕ

ਮੇਰੇ ਮਹਾਨ ਸਤਿਗੁਰੂ ਜੀ ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋ ਕਿ ਇਕ ਸੰਘਰਸ਼ ਮਈ ਸਤਿਗੁਰੁ ਸਿਧ ਹੋਏ ਸਨ। ਉਹਨਾਂ ਦੀ ਮਨਾਈ ਜਾ ਰਹੀ ਸ਼ਤਾਬਦੀ ਸਬੰਧੀ ਕੁਝ ਕੁ ਅਖਰਾਂ ਵਿਚ ਸ਼ਰਧਾਂਜਲੀ ਦੇ ਰੂਪ ਵਿਚ ਪਾਠਕਾਂ ਦੇ ਚਰਨਾਂ ਚ ਸ਼ਰਧਾ ਦੇ ਫੁਲ ਲਿਖਤ ਰੂਪ ਵਿਚ ਅਰਜ ਕਰ ਰਿਹਾ ਹਾਂ।

ਜਿਸ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਥ ਦੀ ਵਾਗ ਡੋਰ ਦੇ ਮਹਾਨ ਕਾਰਜ ਨੂੰ ਸੰਭਾ-ਲਿਆ ਤਾਂ ਆਪ ਜੀ ਅਜੇ ੧੬ ਕੁ ਵਰ੍ਹਿਆਂ ਦੇ ਸਨ। ਪਰ ਜੋ ਆਪਜੀ ਅੰਦਰ ਦੂਰ ਅੰਦੇਸ਼ੀ ਸੂਝ ਬੂਝ ਅਤੇ ਸੰਘਰਸ਼ਮਈ ਹੌਂਸਲਾ ਸੀ, ਉਹ ਆਪ ਜੀ ਨੂੰ ਧੁਰੋਂ ਹੀ ਪ੍ਰਾਪਤ ਹੋਇਆ ਸੀ ਉਸ ਸਮੇਂ ਨਾਮਧਾਰੀ ਪੰਥ ਵਿਚ ਮਹਾਨ ਉਚੀਆਂ ਸੁਚੀਆਂ ਸ਼ਖਸ਼ੀਅਤਾਂ ਮੌਜੂਦ ਸਨ,ਜਿਹਨਾਂ ਨੇ ਸ਼ੰਘਰਸ਼ਮਈ ਨੌਜਵਾਨ ਸਤਿਗੁਰੂ ਜੀ ਦੀ ਅਗਵਾਈ ਵਿਚ ਹਰ ਪਾਸੇ ਰੌਸ਼ਨ ਖਿਲਾਰ ਦਿਤੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਪੰਥ ਲਈ ਘੋਰ ਘਾਲਨਾ ਸ਼ੰਘਰਸ਼ ਕੀਤਾ ਅਤੇ ਪੰਥ ਨੂੰ ਚਾਰ ਚੰਨ ਲਾਏ।

ਨਾਮ ਸਿਮਰਨ ਸੁਚ ਸੋਧ ਸਬੰਧੀ ਸੰਘਰਸ਼

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦਸੀ ਮਰਿ-

ਜਾਦਾ ਨੂੰ ਹੋਰ ਵਧੇਰੇ ਜੋਸ਼ੀਲੇ ਉਤਸ਼ਾਹ ਨਾਲ ਅਗਾਂਹ ਨੂੰ ਤੋਰਨ ਲਈ ਅਤੇ ਨਾਮ ਸਿਮਰਨ ਦਾ ਨਿਰੰਤਰ ਪ੍ਰਵਾਹ ਚਲਾਉਣ ਲਈ ਇਕ ਭਜਨ ਦੀ ਵਰਨੀ ਸ੍ਰੀ ਭੈਣੀ ਸਾਹਿਬ ਅਤੇ ਇਕ ਵਰਨੀ ਸ੍ਰੀ ਜੀਵਨ ਨਗਰ ਵਿਖੇ ਪੂਰਨ ਗੁਰ ਮਰਿਜਾਦਾ ਅਨੁ-ਸਾਰ ਸ਼ੁਰੂ ਕੀਤੀ ਜੋ ਕਿ ਅਜ ਤਕ ਨਿਰੰਤਰ ਰੂਪ ਵਿਚ ਨਿਰਵਿਘਨ ਚਲ ਰਹੀਆਂ ਹਨ।

ਹਰ ਇਕ ਨਾਮਧਾਰੀ ਨੂੰ ਇਕ ਘੰਟਾ ਰੋਜ਼ਾਨਾ ਨਾਮ ਸਿਮਰਨ ਕਰਨ ਦਾ ਹੁਕਮ ਕੀਤਾ ਅਤੇ ਕਿਹਾ ਕਿ ਮੇਰੇ ਵਲੋਂ ਸਦਾ ਸੰਗ ਰਖਣ ਵਾਲੀ ਚੀਜ ਹੈ। ਜੋ ਇਸਨੂੰ ਨਿਭਾਵੇਗਾ ਮੈਂ ਉਸਦਾ ਸਦਾ ਜਾਮਨ ਹਾਂ'' ਫਿਰ ਨਾਲ ਹੀ ਸੁਚ ਸੋਧ ਦੇ ਧਾਰਨੀ ਹੋਣ ਲਈ ਪ੍ਰੇਰਨਾ ਦਿਤੀ ਕਿ ਨਾਮਧਾਰੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਲੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਰਾਹੀਂ ਦਰਸਾਈ ਗਈ ਮਰਜਾਦਾ ਦੇ ਪ੍ਰਤੀ-ਕੂਲ ਹਰ ਗੁਰਸਿਖ ਨੂੰ ਅਪਣਾ ਜੀਵਨ ਬਿਤਾਉਣਾ ਚਾਹੀਦਾ ਹੈ।

ਸ੍ਰੀ ਸਤਿਗੁਰੂ ਜੀ ਨੇ ਕਈ ਜਪੁ ਪ੍ਰਯੋਗ ਅਰੰਭ ਕਰ ਦਿਤੇ ਸਨ। ਜਿਵੇਂ ਕਿ ਕਦੀ ਨਾਮ ਅਥਵਾ ਕਦੀ ਭਜਨ ਦਾ ਪ੍ਰਯੋਗ ਰੱਚ ਦਿੰਦੇ, ਕਦੀ ਚੌਪਈ ਦੇ ਸਵਾ ਲਖ ਪਾਠਾਂ ਦਾ ਅਰਦਾਸਾ ਕਰਕੇ ਨਿਰ-ਵਿਘਨ ਸਮਾਪਤੀ ਕਰਦੇ। ਕਦੀ ਭਗਉਤੀਆਂ ਦਾ ਪ੍ਰਯੋਗ ਮਿਥ ਲੈਂਦੇ ਕਦੀ ਚੰਡੀ ਦੀ ਵਾਰ ਦਾ ਪ੍ਰਯੋਗ ਕੀਤਾ ਜਾਂਦਾ। ਤੇ ਫਿਰ ਸ੍ਰੀ ਆਦਿ ਗ੍ਰੰਥ ਸਾਹਿਬ ਤੋਂ ਬਿਨਾਂ ਵੀ ਕਈ ਲਖ ਸ੍ਰੀ ਗਰੰਥ ਸਾਹਿਬ,ਸ੍ਰੀ ਦਸਮ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਤੇ ਸਧਾ-ਰਨ ਪਾਠ ਆਦਿ ਕਰਵਾਏ। ਜਿਨ੍ਹਾਂ ਦੀ ਗਿਣਤੀ ਇਸਤਰਾਂ ਹੈ।

(੧) ਅਖੰਡ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ੧੦.੦੦੦

(੨) ਅਖੰਡ ਪਾਠ ਦਸਮਗ੍ਰੰਥਸਾਹਿਬ ੧੦੦੦

(੩) ਸਾਧਾਰਨ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ੬.੦੦੦੦੦

(੪) ਚੰਡੀ ਦੀ ਵਾਰ ਦੇ ਹਵਨ ਯੱਗ ਦੋ ਵਾਰ (ਸਵਾ ਲਖ ਪਾਠ ਇਕ ਹਵਨ ਯੱਗ ਵਿਚ)

ਸੰਗੀਤ ਲਈ ਸੰਘਰਸ਼—

ਸਿਆਣਿਆਂ ਦਾ ਕਥਨ ਹੈ ਕਿ ਸੰਗੀਤ ਰੂਹ ਦੀ ਖੁਰਾਕ ਹੁੰਦੀ ਹੈ। ਸ੍ਰੀ ਸਤਿਗੁਰੂ ਜੀ ਨੇ ਕੇਵਲ ਸਰੀਰਕ ਖੁਰਾਕ ਲਈ ਹੀ ਲੰਗਰ ਨਹੀਂ ਸੀ ਲਗਾ-ਇਆ ਬਲਕਿ ਰੂਹਾਨੀ ਖੁਰਾਕ ਦਾ ਵੀ ਲੰਗਰ ਲਾ ਦਿਤਾ ਸੀ, ਕੋਈ ਕਿਸੇ ਵੀ ਰਾਗ ਬਾਰੇ ਪੁਛੇ ਜਾ ਸਿਖਿਆ ਮੰਗੇ ਆਪ ਜੀ ਉਸਨੂੰ ਝਟ ਹੀ ਸਮਝਾ ਦਿੰਦੇ। ਸੰਗੀਤ ਪ੍ਰਚਾਰ ਵਾਸਤੇ ਹੀ ਆਪਜੀ ਨੇ ਕਈ ਸੰਗੀਤ ਸੰਮੇਲਣ ਕੀਤੇ ਅਤੇ ਗੁਰੂ ਨਾਨਕ ਦੇਵ ਜੀ ਦੀ ਚਲਾਈ ਸੰਗੀਤ ਪ੍ਰਥਾ ਨੂੰ ਸਿਖਰਾਂ ਛੋਹਣ ਦਾ ਬਲ ਬਖਸ਼ਿਆ। ਆਪ ਜੀ ਸੰਗੀਤ ਦੇ ਮਹਾਨ ਕਲਾਕਾਰ ਸਨ। ਇਤਿਹਾਸ ਪੜਨ ਤੋਂ ਪਤਾ ਲਗਦਾ ਹੈ ਕਿ ਆਪਜੀ ਜਦੋਂ ਵੀ ਦਿਲਰੁਬਾ ਲੈਕੇ ਰਾਗ ਛੇੜ ਦਿੰਦੇ ਤਾਂ ਉਡਦੇ ਪੰਛੀ ਵੀ ਰਸਤਾ ਭੁਲ ਜਾਂਦੇ ਸਨ। ਆਪਜੀ ਕਈ ਰਾਗਾਂ ਵਿਚ ਜਿਵੇਂ ਕਿ ਇਕ ਤਾਲ,ਜੈਤਾਰ ਇੰਦਰ ਤਾਰ,ਆੜਾ, ਚੁਤਾਲਾ, ਝੱਬ, ਚੰਚਲ ਤੇ ਤਿੰਨ ਤਾਰ ਆਦਿ ਰਾਗਾਂ ਦੇ ਮੁਹਾਰਤੀ ਸਨ। ਸ੍ਰੀ ਸਤਿਗੁਰੂ ਜੀ ਨੇ ੧੯੩੩ ਅਸੂ ਦੇ ਮਹੀਨੇ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਗੁਰਮਤਿ ਸੰਗੀਤ ਸੰਮੇਲਨ ਰਖਿਆ ਜਿਸ ਵਿਚ ਇਨਾਮੀ ਪ੍ਰਤੀਯੋਗਤਾ ਕਰਵਾਈ ਗਈ। ਇਸ ਪ੍ਰਤੀਯੋਗਤਾ ਦੇ ਜਜ ਸਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ, ਸ੍ਰਦਾਰ ਮੁਕੰਦ ਸਿੰਘ ਜੀ ਅੰਬਾਲਾ,ਸੰਤ ਹੀਰਾ ਸਿੰਘ ਜੀ ਤੇ ਬਾਬਾ ਨਿਹਾਲ ਸਿੰਘ ਜੀ, ਪਹਿਲਾ ਇਨਾਮ ਸ੍ਰ. ਹਰਨਾਮ ਸਿੰਘ ਜੀ (ਠਟਾ ਟਿਬਾ ਜਿਲਾ ਫਿਰੋਜਪੁਰ) ਦੂਜਾ ਇਨਾਮ ਭਾਈ ਲਾਲ ਜੀ ਰਬਾਬੀ ਸ੍ਰੀ ਅੰਮ੍ਰਿਤਸਰ ਅਤੇ ਤੀਜਾ ਇਨਾਮ ਭਾਈ ਸਮੁੰਦ ਸਿੰਘ ਜੀ ਰਾਗੀ ਨਨਕਾਣਾ ਸਾਹਿਬ ਦੇ ਹਿਸੇ ਆਇਆ। ਫਿਰ ਹੋਰ ਵੀ ਰਾਗੀਆਂ ਰਬਾਬੀਆਂ ਨੂੰ ਬੁਲਾਕੇ ਉਨਾਂ ਤੋਂ ਪੁਰਾਤਨ ਰੀਤਾਂ ਚੌਕੀਆਂ ਦੇ ਢੰਗ ਤੇ ਸ਼ਬਦ ਸੁਣਦੇ ਰਹਿੰਦੇ। ਜਿਵੇਂ ਕਿ ਪੰਡਿਤ ਓਅੰਕਾਰ ਨਾਥ, ਗੁਲਾਮ ਅਲੀ ਖਾਂ ਬੜੇ,ਪੰਨਾ ਲਾਲ, ਪੰਡਿਤ ਮਹਾਂ ਦਿਓ, ਕ੍ਰਿਸ਼ਨ ਰਾਓ ਤੇ ਜੋਸ਼ੀ ਪੂਨੇ ਵਾਲੇ ਸ੍ਰ.

Namdhari Elibrary NamdhariElibrary@gmail.com

ਗੁਰਬਖਸ਼ ਸਿੰਘ ਘੜੀ ਸਾਜ ਤੇ ਕਈ ਹੋਰ ਉਘੇ ਕਲਾਕਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਚ ਹਾਜਰ ਹੋਕੇ ਅਪਣੀ ਕਲਾ ਦਾ ਪ੍ਰਦਸ਼ਨ ਕਰਦੇ ਰਹੇ ।

ਅਜ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਨਾਮਧਾਰੀ ਬਚੇ ਉਚ ਕੋਟੀ ਦੇ ਸੰਗੀਤਕਾਰਾਂ ਤੋਂ ਸਿਖਿਆ ਹਾਸਲ ਕਰ ਚੁਕੇ ਹਨ ਅਤੇ ਕਈ ਹੋਰ ਕਰ ਰਹੇ ਹਨ । ਪੰਡਿਤ ਮਹਾਦੇਵ ਤੋਂ ਸ੍ਰੀ ਹਰਭਜਨ ਸਿੰਘ ਤੇ ਗੁਰਦੇਵ ਸਿੰਘ ਜੀ ਨੇ ਗਿਆਨ ਹਾਸਲ ਕੀਤਾ ਉਸਤਾਦ ਪਿਆਰਾ ਸਿੰਘ ਜੀ ਤੋਂ ਸ਼ਹਿਨਾਈ ਦੀ ਸਿਖਿਆ ਬਲਜੀਤ ਸਿੰਘ ਤੇ ਹੋਰਨਾਂ ਨੇ ਵੀ ਲਈ। ਅਮਜਦ ਅਲੀ ਖਾਂ ਜੀ ਤੋਂ ਗੁਰਦੇਵ ਸਿੰਘ ਨੇ ਸਰੋਦ ਸਿਖਿਆ ਤਬਲੇ ਵਿਚ ਮਾਹਿਰ ਸੁਖਵਿੰਦਰ ਸਿੰਘ(ਪਿੰਕੀ) ਪੰਡਿਤ ਕ੍ਰਿਸ਼ਨ ਮਹਾਰਾਜ ਜੀ ਤੋਂ ਤਬਲਾ ਸਿਖਿਆ। ਇਹ ਸਾਰੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਦੀ ਹੀ ਹੈ।

ਏਕਤਾ ਲਈ ਸੰਘਰਸ਼—

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਪਤਨ ਹੋ ਜਾਣ ਉਪਰੰਤ ਅੰਗਰੇਜ ਨੇ ਸਾਰੇ ਹਿੰਦੁਸਤਾਨ ਤੇ ਕਬਜਾ ਕਰ ਲਿਆ। ਅਤੇ ਉਸ ਅੰਗਰੇਜ ਨੇ ਸਦਾ ਲਈ ਹਿੰਦੁਸਤਾਨ ਤੇ ਰਾਜ ਕਰਨ ਲਈ ਪਾੜੋ ਤੇ ਰਾਜ ਕਰੋ,ਦੀ ਨੀਤੀ ਅਪਨਾ ਕੇ ਹਿੰਦੂ ਸਿਖਾਂ ਤੇ ਮੁਸਲਮਾਨਾਂ ਵਿਚ ਆਪਸ ਵਿਚ ਫੁਟ ਪੁਆ ਦਿਤੀ ਸੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਨੂੰ ਜੜੋਂ ਪੁਟਣ ਲਈ ਸਭ ਤੋਂ ਪਹਿਲਾ ੧੩ ਅਕਤੂਬਰ ੧੯੩੪ ਈ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਨਾਮ ਲੇਵਾ ਸਭ ਸਿਖ ਸੰਪ੍ਰਦਾਵਾਂ ਨੂੰ ਇਕੋ ਸਟੇਜ ਤੇ ਇਕਠੇ ਵੇਖਣ ਲਈ ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਬੁਲਵਾਈ। ਜਿਸਦੇ ਪ੍ਰਧਾਨ ਭਾਈ ਸਾਹਿਬਭਾਈ ਅਰਜਨਸਿੰਘ ਜੀ ਬਾਗੜੀਆ ਬਣੇ। ਇਸ ਕਾਨਫਰੰਸ ਵਿਚ ਸਿੰਘ ਸਭਾ ਵਲੋਂ ਸਰ ਸੁੰਦਰ ਸਿੰਘ ਮਜੀਠੀਆਂ ਸਿੰਘ ਭਾਈ ਕਾਨ੍ਹ ਸਿੰਘ ਜੀ ਨਾਭਾ ਭਾਈ ਜੋਧ ਪ੍ਰੋ: ਤੇਜਾ ਸਿੰਘ ਪ੍ਰੋ: ਗੰਗਾ ਸਿੰਘ,ਗਿਆਨੀ ਸ਼ੇਰ ਸਿੰਘ,ਦੋਵੇਂ ਅਕਾਲੀ ਦਲ, ਚੀਫ ਖਾਲਸਾ ਦੀਵਾਨ, ਬਾਬਾ ਬੁਢਾ ਦਲ,ਅਡੱਣਸ਼ਾਹੀ,ਰਾਧਾ ਸੁਆਮੀ ਸ੍ਰੀ ਮਹਾਰਾਜ ਸਾਵਨ ਸਿੰਘ ਜੀ,ਸਾਰੀਆਂ ਸੰਸਥਾਵਾਂ ਦੇ ਮੁਖੀ ਸ਼ਾਮਲ ਹੋਏ। ਇਸ ਕਾਨਫਰੰਸ ਵਿਚ ਜੋ ਮਤਾ ਪਾਸ ਹੋਇਆ।

"ਗੁਰੂ ਨਾਨਕ ਨੂੰ ਮੰਨਣ ਵਾਲੀਆਂ ਸਭ ਨੰਬਰਦਾਰ ਅਪਣੇ ਅਸੂਲਾਂ ਦਾ ਪ੍ਰੇਮ ਪਿਆਰ ਤੇ ਵਿਦਵਤਾ ਸਹਿਤ ਮੰਡਨ ਵਿਚ ਪ੍ਰਚਾਰ ਕਰਨ ਅਤੇ ਇਕ ਦੂਜੇ ਦੇ ਸਿਧਾਤਾਂ ਤੇ ਵਿਚਾਰਾਂ ਨੂੰ ਖੰਡਨ ਕਰਨ ਦੀ ਪਰਪਾਟੀ ਬੰਦ ਕਰ ਦਿਤੀ ਜਾਵੇ।" ਕਾਨਫਰੰਸ ਦੇ ਪ੍ਰਧਾਨ ਬਾਗੜੀਆ ਨੇ ਕਿਹਾ"ਇਸ ਕਾਨਫਰੰਸ ਦਾ ਮਨੋਰਥ ਸ੍ਰੀ ਗੁਰੂ ਨਾਨਕ ਪੰਥੀ ਸਾਰੀਆਂ ਸੰਪਰਦਾਵਾਂ ਵਿਚ ਪ੍ਰਸਪਰ ਪ੍ਰੇਮ ਪਿਆਰ ਤੇ ਏਕਤਾ ਪੈਦਾ ਕਰਨਾ ਹੈ। ਸਰ ਸੁੰਦਰ ਸਿੰਘ ਮਜੀਠੀਆ ਨੇ ਕਿਹਾ ਕਿ"ਮੈਨੂੰ ਆਸ ਹੈ ਕਿ ਸ੍ਰੀ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਜਿਵੇਂ ਸਾਨੂੰ ਮਾਲਾ ਦੇ ਮਣਕਿਆਂ ਵਾਂਗ ਇਕ ਲੜੀ ਵਿਚ ਪਰੋਣ ਦਾ ਉਦਮ ਕੀਤਾ ਹੈ ਅਸੀਂ ਉਸੇਤਰਾਂ ਪਰੁਚਕੇ ਅਪਣੇ ਫਰਜ ਦਾ ਪਾਲਣ ਕਰੀਏ।"

ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਸ਼ਬਦਾ ਵਿਚ-ਇਸ ਦੇ ਉਪ੍ਰੰਤ ਪੁਸ਼ਪਹਾਰ ਦੀ ਹੋਂਦ ਤੇ ਸੋਭਾ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਨਿਮਰਤਾ ਸਾਫ ਦਿਲੀ ਡੁਲਦੇ ਪਿਆਰ ਸੁਚੀ ਨੀਅਤ ਤੇ ਖੇੜੂ ਸੁਭਾ ਦਾ ਸਿਟਾ ਹੈ। ਦੀ ਅਕਾਲੀ,ਦੀ ਚੀਫ ਖਾਲਸਾ ਦੀਵਾਨ ਤੇ ਕੀ ਹੋਰ ਸਾਰੇ ਇਸ ਜਾਦੂ ਅਸਰੀ ਨਾਲ ਮੋਹਿਤ ਮਾਲੂਮ ਹੁੰਦੇ ਸਨ। ਬਿਨਾਂ ਸੰਕੋਚ ਤੋਂ ਮਹਾਰਾਜ ਦਾ ਸ਼ਬਦ ਵਰਤਿਆ ਜਾਂਦਾ ਸੀ ਤੇ ਚਰਨੀ ਹਥ ਲਾਏ ਜਾਂਦੇ ਸਨ। ਜਿਨਾਂ ਨੇ ਕਦੇ ਕਿਸੇ ਦੇ ਪੈਰੀਂ ਹਥ ਨਹੀਂ ਲਾਇਆ ਉਨਾਂ ਨੂੰ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਚਰਨ ਛੋਹਦਿਆਂ ਵੇਖਿਆ।

ਫਿਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਿੰਦੂ ਸਿਖ ਮਿਲਾਪ ਕਾਨਫਰੰਸ ਸੰਨ ੧੯੪੩ ਮੁਤਾਬਿਕ ੧੦-੧੧-੧੨ ਚੇਤਰ ੧੯੯੯ ਨੂੰ ਸ੍ਰੀ ਭੈਣੀ

Namdhari Elibrary NamdhariElibrary@gmail.com

ਸਾਹਿਬ ਵਿਖੇ ਬੁਲਾਈ । ਜਿਸ ਵਿਚ ਕਾਨਫਰੰਸ ਦੇ ਪ੍ਰਧਾਨ ਸੇਠ ਜੁਗਲ ਕਿਸ਼ੋਰ ਬਿਰਲਾ ਜੀ ਬਣੇ। ਗੋਸਵਾਮੀ ਗਣੇਸ਼ ਦਤ,ਮਹਾਸ਼ਾ ਖੁਸ਼ਹਾਲ ਚੰਦ,ਸੰਤ ਨਿਧਾਨ ਸਿੰਘ ਆਲਮ,ਇੰਦਰ ਸਿੰਘ ਚਕਰਵਰਤੀ ਆਦਿ ਸਜਨਾਂ ਨੇ ਤਕਰੀਰਾਂ ਕੀਤੀਆਂ। ਇਸ ਕਾਨਫਰੰਸ ਦੌਰਾਨ ਇਕ ਕਵੀ ਦਰਬਾਰ ਵੀ ਕੀਤਾ ਗਿਆ ਸੀ ਜੋ ਕਿ'ਹਿੰਦੂ ਅਤੇ ਸਿਖ ਦੋਵੇਂ ਇਕ ਜਿੰਦ ਜਾਨ ਨੇ' ਸਮਸਿਆ ਸਬੰਧੀ ਕਵੀਆਂ ਨੇ ਰਚਨਾਵਾਂ ਪੇਸ਼ ਕੀਤੀਆਂ।

ਕਾਨਫਰੰਸ ਵਿਚ ਸਭ ਨੇ ਸੌਹਾਂ ਖਾਧੀਆਂ ਕਿ ਅਸੀਂ ਇਕਠੇ ਰਹਾਂਗੇ। ਸ੍ਰੀ ਭੈਣੀ ਸਾਹਿਬ ਦੀ ਪਵਿਤਰ ਧਰਤੀ ਤੇ ਅਜ ਉਹ ਸਾਰੇ"ਹਮ ਏਕ ਹੈਂ" ਦੇ ਨਾਹਰੇ ਲਾ ਰਹੇ ਸਨ ਜਿਹੜੇ ਕਦੀ ਇਕ ਦੂਜੇ ਨੂੰ ਵੇਖਣਾ ਨਹੀਂ ਸਨ ਚਾਹੁੰਦੇ ਉਹਨਾਂ ਆਪਸ ਵਿਚ ਜਫੀਆਂ ਪਾਈਆਂ।

ਅਜ਼ਾਦੀ ਲਈ ਸੰਘਰਸ਼—

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਅਤੇ ਨਾਮਧਾਰੀ ਮਲੇਰ ਕੋਟਲੇ ਵਾਲੇ ਸਾਕੇ ਤੋਂ ਬਾਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨਜ਼ਰ ਬੰਦ ਦੇ ਰੂਪ ਵਿਚ ਰਹੇ। ਫਿਰ ਉਪ੍ਰੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਅਰੰਭ ਕਰ ਦਿਤਾ। ਮਹਾਰਾਜ ਗੁਰਦਿਆਲ ਸਿੰਘ ਜੀ ਮਹਾਰਾਜ ਨਿਹਾਲ ਸਿੰਘ ਮਾਤਾ ਜੀਵਨ ਕੌਰ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ(ਸ੍ਰੀ ਸਤਿਗੁਰੂ ਜਗ-ਜੀਤ ਸਿੰਘ ਜੀ ਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ) ਨੇ ਅਜ਼ਾਦੀ ਦੇ ਇਸ ਮੰਤਵ ਨੂੰ ਹਾਸਲ ਕਰਨ ਲਈ ਸੰਘਰਸ਼ ਤੇਜ ਕਰ ਦਿਤਾ।

ਸੰਨ ੧੯੨੯ ਵਿਚ ਕਾਂਗਰਸ ਨੇ ਆਪਣਾ ਸਲਾਨਾ ਸਮਾਗਮ ਲਾਹੌਰ ਵਿਖੇ ਕੀਤਾ ਜਿਸ ਵਿਚ ਆਮ ਸਿਖਾਂ ਨੇ ਤਾਂ ਵਿਰੋਧ ਕੀਤਾ ਪਰ ਸ੍ਰੀ ਸਤਿ-ਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਮੁਤਾਬਿਕ ਹਜਾਰਾਂ ਦੀ ਗਿਣਤੀ ਵਿਚ ਨਾਮਧਾਰੀ ਸਿਖ ਏਸ ਜਲਸੇ ਵਿਚ ਹਾਜ਼ਰ ਹੋਏ ਅਤੇ ੧੫੦ ਘੋੜੇ ਇਸ ਜਲੂਸ ਵਿਚ ਭੇਜੇ ਅਤੇ ਲੰਗਰ ਵੀ ਸ੍ਰੀ ਸਤਿਗੁਰੂ ਜੀ ਵਲੋਂ ਹੀ ਹੋਇਆ। ਸੰਨ ੧੯੩੯ ਈ ਵਿਚ ਚੋਣਾਂ ਹੋਈਆਂ ਜਿਸ ਵਿਚ ਆਮ ਸਿਖਾਂ ਨੇ ਬਾਈਕਾਟ ਕੀਤਾ ਪਰ ਨਾਮਧਾਰੀਆਂ ਨੇ ਖੁਲ੍ਹੇ ਆਮ ਵਧ ਚੜ੍ਹਕੇ ਹਿਸਾ ਲਿਆ।

ਸੰਨ ੧੯੩੯ ਵਿਚ ਲੁਧਿਆਣੇ ਵਿਚ ਸਟੇਟ ਪੀਪਲਜ਼ ਕਾਨਫਰੰਸ ਵਿਚ ਸ੍ਰੀ ਜਵਾਹਰ ਲਾਲ ਦਾ ਸਾਥ ਨਾਮਧਾਰੀਆਂ ਸਮੇਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਿਤਾ।

ਸੰਨ ੧੯੪੫ ਵਿਚ ਸ਼ਿਮਲੇ ਹੋਈ ਕਾਨਫਰੰਸ ਸਮੇਂ ਪੰਡਿਤ ਨਹਿਰੂ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਿਹਾ ਕਿ "ਮਹਾਰਾਜ ਜੀ ਆਪ ਦੀ ਕਿਆ ਮਾਂਗ ਹੈ ?" ਸ੍ਰੀ ਸਤਿਗੁਰੂ ਜੀ ਬਚਨ ਕੀਤਾ, "ਅਸੀਂ ਅੰਗਰੇਜ਼ ਕੋਲੋਂ ਕੁਝ ਨਹੀਂ ਮੰਗਦੇ। ਪਰ ਮੇਰੀ ਤਾਂ ਇਕੋ ਹੀ ਇਛਾ ਹੈ ਕਿ ਅਸੀਂ ਅਜ਼ਾਦ ਹੋਈਏ ਤੇ ਅਜ਼ਾਦ ਦੇਸ਼ ਵਿਚ ਗਊ ਬਧ ਪੂਰਨ ਤੌਰ ਤੇ ਬੰਦ ਹੋਵੇ ਤੇ ਗਰੀਬ ਆਬਾਦ ਹੋਣ। ਪਰ ਪੰਡਿਤ ਜੀ ਇਕ ਗਲ ਯਾਦ ਰਖਣਾ ਕਿ ਅਜ਼ਾਦੀ ਤੋਂ ਬਾਦ ਸਾਨੂੰ ਭੁਲਾ ਨਾ ਦੇਣਾ।"

ਅਖੀਰ ਸਾਰੇ ਦੇਸ਼ ਵਾਸੀਆਂ ਦੀਆਂ ਘਾਲਣਾ ਅਤੇ ਕੁਰਬਾਨੀਆਂ ਨਾਲ ੧੫ ਅਗਸਤ ੧੯੪੭ ਈ: ਵਿਚ ਦੇਸ਼ ਆਜ਼ਾਦ ਹੋਇਆ।

ਸਾਹਿਤ ਸਬੰਧੀ ਸੰਘਰਸ਼

ਨਾਮਧਾਰੀ ਪੰਥ ਬਾਰੇ ਇਤਿਹਾਸ ਛਪਵਾਉਣ ਲਈ-ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਮਤ ੧੯੮੨,ਬਸੰਤ ਪੰਚਮੀ ਵਾਲੇ ਦਿਨ ਸਤਿਜੁਗ ਲਾਹੌਰ ਤੋਂ ਛਪਵਾਉਣਾ ਸ਼ੁਰੂ ਕਰਾਇਆ। ਆਪ ਜੀ ਦੀ ਕ੍ਰਿਪਾ ਸਦਕਾ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਅਗਵਾਈ ਹੇਠ ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਇੰਦਰ ਸਿੰਘ ਜੀ ਚਕਰਵਰਤੀ, ਨਿਰੰਕਾਰ ਸਿੰਘ ਚੇਤਨ ਆਦਿਕ ਲੇਖਕਾਂ ਦੇ ਲੇਖ ਛਪਦੇ ਰਹੇ।

Namdhari Elibrary NamdhariElibrary@gmail.com

ਸਤਿਜੁਗ ਦੇ ਅਨੇਕਾਂ ਬਸੰਤ ਅੰਕ ਅਨੇਕਾਂ ਹੀ ਕਿਤਾਬਾਂ ਤਸਵੀਰਾਂ ਅਤੇ ਕੈਲੰਡਰ ਆਦਿ ਛਪਵਾਏ ਗਏ। ਫਿਰ ਕੁਝ ਚਿਰ ਬਾਦ ਹੀ ਸਤਿਜੁਗ ਅਖਬਾਰ ਸਪਤਾਹਿਕ ਸ੍ਰੀ ਭੈਣੀ ਸਾਹਿਬ ਤੋਂ ਛਪਨਾ ਸ਼ੁਰੂ ਹੋ ਗਿਆ ਜੋ ਕਿ ਹੁਣ ਸ੍ਰੀ ਜੀਵਨ ਨਗਰ ਵਿਖੇ ਚਲ ਰਿਹਾ ਹੈ।

ਇਸ ਅਖਬਾਰ ਦੇ ਸੰਪਾਦਕ ਇਸ ਪ੍ਰਕਾਰ ਹੋਏ ਹਨ–

ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਸੰਤ ਨਿਰੰਕਾਰ ਸਿੰਘ ਜੀ ਚੇਤਨ,ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਇੰਦਰ ਸਿੰਘ ਜੀ ਚਕਰਵਰਤੀ,ਵੈਦ ਨੌਰੰਗ ਸਿੰਘ ਜੀ ਤਾਂਘੀ,ਸੰਤ ਮਸਤਾਨ ਸਿੰਘ ਜੀ ਮਾਸਟਰ ਬਲਵੰਤ ਸਿੰਘ ਜੀ, ਮਾਸਟਰ ਨਿਹਾਲ ਸਿੰਘ,ਸੰਤ ਮੰਗਲ ਸਿੰਘ ਜੀ ਲਾਇਲਪਰੀ,ਪੰਡਿਤ ਰਾਜਿੰਦਰ ਸਿੰਘ ਗੁਰੂਸਰ,ਸ੍ਰ. ਪ੍ਰੀਤਮ ਸਿੰਘ ਕਵੀ ਸੰਤ ਗੁਰਭਜਨ ਸਿੰਘ ਨਾਮਧਾਰੀ,ਸੰਤ ਸੰਤੋਖ ਸਿੰਘ ਮਹੰਤ ਆਤਮਾ ਸਿੰਘ ਜੀ,ਸ੍ਰ. ਗੁਰਦਿਆਲ ਸਿੰਘ ਜੀ ਆਦਿ ਸਮੇਂ ਸਿਰ ਸਤਿਜੁਗ ਅਖਬਾਰ ਦੀ ਸੇਵਾ ਕਰਦੇ ਰਹੇ ਹਨ ਅਤੇ ਕਰ ਰਹੇ ਹਨ।

ਫਿਰ ਸੰਤ ਵਰਿਆਮ ਸਿੰਘ ਜੀ "ਮੁਸ਼ਵਰ ਦੇ ਰੰਗੀਨ ਚਿਤਰ ਜੋ ਕਿ ਹਰ ਨਾਮਧਾਰੀ ਗੁਰ ਸਿਖ ਘਰ ਵਿਚ ਸ਼ੋਭਾ ਵਧਾ ਰਹੇ ਹਨ। ਨਾਮਧਾਰੀਆਂ ਬਾਰੇ ਡਾ. ਰਾਜਿੰਦਰ ਪ੍ਰਸਾਦਿ(ਭਾਰਤ ਦੇ ਰਾਸ਼ਟਰ-ਪਤੀ) ਪੰਡਿਤ ਜਵਾਹਰ ਲਾਲ ਨਹਿਰੂ(ਭਾਰਤ ਦੇ ਪਹਿਲੇ ਪ੍ਰਧਾਨ ਮੰਤ੍ਰੀ) ਪਹਿਲੋਂ ਸ਼ਹੀਦ ਭਗਤ ਸਿੰਘ,ਸ੍ਰੀ ਸੁਭਾਸ਼ ਚੰਦਰ ਬੋਸ,ਭਾਈ ਸਾਹਿਬ ਭਾਈ ਕਾਨ੍ਹ ਸਿੰਘ,ਨਾਭਾ(ਮਹਾਨ ਕੋਸ਼ ਦੇ ਲਿਖਾਰੀ) ਸ੍ਰ. ਗੁਰਬਖਸ਼ ਸਿੰਘ ਬਾਬਾ ਧਨੀ ਰਾਮ ਜੀ ਚਾਤ੍ਰਿਕ ਤੇਜਾ ਸਿੰਘ ਐਮ. ਏ. ਤੇ ਹੋਰ ਵੀ ਕਈ ਲਿਖਾ–ਰੀਆਂ ਦੀਆਂ ਰਚਨਾਵਾਂ ਛਪੀਆਂ ਹਨ।

ਅਜ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਵਰਿਆਮ,ਨਿਰੀਖਿਅਕ,ਯੁਗ ਮਰਜਾਦਾ ਅਤੇ ਹੋਰ ਕਈ ਰਸਾਲੇ ਚਲ ਰਹੇ ਹਨ ਅਤੇ ਨਾਮਧਾਰੀ ਸਾਹਿਤ ਦੀਆਂ ਪੁਸਤਕਾਂ ਹਰ ਘਰ ਦਾ ਸ਼ਿੰਗਾਰ ਹਨ ਇਨਾਂ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ- ਮਿਠੀ ਯਾਦ, ਗਊ ਅੰਕ, ਅਫਰੀਕਾ ਅੰਕ, ਬਸੰਤ ਅੰਕ, ਸ਼ਰਧਾਜਲੀ ਅੰਕ,ਪ੍ਰਦੇਸ ਗਵਨ ਅੰਕ,ਸੂਬਾ ਸਾਹਿਬ ਸਿੰਘ ਅੰਕ,ਸਿਖ ਇਤਿਹਾਸ ਤੇ ਕੂਕੇ,ਕੂਕਾ ਸਿਖ,ਨਾਮਧਾਰੀ ਇਤਿਹਾਸ,ਚੋਜੀ ਪ੍ਰੀਤਮ ਨਾਮਧਾਰੀਜ ਗੁਰੂ ਪਦ ਪ੍ਰਕਾਸ਼ ਸਿਖ ਗੁਰੂ ਪ੍ਰੰਪਰਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ,ਸਤਿਗੁਰੂ ਪੁਰਖ ਨਾਮਧਾਰੀ ਅਤੇ ਕਾਂਗਰਸ ਆਦਿ ਹੋਰ ਵੀ ਕਈ ਅਨੇਕ ਪੁਸਤਕਾਂ ਹਨ ਜੋ ਨਾਂਮਧਾਰੀ ਪੰਥ ਨੂੰ ਰੁਸ਼ਨਾਂ ਰਹੀਆਂ ਹਨ।

ਗਊ ਰਖਿਆ ਸਬੰਧੀ ਸੰਘਰਸ਼–

ਗਊ ਭਾਰਤ ਦੀ ਜਾਨ ਹੈ ਇਸੇ ਵਾਸਤੇ ਸਤਿ–ਗੁਰੂ ਪ੍ਰਤਾਪ ਸਿੰਘ ਜੀ ਕਹਿਆ ਕਰਦੇ ਸਨ ਕਿ ਜੇ ਗਊ ਹੈ ਤਾਂ ਭਾਰਤ ਹੈ। ਗਊ ਨਾ ਰਹੀ ਤਾਂ ਭਾਰਤ ਨਹੀਂ ਰਹੇਗਾ। ਇਸੇ ਲਈ ਸ੍ਰੀ ਸਤਿਗੁਰੂ ਜੀ ਗਊ ਦੀ ਰਖਿਆ ਸਬੰਧੀ ਪੂਰਾ ਧਿਆਨ ਦਿੰਦੇ ਰਹੇ ਸਨ। ਅੰਗਰੇਜ ਨੇ ਸੰਨ ੧੯੩੭ ਵਿਚ ਲਾਹੌਰ ਵਿਚ ਮਾਡਰਨ ਮਸ਼ੀਨਰੀ ਨਾਲ ਲੈਸ ਇਕ ਬੁਚੜਖਾਨਾ ਦੇ ਖੋਲਣ ਦੀ ਤਜਵੀਜ ਸੋਚਕੇ ਅਮਲ ਕਰਨਾ ਸ਼ੁਰੂ ਕਰ ਦਿਤਾ। ਇਸ ਬਾਰੇ ਪਤਾ ਲਗਣ ਤੇ ਸ੍ਰੀ ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਇਸ ਬੁਚੜਖਾਨੇ ਨਾ ਖੁਲਣ ਬਾਰੇ ਇਕ ਮਹਾਨ ਯਗ ਕੀਤਾ। ਇਸ ਵਿਚ ਆਪਜੀ ਦਾ ਮਨੋਰਥ ਪੂਰਾ ਹੋਇਆ।

ਆਪ ਜੀ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਖੇ ਗਊ ਸ਼ਾਲਾਵਾਂ ਕਾਇਮ ਕੀਤੀਆਂ। ਜਿਥੇ ਗਊਆਂ ਦੀ ਰਖਿਆ ਅਤੇ ਦੇਖ ਭਾਲ ਲਈ ਸਹੀ ਸੇਧ ਦਿੰਦੇ ਰਹੇ।

ਆਪ ਜੀ ਲਾਵਾਰਸ ਗਊਆਂ ਜਿਨ੍ਹਾਂ ਦੀ ਦੇਖ ਭਾਲ ਨਹੀਂ ਕੀਤੀ ਜਾਂਦੀ ਸੀ, ਨੂੰ ਮੰਗਵਾਕੇ ਸੇਵਾ ਕਰਦੇ ਸਨ।

ਸੰਨ ੧੯੪੭ ਵਿਚ ਦੇਸ਼ ਤਾਂ ਅਜਾਦ ਹੋ ਗਿਆ ਪਰ ਗਊ ਬਧ ਬੰਦ ਨਾ ਹੋਇਆ ਸੰਨ ੧੯੫੫

ਵਿਚ ਅਲਾਹਬਾਦ ਵਿਚ ਗਊ ਬਧ ਰੋਕਣ ਲਈ ਜਨਸੰਘ ਵਲੋਂ ਬੁਲਾਈ ਗਈ ਕਾਨਫਰੰਸ ਵਿਚ ਸ਼ਾਮਲ ਹੋਏ। ਤਾਂ ਪੰਡਿਤ ਨਹਿਰੂ ਜੀ ਦੇ ਇਕ ਮਿਤਰ ਨੇ ਕਿਹਾ ਕਿ ਤੁਸੀਂ ਤਾਂ ਜਨਸੰਘ ਦੀ ਕਾਨਫਰੰਸ ਵਿਚ ਆਏ ਹੋ, ਪੰਡਿਤ ਜੀ ਨਾਰਾਜ ਹੋ ਜਾਣਗੇ। ਤਾਂ ਆਪ ਜੀ ਨੇ ਉਸਨੂੰ ਕਿਹਾ ਕਿ ਮੈਂ ਗਊ ਰਖਿਆ ਲਈ ਕਿਸੇ ਮੇਹਤਰ ਨੂੰ ਵੀ ਸਮਰਥਨ ਦੇਣ ਲਈ ਤਿਆਰ ਹਾਂ। ਜੇ ਕੋਈ ਨਰਾਜ ਹੁੰਦਾ ਹੈ ਤਾਂ ਹੁੰਦਾ ਰਹੇ। ਇਹ ਸਨ ਵਿਚਾਰ ਗਊ ਪ੍ਰਤੀ ਸ੍ਰੀ ਸਤਿਗੁਰੂ ਜੀ ਦੇ।

ਸ੍ਰੀ ਸਤਿਗੁਰੂ ਜੀ ਸਾਰੀ ਜ਼ਿੰਦਗੀ ਨਾਮਧਾਰੀ ਪੰਥ ਸਿਖ ਕੌਮ ਅਤੇ ਦੇਸ਼ ਦੀ ਖਾਤਿਰ ਹੀ ਸੰਘਰਸ਼ ਕਰਦੇ ਰਹੇ।

ਆਪ ਜੀ ਦੇ ਕੁਝ ਕੁ ਉਪਦੇਸ਼ ਇਸ ਪ੍ਰਕਾਰ ਹਨ-

੧ ਦੇਹਧਾਰੀ ਸਤਿਗੁਰੂ ਦੀ ਅਗਵਾਈ ਹੇਠ ਰਹਿਣਾ।

੨ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰਨਾ, ਨਾਮ ਸਿਮਰਨ ਕਰਨਾ, ਬਾਣੀ ਪੜਨੀ,੧ ਘੰਟਾ ਨਾਮ ਸਿਮਰਨ ਦਾ ਨਿਤਨੇਮ ਹੋਰ ਨਿਤਨੇਮ ਤੋਂ ਵਖਰਾ ਕਰਨਾ, ਹਰ ਗੁਰਸਿਖ ਲਈ ਜਰੂਰੀ ਹੈ।

੩ ਪਿਆਰ ਅਤੇ ਏਕਤਾ ਵਿਚ ਬਰਕਤ ਹੈ ਇਸ ਬਾਰੇ ਹਰ ਪ੍ਰਾਣੀ ਨੂੰ ਲਗਨ ਨਾਲ ਜਤਨ ਕਰਨਾ ਚਾਹੀਦਾ ਹੈ।

੪ ਉਚਾ ਆਚਰਣ, ਸਾਦੀ ਖੁਰਾਕ 'ਵਿਚਾਰਾਂ ਦੀ ਪਵਿਤ੍ਰਤਾ ਹੀ ਸਮਾਜ ਦਾ ਇਖਲਾਕ ਉਚਾ ਕਰਦੀਆਂ ਹਨ।

੫ ਗਊ ਰਖਿਆ ਅਤੇ ਗਊ ਪਾਲਣਾ ਜਰੂਰੀ ਕਰਾਰ ਦਿਤਾ।

੬ ਕੁੜੀਆਂ ਨੂੰ ਮਾਰਨਾ ਜਾਂ ਵੇਚਣਾ ਵਟਾ ਕਰਨਾ ਪੰਥਕ ਜੁਰਮ ਹੈ।

੭ ਦਾਜ ਨਹੀਂ ਲੈਣਾ(੮) ਹਰ ਸ਼੍ਰੇਣੀ ਦੇ ਪੁਰਸ਼ ਨਾਲ ਪਿਆਰ ਅਤੇ ਉਸਦਾ ਸਤਿਕਾਰ ਕਰੋ।

੯ ਵਿਧਵਾ ਵਿਆਹ ਜਰੂਰੀ ਹੈ।

੧੦ ਗੁਰਬਾਣੀ ਦਾ ਅਦਬ ਕਰਨਾ। ਆਦਿਕ ਇਸਤਰਾਂ ਦੇ ਹੀ ਉਪਦੇਸ਼ ਦਿੰਦੇ ਹੋਏ ਸੰਘਰਸ਼ ਕਰਦੇ ਹੋਏ ਸਾਨੂੰ ੨੧-੨੨ ਅਗਸਤ ੧੯੫੯ ਈ: (੫-੬ ਭਾਦਰੋਂ ਸੰਮਤ ੨੦੧੬) ਰਾਤ ਨੂੰ ਸਦੀਵੀ ਵਿਛੋੜਾ ਦੇ ਗਏ।

ਸ੍ਰੀ ਜੀਵਨ ਨਗਰ ਵਸਾਇਆ ਪ੍ਰਤਾਪ ਗੁਰ

ਹੋਣ ਲਗੀ ਵੰਡ ਜਦੋਂ ਹਿੰਦ ਅਤੇ ਪਾਕ ਦੀ ਸੀ, ਵੇਖਣ ਇਲਾਕਾ ਏਥੇ ਆਇਆ ਪ੍ਰਤਾਪ ਗੁਰ।
ਖਰੀਦਕੇ ਜ਼ਮੀਨ ਕੱਠੇ ਕੀਤੇ ਸਭ ਨਾਮਧਾਰੀ, ਜੰਗਲ ਚ' ਮੰਗਲ ਲਗਾਇਆ ਪ੍ਰਤਾਪ ਗੁਰ।
ਜੰਡ ਤੇ ਕਰੀਕ ਫਰਵਾਂ ਏਥੇ ਬਹੁਤ ਹੈਸੀ, ਕਰਕੇ ਖਰਚ ਪੁਟਵਾਇਆ ਪ੍ਰਤਾਪ ਗੁਰ।
ਗਹਿਮਾ ਗਹਿਮ ਹੋਈ ਅਤੇ ਮਹਿਮਾ ਸਾਰੇ ਹੋਣ ਲਗੀ,ਕਾਮਿਆਂ ਨੂੰ ਮਾਲਕ ਬਨਾਇਆ ਪ੍ਰਤਾਪ ਗੁਰ
ਪਹਿਲਾਂ ਏਥੇ ਪਾਣੀ ਵੀ ਨਾ ਕੋਹਾਂ ਤੀਕ ਲਭਦਾ ਸੀ,ਹੜ੍ਹ ਏਥੇ ਦੁਧ ਦਾ ਵਗਾਇਆ ਪ੍ਰਤਾਪ ਗੁਰ।
ਮਣ ਮਣ ਦੁਧ ਪਈਆਂ ਦੇਂਦੀਆਂ ਨੇ ਗਾਂਈ ਮੱਝੀਂ ਘਿਓ ਏਥੇ ਦੇਸੀ ਵਰਤਾਇਆ ਪ੍ਰਤਾਪ ਗੁਰ।
ਪਾਠ ਕਰਵਾਏ ਲਖਾਂ ਵਰਨੀਆਂ ਤੇ ਹੋਮ ਜਗ,ਨਾਮ ਨਰ ਨਾਰੀ ਨੂੰ ਜਪਾਇਆ ਪ੍ਰਤਾਪ ਗੁਰ।
ਨਿਗ੍ਹਾ ਨਾਲ ਕੱਟਕੇ ਤੇ ਰੋਗ ਕਟੇ ਰੋਗੀਆਂ ਦੇ, ਰੋਦਿਆਂ ਦੇ ਤਾਈਂ ਸੀ ਹਸਾਇਆ ਪ੍ਰਤਾਪ ਗੁਰ।
'ਰਾਜੇ' ਤਾਈਂ ਰਾਜਾ ਕਰ ਯੁਗਾਂ ਦੀ ਕੰਗਾਲੀ ਕਢੀ, ਸ੍ਰੀ ਜੀਵਨ ਨਗਰ ਵਸਾਇਆ ਪ੍ਰਤਾਪ ਗੁਰ।

ਹਰਭਜਨ ਸਿੰਘ ਰਾਜਾ

੪੨ ਸਫੇ ਦੀ ਬਾਕੀ

ਬੈਠਾਕੇ ਆਖਿਆ ਜਾਨਾ ਰਾਮ ਮਨ ਵਿਚ ਕੋਈ ਸ਼ੰਕਾ ਨਹੀਂ ਰਖੀਦਾ। ਮੈਂ ਤੇਰੇ ਤੇ ਇਸੇਤਰਾਂ ਖੁਸ਼ ਹਾਂ। ਜਾਨਾ ਰਾਮ ਦਾ ਸ਼ੰਕਾ ਦੂਰ ਹੋ ਗਿਆ। ਜਦ ਤੋਂ ਹੁਣ ਤਕ ਉਹ ਮਾਰਵਾੜੀ ਪਹਿਰਾਵਾ ਹੀ ਰਖਦਾ ਹੈ ਤੇ ਮਰਜਾਦਾ ਵਿਚ ਰਹਿੰਦਾ ਹੈ।

Namdhari Elibrary NamdhariElibrary@gmail.com

ਦੇਸ਼ ਵੰਡਾਰੇ ਤੋਂ ਜ਼ਰਾ ਪਹਿਲੋਂ

ਆਜ਼ਾਦ ਹਿੰਦ ਫੌਜ ਦੇ ਅਫਸਰਾ ਦਾ ਫੌਜੀ ਅਦਾਲਤ ਵਿਚੋਂ ਬਰੀ ਹੋਕੇ ਔਣ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਸ੍ਵਾਗਤ ।

ਖਬੇ ਤੋਂ ਸਜੇ ੧ ਬਾਬਾ ਸੁੰਦਰ ਸਿੰਘ ਕੰਬਲਾਂ ਵਾਲਾ ੨. ਸੂਬਾ ਹਰੀ ਸਿੰਘ ੩. ਬਲਬੀਰ ਸਿੰਘ(ਸਪੁਤਰ ਸ੍ਰ. ਕਰਤਾਰ ਸਿੰਘ ਜੀ ਲਾਹੌਰ)੪. ਬੀਬੀ ੫. ਜਨਰਲ ਸ਼ਾਹ ਨਿਵਾਜ(ਨੋਟਾਂ ਦੇ ਹਾਰ ਵਾਲੇ)੬ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ੭. ਕੈਪਟਨ ਸਹਿਗਲ(ਨੋਟਾਂ ਦੇ ਹਾਰ ਵਾਲੇ)੮. ਕੈਪਟਨ ਢਿਲੋਂ (ਨੋਟਾਂ ਦੇ ਹਾਰ ਵਾਲੇ)੯ ਬੀਬੀ ਸੁਰਜੀਤ ਕੌਰ ੧੦ ਬੀਬੀ ਸ਼ਕੁੰਤਲਾ ਪਤਨੀ ਸ੍ਰ. ਕਰਤਾਰ ਸਿੰਘ ਜੀ,ਪਿਛੇ ਖਲੋਤੇ-ਸ੍ਰੀ ਸਤਿਗੁਰੂ ਜੀ ਦੇ ਨਾਲ ਸਜੇ ਪਾਸੇ ਸ੍ਰ. ਕਰਤਾਰ ਸਿੰਘ ਲਾਹੌਰ,

Namdhari Elibrary NamdhariElibrary@gmail.com

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਦੇ

ਚਮਤਕਾਰ

ਅਮਰ ਸਿੰਘ ਸਾਹਿਬਾਬਾਦੀਆ ਯੂ. ਪੀ.



ਲੇਖਕ

ਸ੍ਰ. ਅਮਰ ਸਿੰਘ ਜੀ ਨੇ ਅਪਣੀ ਜਾਣਕਾਰੀ ਅਪਣੇ ਲੇਖ ਵਿਚ ਆਪ ਹੀ ਲਿਖ ਦਿਤੀ ਹੈ। ਏਹ ਸ੍ਰ. ਜੀ:ਦੇਸ਼ ਵੰਡਾਰੇ ਤੋਂ ਪਹਿਲਾਂ ਅਤੇ ਕੁਝ ਚਿਰ ਪਿਛੋਂ ਭੀ ਗੰਗਾ ਨਗਰ ਰਹਿੰਦੇ ਰਹੇ ਹਨ ਅਤੇ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਜੀ ਜਦ ਗੰਗਾ ਨਗਰ ਜਾਂਦੇ ਤਾਂ ਇਨ੍ਹਾਂ ਪਾਸ ਹੀ ਨਿਵਾਸ ਬਖਸ਼ਦੇ ਜੋ ਸਤਿਗੁਰੂ ਜੀ ਦੀਆਂ ਖੁਸ਼ੀਆਂ ਇਨ੍ਹਾਂ ਨੇ ਪ੍ਰਾਪਤ ਕੀਤੀਆਂ ਹਨ ਓਨਾਂ ਦਾ ਪ੍ਰਗਟਾਵੇ ਇਨਾਂ ਦੇ ਲੇਖ ਵਿਚੋਂ ਹੁੰਦਾ ਹੈ। ਇਹ ਵਿਸ਼ਾਲ ਹਿਰਦੇ ਨਾਲ ਸਤਿਗੁਰੂ ਜੀਦੀ ਸੇਵਾ ਕਰਦੇ ਹਨ। ਰਿਆਸਤ ਬੀਕਾਨੇਰ ਵਿਚ ਨਾਮਧਾਰੀ ਸਿੰਘਾਂ ਦੀ ਗਿਣਤੀ ਵਿਚ ਸਭ ਤੋਂ ਅਗਲਿਆਂ ਵਿਚ ਗਿਣੇ ਜਾਂਦੇ ਸਨ।

ਸੰਪਾਦਕ

ਸਰਬ ਪ੍ਰਤਿ ਪਾਲਕ,ਸਰਬ ਦੁਖ ਨਾਸ਼ਕ, ਸਰਬ ਉਪਮਾਯੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿਤ੍ਰ ਚਰਨਾ ਵਿਚ ਬੇਨਤੀ ਹੈਕਿ ਹਜ਼ੂਰ ਦੀ ਪ੍ਰੇਰਨਾ ਨੇ ਜੇਹੜਾ ਮੈਨੂੰ ਉਤਸ਼ਾਹ ਬਖਸ਼ਿਆ ਹੈ ਉਸੇ ਦੇ ਕਾਰਨ ਮੈਂ ਕੁਛ ਸੰਖੇਪ ਸ਼ਬਦਾਂ ਦਵਾਰਾ ਆਪ ਬੀਤੀ ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਚੇ ਪਾਤਸ਼ਾਹ ਨੇ ਇਸ ਕੀਟ ਪਰ ਕ੍ਰਿਪਾ ਦਰਿਸ਼ਟੀ ਕੀਤੀ ਹੈ ਓਹ ਲਿਖ ਰਿਹਾ ਹਾਂ ਤੇ ਆਸ ਕਰਦਾ ਹਾਂਕਿ ਹਜ਼ੂਰ ਆਪ ਭੀ ਇਸ ਪਰਿਵਾਰ ਤੇ ਅਪਣਾ ਮੇਹਰਾਂ ਭਰਿਆ ਹਥ ਸਿਰ ਤੇ ਰਖੋਗੇ ਤੇ ਆਪਣਾ ਹੁਕਮ ਮੰਨਣ ਦਾ ਬਲ ਬਖਸ਼ੋਗੇ।

ਗਰੀਬ ਨਵਾਜ਼ ਜੀ ਮੈਂ ਕੋਈ ਲਿਖਾਰੀ ਨਹੀਂ ਹਾਂ ਮੈਂ ਇਕ ਗਰੀਬ ਰਾਮਗੜੀਆ ਦੇ ਘਰ ਸਤੰਬਰ ੧੯੦੬ ਨੂੰ ਪਿੰਡ ਝਲਾ ਤਹਿਸੀਲ ਰੋਪੜ ਵਿਚ ਜਨਮ ਲਿਆ,ਏਸ ਪਿੰਡ ਦੀ ਅਬਾਦੀ ਸਾਰੀ ਮੁਸਲਮਾਨੀ ਸੀ ਏਹ ਨਗਰ ਸ੍ਰੀ ਭੈਣੀ ਸਾਹਿਬ ਤੋਂ ਕੋਈ ੧੬-੧੭ ਕੋਸ ਦੇ ਫਾਸਲੇ ਤੇ ਪੂਰਬ ਵਲ ਹੈ, ਮੇਰੇ ਮਾਤਾ ਜੀ ਮੇਰੀ ਤਿੰਨ ਸਾਲ ਉਮਰ ਵਿਚ ਹੀ ਸੁਰਗਵਾਸ ਹੋ ਗਏ ਸਨ,ਮੇਰੇ ਪਿਤਾ ਜੀ ਪਿੰਡ ਦਾ ਹੀ ਕੰਮ ਕਰਦੇ ਸਨ, ਮੈਂ ਅਪਣੀ ਮੁਢਲੀ ਵਿਦਿਆ ਪੰਜਵੀਂ ਜਮਾਤ ਤਕ ਪਿੰਡ ਦੇ ਨੇੜੇ ਦੇ ਸਕੂਲ ਬੈਰਾਮ ਪੁਰ ਬੇਟ ਵਿਚ ਹੀ ਪਰਾਪਤ ਕੀਤੀ ਫਿਰ ਮੈਂ ਲੁਦਿਹਾਨੇ ਆਰੀਆ ਹਾਈ

ਸਕੂਲ ਵਿਚ ਦਾਖਲ ਹੋ ਗਿਆ ਸਾਡੇ ਇਲਾਕੇ ਵਿਚ ਸ੍ਰੀ ਭੈਣੀ ਸਾਹਿਬ ਕੁਕਿਆਂ ਦੀ ਭੈਣੀ ਕਰਕੇ ਪ੍ਰਸਿਧ ਸੀ ਤੇ ਹਰ ਸਾਲ ਲੰਗਰ ਦੀ ਉਗਰਾਹੀ ਵਾਸਤੇ ਗੱਡੇ ਲੈਕੇ ਸਿਖ ਆਇਆ ਕਰਦੇ ਸਨ, ਸਾਡਾ ਪਰੀਵਾਰ ਤਕ੍ਰੀਬਨ ਹਰ ਸਾਲ ਹੋਲੇ ਮਹਲੇ ਤੇ ਸ੍ਰੀ ਅਨੰਦਪੁਰ ਸਾਹਿਬ ਦਰਸਨਾਂ ਵਾਸਤੇ ਜਾਂਦਾ ਸੀ ਤੇ ਪਹਿਲੋਂ ਸ੍ਰੀ ਕੀਰਤਪੁਰ ਸਾਹਿਬ ਬਾਬਾ ਗੁਰਦਿਤਾ ਜੀ ਦੀ ਹਜ਼ੂਰੀ ਵਿਚ ਇਕ ਰਾਤ ਚੌਂਕੀ ਭਰਦੇ ਸਨ।

ਮੈਂ ਕੁਝ ਆਰਥਕ ਕਮਜੋਰੀ ਦੇ ਕਾਰਨ ਪੂਰੀ ਵਿਦਿਆ ਨਹੀਂ ਪ੍ਰਾਪਤ ਕਰ ਸਕਿਆ ਮੈਂ ਨੌਵੀਂ ਜਮਾਤ ਵਿਚੋਂ ਹੀ ਹਟ ਗਿਆ, ਤੇ ਲੁਧਿਆਣੇ ਹੀ ਇਕ ਸਿਵਲ ਇੰਜੀਨੀਰਿੰਗ ਕਾਲਜ ਪ੍ਰਾਈਵੇਟ ਸੀ ਉਸ ਵਿਚ ਦਾਖਲ ਹੋ ਗਿਆ ਤੇ ਸਬ ਓਵਰਸੀਅਰ ਦਾ ਕੋਰਸ ਪਾਸ ਕੀਤਾ ਇਕ ਸਾਡੇ ਹੀ ਇਲਾਕੇ ਦਾ ਅਫਸਰ ਐਸ. ਡੀ. ਓ. ਨੈਹਰ ਦੇ ਮਹਿਕਮੇ ਵਿਚ ਬਰੇਲੀਮਿਸਤ੍ਰੀਲਗਾ ਹੋਇਆ ਸੀ ਮੈਂ ਓਸ ਪਾਸਆ ਗਿਆ ਤੇ ਕੰਮ ਤੇ ਲਗ ਗਿਆ ੬ ਮਹੀਨੇ ਬਾਦ ਮੈਂ ਸਬ ਓਵਰਸੀਅਰ ਲਗ ਗਿਆ। ਏਹ ੧੯੨੨ ਦੀ ਗਲਹੈ ੧੯੨੪ ਵਿਚ ਨੌਕਰੀ ਹਟ ਗਈ ਤੇ ਨੌਕਰੀ ਦੀ ਤਲਾਸ਼ ਜਾਰੀ ਰਹੀ ਪਰ ਸਫਲਤਾ ਨਾ ਮਿਲੀ ਮੈਂ ਕੁਛ ਚਿਰ ਦਿਲੀ ਕੰਮ ਕੀਤਾ,ਏਥੇ ਮੇਰਾ ਸੰਪਰਕ ਇਕ ਰਾਮਗੜੀਆ ਸਜਨ ਸ੍ਰ. ਲਾਲ ਸਿੰਘ ਜੀ ਨਾਲ ਹੋ ਗਿਆ ਓਹ ਪਹਿਰ ਰਾਤ ਤੇ ਇਸ਼ਨਾਨ ਕਰਕੇ ਬਾਣੀ ਦਾ ਪਾਠ ਅਰੰਭ ਕਰਦਾ ਤੇ ਨਾਲੇ ਪ੍ਰਸ਼ਾਦ ਤਿਆਰ ਕਰਦਾ ਤੇ ਸਮੇਂ ਸਿਰ ਕੰਮ ਤੇ ਜਾਂਦਾ ਮੈਨੂੰ ਕੁਛ ਪ੍ਰੇਰਨਾ ਮਿਲੀ ਤੇ ਦਿਲੀ ਗੁਰਦਵਾਰਾ ਸੀਸ ਗੰਜ ੧੯੨੪ ਵਿਚ ਅੰਮ੍ਰਿਤ ਪਾਨ ਕੀਤਾ ਤੇ ਬਾਣੀ ਦਾ ਪਾਠ ਕਰਨ ਦੀ ਲਗਨ ਭੀ ਹੋ ਗਈ, ਨੌਕਰੀ ਕਦੇ ਮਿਲ ਜਾਂਦੀ ਤਾਂ ਗੁਜ਼ਾਰਾ ਹੋ ਜਾਂਦਾ। ੧੯੨੬ ਅਕਤੂਬਰ ਵਿਚ ਮੇਰਾ ਅਨੰਦ ਕਾਰਜ ਪਿੰਡ ਓਟਾਲਾਂ ਬਾਬਾ ਰੁੜ ਸਿੰਘ ਜੀ ਦੀ ਪੋਤ੍ਰੀ ਸ੍ਰ. ਇੰਦਰ ਸਿੰਘ ਜੀ ਦੀ ਲੜਕੀ ਸੇਖੀ ਪਰੀਵਾਰ ਵਿਚ ਹੋ ਗਿਆ ਜਿਸਦੇ ਸ੍ਰ. ਸੁਚਾ ਸਿੰਘ ਜੀ ਸੇਖੀ ਗੁਰੂ ਚਰਨਾਂ ਦੇ ਸੇਵਕ ਹੋਏ ਹਨ ਤੇ ਹੁਣ ਉਹ ਮਾਰਚ ੧੯੮੭ ਨੂੰ ਸੁਰਗਵਾਸ ਹੋ ਗਏ ਹਨ, ੧੯੨੭ ਵਿਚ ਨੌਕਰੀ ਮਿਲ ਗਈ। ਮੈਂ ਸ਼ੇਖੂਪੁਰਾ ਜੋ ਹੁਣ ਪਾਕਿਸਤਾਨ ਵਿਚ ਹੈ ਤੇ ਚੂਹੜਕਾਨੇ ਦੇ ਕੋਲ ਹੀ ਇਕ ਪਿੰਡ ਬੱਦੋਕੀ ਵਰਨ (ਸੰਤ ਆਲਾ ਸਿੰਘ ਜੀ) ਦੇ ਪਾਸ ਹੀ ਸੀ। ਸਿਖ ਕਦੇ ਕਦੇ ਦਰਸ਼ਨ ਕਰਨ ਵਾਸਤੇ ਵਰਨੀ ਜਾਂਦੇ ਸਨ,ਪਰ ਮੈਂ ਨਹੀਂ ਗਿਆ। ੧੯੨੯ ਵਿਚ ਮੇਰੇ ਪਿਤਾ ਜੀ ਸੁਰਗਵਾਸ ਹੋ ਗਏ ਮੇਰਾ ਸੰਪਰਕ ਬਾਬਾ ਬੀਰ ਸਿੰਘ ਜੀ(ਓਹ ਗਲਾਸ ਬਜਾਕੇ ਹੀ ਸ਼ਬਦ ਪੜਦੇ ਸਨ)ਹੋ ਗਿਆ ੧੯੩੧ ਵਿਚ ਮੇਰੀ ਨੌਕਰੀ ਹਟ ਗਈ ਮੈਂ ਲੁਧਿਆਣੇ ਆ ਗਿਆ ਏਥੇ ਨਾਮਧਾਰੀ ਕਾਫੀ ਸਨ, ਤੇ ਮੈਨੂੰ ਬਾਬਾ ਪ੍ਰਤਾਪ ਸਿੰਘ ਜੀ ਕੂਚਾ ਨੰ: ੮ ਫੀਲਡਗੰਜ ਬਾਬੂ ਰਾਮ ਸਿੰਘ ਜੀ ਤੇ ਸ੍ਰੀ ਸੰਤ ਬਾਬਾ ਕਿਸ਼ਨ ਸਿੰਘ ਜੀ ਛੁਤੀਆ ਤੇ ਸੰਤ ਪੂਰਨ ਸਿੰਘ ਜੀ ਮੋਰੋਂ ਵਾਲੇ ਤੋਂ ਬਹੁਤ ਪ੍ਰੇਰਨਾ ਮਿਲੀ ਤੇ ਸੰਤ ਪੂਰਨ ਸਿੰਘ ਜੀ ਤੋਂ ਭਜਨ ਲਿਆ ਸੰਤ ਪੂਰਨ ਸਿੰਘ ਜੀ ਦੀ ਬਿਰਤੀ ਬਹੁਤ ਉਚੀ ਸੀ ਫਿਰ ਸ੍ਰੀ ਭੈਣੀ ਸਾਹਿਬ ਸ੍ਰੀ ਸਤਿ-ਗੁਰੂ ਜੀ ਦੇ ਦਰਸ਼ਨ ਕਰਨ ਦਾ ਬਹੁਤ ਮੌਕਾ ਮਿਲਿਆ। ਕਈ ਅਸਚਰਜ ਲੀਲਾ ਵੇਖਣ ਵਿਚ ਆਈਆਂ ਆਪਣੀ ਤੁਛ ਬੁਧੀ ਅਨੁਸਾਰ ਜੋ ਅਨੁ-ਭਵ ਕੀਤਾ ਉਸਦਾ ਇਕ ਦਰਿਸ਼ ਲਿਖਦਾ ਹਾਂ। ਹੋਲੇ ਦਾ ਦੀਵਾਨ ਹਰਿਮੰਦਰ ਸਾਹਿਬ ਦੇ ਪਾਸ ਇਕ ਕਚੀ ਚਾਰਦੀਵਾਰੀ ਵਿਚ ਸ਼ਾਮ ਨੂੰ ਲਗਾ, ਉਸ ਦੀਵਾਨ ਦੀ ਸ਼ੋਭਾ ਤਾਂ ਮੈਂ ਲਿਖ ਨਹੀਂ ਸਕਦਾ, ਦੀਵਾਨ ਦੀ ਸਟੇਜ ਲਕੜੀ ਦੀ ਬਣੀ ਹੋਈ ਸੀ ਤੇ ਸੰਤ ਹਰਨਾਮ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਧਰੁਪਦ ਦਾ ਅਲਾਪ ਕੀਤਾ ਜਿਸ ਵਿਚ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਭੀ ਅਪਣੀ ਕਲਾ ਦਾ ਪ੍ਰਗਟਾਵਾ ਕੀਤਾ, ਉਪ੍ਰੰਤ ਸ੍ਰੀ ਆਲਮ ਜੀ ਘੁੰਘਰੂ ਬੰਨਕੇ ਸਟੇਜ ਤੇ ਸ੍ਰੀ ਸਤਿਗੁਰੂ ਜੀਦੇ ਹੁਕਮ ਅਨੁਸਾਰ ਦਰਸ਼ਨ ਦਿਤੇ ਤੇ ਆਲਮ ਜੀ ਨੇ(ਹੋਲਾ ਖੇਡਨ ਕੇਸਾਧਾਰੀ) ਦੇ ਸ਼ਬਦ ਦਾ ਗਾਇਨ ਕੀਤਾ ਓਹ ਸਮਾ ਕਥਨੀ ਤੋਂ ਪਰੇ ਹੈ, ਐਸਾ ਸ਼ਾਂਤੀ ਦਾ ਵਾਤਾਵਰਨ ਸੀ ਕਿ ਜੈਸੇ ਅਰਸ਼ਾਂ ਤੋਂ ਫਰਸ਼ਾਂ ਤੇ

Namdhari Elibrary NamdhariElibrary@gmail.com

ਦੇਵਤੇ ਆ ਗਏ ਹਨ ਹਰ ਤਰਫ ਸਫੇਦ ਬਸਤਰ ਪਹਿਰ ਨਾਮਧਾਰੀ ਹੰਸ ਅਪਣੇ ਪ੍ਰੀਤਮ ਮਾਨਸਰੋਵਰ ਦਾ ਰੰਗ ਮਾਣ ਰਹੇ ਸਨ, ਤੇ ਇਤਨੀ ਖਾਮੋਸ਼ੀ ਤੇ ਸ਼ਾਂਤੀ ਸੀ ਕਿ ਆਲਮ ਜੀ ਦੇ ਘੁੰਘਰੂਆਂ ਦੀ ਛਨਛਨਾਹਟ ਹੀ ਸੁਨਾਈ ਦਿੰਦੀ ਸੀ ਤੇ ਕੋਈ ਬਚਾ ਤਕ ਭੀ ਨਹੀਂ ਬੋਲਦਾ ਸੀ ਅਸਲੀ ਸਚਖੰਡ ਦਾ ਨਜਾਰਾ ਸੀ ਜਿਸਨੂੰ ਜਗਯਾਸੂ ਆਪਣੇ ਹਿਰਦੇ ਵਿਚ ਧਿਆਨ ਧਰਦੇ ਹਨ, ਓਹ ਸ੍ਰੀ ਭੈਣੀ ਸਾਹਿਬ ਸਾਖਸ਼ਾਤ ਵੇਖਣ ਵਿਚ ਆਇਆ। ਮੇਰਾ ਖਿਆਲ ਹੈ ਕਿ ੧੯੩੪ ਵਿਚ ਸ੍ਰੀ ਸਚੇ ਪਾਤਸ਼ਾਹ ਜੀ ਨੇ ਸਿਖ ਪੰਥ ਦੀ ਏਕਤਾ ਨੂੰ ਮੁਖ ਰਖਦੇ ਹੋਏ ਤੇ ਸਰਬ ਸਿਖ ਸ਼ਰੇਣੀ ਨੂੰ ਇਕ ਮਾਲਾ ਵਿਚ ਪਰੋਣ ਵਾਸਤੇ ਸਰਬ ਗੁਰੂ ਨਾਨਕਨਾਮ ਲੇਵਾ ਸੰਪ੍ਰਦਾਵਾਂ ਦੀ ਕਾਨ-ਫ੍ਰੰਸ ਸ੍ਰੀ ਭੈਣੀ ਸਾਹਿਬ ਬੁਲਾਈ ਜਿਸ ਵਿਚ ਉਚ ਕੋਟੀ ਦੇ ਮਹਾਂ ਪੁਰਸ਼,ਨਿਰਮਲ ਪੰਥ ਦੇ ਮੁਖੀ,ਰਾਧਾ ਸਵਾਮੀ ਮਹਾਰਾਜ ਜੀ, ਮਾਸਟਰ ਹੀਰਾ ਸਿੰਘ ਜੀ ਗਿਆਨੀ ਸ਼ੇਰ ਸਿੰਘ ਜੀ ਤੇ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆਂ ਤੇਕਈ ਮਹਾਂਪੁਰਸ਼ ਪਧਾਰੇ। ਕਾਨਫਰੰਸ ਦੀ ਕਾਰਵਾਈ ਅਰੰਭ ਹੋਣ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਅਰਦਾਸ ਦਸ ਪਾਤਸ਼ਾਹੀਆਂ ਦੀ ਹੋਣੀ ਚਾਹੀਦੀ ਹੈ ਸ੍ਰੀ ਸਤਿਗੁਰੂ ਜੀਨੇ ਪ੍ਰਵਾਨਗੀ ਦੇ ਦਿਤੀ, ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਸਰਬ ਸੰਮਤੀ ਨਾਲ ਪ੍ਰਧਾਨ ਚੁਣੇ ਗਏ, ਭਾਈ ਸਾਹਿਬ ਜੀ ਨੇ ਅਪਣੇ ਪ੍ਰਧਾਨਗੀ ਭਾਸ਼ਨ ਦੇ ਅਰੰਭ ਤੇ ਰਾਗ ਸੋਰਠ ਦਾ ਸ਼ਬਦ"ਮਾਧੋ ਹਮ ਐਸੇ ਤੂੰ ਐਸਾ"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੰਬੋਧਤ ਕਰਕੇ ਉਚਾਰਨ ਕੀਤਾ ਤੇ ਕਾਨਫਰੰਸ ਦੀ ਕਾਰਵਾਈ ਅਰੰਭ ਹੋਈ ਕਈ ਮਤੇ ਪਾਸ ਕੀਤੇ ਗਏ।

ਹੁਣ ਮੈਂ ਆਪ ਬੀਤੀ ਲਿਖਦਾਂ ਹਾਂ

ਮੈਂ ਕਾਫੀ ਸਮਾਂ ਬੇਰੋਜਗਾਰੀ ਦਾ ਬਤੀਤ ਕੀਤਾ ਕਾਫੀ ਜਤਨ ਕਰਨ ਤੇ ਭੀ ਸਫਲਤਾ ਨਹੀਂ ਮਿਲੀ ਮੈਂ ਲੁਧਿਆਣੇ ਹੀ ਸਾਂ ਇਕ ਸਜਣ ਦੀ ਪ੍ਰੇਰਨਾ ਕਰਕੇ ਗੰਗਾ ਨਗਰ ਆ ਗਿਆ,੧੬-੧੨-੧੯੪੦ ਨੂੰ ਮੈਂ ੩ ਵਜੇ ਇਸ਼ਨਾਨ ਕਰਕੇ ਧੂਪ ਦੀਪ ਕਰਕੇ ਭਜਨ ਕਰ ਰਿਹਾ ਸੀ, ਭਜਨ ਦੀ ਸਮਾਪਤੀ ਤੋਂ ਕੁਛ ਚਿਰ ਪਹਿਲਾਂ ਮੇਰੀ ਸਮਾਧੀ ਲਗ ਗਈ ਇਕ ਨੂਰਾਨੀ ਜੋਤ ਦਾ ਪ੍ਰਕਾਸ਼ ਹੋਇਆ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਰੁਪਯਾ ਚਾਂਦੀਦਾ ਮਲਕਾ ਦੀ ਤਸਵੀਰ ਵਾਲਾ ਇਕ ਗੋਲਕ ਵਿਚ ਪਾ ਦਿਤਾ, ਤੇ ਗੋਲਕ ਪਾਸ ਦੋ ਸਹਿਜਧਾਰੀ ਬੈਠੇ ਸਨ, ਓਨਾਂ ਨੇ ਪੁਛਿਆ ਕਿ ਏਹ ਰੁਪਿਆ ਕਿਉਂ ਪਾਇਆ ਹੈ, ਸ੍ਰੀ ਸਤਿਗੁਰੂ ਜੀ ਨੇ ਕਿਹਾ ਕੇ ਭਾਈ ਅਸੀਂ ਅਮਰ ਸਿੰਘ ਦਾ ਦੇਣਾ ਹੈ। ਮੇਰੀ ਸਮਾਧੀ ਖੁਲ ਗਈ, ਤੇ ਮੈਂ ਆਪਣੀ ਸਿੰਘਣੀ ਨੂੰ ਕਿਹਾ ਕਿ ਹੁਣ ਨੌਕਰੀ ਪੱਕੀ ਲਗ ਗਈ ਹੈ ਕੋਈ ਫਿਕਰ ਨਾ ਕਰੋ।

ਮੇਰੇ ਤਿੰਨ ਲੜਕੇ ਤੇ ਚਾਰ ਲੜਕੀਆਂ ਹਨ,ਵਡੇ ਲੜਕੇ ਤੋਂ ਛੋਟਾ ਜਗਜੀਤ ਸਿੰਘ ਹੈ ਏਹ ੮ ਫਰਵਰੀ ੧੯੪੧ ਨੂੰ ਗੰਗਾ ਨਗਰ ਹੀ ਪੈਦਾ ਹੋਇਆ ਇਸ ਦਾ ਨਾਮ ਜੋਗਿੰਦਰ ਸਿੰਘ ਰਖਿਆ ਬੜੇ ਮਾਤਾ ਜੀ (ਮਾਤਾ ਜੀਵਨ ਕੌਰ ਜੀ) ਗੰਗਾ ਨਗਰ ਪਧਾਰੇ ਤੇ ਦਰਸ਼ਨ ਕੀਤੇ ਚਰਨਾਂ ਦੇ ਮਥਾ ਟੇਕਿਆ ਮਾਤਾ ਜੀ ਨੇ ਪੁਛਿਆ ਕਾਕੇ ਦਾ ਨਾਮ ਕੀ ਰਖਿਆ ਹੈ। ਮੈਂ ਕਿਹਾ ਜੀ ਜੋਗਿੰਦਰ ਸਿੰਘ,ਮਾਤਾ ਜੀ ਨੇ ਪਵਿਤਰ ਰਸਨਾ ਨਾਲ ਬਖਸ਼ਿਸ ਕੀਤੀ ਤੇ ਕਿਹਾ ਇਸਦਾ ਨਾਮ ਜਗਜੀਤ ਸਿੰਘ ਰਖਿਆ ਤੇ ਅਸ਼ੀਰਬਾਦ ਦਿਤੀ। ਮੈਨੂੰ ਸ੍ਰੀ ਸਤਿਗੁਰੂ ਜੀ ਦੇ ਹਜੂਰੀ ਰਬਾਬੀ ਭਾਈ ਗੁਰਮੁਖ ਸਿੰਘ ਜੀ ਤੇ ਸਰਮੁਖ ਸਿੰਘ ਜੀ ਤੇ ਸੰਤ ਹਰਨਾਮ ਸਿੰਘ ਜੀ ਦੇ ਕੀਰਤਨ ਸੁਣਨ ਦਾ ਕਾਫੀ ਅਵਸਰ ਮਿਲਿਆ ਹੈ ਇਸ ਕਰਕੇ ਮੈਨੂੰ ਭੀ ਏਹ ਲਗਨ ਸੀ,ਇਸਤੋਂ ਪਿਛੋਂ ਮੈਨੂੰ ਜੂਨ ੧੯੪੧ ਨੂੰ ਬੀਕਾਨੇਰ ੩ ਮਹੀਨੇ ਵਾਸਤੇ ਨੌਕਰੀ ਮਿਲ ਗਈ ਮੇਰੀ ਏਹ ਨੌਕਰੀ ਪਕੀ ਹੋ ਗਈ ਜਿਸ ਦੀ ਮੈਂ ਹੁਣ ਪੈਨਸ਼ਨ ਲੈ ਰਿਹਾ ਹਾਂ, ਮੈਨੂੰ ਸ੍ਰੀ ਸਤਿਗੁਰੂ ਜੀ ਨੇ ਸਵਾਸ ਸਵਾਸ ਦਾ ਰਿਜਕ ਬਖਸ਼ਿਆ ਤੇ ਪਕੇ ਭਵਨ ਬਖਸ਼ੇ। ਮੈਂ ਬੀਕਾਨੇਰ ੯ ਸਾਲ ਰਿਹਾ ਮੇਰੀ ਬਦਲੀ ਗੰਗਾ ਨਗਰ ਦੀ ਹੋ ਗਈ ਮੈਂ ਵਾਪਸ ਗੰਗਾ ਨਗਰ ਆ ਗਿਆ ਤੇ ਰਾਗ ਵਿਦਿਆ ਕਾਕਾ ਜਗਜੀਤ ਸਿੰਘ ਨੂੰ ਸਖਾਉਣ ਵਾਸਤੇ ਰਾਗ

Namdhari Elibrary NamdhariElibrary@gmail.com

ਦੇ ਮਾਸਟਰ ਦੀ ਤਲਾਸ਼ ਕੀਤੀ ਮੇਰਾ ਸੰਪਰਕ ਜੈਪੁਰ ਘਰਾਨੇ ਦੇ ਮਾਸਟਰ ਜਮਾਲ ਖਾਂ ਜੀ ਨਾਲ ਹੋ ਗਿਆ ੩੦ ਰੁਪੇ ਮਹੀਨਾ ਇਕ ਘੰਟਾ ਸਿਖਾਂਦਾ। ਵਡ ਤੀਰਥ ਹਰੀਪੁਰ ਪੂਰਨਮਾਸੀ ਦਾ ਮੇਲਾ ਹੋਇਆ। ਅਸੀਂ ਭੀ ਗਏ ਦਰਸ਼ਨ ਕੀਤੇ ਆਸਾ ਜੀ ਦੀ ਵਾਰ ਦਾ ਭੋਗ ਪੈ ਗਿਆ ਮੈਂ ਅਰਜ ਕੀਤੀ ਕਿ ਸਚੇ ਪਾਤਸ਼ਾਹ ਬਚਾ ਰਾਗ ਸਿਖਦਾ ਹੈ ਇਸ ਤੇ ਭੀ ਬਖਸ਼ਸ਼ ਕਰੋ ਹਜ਼ੂਰ ਨੇ ਮੇਰੀ ਅਰਜ ਮੰਨਜ਼ੂਰ ਕਰ ਲਈ ਤੇ ਕਾਕਾ ਜਗਜੀਤ ਸਿੰਘ ਨੇ ਰਾਗ ਦਾ ਅਲਾਪ ਕੀਤਾ ਤੇ ਸੁਨਾਇਆ ਸਚੇ ਪਾਤਸ਼ਾਹ ਬਹੁਤ ਪ੍ਰਸੰਨ ਹੋਏ ਤੇ ਅਸ਼ੀਰਵਾਦ ਤੇ ਥਾਪੀ ਦਿਤੀ। ਅਜ ਮੇਰੇ ਗਰੀਬ ਨਵਾਜ਼ ਦੀ ਬਖਸ਼ਿਸ਼ ਦਾ ਸਦਕਾ ਜਗਜੀਤ ਸਿੰਘ ਬੰਬੇ ਹੈ ਤੇ ਮੇਰੇ ਪਾਤਸ਼ਾਹ ਦਾ ਮੇਹਰਾਂ ਭਰਿਆ ਹਥ ਉਸਦੇ ਸਿਰ ਤੇ ਹੈ।

ਗੀਤ

ਆਓ ਲੋਕੋ ਗਾਈਏ ਵਡ ਪ੍ਰਤਾਪ ਦੀ ਅਮਰ ਕਹਾਣੀ।
ਕੁਲ ਲੁਕਾਈ ਭਰਦੀ ਵੇਖੀ ਉਸ ਸਤਿਗੁਰ ਦਾ ਪਾਣੀ।
ਖਾਲੀ ਝੋਲੀ ਲੈ ਗਿਆ ਭਰਕੇ ਜੋ ਵੀ ਦਰ ਤੇ ਆਇਆ।
ਉਸ ਦਾ ਸੀ ਅਟੁਟ ਭੰਡਾਰਾ ਹਰ ਜਸ ਦੂਣ ਸਵਾਇਆ।
ਨਹੀਂ ਡਿਠਾ ਦੁਨੀਆਂ ਦੇ ਉਤੇ ਉਸਦੇ ਵਰਗਾ ਦਾਨੀ
ਕੁਲ ਲੁਕਾਈ ਭਰਦੀ...........

ਇਸ ਸਤਿਗੁਰ ਦੀ ਲੀਲ੍ਹਾ ਹੈਸੀ ਸਾਰੇ ਜਗ ਤੋਂ ਨਿਆਰੀ।
ਨਾਲ ਨਦਰ ਦੇ ਸਿਧੇ ਕੀਤੇ ਵਡੇ ਵਡੇ ਹੰਕਾਰੀ।
ਇਹ ਉਪਦੇਸ਼ ਉਹਨਾਂ ਦਾ ਹੈ ਸੀ ਨਿਤਨੇਮ ਤੇ ਬਾਣੀ।
ਕੁਲ ਲੁਕਾਈ............... ।

ਨਦਰੋ ਨਦਰ ਨਿਹਾਲ ਸਤਿਗੁਰੂ ਕੋਈ ਸਾਰ ਕੀ ਏਸ ਦੀ ਜਾਣੇ।
ਜਿਹੜਾ ਉਹਦੇ ਰੰਗ ਵਿਚ ਰੰਗਿਆ ਉਹ ਹੀ ਓਨੂੰ ਪਛਾਣੇ।
ਰੰਕੋਂ ਰਾਜਾ ਬਣਾ ਦੇਂਦਾ ਉਹ ਉਸਦੀ ਇਹ ਨਿਸ਼ਾਨੀ।
ਕੁਲ ਲੁਕਾਈ............... ।

ਗਊ ਗਰੀਬ ਦੀ ਰਖਿਆ ਕੀਤੀ ਤਨ ਮਨ ਧਨ ਆਪਣਾ ਲਾਕੇ।
ਖਾਲੀ ਹਥੀਂ ਕੋਈ ਨਾ ਮੁੜਿਆ ਦਰ ਉਹਦੇ ਤੋਂ ਆਕੇ।
ਦਿਲ ਦੀਆਂ ਜਾਨਣ ਵਾਲਾ ਪਿਆਰਾ ਉਹ ਸੀ ਦਿਲ ਦਾ ਜਾਨੀ
ਕੁਲ ਲੁਕਾਈ............... ।

ਨਿਤਨੇਮ ਤੇ ਨਾਮ ਬਾਣੀ ਦਾ ਉਹਨਾਂ ਸਬਕ ਸਿਖਾਇਆ।
'ਜਸ' ਜੇਹੜਾ ਵੀ ਦਰ ਤੇ ਆਇਆ ਕਾਂਗੋਂ ਹੰਸ ਬਣਾਇਆ।
ਨਿਤਨੇਮ ਤੇ ਵਾਰ ਆਸਾ ਦੀ ਪੜਨ ਰੋਜ ਗੁਰਬਾਣੀ।
ਕੁਲ ਲੁਕਾਈ............... ।

ਜਸਵਿੰਦਰ ਸਿੰਘ ਭਿੰਡਰ ਜਗਜੀਤ ਨਗਰ (ਸਿਰਸਾ)

—o—

Namdhari Elibrary NamdhariElibrary@gmail.com

ਸਿਖ ਦੀ ਭਾਵਨਾ

ਕਰਤਾਰ ਸਿੰਘ ਬਿਜਲੀ ਵਾਲਾ ਕੀਰਤੀ ਨਗਰ (ਨਵੀਂ ਦਿਲੀ)

ਸ੍ਰ. ਕਰਤਾਰ ਸਿੰਘ ਜੀ ਬਿਜਲੀ ਵਾਲੇ ਦਿਲੀ ਦੇ ਪ੍ਰਸਿਧ ਗੁਰਪੁਰਵਾਸੀ ਨਾਮਧਾਰੀ ਜਥੇਦਾਰ ਅਛਰ ਸਿੰਘ ਜੀ ਦੇ ਸਯੋਗ ਸਪੁਤ੍ਰ ਹਨ। ਇਹਨਾਂ ਦੇ ਪਿਤਾ ਬਿਜਲੀ ਦੀ ਫਿਟਿੰਗ ਦਾ ਵਿਹਾਰ ਕਰਦੇ ਹੁੰਦੇ ਸਨ ਇਹਨਾਂ ਨੇ ਵਿਹਾਰ ਦੇ ਪਖ ਤੋਂ ਪਿਤਾ ਪੁਰਖੀ ਕਾਇਮ ਰਖੀ ਹੈ। ਏਹ ਮੋਟਰਾਂ ਬੰਨਣ ਦਾ ਵਿਹਾਰ ਕਰਦੇ ਹਨ ਅਤੇ ਅਪਣੀ ਇਸ ਵਿਦਿਆ ਵਿਚ ਉਚੀ ਯੋਗਤਾ ਰਖਦੇ ਹਨ।

ਇਨਾਂ ਦਾ ਪਿਛਲ਼ਾ ਪਿੰਡ ਭਾਗੋਵਾਲ(ਜਿ: ਗੁਰਦਾਸਪੁਰ) ਹੈ। ਜਥੇਦਾਰ ਅਛਰ ਸਿੰਘ ਜੀ ਦੇ ਸਮੇਂ ਤੋਂ ਲੈਕੇ ਸਾਰਾ ਪਰਿਵਾਰ ਗੁਰੂਘਰ ਦਾ ਸ਼ਰਧਾਲੂ ਅਤੇ ਨਿਕਟਵਰਤੀ ਰਿਹਾ ਹੈ। ਆਪ ਹਸਮੁਖ ਅਤੇ ਮਿਲਣ ਸਾਰ ਹਨ। ਇਨਾਂ ਦੇ ਪਿਤਾ ਜਥੇਦਾਰ ਜੀ ਕੀਰਤਨ ਕਰਦੇ ਹੁੰਦੇ ਸਨ। ਕਰਤਾਰ ਸਿੰਘ ਅਪਣੇ ਵਿਹਾਰ ਤੋਂ ਬਿਨਾਂ ਸਾਧ ਸੰਗਤ ਦੇ ਕੰਮ ਕਾਜ ਅਤੇ ਹੋਰ ਸੇਵਾ ਕਰਨ ਵਿਚ ਤਤਪਰ ਰਹਿੰਦੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਈ ਕੌਤਕ ਏਨਾਂ ਅਖੀਂ ਵੇਖੇ ਹਨ। ਇਨਾਂ ਦਾ ਇਕ ਲੇਖ ਸ਼ਤਾਬਦੀ ਅੰਕ ਦੇ ਪਹਿਲੇ ਭਾਗ ਵਿਚ ਭੀ ਛਪ ਚੁਕਾ ਹੈ, ਇਸ ਲੇਖ ਵਿਚ ਇਨਾਂ ਦੀ ਅਖੀਂ ਡਿਠੀ ਘਟਨਾਂ ਬੜੀ ਭਾਵ ਪੂਰਤ ਹੈ। ਸੰਪਾਦਕ

ਦੇਸ਼ ਦੀ ਵੰਡ ਤੋਂ ਪਹਿਲਾਂ ਦੀ ਗਲ ਹੈ ਕਿ ਏਥੇ ਦਿਲੀ ਵਿਚ ਰਾਮਨਗਰ ਇਕ ਸਰਦਾਰ ਕਰਮ ਸਿੰਘ ਜੀ ਠੇਕੇਦਾਰ ਰਹਿੰਦੇ ਸਨ। ਉਹਨੀ ਦਿਨੀਂ ਸ਼ਹਿਰ ਵਿਚ ਬਸਾਂ ਵਗੈਰਾ ਨਹੀਂ ਚਲਦੀਆਂ ਹੁੰਦੀਆਂ ਸਨ ਅਤੇ ਮੁਸਾਫਰਾਂ ਲਈ ਆਮ ਤਾਂਗੇ ਦੀ ਸਵਾਰੀ ਹੁੰਦੀ ਸੀ।ਸ੍ਰ. ਕਰਮ ਸਿੰਘ ਦੇ ਠੇਕੇਦਾਰੀ ਦੇ ਨਾਲ ਬਹੁਤ ਸਾਰੇ ਤਕ੍ਰੀਬਨ ਸੌ ਦੇ ਕਰੀਬ ਤਾਂਗੇ ਕਰਾਏ ਤੇ ਚਲਦੇ ਸਨ ਇਸ ਲਈ ਘੋੜੇ ਘੋੜੀਆਂ ਦਾ ਬਿਉਪਾਰ ਵੀ ਕਰਦੇ ਸਨ ਇਕ ਵਾਰ ਉਹਨਾਂ ਇਕ ਬਹੁਤ ਹੀ ਸੋਹਣਾ ਸਫੇਦ ਵਛੇਰਾ ਖਰੀਦਿਆ ਉਹ ਬੜਾ ਦਰਸ਼ਨੀ ਤੇ ਫੁਰਤੀਲਾ ਸੀ,ਕਿਸੇ ਅਛੀ ਨਸਲ ਦਾ। ਉਹਨੀਂ ਦਿਨੀਂ ਜਦੋਂ ਕਿ ਆਮ ਘੋੜੇ ਪੰਜ ਸੱਤ ਸੌ ਨੂੰ ਮਿਲ ਜਾਂਦੇ ਸਨ ਉਸਨੂੰ ਛੇ ਹਜ਼ਾਰ ਰੁਪਏ ਵਿਚ ਖਰੀਦਿਆ ਕਈ ਬਿਉਪਾਰੀ ਉਸਨੂੰ ਮੂੰਹ ਮੰਗੀ ਰਕਮ ਦੇਕੇ ਖਰੀਦਣਾ ਚਾਹੁਣ,ਪਰ ਉਹਨੂੰ ਉਹਨਾਂ ਕਿਸੇ ਕੀਮਤ ਤੇ ਨਾ ਵੇਚਿਆ ਅਤੇ ਬੜੇ ਚਾਅ ਨਾਲ ਉਸਦੀ ਸੇਵਾ ਕਰਨ ਲਗੇ।



ਵਛੇਰਾ ਜਦੋਂ ਜਵਾਨ ਹੋਇਆ ਤਾਂ ਉਹਨੂੰ ਤਾਂਗੇ ਅਗੇ ਜੋਣ ਜਾਂ ਸਵਾਰੀ ਕਰਨ ਦੀ ਉਹਨਾਂ ਬੜੀ ਕੋਸ਼ਿਸ਼ ਕੀਤੀ ਪਰ ਵਛੇਰਾ ਕਿਸੇ ਨੂੰ ਲਾਗੇ ਨਾਂ ਲਗਣ ਦੇਵੇ। ਉਸਨੇ ਇਸ ਕੰਮ ਲਈ ਬੜੇ ਬੜੇ ਮਾਹਿਰ ਵੀ ਬੁਲਾਏ, ਪਰ ਕਿਸੇ ਦੀ ਕੋਈ ਪੇਸ਼ ਨ

Namdhari Elibrary NamdhariElibrary@gmail.com

ਗਈ ਕਈਆਂ ਨੇ ਤਾਂ ਉਸਨੂੰ ਸੁਧਾਰਨ ਦੀ ਥਾਂ ਆਪ ਸੱਟਾਂ ਵੀ ਲਵਾ ਲਈਆਂ।

ਇਕ ਦਿਨ ਸ੍ਰ. ਜੀ ਦੇ ਮਨ ਫੁਰਨਾਂ ਆਇਆ ਕਿ ਕਿਉਂ ਨਾ ਇਸ ਨੂੰ ਭੈਣੀ ਸਾਹਿਬ ਵਾਲੇ ਮਹਾਰਾਜ ਜੀ ਨੂੰ ਭੇਟਾ ਕੀਤਾ ਜਾਏ। ਉਹਨੀ ਦਿਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਦਿਲੀ ਹੋਇਆ ਤਾਂ ਸ੍ਰ. ਕਰਮ ਸਿੰਘ ਨੇ ਦੀਵਾਨ ਵਿਚ ਆਕੇ ਅਰਜ ਕੀਤੀ ਕਿ ਪਾਤਸ਼ਾਹ ਮੇਰੇ ਤਬੇਲੇ ਤੋਂ ਮੇਰੇ ਵਛੇਰੇ ਉਪਰ ਸਵਾਰ ਹੋਕੇ ਜਿਸ ਤੇ ਕਿ ਅਜੇ ਤਕ ਕਿਸੇ ਸਵਾਰੀ ਨਹੀਂ ਕੀਤੀ ਮੇਰੇ ਘਰ ਚਰਨ ਪਾਓ ਅਤੇ ਮੇਰੇ ਪ੍ਰਵਾਰ ਨੂੰ ਭਜਨ ਦੇਣ ਦੀ ਬਖਸ਼ਿਸ਼ ਕਰੋ ਅਤੇ ਵਛੇਰੇ ਦੀ ਭੇਟਾ ਵੀ ਕਬੂਲ ਕਰੋ। ਉਹ ਆਪਜੀ ਦੀ ਹੀ ਸੇਵਾ ਦੇ ਲਾਇਕ ਹੈ। ਸਤਿਗੁਰੂ ਜੀ ਨੇ ਅਰਜ ਮੰਨਜੂਰ ਕਰ ਲਈ ਅਤੇ ਥੋੜੀ ਦੇਰ ਬਾਅਦ ਉਹਦੇ ਤਬੇਲੇ ਵਲ ਚਾਲੇ ਪਾ ਦਿਤੇ। ਸੰਗਤ ਸਤਿਗੁਰੂ ਜੀ ਦੇ ਨਾਲ ਸੀ। ਜਦੋਂ ਤਬੇਲੇ ਵਿਚ ਪਹੁੰਚੇ ਤਾਂ ਓਥੇ ਸੈਂਕੜੇ ਆਦਮੀ ਮੌਜੂਦ ਸਨ ਜਿਨ੍ਹਾਂ ਵਿਚ ਤਾਂਗੇ ਵਾਨ ਤੇ ਘੋੜਿਆਂ ਦੇ ਬਿਉਪਾਰੀ ਵੀ ਸਨ। ਸਤਿਗੁਰੂ ਜੀ ਵਛੇਰੇ ਦੇ ਪਾਸ ਗਏ ਤੇ ਉਹਦੇ ਪਿੰਡੇ ਤੇ ਹਥ ਫੇਰਿਆ ਤੇ ਉਹ ਹਿਣ ਹਿਣਾਇਆ ਜਿਸਤਰਾਂ ਕਹਿ ਰਿਹਾ ਹੋਵੇ ਕਿ ਪਾਤਸ਼ਾਹ ਮੈਨੂੰ ਤਾਂ ਆਪ ਜੀ ਦੀ ਹੀ ਉਡੀਕ ਸੀ। ਸਤਿਗੁਰੂ ਜੀ ਨੇ ਕਰਮ ਸਿੰਘ ਨੂੰ ਪੁਛਿਆ ਕਿ ਕਿੰਨੇ ਦਾ ਖਰੀਦਿਆ ਹੈ ਸ੍ਰ. ਕਰਮ ਸਿੰਘ ਕਿਹਾ ਮਹਾਰਾਜ ਜੀ ਛੇ ਹਜ਼ਾਰ ਰੁਪਏ ਦਾ ਲਿਆ ਹੈ। ਸਤਿਗੁਰੂ ਜੀ ਫਰਮਾਇਆ ਜੇ ਏਹ ਚਾਰ ਪੰਜ ਉਂਗਲ ਹੋਰ ਉਚਾ ਹੁੰਦਾ ਤਾਂ ਇਸਦੀ ਕੀਮਤ ਕੋਈ ਵਿਰਲਾ ਹੀ ਦੇ ਸਕਦਾ।

ਸ੍ਰ. ਕਰਮ ਸਿੰਘ ਨਵੀਂ ਕਾਠੀ ਪਲਾਣਾ ਤੇ ਚਿੱਟਾ ਖੇਸ ਲਿਆਇਆ ਸਤਿਗੁਰਾਂ ਬਚਨ ਕੀਤਾ ਕਿ ਏਹਨਾਂ ਦੀ ਕੋਈ ਲੋੜ ਨਹੀਂ ਅਤੇ ਵਛੇਰੇ ਦਾ ਰਸਾ ਖੋਲਕੇ ਝੱਟ ਛਾਲ ਮਾਰ ਸਵਾਰ ਹੋ ਗਏ। ਬਚਨ ਕੀਤਾ ਚਲੋ ਘਰ ਵਲ ਵਛੇਰਾ ਅਡੋਲ ਬੁਤ ਬਣੀ ਖੜਾ ਸੀ। ਸਭ ਲੋਕ ਹੈਰਾਨ ਰਹਿ ਗਏ, ਵਛੇਰਾ ਜਿਵੇਂ ਮੋਮ ਦਾ ਬਣਿਆ ਹੋਵੇ, ਸੰਗਤ ਨੇ ਖੁਸ਼ੀ ਵਿਚ ਜੈਕਾਰਾ ਬੁਲਾਇਆ ਤੇ ਸ੍ਰ. ਜੀ ਦੇ ਘਰ ਵਲ ਜਲੂਸ ਦੀ ਸ਼ਕਲ ਵਿਚ ਚਲ ਪਏ। ਬਾਜ਼ਾਰ ਵਿਚ ਤੇ ਉਹਨਾਂ ਦੀ ਗਲੀ ਵਿਚ ਤੇ ਕੋਠਿਆਂ ਦੀਆਂ ਛੱਤਾਂ ਤੇ ਚੜ੍ਹੇ ਲੋਕ ਏਹ ਨਜ਼ਾਰਾਂ ਵੇਖ ਰਹੇ ਸਨ ਅਤੇ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਕਹਿ ਰਹੇ ਸਨ।

ਸ੍ਰ. ਕਰਮ ਸਿੰਘ ਦਾ ਘਰ ਆ ਗਿਆ ਸਤਿਗੁਰੂ ਜੀ ਘੋੜੇ ਤੋਂ ਉਤਰੇ ਉਹਦੇ ਘਰ ਚਰਨ ਪਾਏ, ਸਾਰੇ ਪ੍ਰਵਾਰ ਤੇ ਹੋਰ ਆਈ ਸੰਗਤ ਨੇ ਮਥਾ ਟੇਕਿਆ। ਸਾਰੇ ਪ੍ਰਵਾਰ ਨੇ ਭਜਨ ਪੁਛਿਆ, ਸ੍ਰ. ਜੀ ਨੇ ਸਤਿਗੁਰੂ ਜੀ ਨੂੰ ਮਾਇਆ, ਬਸਤਰ ਤੇ ਘੋੜਾ ਮਥਾ ਟੇਕਿਆ ਤੇ ਸਾਧ ਸੰਗਤ ਦੀ ਸੇਵਾ ਕੀਤੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਰੁਬਾਈਆਂ

ਉਸਦੇ ਬੋਲਾਂ ਵਿਚ ਮਿਠਾਸ ਸੀ, ਹਰ ਕੋਈ ਮੋਹਿਆ ਜਾਂਦਾ।
ਕਰ ਦੀਦਾਰ ਦਾਤਾਰ ਮੇਰੇ ਦਾ, ਪਾਪੀ ਭੀ ਗਤ ਪਾਂਦਾ।
ਲੋਹਿਓਂ ਲਾਲ ਬਸ਼ਰ ਉਹ ਹੋਇਆ ਜਿਸਤੇ ਕੀਤੀ ਨਜਰ ਨੂਰਾਨੀ।
ਗੁਰੂ ਪ੍ਰਤਾਪ ਦੇ ਚਰਨਾਂ ਤੋਂ, ਗੁਰਦੀਪ ਬਲਿਹਾਰੇ ਜਾਂਦਾ।

ਸੋਹਣੀ ਤਸਵੀਰ ਤੇਰੀ, ਜਗਤ ਮੋਹਿਆ ਜਿਸਨੇ।
ਮੁਕਤੀ ਓਹ ਪਾ ਬੈਠਾ, ਦੀਦਾਰ ਕੀਤਾ ਜਿਸਨੇ।
ਗੁਰਦੀਪ ਨ ਲਿਖ ਸਕੇ ਉਹਦੇ ਉਪਕਾਰਾਂ ਤਾਈਂ।
ਸ੍ਰੀ ਜੀਵਨ ਨਗਰ ਦਾ ਇਲਾਕਾ ਵਸਾਇਆ ਜਿਸਨੇ।

Namdhari Elibrary NamdhariElibrary@gmail.com

ਮੇਹਰਾਂ ਦਾ ਖ਼ਜ਼ਾਨਾ

ਆਤਮਾ ਸਿੰਘ(ਜੌਹਲ)

ਸੰਤ ਆਤਮਾ ਸਿੰਘ ਜੀ ਜੌਹਲ ਸ੍ਰੀ ਭੈਣੀ ਸਾਹਿਬ ਦੇ ਵਿਦਿਆਲੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤ੍ਰ ਛਾਇਆ ਹੇਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸ੍ਰੀ ਮਹਾਰਾਜ ਜੀ ਦੇ ਸਹਿਪਾਠੀ ਰਹੇ ਹਨ। ਕੁਝ ਚਿਰ ਘਰ ਦਾ ਵਿਹਾਰ ਕਰਨ ਤੋਂ ਬਾਅਦ ਸ੍ਰੀ ਮਹਾਰਾਜ ਜੀ ਨੇ ਇਹਨਾਂ ਨੂੰ ਮੁੜ ਸ੍ਰੀ ਜੀਵਨ ਨਗਰ ਮੰਗਵਾਇਆ। ਮੈਂ ਜਦੋਂ ਸਤਿਜੁਗ ਦੀ ਸੰਪਾਦਕੀ ਤੋਂ ਛੁਟੀ ਮੰਗੀ ਤਾਂ ਸ੍ਰੀ ਮਹਾਰਾਜ ਜੀ ਨੇ ਇਹਨਾਂ ਨੂੰ ਪਹਿਲਾਂ ਸਹਾਇਕ ਤੇ ਫਿਰ ਪੂਰਾ ਸੰਪਾਦਿਕ ਨਿਯੁਕਤ ਕਰ ਦਿਤਾ ਅਜਕਲ ਇਹ ਬੜੀ ਯੋਗਤਾ ਨਾਲ ਅਪਣੀ ਜੁੰਮੇਂਵਾਰੀ ਨਿਭਾ ਰਹੇ ਹਨ। ਆਤਮਾ ਸਿੰਘ ਸਨਖਤ੍ਰਵੀ

ਅਟਲ ਪ੍ਰਤਾਪੀ ਵਡੇ ਪ੍ਰਤਾਪ ਵਾਲੇ ਦੀਨ ਦੁਨੀਆਂ ਦੇ ਸਹਾਰੇ ਗਊਪਾਲਕ ਅਤੇ ਗਰੀਬਾਂ ਦੇ ਸਹਾਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਕਾਰ ਜਾਂ ਉਹਨਾਂ ਦੀ ਮੇਹਰ ਦਾ ਵਰਣਨ ਕਰਨ ਲਗੀਏ ਤਾਂ ਅਸੀਂ ਇਕ ਬਹੁਤ ਵਡਾ ਗ੍ਰੰਥ ਤਿਆਰ ਕਰ ਲਈਏ ਫੇਰ ਵੀ ਉਨਾਂ ਦਾ ਵਰਣਨ ਨਹੀਂ ਕਰ ਸਕਦੇ। ਕਿਉਂਕਿ ਉਹਨਾਂ ਦਾ ਪ੍ਰਾਦਰਭਾਵ ਹੀ ਇਕ ਐਸੇ ਸਮੇਂ ਵਿਚ ਹੋਇਆ ਜਦੋਂ ਕਿ ਆਪ ਜੈਸੀ ਮਹਾਨ ਸ਼ਖਸੀਅਤ ਦੀ ਨਾਮਧਾਰੀ ਸਮਾਜ ਨੂੰ ਲੋੜ ਸੀ। ਭਾਵੇਂ ਨਾਮਧਾਰੀ ਪੰਥ ਦੀ ਨੀਂਹ ਸ੍ਰੀ ਸਤਿ-ਗੁਰੂ ਰਾਮ ਸਿੰਘ ਜੀ ਨੇ ਰਖੀ, ਤੇ ਉਨਾਂ ਤੋਂ ਬਾਦ ਉਨਾਂ ਦੇ ਭਰਾਤਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਉਸ ਸਿਖੀ ਰੂਪ ਬਗੀਚੇ ਨੂੰ ਨਾਮ ਰੂਪੀ ਜਲ ਨਾਲ ਹਰਾ ਭਰਾ ਰਖਿਆ। ਪਰ ਜੇ ਏਨਾਂ ਦੇ ਘਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਨਾ ਹੁੰਦਾ ਤਾਂ ਸ਼ਾਇਦ ਅਜ ਦੀ ਸਿਖੀ ਕਿਸੇ ਹੋਰ ਹੀ ਸ਼ਕਲ ਵਿਚ ਤਬਦੀਲ ਹੋ ਚੁਕੀ ਹੁੰਦੀ। ਅਜ ਦੇ ਯੁਗ ਦੇ ਅਸਰ ਨਾਲ ਭਾਵੇਂ ਸਾਡੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਬੜਾ ਮੇਹਰਾਂ ਭਰਿਆ ਹਥ ਰਖ ਰਹੇ ਹਨ ਪਰ ਫੇਰ ਵੀ ਅਸੀਂ ਸਿਖੀ ਤੋਂ ਪਤਨ ਕਰੀ ਜਾਂਦੇ ਹਾਂ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਾਦਰ-ਭਾਵ ਜਦੋਂ ਹੋਇਆ ਤਾਂ ਉਨਾਂ ਦੇ ਪ੍ਰਤਾਪ ਦਾ ਵਿਖਾਵਾ ਤਾਂ ਉਸ ਵਕਤ ਤੋਂ ਹੀ ਹੋ ਗਿਆ ਜਦੋਂ ਏਨਾਂ ਦੇ ਅਵਤਾਰ ਲੈਣ ਸਾਰ ਜੋ ਭੈਣੀ ਸਾਹਿਬ ਪੁਲਸ ਚੌਂਕੀ ਪੂਰੀ ਸਖਤਾਈ ਕਰਨ ਤੇ ਤੁਲੀ ਹੋਈ ਸੀ ਦੇ ਕੰਨ ਢਿਲੇ ਹੋ ਗਏ। ਸ੍ਰੀ ਸਤਿਗੁਰੂ ਜੀ ਜਿਉਂ ਜਿਉਂ ਦੁਨਿਆਵੀ ਹਿਸਾਬ ਨਾਲ ਆਪਣੀ ਅਵ-ਸਥਾ ਦੀ ਪੌੜੀ ਤੇ ਚਰਨ ਧਰਦੇ ਗਏ ਤਿਉਂ ਤਿਉਂ ਹੀ ਆਪਦੀਆਂ ਮੇਹਰਾਂ ਵਿਚ ਵਾਧਾ ਹੁੰਦਾ ਗਿਆ। ਆਪ ਅਜੇ ਛੋਟੀ ਅਵਸਥਾ ਵਿਚ ਹੀ ਸਨ ਕਿ ਆਪਣੇ ਹਾਣੀਆਂ ਨਾਲ ਬਾਹਰ ਖੇਡਕੇ ਜਦੋਂ ਮਾਤਾ ਜੀ ਪਾਸ ਹਾਣੀਆਂ ਸਮੇਤ ਜਾਣ ਲਗੇ ਤਾਂ ਪੁਲਸ ਦੇ ਸਿਪਾਹੀ ਨੇ ਆਪ ਨੂੰ ਰੋਕਣ ਦੀ ਕੋਸ਼ਸ਼ ਕੀਤੀ ਤਾਂ ਆਪ ਨੇ ਸਿਪਾਹੀ ਨੂੰ ਧਕਾ ਮਾਰਕੇ ਪਰਾਂ ਕਰ ਦਿਤਾ ਤੇ ਆਪ ਸਮੇਤ ਹਾਣੀਆਂ ਦੇ ਅੰਦਰ ਲੰਘ ਗਏ। ਏਹ ਸੀ ਉਨਾਂ ਦੀ ਅਜ਼ਾਦੀ ਦੀ ਖਾਹਸ਼ ਦੀ ਪਹਿਲੀ ਕੜੀ।

ਆਪ ਅਜੇ ੧੬ ਸਾਲ ਦੀ ਅਵਸਥਾ ਵਿਚ ਪੁਜੇ ਹੀ ਸਨ ਕਿ ਆਪ ਦੇ ਮੋਢਿਆਂ ਤੇ ਗੁਰਗਦੀ ਦਾ ਭਾਰ ਆ ਪਿਆ। ਗਦੀ ਤੇ ਬਿਰਾਜਮਾਨ

Namdhari Elibrary NamdhariElibrary@gmail.com

ਹੁੰਦਿਆਂ ਹੀ ਆਪ ਨੇ ਸਭ ਤੋਂ ਪਹਿਲਾ ਕੰਮ ਸ੍ਰੀ ਭੈਣੀ ਸਾਹਿਬ ਤੇ ਨਾਮਧਾਰੀ ਪੰਥ ਨੂੰ ਪੁਲਸ ਚੌਂਕੀ ਤੋਂ ਮੁਕਤ ਕਰਵੌਣ ਦਾ ਕੀਤਾ। ਆਪ ਨੇ ਆਪਣੀ ਅਵਸਥਾ ਵਿਚ ਦੇਸ਼ ਭਲਾਈ ਹਿਤ ਦੇਸ਼ਾਂਵਿਦੇਸ਼ਾਂ ਦੇ ਅਨੇਕਾਂ ਦੌਰੇ ਕੀਤੇ ਤੇ ਸਾਧ ਸੰਗਤ ਦਾ ਉਧਾਰ ਕੀਤਾ। ਜਿਥੇ ਆਪ ਆਪਣਿਆਂ ਦੌਰਿਆਂ ਦੌਰਾਂਨ ਜਾਂ ਸ੍ਰੀ ਭੈਣੀ ਸਾਹਿਬ ਮੇਲਿਆਂ ਤੇ ਸਾਧ ਸੰਗਤ ਦੇ ਉਧਾਰ ਵਾਸਤੇ ਨਾਮ ਜਪਣ ਤੇ ਬਾਣੀ ਪੜਨ ਦਾ ਉਪਦੇਸ਼ ਦਿਤਾ ਓਥੇ ਆਪ ਨੇ ਮੇਹਰਾਂ ਦੇ ਖਜਾਨੇ ਦੇ ਬੂਹੇ ਖੁਲੇ ਛਡਕੇ ਆਪਣੇ ਸਿਖਾਂ ਨੂੰ ਅਨੇਕ ਤਰਾਂ ਦੇ ਸੁਖ ਬਖਸ਼ੇ ਕਿਸੇ ਨਿਪੁਤੇ ਨੂੰ ਪੁਤ੍ਰ ਦੀ ਦਾਤ,ਕਿਸੇ ਦੁਖੀਏ ਦੇ ਦੁਖ ਦੂਰ ਕੀਤੇ ਕਿਸੇ ਨਿਥਾਂਵੇ ਨੂੰ ਥਾਂ ਵਾਲਾ ਬਣਾਇਆ।

ਅਜ ਮੈਂ ਉਨਾਂ ਦੇ ਖਜਾਨੇ ਵਿਚੋਂ ਅਨੇਕਾਂ ਸਜਣਾਂ ਨੂੰ ਮਿਲੀ ਪੁਤਰਾਂ ਦੀ ਦਾਤ ਵਿਚੋਂ ਕੁਝ ਸਜਨਾਂ ਦਾ ਜਿਕਰ ਕਰਦਾ ਹਾਂ ਕਿ ਆਪ ਨੇ ਕਿਸ ਕਿਸ ਨੂੰ ਕਿਸਤਰਾਂ ਸਸਤੇ ਮੁਲ ਤੇ ਪੁਤਰਾਂ ਦੀ ਦਾਤ ਬਖਸ਼ੀ। ਏਸ ਸਬੰਧ ਵਿਚ ਮੈਂ ਸਭ ਤੋਂ ਪਹਿਲਾਂ ਸ੍ਰ. ਦਇਆ ਸਿੰਘ ਜੀ ਕਕੜਾਂ ਵਾਲਿਆਂ ਦਾ ਜਿਕਰ ਬਿਆਨ ਕਰਦਾ ਹਾਂ। ਸ੍ਰ. ਦਇਆ ਸਿੰਘ ਜੀ ਕਕੜਾਂ ਦੇ ਸਨ, ਇਨਾਂ ਤੋਂ ਸ਼ਾਇਦ ਹੀ ਕੋਈ ਪੁਰਾਣੇ ਨਾਮਧਾਰੀਆਂ ਵਿਚੋਂ ਹੋਵੇ ਜੇਹੜਾ ਨਾਵਾਕਿਫ ਹੋਵੇ। ਸ੍ਰ. ਜੀ ਹਰ ਨਾਮਧਾਰੀ ਹੋਲੇ ਮੇਲੇ ਦੇ ਪ੍ਰਬੰਧਕ ਹੁੰਦੇ ਸਨ। ਭਜਨ ਬੰਦਗੀ ਦੇ ਰਸੀਏ ਸਨ ਤੇ ਤਨ ਮਨ ਕਰਕੇ ਸੇਵਾ ਵੀ ਬਹੁਤ ਕਰਦੇ ਸਨ। ਪਰ ਆਪ ਨੂੰ ਇਕ ਘਾਟ ਫੇਰ ਵੀ ਮਹਿਸੂਸ ਹੁੰਦੀ ਰਹਿੰਦੀ, ਉਹ ਘਾਟ ਸੀ ਪੁਤ੍ਰ ਦੀ, ਕਿਉਂਕਿ ਅਜ ਦੇ ਯੁਗ ਵਿਚ ਪੁਤ੍ਰ ਇਕ ਮਿਠਾ ਮੇਵਾ ਮੰਨਿਆ ਗਿਆ ਹੈ ਤੇ ਏਸ ਤੋਂ ਬਿਨਾਂ ਸੰਸਾਰ ਤੇ ਦੁਨਿਆਵੀ ਸਾਂਝ ਵੀ ਨਹੀਂ ਪੈਦਾ ਹੁੰਦੀ ਏਸ ਵਾਸਤੇ ਹਰ ਗ੍ਰਿਸਤੀ ਨੂੰ ਪੁਤ੍ਰ ਜੈਸੀ ਅਣਮੁਲੀ ਦਾਤ ਦੀ ਜਰੂਰਤ ਹੁੰਦੀ ਹੈ। ਸ੍ਰ. ਦਇਆ ਸਿੰਘ ਜੀ ਭਾਵੇਂ ਨਾਮਧਾਰੀ ਸਨ ਪਰ ਪਹਿਲੇ ਕੁਝ ਚਿਰ ਨੌਕਰੀ ਕਰਨ ਕਰਕੇ ਤੇ ਕੁਝ ਆਪਣੀ ਸ੍ਰਦਾਰੀ ਨੂੰ ਮੁਖ ਰਖਦਿਆਂ ਹੋਇਆਂ ਪਗ ਨੁਕਰ ਵਾਲੀ ਬੰਨਦੇ ਹੁੰਦੇ ਸਨ। ਬਾਕੀ ਕਪੜੇ ਕੁੜਤਾ ਪਜਾਮਾ ਨਾਮ-ਧਾਰੀ ਪਹਿਰਾਵੇ ਵਾਲੇ ਤੇ ਸਫੈਦ ਹੀ ਪਹਿਰ ਦੇ ਸਨ ਪਗ ਭਾਵੇਂ ਸਫੇਦ ਹੀ ਹੁੰਦੀ ਸੀ ਪਰ ਨੋਕਦਾਰ ਹੁੰਦੀ ਸੀ। ਜਦੋਂ ਪੁਤ੍ਰ ਦੀ ਘਾਟ ਨੇ ਆਪਨੂੰ ਏਹ ਜਣਾਇਆ ਕਿ ਏਹ ਘਾਟ ਕਿਸਤਰਾਂ ਪੂਰੀ ਕੀਤੀ ਜਾਵੇ ਤਾਂ ਠੀਕ ਹੈ। ਸਿਆਣਿਆਂ ਦੀ ਕਹਾਵਤ ਹੈ ਕਿ ਜਦੋਂ ਬੰਦਾ ਰੁੜਦਾ ਜਾਂਦਾ ਹੋਵੇ ਤਾਂ ਘਾਹ ਦੇ ਤੀਲਿਆਂ ਤੋਂ ਵੀ ਸਹਾਰੇ ਦੀ ਆਸ ਕਰਕੇ ਉਨਾਂ ਨੂੰ ਫੜਦਾ ਹੈ। ਏਹ ਗਲ ਵਖਰੀ ਹੈ ਕਿ ਉਹ ਤੀਲੇ ਉਸਨੂੰ ਸਹਾਰਾ ਦੇਣ ਤੋਂ ਅਸਮਰਥ ਹੁੰਦੇ ਹਨ। ਏਹੋ ਜੇਹੀ ਦਸ਼ਾ ਇਨਸਾਨ ਦੀ ਉਸ ਵਕਤ ਹੁੰਦੀ ਹੈ ਜਦੋਂ ਉਸਨੂੰ ਪੁਤ੍ਰ ਦੀ ਦਾਤ ਦੀ ਘਾਟ ਮਹਿਸੂਸ ਹੁੰਦੀ ਹੈ। ਏਸ ਘਾਟ ਨੂੰ ਮਹਿਸੂਸ ਕਰਕੇ ਸ੍ਰ. ਜੀ ਨੇ ਇਹ ਮਨ ਬਣਾ ਲਿਆ ਕਿ ਬਿਨਾਂ ਸਤਿਗੁਰੂ ਜੀ ਦੀ ਦਰਗਾਹ ਤੋਂ ਮੈਨੂੰ ਪੁਤ੍ਰ ਦੀ ਦਾਤ ਪ੍ਰਾਪਤ ਨਹੀਂ ਹੋ ਸਕਦੀ। ਸੋ ਪੁਤ੍ਰ ਦੀ ਪ੍ਰਾਪਤੀ ਵਾਸਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਹੋਰ ਸੁਖ ਤਾਂ ਬਹੁਤ ਹਨ ਪਰ ਪੁਤ੍ਰ ਦੀ ਘਾਟ ਹੈ ਕ੍ਰਿਪਾ ਕਰੋ ਤੇ ਪੁਤ੍ਰ ਦੀ ਦਾਤ ਬਖਸ਼ਸ਼ ਕਰੋ। ਸਤਿਗੁਰੂ ਸਚੇ ਪਾਤਸ਼ਾਹ ਜੀ ਬਚਨ ਕੀਤਾ ਕਿ ਸ੍ਰ. ਜੀ ਪੱਗ ਤੇ ਸਿਧੀ ਕਰ ਛਡੋ। ਸਤਿਗੁਰੂ ਰਾਮ ਸਿੰਘ ਜੀ ਦੇ ਘਰ ਵਿਚ ਕੋਈ ਘਾਟ ਨਹੀਂ। ਏਥੇ ਏਹ ਗਲ ਲਿਖਣੀ ਵੀ ਅਯੋਗ ਨਹੀਂ ਕਿ ਸ੍ਰ. ਦਇਆ ਸਿੰਘ ਜੀ ਨੇ ਪੁਤ੍ਰ ਪ੍ਰਾਪਤੀ ਵਾਸਤੇ ਤਿੰਨ ਸ਼ਾਦੀਆਂ ਕੀਤੀਆਂ ਪਰ ਮਨ ਦੀ ਮੁਰਾਦ ਪੂਰੀ ਕਿਸੇ ਤੋਂ ਵੀ ਨਾ ਹੋ ਸਕੀ। ਅੰਤ ਸਤਿਗੁਰਾਂ ਦੇ ਚਰਨਾਂ ਦਾ ਆਸਰਾ ਹੀ ਲੈਣਾ ਪਿਆ। ਜਦੋਂ ਸ੍ਰ. ਜੀ ਨੂੰ ਪਗ ਸਿਧੀ ਕਰਨ ਦਾ ਹੁਕਮ ਹੋਇਆ ਤਾਂ ਸ੍ਰ. ਜੀ ਨੇ ਸਤ ਬਚਨ ਤਾਂ ਕਹਿ ਦਿਤਾ ਪਰ ਪਗ ਨਾ ਸਿਧੀ ਕੀਤੀ। ਕੁਝ ਚਿਰ ਬਾਦ ਫਿਰ ਦੋਬਾਰਾ ਅਰਜ ਕੀਤੀ ਤਾਂ ਸਚੇ ਪਾਤਸ਼ਾਹ ਬਚਨ ਕੀਤਾ ਸ੍ਰ. ਜੀ ਪਗ ਸਿਧੀ ਕਰ ਲਵੋ। ਸ੍ਰ. ਜੀ ਨੇ ਫਿਰ ਸਤ ਬਚਨ ਕਹਿ ਦਿਤਾ ਪਰ ਮਨੋ ਨਾ ਮੰਨੇ। ਜਦੋਂ ਸਤਿਗੁਰਾਂ ਪਾਸ ਜਾਣਾ ਪਗ ਸਿਧੀ ਕਰ ਲੈਣੀ ਤੇ ਅਗੋਂ

Namdhari Elibrary NamdhariElibrary@gmail.com

ਪਿਛੋਂ ਨੋਕਦਾਰ ਹੀ ਰਖਣੀ। ਆਖਰ ਤੀਸਰੀ ਸ਼ਾਦੀ ਕਰਨ ਤੇ ਵੀ ਜਦੋਂ ਕਾਫੀ ਚਿਰ ਪੁਤ੍ਰ ਦੀ ਪ੍ਰਾਪਤੀ ਨਾ ਹੋਈ ਤਾਂ ਸ੍ਰ. ਜੀ ਸ਼ੇਖੂਪੁਰ ਬਗਦਾਦ ਦੇ ਹੋਲੇ ਤੇ ਜਿਸ ਸਾਲ ਰੌਲਾ ਪੈਂਦਾ ਹੈ ਸਤਿਗੁਰਾਂ ਦੀ ਚਰਨੀਂ ਲਗੇ ਤੇ ਅਗੇ ਤੋਂ ਪਗ ਸਿਧੀ ਰਖਣਦਾ ਪ੍ਰਣ ਕੀਤਾ। ਸਤਿਗੁਰੂ ਜੀ ਬਚਨ ਕੀਤਾ ਕਿ ਤੁਸੀਂ ਅਗੇ ਵੀ ਦੋ ਵਾਰੀ ਆਖ ਜਾਂਦੇ ਰਹੇ ਹੋ ਪਰ ਪਗ ਬਦਲੀ ਨਹੀਂ। ਸ੍ਰ. ਜੀ ਨੇ ਆਜਜ਼ ਹੋਕੇ ਬੇਨਤੀ ਕੀਤੀ ਕਿ ਅਜ ਤੋਂ ਅਗੇ ਪਗ ਸਿਧੀ ਹੀ ਰਹੇਗੀ। ਸਤਿਗੁਰੂ ਸਚੇ ਪਾਤਸ਼ਾਹ ਬਖਸ਼ਸ਼ ਕੀਤੀ ਤੇ ਸ੍ਰ. ਦੇ ਘਰ ਤੀਸਰੀ ਪਤਨੀ(ਜੋ ਕਿ ਮਾਲਵੇ ਵਿਚੋਂ ਵਿਆਹੀ ਸੀ)ਦੇ ਪੇਟੋਂ ਜੋੜੇ ਪੁਤ੍ਰਾਂ ਨੇ ਜਨਮ ਲਿਆ ਜਿੰਨਾਂ ਵਿਚੋਂ ਬੂਟਾ ਸਿੰਘ ਅਜੇ ਜਿੰਦਾ ਹੈ। ਉਸਤੋਂ ਬਾਦ ਇਕ ਪੁਤਰ ਹੋਰ ਹੋਇਆ। ਏਹ ਦੋਵੇਂ ਅਜ ਕਲ ਰਾਮਪੁਰਾ ਫੂਲ ਲਾਗੇ ਰਹਿੰਦੇ ਹਨ। ਏਹ ਹੈ ਮੇਹਰਾਂ ਦੇ ਖਜਾਨੇ ਵਿਚੋਂ ਮਿਲੀ ਹੋਈ ਦਾਤ। ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਜਿੰਨਾਂ ਨੇ ਏਡੇ ਸਸਤੇ ਸੌਦੇ ਨਾਲ ਸਿਰਫ ਪਗ ਸਿਧੀ ਕਰਨ ਨਾਲ ਹੀ ਪੁਤ੍ਰਾਂ ਦੀ ਦਾਤ ਬਖਸ਼ ਦਿਤੀ।

੨. ਏਹਨਾਂ ਦੇ ਪਿੰਡ ਦਾ ਹੀ ਇਕ ਦਰਸ਼ਨ ਸਿੰਘ ਕੂਕਾ ਸੀ। ਜੋ ਪਾਕਿਸਤਾਨ ਬਣਨ ਤੋਂ ਬਾਦ ਇਲਾਕਾ ਸ੍ਰੀ ਜੀਵਨ ਨਗਰ ਦੇ ਨਕੌੜੇ ਪਿੰਡ ਵਿਚ ਆਣ ਆਬਾਦ ਹੋਇਆ। ਏਸ ਦੇ ਘਰ ਦੀ ਸਾਖੀ ਇਸਤਰਾਂ ਹੈ ਕਿ ਇਸਦੇ ਦੋ ਵਿਆਹ ਸਨ ਪਰ ਪੁਤ੍ਰ ਕਿਸੇ 'ਚੋਂ ਵੀ ਪੈਦਾ ਨਾ ਹੋਇਆ। ਜਦੋਂ ਬੰਦੇ ਦੇ ਅੰਦਰ ਥੋੜਾ ਜਿਹਾ ਹਉਮੈਦਾ ਕੰਡਾ ਰੜਕਣ ਲਗ ਪਵੇਤਾਂ ਉਸਨੂੰ ਦੂਰ ਕਰਨਦਾ ਕੋਈ ਨਾ ਕੋਈ ਬਹਾਨਾ ਬਣ ਜਾਂਦਾ ਹੈ। ਏਹੋ ਜੇਹੀ ਦਸ਼ਾ ਸੀ ਉਸ ਵਕਤ ਦਰਸ਼ਨ ਸਿੰਘ ਦੇ ਘਰ ਵਾਲੀ ਦੀ। ਭਾਵੇਂ ਇਹ ਘਰ ਨਾਮਧਾਰੀ ਸੀ ਪਰ ਏਸ ਨੇ ਕਦੇ ਚੂੜੀ ਵਾਲੀ ਸੁਥਣ ਨਹੀਂ ਸੀ ਪਾਈ। ਭਾਵੇਂ ਕਿ ਇਸਨੂੰ ਕਈ ਵਾਰੀ ਆਖਿਆ ਵੀ ਗਿਆ ਸੀ। ਪੁਤ੍ਰ ਤੋਂ ਵਾਂਜੇ ਰਹਿਣ ਲਗੇ ਤਾਂ ਸਤਿਗੁਰੂ ਸਚੇ ਪਾਤਸ਼ਾਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਪੁਤ੍ਰ ਦੀ ਦਾਤ ਬਖਸ਼ੋ। ਮੇਹਰਾਂ ਦੇ ਦਾਤੇ ਸਤਿਗੁਰੂ ਜੀ ਹੁਕਮ ਕੀਤਾ ਕਿ ਸਲਵਾਰ ਲਾਹ ਦੇ ਤੇ ਚੂੜੀ ਵਾਲੀ ਸੁਥਣ ਪਾ ਲੈ ਪਰ ਇਸਨੂੰ ਏਹ ਗਲ ਚੰਗੀ ਨਾ ਲਗੀ ਤੇ ਚੁਪ ਕਰਕੇ ਪਿਛੇ ਹਟ ਗਈ। ਦਰ ਅਸਲ ਜਦੋਂ ਬੰਦੇ ਦੇ ਕਰਮ ਬਦਲ ਜਾਣ ਫੇਰ ਹੀ ਸਭ ਹੀਲੇ ਵਸੀਲੇ ਸਾਥ ਦੇਂਦੇ ਹਨ। ਭਾਵੇਂ ਕਿ ਕਰਮ ਬਣੌਣ ਵਾਲਾ ਵੀ ਏਹ ਆਪ ਤੇ ਕਰਮਾਂ ਨੂੰ ਬਦਲਨ ਵਾਲਾ ਵੀ ਉਹ ਆਪ ਹੀ ਹੈ, ਪਰ ਉਹ ਸਿਧਾ ਆਪਣੇ ਤੇ ਗਲ ਨਹੀਂ ਔਣ ਦੇਂਦਾ। ਉਹ ਕਿਸੇ ਬਹਾਨੇ ਨਾਲ ਹੀ ਕਰਮਾਂ ਦੀ ਤਬਦੀਲੀ ਕਰਦਾ ਹੈ।

ਕੁਝ ਚਿਰ ਬੀਤ ਜਾਣ ਤੇ ਫੇਰ ਸਤਿਗੁਰਾਂ ਦੇ ਚਰਨਾਂ ਵਿਚ ਪੁਤ੍ਰ ਦੀ ਅਰਜ ਕੀਤੀ ਤਾਂ ਸਚੇ ਪਾਤਸ਼ਾਹ ਜੀ ਨੇ ਫਿਰ ਉਹ ਬਚਨ ਚੂੜੀਵਾਲੀ ਸੁਥਣ ਵਾਲਾ ਕਰ ਦਿਤਾ। ਅਜੇ ਅੰਦਰ ਕੁਝਸਾਫ ਨਹੀਂ ਸੀ ਹੋਇਆ ਜਿਸ ਕਰਕੇ ਦੂਜੀ ਵਾਰੀ ਵੀ ਏਹ ਬਚਨ ਅਨਗੌਲਿਆ ਹੀ ਕਰ ਛਡਿਆ। ਅਸਲੀਅਤ ਏਹ ਹੈ ਕਿ ਜਿੰਨਾ ਚਿਰ ਬੰਦੇ ਦਾ ਆਪਣਾ ਮਨ ਸਾਫ ਨਾ ਹੋਵੇ ਓਨਾਂ ਚਿਰ ਕੋਈ ਗਲ ਬਣਦੀ ਨਹੀਂ। ਜਦੋਂ ਇਸਦੇ ਅੰਦਰੋਂ ਹਉਮੈ ਵਾਲਾ ਕੰਡਾ ਨਿਕਲ ਗਿਆ ਤਾਂ ਇਸਦਾ ਮਨ ਵੀ ਸਾਫ ਹੋ ਗਿਆ। ਨਾਲੇ ਪੁਤ੍ਰ ਪ੍ਰਾਪਤੀ ਪਿਛੇ ਤਾਂ ਬੀਬੀਆਂ ਜਾਦੂਗਰਾਂ ਦੇ ਕਹੇ ਲਗਕੇ ਖੂਨ ਕਰਨ ਤਕ ਚਲੀਆਂ ਜਾਂਦੀਆਂ ਹਨ, ਪਰ ਏਥੇ ਤਾਂ ਸਗੋਂ ਜਾਦੂਗਰਾਂ ਦਾ ਵੀ ਜਾਦੂਗਰ ਸੀ ਜਿਸਨੇ ਬਿਲਕੁਲ ਸਸਤੇ ਸੌਦੇ ਨਾਲ ਪੁਤ੍ਰ ਬਖਸ਼ਨੇ ਸਨ। ਆਖਰ ਜਦੋਂ ਬਿਲਕੁਲ ਆਸ ਜਾਂਦੀ ਜਾਪੀ ਤਾਂ ਬੀਬੀ ਨੇ ਸਤਿਗੁਰਾਂ ਦੇ ਹਜੂਰ ਖੜੇ ਹੋਕੇ ਪੁਤ੍ਰ ਵਾਸਤੇ ਬੇਨਤੀ ਕੀਤੀ ਤਾਂ ਸਚੇ ਪਾਤਸ਼ਾਹ ਜੀਨੇ ਆਪਣਾ ਉਹੋ ਹੀ ਬਚਨ ਫਿਰ ਦੁਹਰਾਇਆ ਕਿ ਬੀਬੀ ਚੂੜੀ ਵਾਲੀ ਸੁਥਣ ਪਾ ਲੈ ਤੇ ਸਤਿਗੁਰੂ ਦੇ ਘਰ ਕੋਈ ਘਾਟਾ ਨਹੀਂ ਪੁਤ੍ਰ ਹੋ ਜਾਵੇਗਾ। ਫਿਰ ਇਸ ਬੀਬੀ ਨੇ ਬਚਨ ਮੰਨਣ ਦਾ ਪ੍ਰਣ ਕੀਤਾ ਤੇ ਅਗੇ ਤੋਂ ਚੂੜੀ ਵਾਲੀ ਸੁਥਣ ਪੌਣ ਲਗ ਪਈ। ਸਤਿਗੁਰੂ ਸਚੇ ਪਾਤਸ਼ਾਹ ਕ੍ਰਿਪਾ ਕੀਤੀ ਤੇ

Namdhari Elibrary NamdhariElibrary@gmail.com

ਅਜ ਉਸਦੇ ਘਰ ਪੁਤਰ ਹੈ । ਜੋ ਅਜਕਲ ਵੀ ਨਕੌੜੇ ਰਹਿ ਰਿਹਾ ਹੈ। ਧੰਨ ਸਨ ਸਤਿਗੁਰੂ ਪ੍ਰਤਾਪ ਸਿੰਘ ਜੀ।

੩. ਸ੍ਰ. ਮਤਾਬ ਸਿੰਘ ਬਾਰ ਵਾਲੇ ਕੱਕੜ ਚਕ ੪੪ ਵਿਚ ਰਹਿੰਦਾ ਸੀ। ਰਿਜਕ ਬਹੁਤ ਸੀ ਦੋ ਮਰੱਬੇ ਜਮੀਨ ਸੀ ਪਰ ਘਾਟ ਏਸਨੂੰ ਵੀ ਪੁਤਰ ਦੀ ਹੀ ਸੀ । ਇਸ ਘਾਟ ਨੂੰ ਪੂਰਿਆਂ ਕਰਨ ਵਾਸਤੇ ਏਸਨੇ ਆਪਣੇ ਹੀ ਪਿੰਡ ਦੇ ਮੁਸਲਮਾਨ ਫਕੀਰ ਸਾਦਕ ਸ਼ਾਹ ਦਾ ਆਸਰਾ ਲਿਆ । ਫਕੀਰ ਨੇ ਸ੍ਰ. ਨੂੰ ਕਿਹਾ ਕਿ ਫਿਕਰ ਨਾ ਕਰ ਆਪਾਂ ਅੱਲਾ ਤਾਲਾ ਪਾਸੋਂ ਪੁਤਰ ਲੈ ਲੈਂਦੇ ਹਾਂ, ਤੇ ਕਿਹਾ ਕਿ ਸ੍ਰ. ਜੀ ਐਤਕਾਂ ਤੁਹਾਡੇ ਘਰ ਪੁਤਰ ਹੋਵੇਗਾ । ਉਸਦੇ ਕਹਿਣ ਦੇ ਕੁਝ ਸਮੇਂ ਬਾਦ ਫਿਰ ਲੜਕੀ ਪੈਦਾ ਹੋ ਗਈ। ਸ੍ਰ. ਨੇ ਫਕੀਰ ਨੂੰ ਕਿਹਾ ਕਿ ਫਕੀਰ ਜੀ ਤੁਹਾਡਾ ਤੀਰ ਨਿਸ਼ਾਨੇ ਤੋਂ ਉਕ ਗਿਆ ਹੈ, ਪੁਤਰ ਦੀ ਬਜਾਏ ਲੜਕੀ ਹੀ ਪੈਦਾ ਹੋਈ ਹੈ। ਫਕੀਰ ਨੇ ਸ੍ਰ. ਦਾ ਦਿਲ ਰਖਣ ਵਾਸਤੇ ਫੇਰ ਦਮਗਜਾ ਮਾਰਿਆ ਕਿ ਸ੍ਰਦਾਰਾ ਐਤਕਾਂ ਅਵਸ਼ ਹੀ ਲੜਕਾ ਪੈਦਾ ਹੋਵੇਗਾ। ਏਹ ਵੀ ਦਸਣ ਯੋਗ ਹੈ ਕਿ ਮਤਾਬ ਸਿੰਘ ਨੂੰ ਨਾਮਧਾਰੀਆਂ ਵਲੋਂ ਏਹ ਪ੍ਰੇਰਨਾ ਮਿਲਦੀ ਰਹਿੰਦੀ ਸੀ ਕਿ ਤੂੰ ਜਗਤ ਦੇ ਵਾਲੀ ਮੇਹਰਾਂ ਦੇ ਦਾਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨੀ ਲਗ ਜਾ ਜੇ ਪੁਤਰ ਲੈਣਾ ਹੈ ਤਾਂ। ਪਰ ਸ੍ਰਦਾਰ ਨੂੰ ਆਪਣੇ ਅੰਦਰਲੇ ਦਾ ਡਰ ਕਿ ਜੇ ਮੈਂ ਸਤਿਗੁਰਾਂ ਕੋਲ ਗਿਆ ਤਾਂ ਉਹ ਮੈਨੂੰ ਮਾਸ ਸ਼ਰਾਬ ਵਗੈਰਾ ਤਿਆਗਣ ਨੂੰ ਕਹਿਣਗੇ ਜਿਸ ਕਰਕੇ ਉਹ ਇਸ ਪਾਸੇ ਔਣ ਤੋਂ ਸੰਕੋਚ ਕਰਦਾ ਸੀ।

ਓਧਰ ਫਕੀਰ ਦੇ ਕਾਬੂ ਜਿਉਂਦੀ ਸਾਮੀ ਆਈ ਹੋਈ ਸੀ, ਉਹ ਚਾਹੁੰਦਾ ਸੀ ਕਿ ਕਿਤੇ ਸ੍ਰ. ਮੇਰੇ ਤੋਂ ਮੂੰਹ ਨਾ ਮੋੜ ਜਾਵੇ। ਪਰ ਜਦੋਂ ਦੂਜੀ ਵਾਰ ਵੀ ਫਕੀਰ ਦਾ ਕਹਿਣਾ ਨਾ ਪੂਰਾ ਹੋਇਆ ਤੇ ਲੜਕੀ ਨੇ ਫੇਰ ਜਨਮ ਲੇ ਲਿਆ ਤਾਂ ਸ੍ਰਦਾਰ ਦਾ ਅੰਦਰਲਾ ਕੁਝ ਹਿਲਿਆ। ਪਰ ਸਿਖਾਂ ਨੇ ਏਸਨੂੰ ਡੋਲਣ ਨਾ ਦਿਤਾ ਤੇ ਉਪਦੇਸ਼ ਦੇਕੇ ਸਤਿਗੁਰਾਂ ਦੀ ਹਜੂਰੀ ਵਿਚ ਬੇਨਤੀ ਕਰਨ ਨੂੰ ਤਿਆਰ ਕਰ ਲਿਆ ਸਤਿਗੁਰੂ ਸਚੇ ਪਾਤਸ਼ਾਹ ਜੀ ਸਾਲ ਬਾਅਦ ਪੋਹ ਦੇ ਮਹੀਨੇ ਵਿਚ ਕੱਕੜੀਂ ਦਰਸ਼ਨ ਦਿੰਦੇ। ਜਦੋਂ ਪੋਹ ਦੇ ਮਹੀਨੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਕਕੜੀਂ ਗਏ ਤਾਂ ਸ੍ਰਦਾਰ ਨੇ ਆਪਣਾ ਮਨ ਬਣਾਕੇ ਏਨਾਂ ਦੇ ਚਰਨਾਂ ਵਿਚ ਪੁਤ੍ਰ ਪ੍ਰਾਪਤੀ ਦੀ ਬੇਨਤੀ ਕੀਤੀ। ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਭਾਈ ਖਾਣਾ ਪੀਣਾ ਛਡਦੇ ਦੇ ਤੇ ਨਾਮ-ਧਾਰੀ ਬਣ ਜਾ ਸਤਿਗੁਰ ਦੇ ਘਰ ਵਿਚ ਕਿਸੇ ਗਲ ਦੀ ਤੋਟ ਨਹੀਂ, ਤੇਰੀ ਖਾਹਸ਼ ਪੂਰੀ ਹੋ ਜਾਵੇਗੀ। ਸ੍ਰਦਾਰ ਨੇ ਹੁਕਮ ਮੰਨਕੇ ਸਭ ਕਾਸੇ ਦੇ ਤਿਆਗ ਦਾ ਪ੍ਰਣ ਕੀਤਾ ਤੇ ਬੇਨਤੀ ਕੀਤੀ ਕਿ ਅਗੇ ਤੋਂ ਐਸਾ ਨਹੀਂ ਕਰਾਂਗਾ। ਬਸ ! ਫ਼ਿਰ ਕੀ ਸੀ ਬਖਸ਼ਸ਼ ਹੋ ਗਈ ਤੇ ਦੂਸਰਾ ਦੌਰਾ ਜਾਣ ਤੋਂ ਪਹਿਲਾਂ ਮਤਾਬ ਸਿੰਘ ਦੇ ਘਰ ਪੁਤ੍ਰ ਹੋ ਗਿਆ। ਪਰ ਭਾਵੀ ਜਬਰ ਹੈ ਤੇ ਥੋੜੇ ਚਿਰ ਬਾਅਦ ਸ੍ਰਦਾਰ ਚੜ੍ਹਾਈ ਕਰ ਗਿਆ। ਉਸਦੇ ਘਰ ਵਾਲੀ ਨੂੰ ਲੋਕਾਂ ਕਿਹਾ ਤੇਰਾ ਪੁਤ੍ਰ ਨਿਆਣਾ ਹੈ ਤੇ ਜਾਇਦਾਦ ਤੁਹਾਡੀ ਬਹੁਤ ਹੈ, ਤੂੰ ਇਸਨੂੰ ਇਸਦੇ ਨਾਨਕੇ ਛਡ ਆ ਤਦ ਉਸਨੇ ਉਤਰ ਦਿਤਾ ਕਿ ਸ਼ਰੀਕ ਤਾਂ ਓਥੇ ਵੀ ਪਹੁੰਚ ਜਾਣਗੇ। ਜਿਸਨੇ ਮੈਨੂੰ ਪੁਤਰ ਦਿਤਾ ਹੈ ਮੈਂ ਉਸ ਕੋਲ ਕਿਉਂ ਨਾ ਘਲਦਿਆਂ। ਉਸ ਦਿਨ ਤੋਂ ਉਹ ਆਪਣੇ ਪੁਤਰ ਨੂੰ ਸ੍ਰੀ ਭੈਣੀ ਸਾਹਿਬ ਛਡ ਆਈ ਜਿਥੇ ਉਸਦੀ ਪ੍ਰਵਰਸ਼ ਦੇ ਨਾਲ ਨਾਲ ਉਸਨੂੰ ਸ੍ਰੀ ਭੈਣੀ ਸਾਹਿਬ ਦੇ ਵਿਦਿਆਲੇ ਵਿਚ ਪੜ੍ਹਨੇ ਵੀ ਪਾ ਦਿਤਾ। ਏਹ ਗੁਰਚਰਨ ਸਿੰਘ ਅਜ ਕਲ ਜਿਲਾ ਸਿਰਸਾ ਦੇ ਪਿੰਡ ਕਸਬਾ ਰਾਣੀਆਂ ਵਿਚ ਰਹਿ ਰਿਹਾ ਹੈ। ਬੀਤੇ ਹੋਲੇ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਦੂਸਰੇ ਵਿਦਿਆਰਥੀਆਂ ਦੇ ਨਾਲ ਖੁਸ਼ੀਆਂ ਪ੍ਰਾਪਤ ਕਰਕੇ ਤੇ ਉਨਾਂ ਵਲੋਂ ਕੀਤੀ ਬਖ-ਸ਼ਸ਼ ਲੈਕੇ ਆਇਆ ਹੈ।

Namdhari Elibrary NamdhariElibrary@gmail.com

ਇੱਛਾ ਪੂਰਕ ਸਤਿਗੁਰੂ

ਗੁਰਦੀਪ ਸਿੰਘ ਸੰਤ ਨਗਰ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਪਣੇ ਸਮੇਂ ਵਿਚ ਇਕ ਤਰੈਕਾਲ ਦਰਸੀ ਸਤਿਗੁਰੂ ਹੋਏ ਹਨ ਜਿਨਾਂ ਦੇ ਅਵਤਾਰ ਲੈਣ ਸਮੇਂ ਹੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤਾ ਸੀ ਕਿ "ਆ ਗਿਆ ਹੈ ਘਰ ਦਾ ਮਾਲਕ ਪ੍ਰਤਾਪ ਸਿੰਘ ਇਹ ਬੜੇ ਪ੍ਰਤਾਪ ਵਾਲਾ ਹੋਵੇਗਾ।" ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਕੀਤੇ ਹੋਏ ਇਹ ਬਚਨ ਉਸ ਸਮੇਂ ਤੋਂ ਹੀ ਪੂਰੇ ਹੋਣੇ ਸ਼ੁਰੂ ਹੋ ਗਏ ਜਦੋਂ ਕਿ ਆਪ ਜੀ ਦੇ ਅਵਤਾਰ ਲੈਣ ਤੋਂ ਕੁਝ ਦਿਨ ਬਾਦ ਹੀ ਉਹ ਪੁਲੀਸ ਚੌਂਕੀ ਜਿਹੜੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਸਮੇਂ ਤੋਂ ਬੈਠੀ ਸੀ ਡਿਉਡੀ ਤੋਂ ਉਠਕੇ ਕੁਝ ਦੂਰ ਹੋ ਗਈ ਸੀ ਅਤੇ ਸਖਤਾਈ ਵੀ ਘਟ ਗਈ ਸੀ ਜਿਥੇ ਪਹਿਲਾਂ ਕੇਵਲ ਪੰਜ ਸਿੰਘ ਹੀ ਅੰਦਰ ਗੁਰਦੁਆਰੇ ਦੇ ਦਰਸ਼ਨਾਂ ਨੂੰ ਪੁਛ ਪੜਤਾਲ ਕਰਨ ਤੋਂ ਬਾਦ ਜਾ ਸਕਦੇ ਸੀ ਹੁਣ ਦਸ ਸਿੰਘ ਅੰਦਰ ਜਾਣ ਲਗੇ। ਭਾਵ ਇਨਾਂ ਦਾ ਏਨਾਂ ਤੇਜ ਸੀ ਜਿਵੇਂ ਕਿ ਸੂਰਜ ਦਾ ਤੇਜ ਹੁੰਦਾ ਹੈ ਅਤੇ ਇਸ ਸਰਿਸ਼ਟੀ ਤੇ ਚਮਕੇ ਵੀ ਸੂਰਜ ਦੇ ਵਾਗੂੰ ਹੀ ਸਨ। ਜਿਨਾਂ ਨੂੰ ਅਜ,ਕੀ ਸਿਖ ਕੀ ਹਿੰਦੂ ਅਤੇ ਕੀ ਮੁਸਲਮਾਨ ਜਿਨਾਂ ਨੇ ਉਨਾਂ ਦੇ ਦਰਸ਼ਨ ਕੀਤੇ ਹੋਏ ਹਨ ਸਭ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਧੰਨ ਬਾਬਾ ਪ੍ਰਤਾਪ ਸਿੰਘ ਜੀ ਕਹਿ ਕਹਿ ਕੇ ਪੁਕਾਰ ਉਠਦੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੁਆਰੇ ਤੇ ਜੋ ਵੀ ਜਿਸ ਭਾਵਨਾ ਨੂੰ ਮਨ ਵਿਚ ਲੈਕੇ ਆਇਆ ਉਹ ਉਹਨਾਂ ਭਾਵਨਾਵਾਂ ਨੂੰ ਪੂਰਾ ਕਰਕੇ ਹੀ ਗਿਆ। ਇਸ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਰਉਪਕਾਰੀ ਸਤਿਗੁਰੂ,ਗ੍ਰੀਬ ਨਿਵਾਜ ਸਤਿਗੁਰੂ,ਇੱਛਾ ਪੂਰਕ ਸਤਿਗੁਰੂ ਜਾਂ ਸੁਚ ਸੋਧ ਤੇ ਗਊਪਾਲਕ ਸਤਿਗੁਰੂ ਆਦਿ ਕਈ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੋ ਦੁਨੀਆਂ ਉਤੇ ਉਪਕਾਰ ਕੀਤੇ ਹਨ ਉਨਾਂ ਦਾ ਵਰਣਨ ਕਰਨਾ ਮੁਸ਼ਕਲ ਹੈ ਕਿਉਂ ਕਿ ਉਨਾਂ ਦੇ ਉਪਕਾਰ ਇਕ ਸਮੁੰਦਰ ਦੀ ਤਰਾਂ ਅਥਾਹ ਹਨ ਜਿਨਾਂ ਨੂੰ ਗਿਣਿਆਂ ਮਿਥਿਆ ਨਹੀਂ ਜਾ ਸਕਦਾ। ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀੜ ਦੀ ਜਮੀਨ ਅਤੇ ਸ੍ਰੀ ਜੀਵਨ ਨਗਰ ਦੀ ਜਮੀਨ ਜਿਸਤਰਾਂ ਬੇ-ਜਮੀਨਿਆਂ ਨੂੰ ਮੁਫਤ ਵੰਡ ਕੇ ਤੇ ਸਗੋਂ ਦੁਧ ਵਾਲੇ ਨੂੰ ਗਊ ਪੁਤ ਵਾਲੇ ਨੂੰ ਪੁਤ, ਅਨਾਜ ਵਾਲੇ ਨੂੰ ਅਨਾਜ ਦੇਕੇ ਜਿਨਾਂ ਉਪਕਾਰ ਕੀਤਾ ਹੈ ਉਹ ਕਿਸੇ ਦੇਸ਼ ਦੀ ਵਡੀ ਤੋਂ ਵਡੀ ਗੌਰਮਿੰਟ ਵੀ ਨਹੀਂ ਕਰ ਸਕਦੀ। ਸਚੇ ਪਾਤ-ਸ਼ਾਹ ਜੀ ਪਰਉਪਕਾਰ ਦੋ ਤਰਾਂ ਨਾਲ ਕਰਦੇ ਸਨ, ਇਕ ਤਾਂ ਪ੍ਰਤਖ ਜਿਵੇਂ ਗਰੀਬ ਨੂੰ ਜਮੀਨ ਦੇਕੇ ਜਾਂ ਗਊਆਂ ਅਤੇ ਹੋਰ ਵਸਤੂਆਂ। ਦੂਸਰਾ ਅਪ੍ਰਤੱਖ ਉਪਕਾਰ ਉਹ ਇਸਤਰਾਂ ਕਰਦੇ ਸਨ ਕਿ ਜਿਸ ਕਿਸੇ ਨੇ ਮਨੋ ਹੋਕੇ ਮੰਗ ਕੀਤੀ ਸਚੇ ਪਾਤਸ਼ਾਹ ਜੀ ਵੀ ਅੰਦਰੋਂ ਹੀ ਉਸਤੇ ਕ੍ਰਿਪਾ ਦ੍ਰਿਸ਼ਟੀ ਕੀਤੀ ਤੇ ਉਸਦੀ ਇਛਾ ਪੂਰੀ ਹੋ ਜਾਂਦੀ ਜਿਵੇਂ ਕੁਝ ਇਕ ਦੋ ਉਦਾਹਰਨਾ ਮੈਂ ਦਿੰਦਾ ਹਾਂ।

ਮੇਰੇ ਪਿਤਾ (ਸਵਰਗਵਾਸੀ ਸ੍ਰੀ ਮਾਨ ਦਲੀਪ ਸਿੰਘ ਜੀ ਜਥੇਦਾਰ) ਮੈਨੂੰ ਦਸਿਆ ਕਿ ਮੈਨੂੰ ਸਚੇ ਪਾਤਸ਼ਾਹ ਜੀ ਆਪਣੇ ਦੌਰੇ ਦੇ ਨਾਲ ਰਖਣ ਦਾ ਹੁਕਮ ਸੁਣਾਇਆ ਪਰ ਮੇਰੇਘਰ ਪਿਛੇ ਪ੍ਰਵਾਰ ਕੋਲ ਖਾਣ ਵਾਸਤੇ ਦਾਣੇ ਨਹੀਂ ਸਨ। ਮੈਂ ਸੰਤ ਰਤਨ ਸਿੰਘ ਜੀ ਹਜ਼ੂਰੀ(ਲਾਂਗਰੀ) ਨੂੰ ਕਿਹਾ ਕਿ ਸਚੇ ਪਾਤਸ਼ਾਹ ਜੀ ਮੈਨੂੰ ਹੁਕਮ ਦੌਰੇ ਨਾਲ ਜਾਣ ਦਾ ਕੀਤਾ ਹੈ ਪਰ ਘਰ ਵਾਲੇ ਕਿਧਰ ਜਾਣਗੇ ? ਸੰਤ

ਰਤਨ ਸਿੰਘ ਜੀ ਨੇ ਸਚੇ ਪਾਤਸ਼ਾਹ ਜੀ ਕੋਲ ਅਰਜ ਕਰ ਦਿਤੀ ਕਿ ਜਥੇਦਾਰ ਇਹ ਗਲ ਕਹਿੰਦਾ ਹੈ। ਸਚੇ ਪਾਤਸ਼ਾਹ ਜੀ ਬਚਨ ਕੀਤਾ ਬੁਲਾਓ ਕਿਥੇ ਹੈ ਜਥੇਦਾਰ? ਜਦ ਹਾਜਰ ਹੋਇਆ ਤਾਂ ਸਚੇਪਾਤਸ਼ਾਹ ਜੀ ਜੀਅ ਪੁਛੇ ਤੇ ਲਾਗੇ ਸੇਵਕਾਂ ਨੂੰ ਕਿਹਾ ਕਿ ਜਥੇਦਾਰ ਨੂੰ ਏਨੇ ਦਾਣੇ ਦਿਓ ਜਿਹੜੇ ਮੁਕਣ ਨਾ। ਸੇਵਕਾਂ ਨੇ ਕਣਕ(ਇਕ ਜਾਂ ਦੋ ਬੋਰੀਆਂ)ਦੇ ਦਿਤੀ। ਫਿਰ ਕੀ ਸੀ ਉਹ ਦਿਨ ਤੇ ਆਹ ਦਿਨ ਜਾ ਰਹੇ ਹਨ ਸਾਡੇ ਘਰ ਵਿਚੋਂ ਕਦੇ ਦਾਣੇ ਨਹੀਂ ਮੁਕੇ ਜੇ ਕਿਧਰੇ ਜਾਣ ਬੁਝਕੇ ਕਣਕ ਘਟਨਾਂ ਰਖੀ ਹੋਵੇ ਤਾਂ ਵੀ ਜਦੋਂ ਲੋੜ ਪਵੇ ਘਰੋਂ ਪੈਸੇ ਦੇਕੇ ਮੁਲ ਲੈ ਸਕਦੇ ਹਾਂ ਭਾਵ ਹੁਦਾਰੀ ਕਣਕ ਲੈਣ ਜਾਂ ਪੈਸੇ ਵਾਸਤੇ ਕਿਸੇ ਅਗੇ ਤਰਲੇ ਨਹੀਂ ਕਢਣੇ ਪੈਂਦੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਿਸਤੇ ਵੀ ਕ੍ਰਿਪਾ ਕਰ ਦਿਤੀ ਉਸਦੀ ਆਉਂਦੀ ਪੀੜ੍ਹੀ ਤੇ ਵੀ ਕ੍ਰਿਪਾ ਨਾਲ ਹੀ ਹੋ ਗਈ ਹੋਈ ਹੈ।

ਏਸੇਤਰਾਂ ਸਚੇ ਪਾਤਸ਼ਾਹ ਜੀ ਦੇ ਸਮੇਂ ਸੰਤ ਤਾਰਾ ਸਿੰਘ ਜੀ ਲਾਂਗਰੀ ਸੰਤ ਨਗਰ ਵਾਲੇ ਜਿਨਾਂ ਦਾ ਪਿਛਲਾ ਪਿੰਡ ਵਰਨ ਸੀ ਉਨਾਂ ਦੇ ਭਰਾ ਸੰਤ ਕਰਤਾਰ ਸਿੰਘ(ਪਉੜੀ) ਨੇ ਮੈਨੂੰ ਦਸਿਆ ਕਿ ਤਾਰਾ ਸਿੰਘ ਦਾ ਇਕ ਲੜਕਾ ਤੇ ਬਾਕੀ ਲੜਕੀਆਂ ਸਨ। ਤਾਰਾ ਸਿੰਘ ਦੇ ਵਿਆਹ ਤੋਂ ੧੪ ਸਾਲ ਬਾਦ ਪੁਤ੍ਰ ਹੋਇਆ ਜਿਸਦਾ ਨਾਂ ਸਵਰਨ ਸਿੰਘ ਸੀ ਭਾਣਾ ਕੁਦਰਤ ਦਾ ੧੪ ਸਾਲ ਦਾ ਹੋਕੇ ਉਹ ਲੜਕਾ ਚੜ੍ਹਾਈ ਕਰ ਗਿਆ ਅਤੇ ਉਸਤੋਂ ਬਾਦ ਲੜਕਾ ਨਾਂ ਹੋਇਆ ਤੇ ਤਾਰਾ ਸਿੰਘ ਦੀ ਸਿੰਘਣੀ ਤੇਜ ਕੌਰ ਹਰ ਵਕਤ ਰੋਂਦੀ ਰਹਿਣਾ ਕਰਨਾ। ਤਾਰਾ ਸਿੰਘ ਨੇ ਆਪਣੀ ਸਿਖਣੀ ਨੂੰ ਦਿਲਾਸਾ ਦਿਤਾ ਕਿ ਸਚੇ ਪਾਤਸ਼ਾਹ ਜੀ ਕ੍ਰਿਪਾ ਕਰਨਗੇ ਓਹ ਸਾਡੀ ਚੀਜ ਨਹੀਂ ਸੀ ਜਿਹੜੀ ਸਾਡੀ ਹੋਵੇਗੀ ਉਹ ਸਾਡੇ ਕੋਲ ਰਹੇਗੀ। ਸਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ੬ ਸਾਲ ੫ ਮਹੀਨੇ ਬਾਦ ਦੀ ਇਹ ਘਟਨਾ ਹੈ। ਤਾਰਾ ਸਿੰਘ ਰਾਤ ਨੂੰ ਦੁਕਾਨ ਬੰਦ ਕਰਕੇ ਮੰਜੇ ਤੇ ਅਰਦਾਸ ਕਰਕੇ ਸੌਣ ਵਾਸਤੇ ਪੈ ਗਿਆ ਅਜੇ ਅਧ ਸੁਤਾ ਹੀ ਸੀ ਕਿ ਬਾਹਰੋਂ ਦਰਵਾਜਾ ਖਟਕਿਆ ੨-੩ ਵਾਰ ਤੇ ਤਾਰਾ ਸਿੰਘ ਉਠਕੇ ਬਾਹਰ ਨਿਕਲਿਆ ਤੇ ਕੀ ਵੇਖਦਾ ਹੈ ਕਿ ਸਚੇ ਪਾਤਸ਼ਾਹ ਜੀ ਘੋੜੇ ਤੇ ਸਵਾਰ ਹਨ ਤੇ ਬਚਨ ਕੀਤਾ ਕਿ ਤੇਰਾ ਸਵਰਨ ਆਂ ਗਿਆ ਹੈ ਏਨਾਂ ਬਚਨ ਕਰਕੇ ਅਲੋਪ ਹੋ ਗਏ। ਓਧਰ ਕਰਤਾਰ ਸਿੰਘ ਦੇ ਘਰ ਇਸ ਕੌਤਕ ਤੋਂ ੧੨ ਘੰਟੇ ਬਾਦ ਬੱਚਾ ਹੋਇਆ। ਜਦੋਂ ਬਚੇ ਨੇ ਜਨਮ ਲਿਆ ੨੯ ਪੋਹ ੨੦੨੨ ਨੂੰ ਤਾਂ ਸਚੇ ਪਾਤਸ਼ਾਹ ਜੀ ਨੇ ਕਰਤਾਰ ਸਿੰਘ ਦੀ ਸਿਖਣੀ ਨੂੰ ਦਰਸ਼ਨ ਦੇਕੇ ਹੁਕਮ ਕੀਤਾ ਕਿ ਇਹ ਬਚਾ ਤਾਰਾ ਸਿੰਘ ਦਾ ਹੈ ਤੇ ਉਸਨੂੰ ਤੁਸਾਂ ਦੇ ਦੇਣਾ। ਇਹ ਬਚਨ ਸੁਣਕੇ ਕਰਤਾਰ ਸਿੰਘ ਦੀ ਸਿਖਣੀ ਨੇ ਤਾਰਾ ਸਿੰਘ ਦੀ ਸਿਖਣੀ ਨੂੰ ਵਾਰਤਾ ਦਸੀ ਤੇ ਕਿਹਾ ਕਿ ਇਹ ਬੱਚਾ ਤੁਹਾਡਾ ਹੀ ਹੈ ਇਸਨੂੰ ਦੁਧ ਤੁਸਾਂ ਹੀ ਪਿਆਉਣਾ ਹੈ। ਏਸੇ ਤਰਾਂ ਹੀ ਹੋਇਆ ਕ੍ਰਿਪਾਲ ਕੌਰ ਨੇ ਤੇਜ ਕੌਰ ਦੀ ਝੋਲੀ ਵਿਚ ਬੱਚਾ ਪਾ ਦਿਤਾ ਤੇ ਆਪਣਾ ਦੁਧ ਨਾ ਪਿਆਲਿਆ। ਤੇਜਕੌਰ ਨੇ ਤਿੰਨ ਦਿਨ ਓਪਰਾ ਦੁਧ ਪਿਆਲਿਆ ਤੇ ਚੌਥੇ ਦਿਨ ਉਸਨੂੰ ਆਪਣਾ ਦੁਧ ਉਤਰ ਆਇਆ ਜਿਹੜਾ ਕਿ ੧੦ ਸਾਲ ਬਾਦ ਬਿਨਾ ਬਚਾ ਹੋਣ ਤੋਂ ਦੁਧ ਉਤਰਿਆ। ਆਖਰ ੪੦ ਦਿਨ ਤੇਜ ਕੌਰ ਨੇ ਬੱਚਾ ਕ੍ਰਿਪਾਲ ਕੌਰ ਕਰਤਾਰ ਸਿੰਘ ਦੀ ਸਿਖਣੀ ਕੋਲ ਹੀ ਰਹਿਣ ਦਿਤਾ ਤੇ ਦੁਧ ਆਪਣਾ ਪਿਆ ਦੇਣਾ। ੪੦ ਦਿਨ ਤੋਂ ਬਾਦ ਤੇਜ ਕੌਰ ਤਾਰਾ ਸਿੰਘ ਦੀ ਸਿਖਣੀ ਬਚਾ ਆਪਣੇ ਘਰ ਲੈ ਗਈ ਜਿਸਨੇ ਸਾਢੇ ਤਿੰਨ ਸਾਲ ਆਪਣਾ ਦੁਧ ਪਿਆਲਿਆ। ਉਸ ਬਚੇ ਦਾ ਨਾਮ ਹੈ ਮਹਿਲ ਸਿੰਘ ਜਿਹੜਾ ਸਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਦੁਆਰਾ ਕਰਤਾਰ ਸਿੰਘ ਤੋਂ ਤਾਰਾ ਸਿੰਘ ਨੂੰ ਮਿਲਿਆ। ਸਤਿਗੁਰੂ ਉਹ ਕੁਝ ਕਰ ਸਕਦਾ ਹੈ ਜਿਹੜਾ ਨਹੀਂ ਹੋ ਸਕਦਾ ਜਿਵੇਂ ਗੁਰਬਾਣੀ ਵਿਚ ਲਿਖਿਆ ਹੈ।

ਸਤਿਗੁਰੁ ਹੋਇ ਦਇਆਲ ਤਾ ਸਰਧਾ ਪੂਰੀਐ।

ਸਤਿਗੁਰੁ ਵਾਸਤੇ ਕਿਸੇ ਨੂੰ ਮਾਇਆ ਦੇਣੀ ਜਾਂ

Namdhari Elibrary NamdhariElibrary@gmail.com

ਬਚੇ ਦੀ ਦਾਤ ਦੇਣੀ ਤਾਂ ਕੁਝ ਔਖਾ ਨਹੀਂ ਉਹ ਤਾਂ ਨਦੀਆਂ ਦੇ ਵਿਚ ਟਿਬੇ ਵਿਖਾਲ ਸਕਦਾ ਹੈ, ਆਦਮੀ ਤੋਂ ਨਾਰੀ ਤੇ ਨਾਰੀ ਤੋਂ ਆਦਮੀ ਬਣਾ ਸਕਦਾ ਹੈ। ਭਾਵ ਸਤਿਗੁਰੂ ਤੋਂ ਜਿਸ ਭਾਵਨਾਂ ਦੀ ਵੀ ਇਛਾ ਕੀਤੀ ਜਾਵੇ ਉਹ ਹੀ ਪੂਰੀ ਹੁੰਦੀ ਹੈ ਇਹ ਮਹਿਲ ਸਿੰਘ ਜਿਸਦੀ ਵਾਰਤਾ ਲਿਖੀ ਗਈ ਹੈ ਇਹ ਇਕ ਸੰਗੀਤ ਸਿਖਿਆਰਥੀ ਹੈ ਜਿਹੜਾ ਅਜ ਕਲ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਹੁਕਮ ਅਨੁਸਾਰ ਸ਼ਹਿਨਾਈ ਸਾਜ ਸਿਖ ਰਿਹਾ ਹੈ ਜੇਕਰ ਬਚਨ ਮੰਨਕੇ ਲਗਾਤਾਰ ਮਿਹਨਤ ਕਰਕੇ ਸਿਖਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਉਹ ਇਕ ਮਹਾਨ ਸੰਗੀਤਕਾਰ ਨਾਂ ਬਣ ਸਕੇਗਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਤਾਂ ਇਸ ਸੰਸਾਰ ਤੇ ਆਏ ਹੀ ਹਰੇਕ ਦਾ ਭਲਾ ਕਰਨ ਸਨ ਅਜ਼ਾਦੀ ਦੀ ਲਹਿਰ ਜਿਸਦਾ ਮੁਢ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬੱਧਾ ਸੀ ਉਸਨੂੰ ਓਨੀ ਦੇਰ ਤਕ ਜਾਰੀ ਰਖਿਆ ਜਦ ਤਕ ਦੇਸ਼ ਅਜ਼ਾਦ ਨਹੀਂ ਹੋ ਗਿਆ। ਕਾਂਗਰਸ ਦੀ ਹਰ ਪਖੋਂ ਸਹੈਤਾ ਕੀਤੀ। ਹਿੰਦੂ ਸਿਖ ਏਕਤਾ ਕਾਨਫਰੰਸ ਕੀਤੀ, ਗੁਰੂ ਨਾਨਕ ਨਾਮ ਲੇਵਾ ਕਾਨਫਰੰਸ ਕੀਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀਦੇ ਦਰਸ਼ਨ ਨਮਿਤ ਇਕ ਹਜ਼ਾਰ ਅਖੰਡ ਪਾਠ ਤੇ ਲਖਾਂ ਦੀ ਗਿਣਤੀ ਵਿਚ ਸਾਧਾਰਨ ਪਾਠ ਕਰਵਾਕੇ ਭੋਗ ਪੁਵਾਏ। ਗਊ ਰਖਿਆ ਲਈ ਹਰ ਸੰਭਵ ਯਤਨ ਕੀਤੇ ਤੇ ਗਊ ਧਨ ਬਾਰੇ ਲੋਕਾਂ ਨੂੰ ਜਾਣਕਾਰੀ ਦਿਤੀ। ਗ਼ਰੀਬ ਗੁਰਬੇ ਦੀ ਹਰ ਤਰਾਂ ਜ਼ਮੀਨ, ਮਾਇਆ, ਪ੍ਰਸ਼ਾਦਾ ਤੇ ਕਪੜਾ ਦੇ ਕੇ ਸਹੈਤਾ ਕੀਤੀ। ਭਾਵ ਜਿਹੜਾ ਵੀ ਉਨਾਂ ਦੇ ਦਰ ਤੇ ਜਿਸ ਇਛਾ ਨਾਲ ਆਇਆ ਉਸਦੀ ਉਹ ਇਛਾ ਪੂਰੀ ਹੋਈ। ਏਸੇ ਲਈ ਸਾਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ 'ਇਛਾ ਪੂਰਕ ਸਤਿਗੁਰੂ' ਕਹਿਣਾ ਪੈਂਦਾ ਹੈ।

ਦੋ ਰੁਬਾਈਆਂ

ਹਰਬੰਸ ਸਿੰਘ ਮੈਨੇਜਰ ਸਤਿਜੁਗ

ਵਡ ਪ੍ਰਤਾਪੀ ਸਤਿਗੁਰ ਮੇਰਾ
ਜਿਸ ਵਲ ਦ੍ਰਿਸ਼ਟੀ ਕਰਦਾ।
ਜਨਮਾਂ-ਜਨਮਾਂ ਦੇ ਦੁਖ ਦਰਿਦ੍ਰ
ਛਿਨ ਵਿਚ ਉਸ ਦੇ ਹਰਦਾ।
ਕੀਮੀਆ ਗਰ ਸੀ ਉਸਦੀ ਤਕਨੀ
ਕਚ ਤੋਂ ਕੰਚਨ ਕਰਦੀ,
ਲਖਾਂ ਖਾਲੀ ਝੋਲੀਆਂ ਤਾਂਈ
ਨਾਲ ਬਰਕਤਾਂ ਭਰਦਾ।

ਮੇਰੇ ਮਾਹੀ ਅਟਲ ਪ੍ਰਤਾਪੀ
ਕਿਤਨੇ ਪਾਪੀ ਤਾਰੇ।
ਤਾਰੇ ਤਾਂ ਭਾਵੇਂ ਕੋਈ ਗਿਣ ਲੈ
ਗਿਣੇ ਨ ਜਾਵਣ ਤਾਰੇ।
ਤਾਰੇ ਤਾਰਨਹਾਰਾ ਸਵਾਮੀ
ਸੰਤ ਬਣਾਏ ਡਾਕੂ,
ਤਰੇ ਹਰਬੰਸ ਜਿਹੜੇ ਮਾਹੀ ਤੋਂ
ਉਹਨਾਂ ਅਗੋਂ ਕਈ ਤਾਰੇ।

(ਜੀਵਨ ਗਾਥਾ) (ਦੇ) (ਕੁਝ ਅੰਸ਼)

ਖੜਕ ਸਿੰਘ ਭਮਰਾ ਇੰਗਲੈਂਡ(ਯੂ.ਕੇ.)

ਸ੍ਰੀ ਮਾਨ ਸੰਤ ਖੜਕ ਸਿੰਘ ਭੰਮਰਾ ਯੂ. ਕੇ. ਵਿਚ ਨਾਮਧਾਰੀ ਪੰਥ ਦੇ ਮੰਨੇ ਪ੍ਰਮੰਨੇ ਵਿਦਵਾਨ ਵਿਅਕਤੀਆਂ ਵਿਚ ਗਿਣੇ ਜਾਂਦੇ ਹਨ ਗੁਰੂ ਘਰ ਤੇ ਨਾਮਧਾਰੀ ਸਾਹਿਤਯ ਪੜਨ ਤੇ ਲਿਖਨ ਦੀ ਇਹਨਾਂ ਨੂੰ ਬਹੁਤ ਲਗਨ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਖੰਡ ਭਾਵਨਾ ਇਨਾਂ ਵਿਚ ਸਦੀਵ ਕਾਲੀ ਆਖੀ ਜਾ ਸਕਦੀ ਹੈ ਇਹੋ ਵਜਾ ਹੈ ਕਿ ਇਨਾਂ ਨੇ ਅਪਣੇ ਲੇਖ ਵਿਚ ਅਟਲ ਪ੍ਰਤਾਪੀ ਸਤਿਗੁਰੂ ਜੀ ਦਾ ਇਤਹਾਸ ਕ੍ਰਮਵਾਰ ਤੇ ਵਿਸਥਾਰ ਨਾਲ ਇਸਤਰਾਂ ਲਿਖਿਆ ਹੈ ਜਿਵੇਂ ਇਹ ਹਰ ਵਕਤ ਹੀ ਸਚੇ ਪਾਤ-ਸ਼ਾਹ ਦੇ ਨਾਲ ਸੇਵਾ ਕਰਦੇ ਰਹੇ ਹੋਣ ਵੈਸੇ ਇਹਨਾਂ ਅਤੇ ਸੰਤ ਹਰਬੰਸ ਸਿੰਘ ਜੀ ਚ.ਨਾ ਅਥਵਾ ਸੰਤ ਅਜੀਤ ਸਿੰਘ ਜੀ ਜੀਤ ਦੇ ਤਿੰਨੇ ਲੇਖ ਹੀ ਇਕ ਵਿਸ਼ੇਸ਼ ਅੰਕ ਦੀ ਲੋੜ ਰਖਦੇ ਹਨ ਪਰ ਹਾਲਾਂ ਇੰਵ ਨ ਕਰਦੇ ਹੋਏ ਇਨਾਂ ਲੇਖਾਂ ਨੂੰ ਕੁਝ ਘਟ ਕੀਤਾ ਗਿਆ ਹੈ ਬੜਾ ਚੰਗਾ ਹੋਵੇ ਜੇ ਇਹ ਤਿੰਨੇ ਸਜਨ ਅਪਣੀਆਂ ਇਹਨਾਂ ਕਾਪੀਆਂ ਨੂੰ ਵਖ ਵਖ ਟਰੈਕਟਰਾਂ ਦੇ ਰੂਪ ਵਿਚ ਪ੍ਰਕਾਸ਼ਤ ਕਰਵਾਕੇ ਸਾਧ ਸੰਗਤ ਵਿਚ ਫਰੀ ਵੰਡਕੇ ਗੁਰੂ ਇਤਹਾਸ ਦੇ ਪ੍ਰਚਾਰ ਨੂੰ ਪ੍ਰਸਾਰਤ ਕਰਕੇ ਸਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਸਨਖਤਰਵੀ

ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਚੇਤਰ ਵਦੀ ਤੀਜ ਸੰਮਤ ੧੯੪੬ ਗੁਰਦਵਾਰਾ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਜਗਤ ਮਾਤਾ ਜੀਵਨ ਕੌਰ ਜੀ ਦੇ ਘਰ ਹੋਇਆ, ਉਸ ਵਕਤ ਗੁਰਦਵਾਰਾ ਸ੍ਰੀ ਭੈਣੀ ਸਾਹਿਬ ਅੰਗਰੇਜੀ ਰਾਜ ਵਲੋਂ ਖੁਲ੍ਹੀ ਜੇਲ੍ਹ ਦਾ ਨਮੂਨਾ ਬਣਾਇਆ ਗਿਆ ਹੋਇਆ ਸੀ, ਸਿਖ ਸੰਗਤ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਵਾਸਤੇ ਮੁਸੀਬਤਾਂ ਤੇ ਕਠਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਸ੍ਰੀ ਭੈਣੀ ਸਾਹਿਬ ਦਰਸ਼ਨੀ ਡਿਓੜੀ ਅਗੇ ਬੜਾ ਸਖਤ ਪੁਲੀਸ ਦਾ ਪਹਿਰਾ ਹਰ ਵਕਤ ਰਹਿੰਦਾ ਸੀ। ਅਜਿਹੇ ਵਾਤਾਵਰਨ ਨੂੰ ਪੂਰੀ ਤਰਾਂ ਉਹੋ ਸਿੰਘ ਹੀ ਜਾਣਦੇ ਸਨ, ਜਿਹੜੇ ਇਸ ਅਤੀ ਕਠਨਾਈ ਵਾਲੇ ਦੌਰ ਵਿਚੋਂ ਲੰਘਦੇ ਰਹੇ, ਦਸਿਆ ਜਾਂਦਾ ਹੈ ਜਿਸ ਵਕਤ ਸਤਿਗੁਰੂ ਪ੍ਰਤਾਪ ਸਿੰਘ ਜੀ ਅਵਤੀਰਨ ਹੋਏ ਇਕ ਸਿਖ ਨੇ ਰਾਮਸਰ ਵਾਲੀ ਕੋਠੀ ਵਿਚ ਸਤਿਗੁਰੂ ਹਰੀ ਸਿੰਘ ਜੀ ਦੀ ਸੇਵਾ ਵਿਚ ਹਾਜਰ ਹੋ ਕੇ ਬਾਲਕ ਦੇ ਪ੍ਰਗਟ ਹੋਣ ਦੀ ਖਬਰ ਦਿਤੀ, ਸਤਿਗੁਰੂ ਜੀ ਬਚਨ ਕੀਤਾ, "ਘਰ ਦਾ ਮਾਲਿਕ ਆ ਗਇਆ ਹੈ ਬੜੇ ਪ੍ਰਤਾਪ ਵਾਲਾ ਹੋਵੇਗਾ।" ਸਾਧ ਸੰਗਤ ਵਿਚ ਸਾਹਿਬਜਾਦਾ ਪ੍ਰਤਾਪ ਸਿੰਘ ਜੀ ਦੇ ਸ਼ੁਭ ਨਾਮ ਨਾਲ ਬੁਲਾਇਆ ਜਾਣ ਲਗਾ, ਸਭ ਤੋਂ ਵਡੀ ਅਤੇ ਚਰਚਾ ਵਾਲੀ ਗਲ ਇਹ ਹੋਈ ਕਿ ਉਸੇ ਦਿਨ ਹੀ ਲੁਧਿਆਣੇ ਤੋਂ ਡੀ.ਸੀ.ਦਾ ਇਕ ਫਰਮਾਨ ਆਇਆ ਕਿ ਗੁਰਦੁਆਰਾ ਸ੍ਰੀ ਭੈਣੀ ਸਹਿਬ ਵਿਚ ਆਉਣ ਜਾਣ ਵਾਲਿਆਂ ਤੇ ਪਾਬੰਦੀ ਖਤਮ ਕੀਤੀ ਜਾਵੇ, ਜਦੋਂ ਹੋਰ ਵੀ ਕਈ ਸਰਕਾਰੀ ਪਾਬੰਦੀਆਂ ਖਤਮ ਹੋ ਗਈਆਂ ਤਾਂ ਸੰਗਤਾਂ ਦਾ ਆਉਣਾ ਜਾਣਾ ਖੁਸ਼ੀਆਂ ਵਿਚ ਬਦਲ ਗਿਆ, ਇਸ ਤੋਂ ਬਾਦ ਵਡ ਪ੍ਰਤਾਪੀ ਕਿਸ਼ੋਰ ਅਵਸਥਾ ਤੋਂ ਲੇਕੇ ਪੰਥਕ ਜੁਮੇ-ਵਾਰੀ ਨੂੰ ਸੰਭਾਲਣ ਤਕ ਅਨੇਕਾਂ ਚੋਜ ਕੀਤੇ।

ਬਚਪਨ ਦੀ ਵਿਦਿਆ :-ਸਤਿਗੁਰੂ ਜੀ ੫ ਸਾਲ ਦੇ ਹੋਏ ਤਾਂ ਸੰਤ ਧਿਆਨ ਸਿੰਘ ਦੇ ਪਾਸ ਪੜਨ ਗਏ। ਮਾਤ ਜੀਵਨ ਕੌਰ ਥਾਲ ਵਿਚ ਪਤਾਸੇ, ਇਕ

ਪਗ, ਸਵਾ ਰੁਪਿਆ ਉਪਰ ਰਖ ਮੱਤਾਂ ਪਾਸ ਪੁਜੀ, ਸੰਤਾਂ ਨੇ ਬੜੇ ਆਦਰ ਨਾਲ ਪਿਆਰ ਕਰਦਿਆਂ ਪੈਂਤੀ ਦੇ ਪਹਿਲੇ ਪੰਜ ਅਖਰ ਪੜ੍ਹਾਏ ਥੋੜੇ ਦਿਨਾਂ ਵਿਚ ਬਾਲ ਉਪਦੇਸ਼ ਮੁਕਾ ਪੰਜ ਗ੍ਰੰਥੀ ਪੜ੍ਹ ਲਈ, ਫਿਰ ਆਦਿ ਗ੍ਰੰਥ ਸਾਹਿਬ ਦਾ ਅਰੰਭ ਕੀਤਾ,ਬੁਧੀ ਤੀਖਣ ਤੇ ਯਾਦ ਸ਼ਕਤੀ ਪਰਲੇ ਦਰਜੇ ਦੀ ਸੀ, ਪੜ੍ਹ ਲਿਆ ਸੋ ਯਾਦ ਹੋ ਗਿਆ, ਜੋ ਸੁਣ ਲਿਆ ਉਹ ਭੁਲਣਾ ਨਹੀਂ, ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਾਠ ਕਰ ਲਿਆ, ਕਿਤੇ ਅਟਕ ਨਹੀਂ ਆਈ ਦਸਮ ਗ੍ਰੰਥ ਦਾ ਪਾਠ ਕਰ ਲਿਆ, ਜਪੁਜੀ ਸਾਹਿਬ ਜਾਪ ਸਾਹਿਬ,ਦੋਹਾਂ ਦੇ ਸ਼ਬਦ ਹਜਾਰੇ,ਰਹਿਰਾਸ ਕੀਰਤਨ ਸੋਹਿਲਾ, ਸੁਖਮਨੀ ਸਾਹਿਬ, ਆਸਾ ਦੀ ਵਾਰ ਜ਼ਬਾਨੀ ਯਾਦ ਹੋ ਗਏ,ਕੀਰਤਨ ਦਾ ਗਿਆਨ ਰਸਮੀ ਤੌਰ ਤੇ ਭਾਈ ਕਾਲੂ ਜੀ ਪਾਸੋਂ ਗ੍ਰਹਿਣ ਕੀਤਾ , ੧੯੬੩ ਬਿਕ੍ਰਮੀ ਨੂੰ ਸਤਿਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾ ਗਏ ਉਸ ਵਕਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਉਮਰ ੧੭ ਸਾਲ ਦੇ ਕਰੀਬ ਸੀ ਨਾਮਧਾਰੀ ਪੰਥ ਦਾ ਸਾਰਾ ਬੋਝ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਪੈ ਗਿਆ ਨਾਮਧਾਰੀ ਪੰਥ ਦੀ ਪ੍ਰਗਤੀ ਵਾਸਤੇ ਧਾਰਮਿਕ ਸਮਾਜਿਕ ਵਿਵਹਾ-ਰਿਕ ਤੇ ਆਰਥਿਕ ਪ੍ਰੋਗ੍ਰਾਮ ਚਾਲੂ ਕਰਕੇ ਉਨਾਂ ਵਿਚ ਕਿਵੇਂ ਸਦੀਵ ਕਾਲੀ ਸਫਲਤਾ ਪ੍ਰਾਪਤ ਕੀਤੀ।

ਨਾਮਧਾਰੀ ਪੰਥ ਦੀ ਹੋਂਦ ਨੂੰ ਨੇਸਤੋ ਨਾਬੂਦ ਕਰਨ ਵਾਸਤੇ ਗੋਰੀ ਸਰਕਾਰ ਤੇ ਉਸ ਦੇ ਸਮਰਥਕ ਸਿਖ, ਰਾਜੇ, ਮਹਾਰਾਜੇ, ਸਰਦਾਰ,ਪੁਜਾਰੀ, ਸਿੰਘ ਸਭਾ ਲਹਿਰ ਦੇ ਆਗੂ ਸਿਰ ਤੋੜ ਜਤਨ ਕਰਦੇ ਰਹੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਕਤੀ ਭਗਤੀ,ਜੁਗਤੀ ਨਾਲ ਦਿਨ ਦੂਣੀ ਤੇ ਰਾਤ ਚੌਣੀ ਤਰੱਕੀ ਕਰਦੇ ਰਹੇ, ਸੰਮਤ ੧੯੭੧ ਨੂੰ ਅਨੰਦ ਕਾਰਜ ਮਾਤਾ ਭੂਪਿੰਦਰ ਕੌਰ ਨਾਲ ਹੋਇਆ ਉਸ ਵੇਲੇ ੨੫ ਸਾਲ ਦੀ ਉਮਰ ਸੀ ਮਾਤਾ ਭੁਪਿੰਦਰ ਕੌਰ ਜੀ ੧੬ ਸਾਲ ਦੇ ਸਨ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਮਧਾਰੀ ਪੰਥ ਨੂੰ ਹਮੇਸ਼ਾਂ ਚੜ੍ਹਦੀਆਂ ਕਲਾ ਵਿਚ ਵੇਖਣਾ ਚਹੁੰਦੇਸਨ,ਸੰਮਤ ੧੯੮੨ ਵਿਚਨਾਮਧਾਰੀ ਪ੍ਰਚਾਰ ਦੀ ਲਿਖਤੀ ਕਮੀ ਨੂੰ ਅਨੁਭਵ ਕਰਦਿਆਂ ਸਪਤਾਹਿਕ ਸਤਿਜੁਗ ਚਾਲੂ ਕੀਤਾ,ਸੰਗੀਤ ਵਿਦਿਆ ਸਾਹਿਬੇ ਕਮਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਾਈ ਮਸਤਾਨ ਸਿੰਘ ਜੀ ਅਤੇ ਭਾਈ ਕਾਲੂ ਜੀ ਪਾਸੋਂ ਤਾਊਸ਼ ਬਜਾਉਣਾ ਸਿਖਿਆ। ਇਕ ਤਾਰਾ ਜੈਤਾਰ, ਇੰਦਰ ਤਾਰ, ਆੜਾ, ਚੁਤਾਲਾ,ਝਬ, ਚੰਚਲ ਤੇ ਤਿਨ ਤਾਲ ਵਿਚ ਰਾਗਾਂ ਦੀ ਮੁਹਾਰਤ ਹਾਸਲ ਕਰ ਗੁਰਮਤ ਸੰਗੀਤ ਦੇ ਪੂਰਨ ਅਧਿਕਾਰ ਪ੍ਰਾਪਤ ਕੀਤੇ ਧਮਾਰ ਤੇ ਧੁਰਪਦ ਵਿਚ ਉਨਾਂ ਦੀ ਵਿਸ਼ੇਸ਼ ਦਿਲਚਸਪੀ ਸੀ। ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਗੀਤ ਵਿਦਿਆਲਾ ਖੋਲ੍ਹਿਆ, ਜਿਥੇ ਭਾਈ ਹਰਨਾਮ ਸਿੰਘ ਵਿਦਿਆਰਥੀਆਂ ਦੇ ਗਲਿਆਂ ਨੂੰ ਸੁਰ ਕਰਦੇ ਰਹੇ, ਅਤੇ ਨਸੀਰ ਵਰਗੇ ਜੋੜੀ ਦੇ ਕਲਾਕਾਰ ਉਨਾਂ ਦੇ ਪੋਟਿਆਂ ਵਿਚ ਸੰਗੀ-ਤਕ ਬਰਕਤ ਭਰਦੇ ਰਹੇ,ਭਾਰਤ ਵਰਸ਼ ਦਾ ਕੋਈ ਗਾਇਕ ਅਜਿਹਾ ਨਹੀਂ ਜਿਸ ਨੇ ਆਪ ਜੀ ਤੋਂ ਮਾਣ ਨਾ ਲਿਆ ਹੋਵੇ, ਪੰਡਿਤ ਓਅੰਕਾਰ ਨਾਥ, ਗੁਲਾਮ ਅਲੀ ਖਾਂ,ਕ੍ਰਿਸ਼ਨ ਰਾਉ ਜੋਸ਼ੀ ਪੂਨੇ ਵਾਲਾ, ਕਾਨਨ, ਪੰਡਤ ਮਹਾ ਦਿਓ, ਪੰਨਾ ਲਾਲ ਘੋਸ਼-ਰਧਨ ਆਦਿ ਅਪਣੀ ਅਪਣੀ ਕਲਾ ਦੇ ਚਮਤਕਾਰ ਵਿਖਾਉਂਦੇ ਰਹੇ,ਆਪ ਜੀ ਦੇ ਹਜੂਰੀ ਰਾਗੀ ਭਾਈ ਸਾਹਿਬ ਭਾਈ ਹਰਨਾਮ ਸਿੰਘ ਜੀ ਭਾਈ ਕਾਲੂ ਜੀ ਭਾਈ ਮਤੂ ਜੀ,ਭਾਈ ਸੋਹਣਾ ਜੀ, ਭਾਈ ਸੰਦਲ ਜੀ ਅਤੇ ਮੋਤੀ ਜੀ ਆਪ ਜੀ ਤੋਂ ਦਾਤਾਂ ਦੀਆਂ ਝੋਲੀਆਂ ਭਰਕੇ ਜਾਂਦੇ।

ਸੰਨ ੧੯੩੩ ਵਿਚ ਅਟਲ ਪ੍ਰਤਾਪੀ ਸਤਿਗੁਰੂ ਜੀ ਨੇ ਗੁਰਮਤ ਸੰਗੀਤ ਸੰਮੇਲਨ ਸ੍ਰੀ ਭੈਣੀ ਸਾਹਿਬ ਕੀਤਾ ਸੂਚਨਾ ਪ੍ਰਾਪਤ ਕਰਨ ਤੇ ਹਰ ਪਾਸਿਓਂ ਸੰਗੀਤਕਾਰਾਂ ਰਾਗੀਆਂ ਦਾ ਇਕਠ ਹੋ ਗਿਆ,ਇਸ ਸੰਮੇਲਨ ਤੇ ਜੋ ਜਜ ਨਿਯੁਕਤ ਕੀਤੇ(੧) ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ(੨) ਸੂਦਾਰ ਮੁਕੰਦ ਸਿੰਘ ਜੀ(੩) ਸੰਤ ਹੀਰਾ ਸਿੰਘ ਜੀ(੪) ਬਾਬਾ ਨਿਹਾਲ ਸਿੰਘ ਜੀ ਇਸ ਸੰਮੇਲਨ ਵਿਚ

ਹਰ ਕਲਾਕਾਰ ਨੇ ਆਪਣੇ ਕਮਾਲ ਵਿਖਾਏ ਤੇ ਸਿਰ ਤੋੜ ਜਤਨ ਕਰਕੇ ਸਮਾ ਬੰਨਿਆ ਪਰ ਪਹਿਲਾ ਇਨਾਮ ਸਰਦਾਰ ਹਰਨਾਮ ਸਿੰਘ ਠਟਾ ਟਿੱਬਾ ਜਿਸਨੂੰ ਘੋੜੀ ਦੇ ਨਾਲ ੫੦੦ ਰੁਪਿਆ ਭੇਟ ਕੀਤੇ ਗਏ, ਦੂਜਾ ਇਨਾਮ ਭਾਈ ਲਾਲ ਅੰਮ੍ਰਿਤਸਰ, ਤੀਜਾ ਇਨਾਮ ਭਾਈ ਸਮੁੰਦ ਸਿੰਘ ਜੀ ਉਹਨਾਂ ਤੋਂ ਇਲਾਵਾ ਭਾਈ ਗੁਰਬਖਸ਼ ਸਿੰਘ ਲੁਧਿਆਣਾ ਭਾਈ ਅਨਾਇਤ, ਭਾਈ ਦੇਸਾ ਆਦਿ ਸਾਰਿਆਂ ਨੂੰ ਨਕਦੀ ਅਤੇ ਸਿਰੋਪਾ ਦੇਕੇ ਨਿਵਾਜਿਆ। ੧੯੫੩ ਵਿਚ ਭਗਵਾੜੇ ਪੰਨਾਂ ਲਾਲ ਕਥਕ ਨੇਆਪਦੇਸਾਮਣੇ ਗਾਇਆ। ਆਪ ਪਾਸ ਘੜੀ ਰਖਕੇ ਤਾਰ ਦੀਆਂ ਮਾਤਰਾਂ ਗਿਣਦੇ ਰਹੇ, ਪਰ ਆਫਰੀਨ ਪੰਨਾ ਲਾਲ ਦੇ ਉਸ ਤਾਰ ਵਿਚ ਅੱਧੀ ਮਾਤਰ ਦਾ ਫਰਕ ਵੀ ਨਾ ਪੈਣ ਦਿਤਾ, ਸਚੇ ਪਾਤਸ਼ਾਹ ਜੀ ਨੇ ਪੰਨਾ ਲਾਲ ਨੂੰ ਘੁਟਕੇ ਜੱਫੀ ਪਾ ਲਈ ਤੇ ਕਹਿਣ ਲਗੇ, ਤੁਸੀਂ ਖੁਸ਼ ਕਿਸਮਤ ਹੋ ਜਿਨਾਂ ਬਜੁਰਗਾਂ ਦੇ ਖਜ਼ਾਨੇ ਨੂੰ ਸੰਭਾਲ ਕੇ ਰਖਿਆ ਹੈ। ਪੰਥਕ ਕੰਮਾਂ ਤੋਂ ਬਾਅਦ ਵਕਤ ਮਿਲਦਾ ਗਊਆਂ ਦੀ ਸੰਭਾਲ ਵਲ ਧਿਆਨ ਦਿੰਦੇ। ਸੰਮਤ ੨੦੦੯ ਵਿਚ ਹਿਸਾਰ ਵਿਚ ਹੋਈ ਸਰਬ ਹਿੰਦ ਪਸ਼ੂ ਪ੍ਰਦਰਸ਼ਨੀ ਵਿਚ ਸਰਵੋਤਮ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ ਪੁਰਸ਼ਕਾਰ ਦਿਤਾ, ਸਭ ਤੋਂ ਵਧ ਇਨਾਮ ਜਿਤਨ ਵਾਲੀਆਂ ਗਊਆਂ ਸਤਿਗੁਰੂ ਜੀ ਦੀਆਂ ਹੀ ਸਨ, ਇਨਾਮ ਦੇਣ ਉਪ੍ਰੰਤ ਰਾਸ਼ਟਰਪਤੀ ਨੇ ਅਪਣੇ ਭਾਸ਼ਨ ਵਿਚ ਕਿਹਾ:-

"ਜੋ ਲੋਕ ਗਊਆਂ ਮਾਰਤੇ ਹੈਂ, ਉਨ ਮੇਂ ਬਲ ਤੋ ਹੈ, ਪਰ ਬੁਧੀ ਨਹੀਂ। ਜਿਨੋਂ ਨੇ ਗਊ ਪਾਲਣ ਸੀਖਨਾ ਹੈ, ਵੋਹ ਸਤਿਗੁਰੂ ਪ੍ਰਤਾਪ ਸਿੰਘ ਜੀ ਕੇ ਪਾਸ ਜਾ ਕੇ ਸੀਖੇਂ,, ਸਤਿਗੁਰੂ ਜੀ ਦੇ ਅਪਣੀਆਂ ਗਊਆਂ ਦੇ ਨਾਮ ਵੀ ਕਿਸੇ ਅਲੌਕਿਕ ਅਤੇ ਧਾਰ-ਮਿਕ ਜਜਬੇ ਅਧੀਨ ਸਨ।

ਸਤਿਗੁਰੂ ਜੀ ਰੇਸਾਂ ਵਿਚ ਅਪਣੇ ਘੋੜੇ ਭੇਜਦੇ ਸਨ, ਇਕ ਵਾਰੀ ਲਾਹੌਰ ਵਿਚ ਰੇਸਾਂ ਤੇ ਆਪਣਾ ਘੋੜਾ ਬਾਜ ਭੇਜਿਆ, ਪੰਜਾਬ ਦਾ ਲਾਟ ਸਰ ਹੈਨਰੀ ਕਰੇਨ ਦਾ ਘੋੜਾ ਤੇ ਹੋਰ ਕਾਫੀ ਘੋੜੇ ਰੇਸ ਵਿਚ ਸਨ, ਉਥੇ ਇਸ ਰੇਸ ਵਿਚ ਸ੍ਰੀ ਸਤਿਗੁਰੂ ਜੀ ਸਰ ਹੈਨਰੀ ਕਰੇਨ, ਲੇਡੀ ਕਰੇਨ ਅਤੇ ਉਸ ਦੀ ਪੁਤਰੀ ਮੌਜੂਦ ਸਨ, ਸ੍ਰ. ਭਗਤ ਸਿੰਘ ਅਰਦਾਸ ਸੋਧਕੇ ਘੋੜੇ ਤੇ ਸਵਾਰ ਹੋਇਆ, ਘੋੜਿਆਂ ਨੇ ਆਪਣੀਆਂ ਪੋਜ਼ੀਸ਼ਨਾਂ ਸੰਭਾਲੀਆਂ ਫੀਤਾ ਕਟਣ ਦੀ ਦੇਰ ਸੀ, ਬਾਜ ਨੇ ਇਕ ਦਮ ਉਡਾਰੀ ਮਾਰੀ ਛਾਲਾਂ ਮਾਰਦਾ ਅਗੇ ਨਿਕਲ ਗਿਆ, ਸਤਿਗੁਰੂ ਜੀ ਦਾ ਘੋੜਾ ਬਾਜ ਜਿਤ ਗਿਆ, ਦਰਸ਼ਕ ਸਤਿ-ਗੁਰੂ ਜੀ ਨੂੰ ਵਧਾਈਆਂ ਦੇਣ ਆਏ। ਸਤਿਗੁਰੂ ਜੀ ਕੁਰਸੀ ਤੋਂ ਉਠੇ ਲਾਟ ਸਾਹਿਬ ਕਰੇਨ ਵੀ ਉਠਿਆ ਸਤਿਗੁਰੂ ਜੀ ਨਾਲ ਬਾਜ ਵਲ ਹੋ ਟੁਰੇ ਸਤਿਗੁਰੂ ਜੀ ਬਚਨ ਕਰਦਿਆਂ ਅਪਣਾ ਹਥ ਘੁਮਾਇਆ, ਜੋ ਲਾਟ ਦੀ ਪੁਤਰੀ ਦੇ ਮੂੰਹ ਤੇ ਵਜਾ, ਸਭ ਹਕੇ ਬਕੇ ਹੋ ਗਏ ਚੁਪ ਛਾ ਗਈ ਲਾਟ ਸਾਹਿਬ ਨੇ ਖਿੜੇ ਮਥੇ ਅਪਣੀ ਪੁਤਰੀ ਨੂੰ ਸੰਬੋਧਨ ਕਰਦਿਆਂ ਆਖਿਆ (ਪੁਤਰੀ ਤੂੰ ਵਡੀ ਕਰਮਾਂ ਵਾਲੀ ਹੈਂ ਇਹ ਕਰ ਕਮਲ ਹਜਰਤ ਈਸਾ ਦਾ ਹੈ ਅਜ ਵਡਾ ਦਿਨ ਹੈ ਤੂੰ ਬਖਸ਼ੀ ਗਈ ਹੈਂ) ਸਰੋਤੇ ਹੈਰਾਨ ਹੋ ਰਹੇ ਸਨ ਕਿ ਏਡਾ ਵਡਾ ਗੋਰਾ ਤੇ ਏਨੀ ਸ਼ਰਧਾ

੧੯੧੪ ਸੰਨ ਵਿਚ ਅੰਗਰੇਜ ਨੇ ਜੰਗ ਸਮੇਂ ਜਗੀਰਾਂ ਦਾ ਲਾਲਚ ਦੇਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਭਰਤੀ ਦੇ ਹਕ ਵਿਚ ਹੁਕਮ ਕਰਵਾਉਣਾ ਚਾਹਿਆ। ਪਰ ਦੋ ਜਹਾਨ ਦੀਆਂ ਜਾਨਣ ਵਾਲਾ ਨਿਧੜਕ ਜੁਗ ਪੁਰਸ਼ ਅੰਗਰੇਜ ਦੀ ਸਤਰੰਜ ਦੀ ਚਾਲ ਨੂੰ ਜਾਣਦਾ ਸੀ, ਇਨਕਾਰ ਕਰ ਦਿਤਾ ਅਤੇ ਕਿਹਾ ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਤੋਂ ਇਕ ਇੰਚ ਵੀ ਲਾਂਭੇ ਨਹੀਂ ਹੋ ਸਕਦਾ ਹਾਂ। ਇਹ ਮਿਸ਼ਨ ਤਾਂ ਸਵਾਸਾਂ ਨਾਲ ਨਿਭੇਗਾ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਪਣੇ ਮਿਸ਼ਨ ਦੀ ਸਫਲਤਾ ਲਈ ਅਜ਼ਾਦੀ ਦੇ ਬਿਖੜੇ ਪੈਂਡੇ ਪਈ ਕਾਂਗਰਸ ਪਾਰਟੀ ਨਾਲ ਕਦਮ ਮਿਲਾ ਤੇ ਮੋਢੇ ਨਾਲ ਮੋਢਾ ਜੋੜਕੇ ਤੁਰਨਾ ਅਰੰਭਿਆ।

ਲੇਕਿਨ ਆਫਰੀਨ ਨਾਮਧਾਰੀ ਸੰਪ੍ਰਦਾਏ ਦੇ ਆਗੂ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੀ

Namdhari Elibrary NamdhariElibrary@gmail.com

ਹਿੰਦੂ ਸਿਖ ਮਿਲਾਪ ਕਾਨਫਰੰਸ ਸ੍ਰੀ ਭੈਣੀ ਸਾਹਿਬ ੨੫ ਮਾਰਚ ੧੯੪੩ ਈ:



ਪ੍ਰਧਾਨ ਸੇਠ ਜੁਗਲ ਕਿਸ਼ੋਰ ਜੀ ਬਿਰਲਾ ਤਕਰੀਰ ਕਰ ਰਹੇ ਹਨ:-
ਆਪਦੇ ਸਜੇ ਬੰਨੇ ਗੋਸਵਾਮੀ ਗਣੇਸ਼ ਦਤ ਜੀ ਅਤੇ ਖਬੇ ਬੰਨੇ ਸ੍ਰੀ ਮਾਨ ਬਾਵਾ ਗੁਰਮੁਖ ਸਿੰਘ ਜੀ, ਗਿਆਨੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਸੁਚੱਜੀ ਅਗਵਾਈ ਨੇ ਸਿਖਾਂ ਉਤੇ ਲਗਣ ਵਾਲੇ ਕਾਲੇ ਧੱਬੇ ਤੋਂ ਸਾਨੂੰ ਬਚਾ ਲਿਆ। ਇਸ ਮਹਾਨ ਉਦਮ ਦੇਸ਼ ਭਗਤੀ ਦੀ ਵਡਿਆਈ ਅਤੇ ਸ਼ੋਭਾ ਦੀ ਸੁਗੰਧ ਦੂਰ ਦੂਰ ਫੈਲ ਗਈ।

ਸੰਮਤ ੧੯੯੭ ਵਿਚ ਜੇਠ ਦੇ ਮੇਲੇ ਵਿਚ ਸੰਗਤ ਨੂੰ ਇਕ ਇਲਾਹੀ ਹੁਕਮ ਬਖਸ਼ਿਆ ਕਿ ਹਰ ਸਿਖ ਨਰ ਨਾਰੀ ਰੋਜ ਇਕ ਘੰਟਾ ਨਾਮ ਸਿਮਰਨ ਕਰੇ, ਨਾਲ ਹੀ ਬਚਨ ਕੀਤਾ, ਕਿ ਇਹ ਮੇਰੇ ਵਲੋਂ ਸਦਾ ਸੰਗ ਰਖਣ ਵਾਲੀ ਚੀਜ ਹੈ, ਜੋ ਇਸਨੂੰ ਨਿਭਾਏਗਾ, ਮੈਂ ਉਸਦਾ ਸਦਾ ਜ਼ਾਮਨ ਹਾਂ। ਆਪ ਜੀ ਨੇ ਨਾਮ ਦੀ ਦਾਤ ਬਖਸ਼ ਕੇ ਕਈ ਮਨੁਖਾਂ ਤੋਂ ਦੇਵਤੇ ਬਣਾ ਦਿਤੇ,ਅਖੀਂ ਵੇਖਿਆ ਹੈ ਕਿ ਈਸਟ ਅਫਰੀਕਾ ਦੇ ਦੌਰਿਆਂ ਸਮੇਂ ਹਰਨਾਮ ਸਿੰਘ ਕੰਵਲ,ਸੁਖਦੇਵ ਸਿੰਘ, ਭਗਤ ਸਿੰਘ, ਸਵਰਨ ਸਿੰਘ ਸੋਖੀ ਦੀਵਾਨਾ ਸ਼ੌਕ ਬਾਵਾ ਸਿੰਘ ਚਾਨਾ,ਅਵਤਾਰ ਸਿੰਘਤੇ,ਜਸਵੰਤ ਸਿੰਘ ਜਿਨਾਂ ਨੂੰ ਸੰਤ ਸ਼ਬਦ ਨਾਲ ਲੋਕਾਂ ਨੇ ਨਿਵਾਜਿਆ ਜਿਹੜੇ ਕਿ ਸ਼ਰਾਬੀ ਕਬਾਬੀ ਸਨ।

੧੯੩੭ ਈ: ਵਿਚ ਜਦੋਂ ਅੰਗਰੇਜ਼ਾਂ ਨੇ ਲਾਹੋਰ ਵਿਚ ਮਾਡਲ ਮਸ਼ੀਨਰੀ ਨਾਲ ਲੈਸ ਇਕ ਬੁਚੜ-ਖਾਨਾ ਖੋਲਣ ਦਾ ਫੈਸਲਾ ਕੀਤਾ ਤਾਂ ਉਸ ਵੇਲੇ ਸਤਿਗੁਰੂ ਜੀ ਨੇ ਬਲੀਦਾਨ ਦੇਣ ਦੀ ਥਾਂ ਹਵਨਯਗ ਰਾਹੀਂ ਦਰਗਾਹੀ ਸ਼ਕਤੀਦਾ ਆਵਾਹਨ ਕੀਤਾ,ਇਸ ਯਗ ਵਿਚ ਰਿਸ਼ੀ ਰੂਪ ੫੦੦ ਸਿਖ ਹਵਨ ਦੁਆਲੇ ਬੈਠ ਦਸਮ ਪਾਤਸ਼ਾਹ ਦੀ ਮਹਾਂਬਲੀ ਬਾਣੀ ਚੰਡੀ ਦੀ ਵਾਰ ਦਾ ਪਾਠ ਕਰਦੇ ਰਹੇ। ੨੦ ਸੇਰ ਦੇਸੀ ਘਿਓ ਇਕ ਘੰਟੇ ਵਿਚ ਹਵਨ ਵਿਚ ਆਹੂਤੀ ਪਾਈ ਜਾਂਦੀ ਸੀ, ਇਕ ਲਖ ਪਚੀ ਹਜਾਰ ਪਾਠ ਹੋਏ ਜਦੋਂ ਯਗ ਸੰਪੂਰਨ ਆਹੂਤੀ ਪਈ ਗੋਰੇ ਦੀਆਂ ਨੀਂਹਾਂ ਹਿਲੀਆਂ ਅਤੇ ਉਸ ਬੁਚੜਖਾਨੇ ਨੂੰ ਨਾ ਖੋਲਣ ਦਾ ਐਲਾਨ ਕਰ ਦਿਤਾ,ਇਹ ਸ਼ਕਤੀਆਂ ਵਾਲੇ ਦੀ ਸ਼ਕਤੀ ਦਾ ਪ੍ਰਤਖ ਪ੍ਰਮਾਣ ਸੀ।

੧੭-੧੮ ਅਕਤੂਬਰ ੧੯੪੨ ਨੂੰ ਇਕ ਪੰਜਾਬੀ ਕਾਨਫਰੰਸ ਬੁਲਾਈ। ਆਪ ਜੀ ਨੂੰ ਅਪਣੀ ਮਾਤ ਭਾਸ਼ਾ ਪੰਜਾਬੀ ਨਾਲ ਅਥਾਹ ਪਿਆਰ ਸੀ, ਉਸਦੀ ਉਨਤੀ ਲਈ ਇਸ ਕਾਨ-ਫ੍ਰੰਸ ਦੇ ਪ੍ਰਧਾਨ ਸ੍ਰ. ਬਲਦੇਵ ਸਿੰਘ(ਸਾਬਕਾ ਰਖਸ਼ਾ ਮੰਤਰੀ) ਬੜੇ ਮਹਾਨ ਸਾਹਿਤਕਾਰ ਅਤੇ ਪੰਜਾਬੀ ਪ੍ਰੇਮੀਆਂ ਦਾ ਇਕਠ ਹੋਇਆ। ਉਨਾਂ ਵਿਚੋਂ ਭਾਈ ਸਾਹਿਬ ਬਾਗੜੀਆਂ,ਬਾਵਾ ਗੁਰਮੁਖਸਿੰਘ ਜੀ, ਸੀ. ਐਸ. ਪੀ. ਸਿੰਘਾ ਰਜਿਸਟਰਾਰ ਪੰਜਾਬੀ ਯੂਨੀਵਰ-ਸਟੀ ਸ੍ਰੀ ਕਪੂਰ ਸਿੰਘ ਜੀ,ਸ੍ਰੀ ਰਣਬੀਰ,ਪ੍ਰਿੰਸੀਪਲ ਗੰਗਾ ਸਿੰਘ,ਪ੍ਰੋ: ਅਬਦਲ ਮਜੀਦ, ਪ੍ਰੋ: ਜੋਧ ਸਿੰਘ ਅਤੇ ਤੇਜਾ ਸਿੰਘ ਆਦਿ ਵਰਣਨ ਯੋਗ ਹਨ।

੧੯੪੩ ਵਿਚ ਹਿੰਦੂ ਸਿਖ ਮਿਲਾਪ ਕਾਨਫਰੰਸ ਬੁਲਾਈ ਜਿਸ ਦੇ ਪ੍ਰਧਾਨ ਸੇਠ ਜੁਗਲ ਕਿਸ਼ੋਰ ਬਿਰਲਾ ਸਨ, ਇਹ ਇਕ ਅਦੁਤੀ ਤੇ ਨਿਰਾਲਾ ਸਮਾਗਮ ਸੀ ਇਸ ਇਤਿਹਾਸਕ ਇਕਠ ਵਿਚ ਜੋ ਅਜ਼ ਆਉਣ ਵਾਲੇ ਸਮੇਂ ਨੂੰ ਮੁਖ ਰਖਦਿਆਂ ਹਿੰਦੂਆਂ ਸਿਖਾਂ ਵੀਰਾਂ ਨੇ ਗਲਵਕੜੀਆਂ ਪਾ ਵੈਰ ਭਾਵ ਮੇਟਣ ਦੀਆਂ ਕਸਮਾਂ ਖਾਧੀਆਂ, ਦਿਲ ਨਾਲ ਦਿਲ ਮਿਲੇ, ਅਤੇ ਇਕ ਦੇ ਜਜ਼ਬਾਤ ਨੇ ਦੂਜੇ ਦੇ ਜਜ਼ਬਾਤ ਦਾ ਹੁੰਗਾਰਾ ਭਰਿਆ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ ਮਹਾਨ ਉਦਮ ਨੇ ਹਰ ਆਏ ਸਜਨ ਦਾ ਮਨ ਕੀਲ ਲਿਆ, ਸੇਠ ਬਿਰਲਾ ਜੀ (ਇਸ ਸਮਾਗਮ ਦੇ ਪ੍ਰਧਾਨ) ਦੇ ਮਨ ਵਿਚ ਇਕ ਚਾਅ ਆਇਆ, ਕਿ ਸ੍ਰੀ ਭੈਣੀ ਸਾਹਿਬ ਵਿਚ ਇਕ ਗਗਨ ਛੋਂਹਦਾ ਮੰਦਰ ਤਿਆਰ ਕਰਵਾਇਆ ਜਾਏ, ਅਤੇ ਉਸਾਰੀ ਕਲਾ ਦਾ ਅੰਤਮ ਸ਼ਾਹਕਾਰ ਹੋਵੇ, ਜੋ ਕਿ ਲੁਧਿਆਣੇ ਤੋਂ ਵੇਖਿਆਂ ਵੀ ਨਜਰ ਆ ਸਕੇ, ਪਰ ਤਿਆਗ ਮੂਰਤੀ ਸਤਿਗੁਰੂ ਜੀ ਨੇ ਇਹ ਦਲੀਲ ਪੇਸ਼ ਕਰਨ ਵਾਲੇ ਨੂੰ ਬੜੇ ਪਿਆਰ ਨਾਲ ਸਮਝਾਇਆ, ਕਿ ਸੇਠ ਦੇ ਮੰਦਰ ਨਾਲੋਂ ਮੈਨੂੰ ਇਨਾਂ ਕਚਿਆ ਕੋਠਿਆਂ ਤੇ ਛਪਰੀਆਂ ਤੇ ਬਹੁਤ ਮਾਣ ਹੈ ਕਿਉਂਕਿ ਮੇਰੇ ਚੀਨੀਵਾਲੇ ਪਾਤ-ਸ਼ਾਹ ਦੇ ਪਵਿਤ੍ਰ ਹਥਾਂ ਨਾਲ ਤੇ ਗੁਰੂ ਹਰੀ ਸਿੰਘ ਜੀ ਦੀ ਨਿਮਰਤਾ ਨੇ ਸ਼ਿੰਗਾਰਿਆ ਹੈ, ਸੇਠ ਜੀ ਨੂੰ ਕਹੋ ਮੈਂ ਆਪਣੇ ਸਤਿਗੁਰੂ ਦੀ ਸਾਦਗੀ ਦੀ ਸ਼ਾਨ ਨੂੰ ਉਸਦੇ ਮੰਦਰ ਤੋਂ ਕੁਰਬਾਨ ਨਹੀਂ ਕਰ ਸਕਦਾ।

Namdhari Elibrary NamdhariElibrary@gmail.com

ਇਸ ਤਰਾਂ ਇਹ ਕਾਨਫਰੰਸ ਸ੍ਰੀ ਸਤਿਗੁਰੂ ਜੀ ਦਾ ਹਾਰਦਿਕ ਧੰਨਵਾਦ ਕਰਦੀ ਨੇਪਰੇ ਚੜੀ।

ਸ੍ਰੀ ਸਤਿਗੁਰੂ ਜੀ ਸਿਖਾਂ ਹਿੰਦੂਆਂ ਦੇ ਹੀ ਨਹੀਂ ਸਨ ਸਗੋਂ ਮੁਸਲਮਾਨ ਤਾਂ ਆਪਜੀ ਦਾ ਅਪਣੇ ਪੈਗੰਬਰ ਵਰਗਾ ਸਤਿਕਾਰ ਕਰਦੇ ਸਨ, ਮੁਸਲਮਾਨ ਵੀਰਾਂ ਵਿਚ ਮੌਲਾਨਾ ਅਬੁਅਲ ਕਲਾਮ ਅਜ਼ਾਦ ਰਾਜਾ ਫਜ਼ਲ ਦਾਦ ਲਾਇਲਪੁਰੀ , ਪਾਕਿਸਤਾਨ ਦੇ ਪਹਿਲੇ ਕਮਾਂਡਰ ਚੀਫ ਸ੍ਰੀ ਮੁਹੰਮਦ ਅਕਬਰ, ਡਾਕਟਰ ਸੈਫਦੀਨ ਕਿਚਲੂ, ਪੰਜਾਬ ਦੇ ਸਾਬਕ ਰਾਜਪਾਲ ਹਾਫਜ ਮੁਹੰਮਦ ਇਬਰਾਹੀਮ, ਸ੍ਰੀ ਅਬਦਲ ਗਫਾਰ ਖਾਂ, ਸ੍ਰੀ ਸੋਦਉਲ ਖਾਂ ਕਮਿਸ਼ਨਰ ਲੁਧਿਆਣਾ ਦੇ ਨਾਂ ਵਰਣਨ ਯੋਗ ਹਨ, ਬਲੋਚਸਤਾਨ ਦੇ ਸਰ ਬਹਾਦਰ ਖਾਂ ਤੇ ਪਾਕਿਸਤਾਨ ਦੇ ਸ੍ਰੀ ਜ਼ਹੀਰਦੀਨ ਤਾਂ ਆਪ ਜੀ ਨੂੰ ਹਜ਼ਰਤ ਬਾਬਾ ਨਾਨਕ ਕਹਿਕੇ ਸਤਿਕਾਰਦੇ ਸਨ।

੧੯੪੫ ਸੰਨ ਵਿਚ ਸ਼ਿਮਲੇ ਵੇਵਲ ਕਾਂਨਫਰੰਸ ਦੇ ਸਮੇਂ ਮੌਲਾਨਾ ਅਜ਼ਾਦ ਦੇ ਨਾਮਧਾਰੀਆਂ ਦੀ ਮੰਗ ਪੁਛਣ ਤੇ ਉਸਨੂੰ ਕਿਹਾ ਸੀ, ਕਿ ਸਾਡਾ ਮਨੋਰਥ ਸਵਤੰਤ੍ਰਤਾ ਪ੍ਰਾਪਤੀ ਅਤੇ ਗਊ ਗਰੀਬ ਦੀ ਰਖਿਆ ਤੋਂ ਛੁਟ ਹੋਰ ਕੁਝ ਪ੍ਰਾਪਤ ਕਰਨਾ ਨਹੀਂ। ਇਸਦਾ ਇਵਜ਼ਾਨਾ ਸਾਨੂੰ ਹੋਰ ਕੁਝ ਨਹੀਂ ਚਾਹੀਦਾ ਸਗੋਂ ਉਸ ਸਮੇਂ ਕੋਰਾ ਚੈਕ ਕਾਂਗਰਸ ਦੇ ਪ੍ਰਧਾਨ ਮੌਲਾਨਾ ਅਜ਼ਾਦ ਨੂੰ ਦਿਤਾ।

ਸ੍ਰੀ ਮਾਨ ਪੰਡਤ ਮਨਸਾ ਸਿੰਘ ਜੀ ਕੌਮੀ ਜਿਹੜੇ ਕਿ ਸ੍ਰੀ ਭੈਣੀ ਸਾਹਿਬ ਵਿਖੇ ਅਧਿਆਪਕ ਰਹੇ ਹਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਨਾਲ ਅਥਾਹ ਪ੍ਰੇਮ ਅਤੇ ਦੇਸ਼ ਭਗਤ ਹੋਏ ਹਨ, ਕੌਮੀ ਜੀ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਰੋਪੜ ਵਾਲੀ ਨਹਿਰ ਦੇ ਡੇਰੇ ਜੋ ਪੁਨੀਆਂ ਪਿੰਡ ਕੋਲ ਸੀ, ਗਰਮੀਆਂ ਦੇ ਦਿਨੀਂ ਚਮਾਸਾ ਗੁਜਾਰਿਆ ਕਰਦੇ ਸਨ, ਸੰਗਤਾਂ ਦੀ ਭੀੜ ਰਿਹਾ ਕਰਦੀ ਸੀ, ਦੂਜਾ ਭੈਣੀ ਸਾਹਿਬ ਵਸ ਜਾਂਦਾ ਸੀ, ਕੀਰਤਨ ਤੇ ਕਥਾ ਹੁੰਦੇ ਰਹਿੰਦੇ, ਢੋਲਕ ਗੁਟਕਦੀ ਤੇ ਦਿਲਰੁਬਾ ਤਾਊਸ ਆਦਿ ਦੀਆਂ ਮੀਰਾਂ ਨਿਕਲਦੀਆਂ ਰਹਿੰਦੀਆਂ ਫਿਰ ਜਦ ਸਾਵਨ ਮਹੀਨੇ ਅੰਬ ਪੱਕ ਜਾਂਦੇ ਤਦ ਉਹ ਬਹਾ[illegible] ਤੇ ਵੇਖਿਆਂ ਹੀ ਬਣਦੀ ਸੀ, ਕੋਈ ਰੋਕ ਨਹੀਂ ਸੀ ਹੁੰਦੀ, ਕੋਈ ਅੰਬਾਂ ਦੀ ਰਖਵਾਲੀ ਨਹੀਂ ਸੀ ਹੁੰਦੀ, ਜਿਸਦਾ ਜੀ ਚਾਹੇ ਅੰਬ ਖਾਵੇ।

ਨਹਿਰ ਦੇ ਕਨਾਰੇ ਸਾਧੂ ਰਿਸ਼ੀ ਬੈਠੇ ਭਜਨ ਕਰਦੇ, ਬਾਣੀ ਪੜ੍ਹਦੇ,ਸਤਿਗੁਰੂ ਜੀ ਅੰਮ੍ਰਿਤ ਵੇਲੇ ੨ ਵਜੇ ਉਠਕੇ ਨਹਿਰ ਦੇ ਕੰਢੇ ਝੌਂਪੜੀ ਵਿਚ ਜਪ ਤਪ ਪ੍ਰਯੋਗ ਕਰਦੇ ਇਕ ਦਿਨ ਕੌਮੀ ਜੀ ਤੇ ਪ੍ਰਸਿਧ ਭਾਈ ਹਰਨਾਮ ਸਿੰਘ ਜੀ ਨਥਾਣੀਆਂ ਸਤਿਗੁਰਾਂ ਦਾ ਵਜੀਰ ਗੜ੍ਹੀ ਦੇ ਪੁਲ ਉਤੋਂ ਦੀ ਨਹਿਰ ਪਾਰ ਕਰਕੇ ਚਲੇ ਗਏ,ਆਉਂਦੇ ਹੋਏ ਸ੍ਰੀ ਸਤਿਗੁਰੂ ਜੀ ਦੀ ਨਿਤਨੇਮ ਵਾਲੀ ਕੁਲੀ ਦੀ ਸੇਧ ਰਖਕੇ ਨਹਿਰ ਵਿਚ ਠਿਲ ਪਏ, ਅਗੇ ਹਮੇਸ਼ਾਂ ਤੁਰਦੇ ਰਹਿੰਦੇ ਸੀ ਦਿਲ ਨੂੰ ਹੌਂਸਲਾ ਸੀ ਪਾਰ ਹੋਣ ਦਾ ਨਹਿਰ ਸਰਹਿੰਦ ਕੋਈ ਛੋਟੀ ਮੋਟੀ ਨਹਿਰ ਨਹੀਂ ਦਰਿਆ ਜਿਨਾਂ ਪਾੜਾ ਹੈ ਤੇ ਡੂੰਘੀ ਦਰਿਆਵਾਂ ਤੋਂ ਕਈ ਹਿਸੇ ਵਧ,ਅੱਧ ਵਿਚਕਾਰ ਆਕੇ ਕੌਮੀ ਜੀ ਦਾ ਸਾਹ ਟੁਟ ਗਿਆ, ਨਾਲ ਦੇ ਸੰਤ ਨੂੰ ਹਥ ਪਾ ਲਏ ਜਿਸ ਤੇ ਉਹ ਵੀ ਨਾ ਸੰਭਲ ਸਕੇ, ਲਗੇ ਡੁਬਕੀਆਂ ਖਾਣ ਸ੍ਰੀ ਸਤਿਗੁਰੂ ਜੀ ਨੇ ਜਦੋਂ ਸਾਮਣੇ ਇਹ ਹਾਲ ਵੇਖਿਆ, ਤਦ ਝਟ ਨਿਤਨੇਮ ਛਡਕੇ ਨਹਿਰ ਵਿਚ ਛਾਲ ਮਾਰੀ ਤੇ ਉਹਨਾਂ ਨੂੰ ਜਾ ਫੜਿਆ ਕੌਮੀ ਜੀ ਦਾ ਹਥ ਫੜ ਅਪਣੇ ਮੋਢੇ ਤੇ ਰਖ ਕਿਹਾ ਘਬਰਾਓ ਨਾ ਗਲ ਨੂੰ ਨਾ ਚਿੰਬੜੋ ਤੇ ਮੋਢੇ ਉਤੇ ਹਥ ਰਖਕੇ ਪੈਰ ਮਾਰਦੇ ਰਹੋ,ਇੰਝ ਕੌਮੀ ਜੀ ਤੇ ਸੰਤ ਜੀ ਦੋਹਾਂ ਨੂੰ ਹਜੂਰ ਨੇ ਪਾਰ ਕਰਕੇ ਡੁਬਣੋਂ ਬਚਾਇਆ।

ਓਸਤੋਂ ਕੋਈ ਸਾਲ ਬਾਅਦ ਜਦੋਂ ਕਾਂਗ੍ਰਸ ਵਲ ਸਤਿਆਗ੍ਰਹਿ ਸ਼ੁਰੂ ਸੀ, ਕੌਮੀ ਜੀ ਨੇ ਬੇਨਤੀ ਕੀਤੀ ਦੀਨ ਦਿਆਲ ਜੀ ਅਸੀਂ ਵੀ ਕੈਦ ਹੋਈਏ ਤ ਹਜੂਰ ਨੇ ਖੁਸ਼ੀ ਨਾਲ ਬਚਨ ਕੀਤਾ, ਦੇਸ਼ ਅਜ਼ਾ[illegible] ਕਰਾਉਣ ਲਈ ਅਤੇ ਕੈਦਾਂ ਕਟਾਣ ਲਈ ਹੀ ਅਸੀਂ ਤੁਹਾਨੂੰ ਡੁਬਦਿਆਂ ਨੂੰ ਬਚਾਇਆ ਸੀ। ਇਹ ਹੁਕ[illegible] ਮੰਨਕੇ ਇਕ ਵਾਰ ਨਹੀਂ ਕੌਮੀ ਜੀ ਨੇ ਤਿੰਨ ਵਾ[illegible]

Namdhari Elibrary NamdhariElibrary@gmail.com

ਕੇਦ ਕਟੀ, ਕੈਦ ਵੀ ਰੁਤਏ ਵਾਲੀ,ਪੰਜਾਬ ਸਤਿਆ-ਗ੍ਰਹਿ ਕੌਂਸਲ ਦਾ ੧੩ ਵਾਂ ਡਿਕਟੇਟਰ ਬਣਕੇ ਗਿਆ, ਜਿਸਦਾ ਮੁਕਾਬਲਾ ਉਹਨਾਂ ਦਿਨਾਂ ਵਿਚ ਪੰਜਾਬ ਵੇ ਗਵਰਨਰ ਦੇ ਬਰਾਬਰ ਸੀ ਕੌਮੀ ਜੀ ਦਸਦੇ ਸਨ ਕਿ ਇਹ ਸਭ ਕੁਝ ਉਹਨਾਂ ਅਪਣੇ ਸਤਿਗੁਰੂ ਸਚੇ ਪਾਤਸ਼ਾਹ ਅਟਲੀ ਪ੍ਰਤਾਪ ਦੀ ਆਗਿਆ ਅਨੁਸਾਰ ਕੀਤਾ, ਜਿੰਨਾਂ ਦੇ ਦਿਲ ਵਿਚ ਦੇਸ਼ ਅਜ਼ਾਦੀ ਦੀ ਤੜਪ ਸੀ ਜਿਹੜੇ ਉਹਨੀਂ ਦਿਨੀਂ ਕਾਂਗਰਸ ਬਿਨਾਂ ਹੋਰ ਕਿਸੇ ਪੋਲੀਟੀਕਲ ਜਮਾਤ ਨੂੰ ਆਪਣੀ ਅਸ਼ੀਰਵਾਦ ਤੇ ਮਿਲਵਰਤਨ ਨਹੀਂ ਸੀ ਦਿੰਦੇ।

ਕੌਮੀ ਜੀ ਦਾ ਕਹਿਣਾ ਹੈ ਜੇ ਉਹ ਮਹਾਨ ਪਵਿਤ੍ਰ ਹਸਤੀ ਹੁਕਮ ਨਾ ਦਿੰਦੀ ਤਾਂ ਜੇਹਲਾਂ ਵਲ ਕਦੀ ਮੂੰਹ ਨਾ ਕਰਦੇ ਕੌਮੀ ਜੀ ਦਸ ਸਾਲ ਜੇਲ ਵਿਚ ਰਹੇ ਅਜਕਲ ਦੇ ਆਗੂਆਂ ਨੇ ਉਨਾਂ ਨੂੰ ਰਾਜਸੀ ਪੀੜਤ ਨਹੀਂ ਮੰਨਿਆ ਕੋਈ ਸਹੂਲਤ ਨਹੀਂ ਦਿਤੀ,ਕੋਈ ਪੇਨਸ਼ਨ ਨਹੀਂ ਲਾਈ। ਸਤਿਗੁਰੂ ਜੀ ਦੇ ਪਵਿਤ੍ਰ ਮੁਖਾਰਬਿੰਦ ਤੋਂ ਦਰ ਆਏ ਰੋਗੀ ਲਈ ਜੋ ਦਵਾਈ ਨਿਕਲ ਜਾਂਦੀ ਉਹ ਰਬੀ ਫੁਰਮਾਨ ਹੁੰਦਾ ਅਤੇ ਅਟਲ ਹੁੰਦਾ ਸੀ। ਕਈ ਸਰੀਰਕ ਦੁਖ ਨਾਲ ਕੁਰਲਾ ਰਹੇ ਅਤੇ ਨਰਕ ਵਰਗਾ ਜੀਵਨ ਭੋਗ ਰਹੇ ਕੋਹੜੀਆਂ ਦੇ ਵੀ ਕੋਹੜ ਦੂਰ ਕੀਤੇ, ਜਿਸਨੇ ਸ਼ਰਧਾ ਅਤੇ ਯਕੀਨ ਨਾਲ ਦਵਾਈ ਖਾ ਲਈ ਜਨਮਾਂ ਜਨਮਾਂਤਰਾਂ ਲਈ ਉਹ ਰੋਗ ਤੋਂ ਮੁਕਤ ਹੋ ਗਿਆ।

ਸ੍ਰੀ ਸਤਿਗੁਰੂ ਜੀ ਟੇਈ ਪਿੰਡ(ਪਾਕਿਸਤਾਨ) ਭਾਗ ਲਾ ਰਹੇ ਸਨ, ਪ੍ਰਸਾਦਿ ਛਕਕੇ ਬ੍ਰਾਜ ਗਏ, ਦਰਵਾਜੇ ਅਗੇ ਪਹਿਰੇਦਾਰ ਖੜਾ ਹੋ ਗਿਆ ਇਨੇ 'ਚ ਇਕ ਜਵਾਨ ਲੰਮਾ ਚੌਧਰੀ ਨੂਰਦੀਨ ਘੋੜੀ ਤੋਂ ਉਤਰਿਆ ਤੇ ਦਰਸ਼ਨ ਕਰਨ ਦੀ ਇਛਾ ਪ੍ਰਗਟ ਕੀਤੀ, ਪਹਿਰੇਦਾਰ ਕਿਹਾ, ਚੌਧਰੀ ਜੀ ਪ੍ਰਸ਼ਾਦਿ ਛਕੇ,ਸਤਿਗੁਰੂ ਜੀ ਆਰਾਮ ਕਰ ਰਹੇ ਹਨ, ਜਰਾ ਰੁਕੋ, ਨਹੀਂ ਭਾਵੇਂ ਮੈਂ ਪ੍ਰਸ਼ਾਦਿ ਨਹੀਂ ਖਾਣਾ ਮੈਂ ਤਾਂ ਦਰਸ਼ਨ ਪਾਣੇ ਨੇ,ਮੈਨੂੰ ਹੋਰ ਕੋਈ ਇਛਾ ਨਹੀਂ, ਸਿੰਘ ਜਰਾ ਸਖਤ ਬੋਲਿਆ, ਸਤਿਗੁਰੂ ਜੀ ਝਟ ਬਾਹਰ ਆ ਗਏ ਚੌਧਰੀ ਜਾ ਚਰਨਾਂ ਤੇ ਲੇਟ ਗਿਆ ਕਾਹਲੀ ਵਿਚ ਕੁਲੇ ਵਾਲੀ ਪਗ ਲਹਿ ਗਈ। ਫਿਰ ਚਰਨਾਂ ਨੂੰ ਚੁਮਿਆ ਅਖਾਂ ਭਰ ਆਈਆਂ,ਬਸ ਦੀਦਾਰ ਦੀ ਲੋੜ ਸੀ ਇਹ ਕਹਿੰਦਾ ਘੋੜੀ ਤੇ ਸਵਾਰ ਹੋ ਮੁੜ ਗਿਆ, ਟੇਈ ਤੋਂ ਮਿੰਟਗੁਮਰੀ ਸਤਿਗੁਰੂ ਜੀ ਸੰਤ ਪ੍ਰਤਾਪ ਸਿੰਘ ਦਾ ਗ੍ਰਹਿ ਪਵਿਤ੍ਰ ਕੀਤਾ, ਸਾਰੇ ਸ਼ਹਿਰ ਨੂੰ ਭਾਗ ਲਾਏ ਅਤੇ ਖੁਸ਼ੀਆਂ ਬਖਸ਼ੀਆਂ ਫੇਟੀਆਂ ਦੇ ਹੋਲੇ ਨੂੰ ਤਿਆਰ ਹੋਏ। ਸਤਿਗੁਰੂ ਜੀ ਪੰਡਿਤ ਕਿਸ਼ਨ ਸਿੰਘ ਨੂੰ ਕਿਹਾ ੨੦ ਸੇਰ ਛੋਲੇ ਭੁਨਾ ਲੈ, ਦਰਿਆ ਪਾਰ ਕਰਨਾ ਹੈ, ਏਥੇ ਇਕ ਜੇਲਦਾਰ ਚੰਗਾ ਚਲਦਾ ਪੁਰਜਾ ਸੀ,ਉਸ ਨੇ ਗੁਰੂ ਘਰ ਦੇ ਊਠ ਵੇਖੇ ਊਠਾਂ ਦੇ ਸੇਵਾਦਾਰ ਨਰੈਣ ਸਿੰਘ ਤੇ ਸਰੈਣ ਸਿੰਘ ਨੂੰ ਕਹਿਆ ਕਿ ਸੰਤ ਜੀ ਮੇਰੀ ਊਠਣੀ ਤੇ ਊਠ ਛਡੋ ਸਿੰਘਾਂ ਨੇ ਕਿਹਾ ਜੇਲਦਾਰ ਜੀ ਇਹ ਊਠ ਲਦਣ ਵਾਲੇ ਹਨ ਊਠਣੀ ਤੇ ਨਹੀਂ ਛਡ ਸਕਦੇ, ਇਹ ਗਲ ਸੁਣਦਿਆਂ ਜੇਲ-ਦਾਰ ਗੁਸੇ ਵਿਚ ਬਹੁਤ ਆ ਗਿਆ ਤੇ ਆਖਿਆ ਤੁਸੀਂ ਬੰਦਾਕੁ ਬੰਦਾ ਨਹੀਂ ਵੇਖਦੇ,ਸਿੰਘ ਨੇ ਨਿੰਮਰਤਾ ਵਿਖਾਈ ਜੈਲਦਾਰ ਹੋਰ ਚਮਕ ਉਠਿਆ ਇਹ ਰੌਲਾ ਸਤਿਗੁਰਾਂ ਸੁਣਿਆਂ ਅਤੇ ਕਹਿਆ ਜਿਹੜਾ ਬੇਨਤੀ ਨਹੀਂ ਸੁਣਦਾ ਉਸਨੂੰ ਸੋਧ ਦਿਉ ਸੰਤ ਬਹਾਦਰ ਸਿੰਘ ਮੁਹਕਮ ਸਿੰਘ ਤੇ ਦੂਜੇ ਘੋੜਿਆਂ ਵਾਲੇ ਤਿਆਰ ਹੋ ਗਏ ਇਤਨੇ ਨੂੰ ਇਕ ਕੁਲੇ ਤੇ ਪੱਗ ਬੰਨ੍ਹੀ ਮੁਸਲਮਾਨ ਸਰਦਾਰ ਆ ਗਿਆ ਤੇ ਪੁਛਿਆ ਸਿੰਘੋ ਕਾਸਦਾ ਰੌਲਾ ਏ ? ਕੀ ਗਲ ਏ ? ਸਿੰਘਾਂ ਨੇ ਸਾਰੀ ਗਲਬਾਤ ਦਸੀ ਸੁਣਦਿਆਂ ਸਾਰ ਚਿਹਰਾ ਲਾਲ ਹੋ ਗਿਆ ਤੇ ਆਖਣ ਲਗਾ ਸਿੰਘੋ ਜੇ ਇਹ ਤੁਹਾਡਾ ਗੁਰੂ ਏ ਤੇ ਸਾਡਾ ਵੀ ਪੀਰ ਏ, ਤੁਸੀਂ ਕਾਹਨੂੰ ਹਥ ਚੁਕਨੇ ਨੇ, ਅਸੀਂ ਸਾਂਭ ਲਵਾਂਗੇ ਤੁਸੀਂ ਬੇ ਫਿਕਰ ਹੋ ਜਾਓ ਇਹ ਕੈਂਹਦਿਆਂ ਅਪਣੇ ਪੁਤ੍ਰਾਂ ਨੂੰ ਆਵਾਜ ਮਾਰੀ ਉਏ ਖਾਨੂੰ ਬੁਲਾ ਅਕਬਰ ਗੁਲਾਮ ਨੂੰ ਲਿਆ ਬੰਦੂਕਾਂ ਇਹ ਜੇਲਦਾਰ ਫਲਿਆ ਫਿਰਦਾ ਹੈ,ਜੋ ਹੋਵੇਗੀ ਵੇਖੀ ਜਾਸੀ ਇਹ ਪੀਰ ਦੇ ਆਦਮੀਆਂ ਨੂੰ ਹਥ ਚੁਕਦਾ ਹੈ, ਹਥ ਵਡ ਦਿਉ

Namdhari Elibrary NamdhariElibrary@gmail.com

ਉਂਗਲੀ ਕਰੇ ਉਂਗਲੀ ਵਡ ਦਿਓ ਇਹ ਸੁਣਦਿਆਂ ਜੈਲਦਾਰ ਠੰਢਾ ਠਾਰ ਹੋ ਗਿਆ,ਸਤਿਗੁਰੂ ਜੀ ਘੋੜੇ ਤੇ ਸਵਾਰ ਸਨ, ਭਾਈ ਕਾਲੂ ਮਤੂ ਉਹ ਵੀ ਘੋੜਿਆਂ ਤੇ,ਉਸ ਦਿਨ ਵਾਰ ਘੋੜਿਆਂ ਤੇ ਹੀ ਲਗੀ,ਸੂਰਜ ਦੀ ਟਿਕੀ ਨਿਕਲਣ ਸਾਰ ਦਰਿਆ ਰਾਵੀ ਪਾਰ ਕਰ ਲਿਆ ਉਪ੍ਰੰਤ ਸਿੰਘਾਂ ਨੂੰ ਬੁਕ ਬੁਕ ਛੋਲੇ ਦਿਤੇ ਗਏ ਸਭਨਾਂ ਨੇ ਬੜੇ ਪ੍ਰੇਮ ਨਾਲ ਛਕੇ ਅਤੇ ਜਲ ਵੀ ਛਕਿਆ।

ਚਲਦਿਆਂ ਚਲਦਿਆਂ ਇਕ ਸਿਖ ਨੂੰ ਰਾਤ ਪੈ ਗਈ ਮੁਸਲਮਾਨਾਂ ਦੇ ਪਿੰਡ ਸਨ,ਉਹ ਕਿਹੜਾ ਗ੍ਰਾਮ ਹੈ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਦੇ ਸਰਧਾਲੂ ਨਾ ਮਿਲਣ,ਸਿੰਘ ਦੀ ਸਿਧੀ ਦਸਤਾਰ ਵੇਖ ਇਕ ਖਾਨ ਨੇ ਪੁਛਿਆ ਸਿੰਘਾ ਕਿਧਰ ਵੰਞਣਾ ਏ; ਦੂਰ ਢੋਟੀਆਂ, ਫਿਰ ਏਥੇ ਅਰਾਮ ਕਰ ਆਹ ਏ ਮਝ,ਆਪਣੇ ਹਥੀਂ ਚੋ ਤੇ ਦੁਧ ਪੀ, ਮੰਜਾ ਲੈ, ਆਪ ਆਰਾਮ ਕਰ ਤੇ ਨਬੀ ਦੇ ਘੋੜੇ ਨੂੰ ਆਰਾਮ ਕਰਨ ਦੇ ਸੰਝ ਵੇਲੇ ਵੇਖੀ, ਜੇ ਅਲਾ ਨੂੰ ਮਨਜੂਰ ਹੋਵੇ ਆਪਣੇ ਲੜਕੇ ਨੂੰ ਆਖਿਆ ਲਿਆ ਘੋੜੇ ਵਾਸਤੇ ਦਾਣਾ ਪਠਾ।...ਪਾਕਿਸਤਾਨ ਬਣਨ ਤੋਂ ਪਹਿਲਾਂ ਸੰਮਤ ੨੦੦੪ ਸ਼ੇਖੂਪੁਰ ਹੋਲੇ ਤੇ ਸੰਗਤ ਵਿਚ ਖੁਲਾ ਐਲਾਨ ਕੀਤਾ, ਕਿ ਆਪਣੇ ਬਾਲ ਬਚੇ ਤੇ ਜਰੂਰੀ ਸਾਮਾਨ ਇਥੋਂ ਕਢ ਲਉ, ਤੁਸੀਂ ਏਥੇ ਰਹਿ ਨਹੀਂ ਸਕੋਗੇ,ਇਕ ੨ ਬਚਨ ਸਹੀ ਹੋਇਆ,ਸ੍ਰੀ ਜੀਵਨ ਨਗਰ ਦੀ ਜ਼ਮੀਨ ਰਜਿਸਟਰੀ ਪਾਕਿਸਤਾਨ ਬਣਨ ਤੋਂ ਕਰੀਬ ਦੋ ਸਾਲ ਪਹਿਲਾਂ ਹੋਈ। ਪਛਮੀ ਪੰਜਾਬ ਤੋਂ ਆਏ ਨਾਮਧਾਰੀਆਂ ਨੂੰ ਇਸ ਜ਼ਮੀਨ ਵਿਚ ਆਬਾਦ ਕੀਤਾ, ਕਈਆਂ ਬੇ-ਜ਼ਮੀਨਿਆਂ ਨੂੰ ਪ-ਪ ਪੈਲੀਆਂ ਮੁਫਤ ਦਿਤੀਆਂ ਗਈ-ਆਂ ਅਜ ਉਹ ਧਨਾਡ ਬਣੇ ਬੈਠੇ ਹਨ,ਇਸ ਨਾਲੋਂ ਵੀ ਕੋਈ ਵਡੀ ਕਰਾਮਾਤ ਹੋ ਸਕਦੀ ਹੈ ?

ਤਿੰਨਾਂ ਲੋਕਾਂ ਦੀ ਜਾਨਣ ਵਾਲੇ ਅੰਤਰਜਾਮੀ ਸਤਿਗੁਰੂ ਜੀ ਨੂੰ ਇਨਾਂ ਪੰਜਾਂ ਪਾਣੀਆਂ ਦੀ ਪਵਿਤ੍ਰ ਧਰਤੀ ਤੇ ਵਰਤਣ ਵਾਲੇ ਭਾਣੇ ਦਾ ਪੂਰਾ ਪੂਰਾ ਅਹਿਸਾਸ ਸੀ।

ਮੌਲਵੀ ਅਬਦਲ ਗਨੀ ਐਮ.ਐਲ. ਏ. ਨੇ ਬੜੇ ਵਿਸਵਾਸ਼ ਨਾਲ ਕਿਹਾ ਸੀ ਜੇ ਬੇਟ ਵਿਚ ਨਾਮ-ਧਾਰੀ ਨਾ ਹੁੰਦੇ ਤਾਂ ਇਕ ਵੀ ਮੁਸਲਮਾਨ ਨਾ ਬਚ ਸਕਦਾ,ਮੁਸਲਮਾਨ ਇਸ ਮਹਾਂਪੁਰਸ਼ ਦੇ ਸਦਾ ਰਿਣੀ ਰਹਿਣਗੇ। ਜੀਵਨ ਨਗਰ ਵਸਾਇਆ

੧੯੪੭ ਦੇ ਵੰਡਾਰੇ ਸਮੇਂ ਜਦੋਂ ਜੀਵਨ ਨਗਰ ਦੇ ਇਲਾਕੇ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਦੂਰ ਦ੍ਰਿਸ਼ਟਤਾ ਨਾਲ ੩੦ ਲਖ ਰੁਪਿਆ ਉਸ ਵੇਲੇ ਖਰਚ ਕਰਕੇ ਉਖੜੇ ਸਿਖਾਂ ਨੂੰ ਵਸਾਇਆ ਗਿਆ, ਇਹ ਇਲਾਕਾ ਕਾਲ ਦਾ ਪੱਕਾ ਅਸਥਾਨ ਸੀ, ਇਥੋਂ ਦੇ ਲੋਕੀਂ ਵਸਨੀਕ ਅਪਣੀ ਢਿਡ ਦੀ ਭੁਖ ਨੂੰ ਪੂਰਾ ਕਰਨਲਈ ਪੰਜਾਬਦੇ ਪਿੰਡਾਂ ਵਿਚ ਦਰ ਦਰ ਫਿਰਿਆ ਕਰਦੇ ਸਨ, ਇਸ ਨਵੇਂ ਆਬਾਦ ਕੀਤੇ ਇਲਾਕੇ ਵਿਚ ਕੋਈ ਸਰਕਾਰੀ ਸਹੂਲਤ ਨਹੀਂ ਸੀ, ਉਸ ਵੇਲੇ ਲਖਾਂ ਆਦਮੀਆਂ ਦੀ ਸੰਭਾਲ ਕਰਨੀ ਕੇਵਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਿਸੇ ਹੀ ਆਇਆ। ਉਹਨਾਂ ਦਿਨਾਂ ਵਿਚ ਰਾਸ਼ਨ ਸਿਸਟਮ ਸੀ,ਸ੍ਰੀਸਤਿਗੁਰੂ ਜੀਨੇ ਉਖੜਿਆਂ ਸਿਖਾਂ ਦੀ ਉਦਰ ਪੂਰਤੀ ਹਿਤ ਜੋ ਵੀ ਮਿਲਿਆ ਭਾਵ ਕਣਕ,ਜੋਂ, ਛੋਲੇ ਬਾਜਰਾ, ਆਦਿ ਮੰਗਵਾ ਲਿਆ, ਠੰਢ ਖਾਤਰ ਰਜ਼ਾਈਆਂ ਤਲਾਈਆਂ, ਕੰਬਲ ਗਰਮ ਕਪੜਿਆਂ ਦਾ ਬੰਦੋਬਸਤ ਕੀਤਾ, ਸਤਿਗੁਰੂ ਜੀ ਨੇ ਉਖੜਿਆਂ ਸਿਖਾਂ ਨੂੰ ਵਸਾਉਣ ਲਈ ਮਾਇਆ ਦਾ ਹੜ ਵਗਾਇਆ ਤੇ ਹੁਕਮ ਕੀਤਾ ਜੇ ਤੁਹਾਡੇ ਨੇੜੇ ਕਿਸੇ ਦੇ ਪਾਟੀਆਂ ਲੀਰਾਂ ਹਨ, ਤਾਂ ਤੁਸੀਂ ਰੇਸ਼ਮੀ ਹੰਢਾਉਂਦੇ ਸੋਭਾ ਨਹੀਂ ਦਿੰਦੇ,ਇਨਾਂ ਕੁਝ ਪਲਿਓਂ ਲਾਕੇ ਉਨ੍ਹਾਂ ਕਿਹਾ ਮੈਂ ਕਿਸੇ ਸਿਰ ਅਹਿਸਾਨ ਨਹੀਂ ਕੀਤਾ, ਪਿਓ ਨੂੰ ਪੁਤਰਾਂ ਵਾਸਤੇ ਕੀ ਕੁਝ ਨਹੀਂ ਕਰਨਾ ਪੈਂਦਾ, 'ਭਾਵੇਂ ਪੁਤ ਕਪੁਤ ਹੋ ਜਾਣ ਮਾਪੇ ਕੁਮਾਪੇ ਕਦੇ ਨਹੀਂ ਹੁੰਦੇ, ਇਕ ਦਿਨ ਅਮਰਾਸਰ ਸਤਿਗੁਰੂ ਜੀ ਦਰਸ਼ਨ ਦੇ ਰਹੇ ਸੀ, ਕੁਝ ਸਿਖਾਂ ਨੇ ਪਦਾਰਥ ਭੇਟ ਰਖ ਮਥਾ ਟੇਕਿਆ ਆਪ ਜੀ ਨੇ ਪੁਛਿਆ ਇਹ ਕੈਸਾ ਹੈ, ਉਹਨਾਂ ਕਿਹਾ ਜੋ ਆਪ ਪਾਸੋਂ ਲੈਕੇ ਖਾਂਦੇ ਰਹੇ ਹਾਂ ਕੁਝ ਵਾਪਸ ਕਰਦੇ ਹਾਂ, ਅੰਦਰ ਭਾਨ ਪੈਂਦੀ ਹੈ,ਤਾਂ ਸਚੇ ਪਾਤਸ਼ਾਹ ਕਿਹਾ ਮੈਂ ਪਲਿਆ ਹੀ ਆਪਦਾ

ਧੰਨ ਧੰਨ ਸੱਚਾ ਪਾਤਸ਼ਾਹ-

Namdhari Elibrary NamdhariElibrary@gmail.com

ਖਾਕੇ ਹਾਂ, ਮੈਨੂੰ ਸੇਵਾ ਕਰਨ ਦਾ ਮੌਕਾ ਮਿਲਿਆ, ਮੈਂ ਕੀਤੀ ਹੈ, ਜੇ ਜਿਆਦਾ ਜੋਰ ਕਰੋਗੇ ਤਾਂ ਮੈਂ ਕਿਧਰੇ ਤਰ ਜਾਵਾਂਗਾ, ਪਰ ਇਹ ਪਦਾਰਥ ਨਹੀਂ ਲੈਣਾ, ਇਹ ਦ੍ਰਿਸ਼ ਵੇਖਣ ਵਾਲਿਆਂ ਦੇ ਮੂੰਹੋਂ ਅਵਸ਼ ਨਿਕਲਿਆ।

ਸਤਿਗੁਰ ਸਿਖ ਕੀ ਕਰੇ ਪ੍ਰਤਿਪਾਲ।
ਸੇਵਕ ਕਉ ਗੁਰ ਸਦਾ ਦਇਆਲ।

ਸਤਿਗੁਰੂ ਜੀ ਕਰਾਮਾਤ ਦੇ ਮਾਲਿਕ ਹੁੰਦਿਆਂ ਵੀ ਕਿਰਤ ਨੂੰ ਵਡਿਆਈ ਦੇਣ ਦੇ ਚਾਹਵਾਨ ਸਨ, ਲੋੜਵੰਦਾਂ ਖਾਤਰ ਅਪਣਾ ਸੁਖ ਵਾਰ ਦੇਣਾ ਚਾਹੀਦਾ ਹੈ ਜੇ ਕੋਈ ਭੁਖਾ ਆਵੇ ਤਾਂ ਉਸਨੂੰ ਪਹਿਲਾਂ ਪ੍ਰਸ਼ਾਦ ਦਿਤਾ ਜਾਵੇ, ਪਿਆਸੇ ਨੂੰ ਜਲ ਛਕਾਇਆ ਜਾਵੇ, ਗਵਾਂਢੀ ਦੇ ਬਚੇ ਦੁਧ ਖੁਣੋਂ ਵਿਲਕਦੇ ਹੋਣ,ਤਾਂ ਦੁਧ ਵਾਲੇ ਨੂੰ ਦੁਧ ਦਾ ਸਵਾਦ ਨਹੀਂ ਆਉਣਾ ਚਾਹੀਦਾ ਜਦ ਤਾਈਂ ਨਾਲਦੇ ਬਚੇ ਨੂੰ ਦੁਧ ਨਾ ਮਿਲ ਜਾਵੇ।

ਇਕ ਸਮੇਂ ਸ਼ਿਮਲੇ ਘੋੜ ਦੌੜ ਵਿਚ ਘੋੜੇ ਜਾਣੇ ਸੀ,ਸਾਨ੍ਹੇਵਾਲ ਦੇ ਟੇਸ਼ਨ ਤੇ ਲਾਲ ਸਿੰਘ ਡਰੈਵਰ ਘੋੜੇ ਨੂੰ ਰੇਲ ਗਡੀ ਵਿਚ ਚਾੜਨ ਲਈ ਧਕ ਰਿਹਾ ਸੀ ਘੋੜੇ ਨੇ ਦੋਵੇਂ ਲਤਾ ਚੁਕਕੇ ਹਿਕ ਵਿਚ ਮਾਰੀਆਂ ਲਾਲ ਸਿੰਘ ਬਿਹੋਸ਼ ਹੋ ਗਿਆ,ਸਵਾਸ ਨਿਕਲ ਗਏ, ਸਤਿਗੁਰੂ ਜੀ ਦੇਖਕੇ ਭਜਕੇ ਜਫੀ ਵਿਚ ਲਿਆ ਤਦੇ ਛਡਿਆ ਜਦ ਹੋਸ਼ ਆਈ ਬਿਹੋਸ਼ ਹੋਏ ਕਿਤੇ ਜਾਂਦੇ ਨੂੰ ਬਾਹੋਂ ਫੜ ਵਾਪਸ ਆਂਦਾ।

ਜੇ ਕੋਈ ਮਨੁਖ ਮੂੰਹ ਤੇ ਪਲੂ ਪਾਕੇ ਅਖਾਂ ਮੀਟ ਕੇ ਇਹ ਦੋਸ਼ ਦੇਵੇ, ਕਿ ਚੰਨ ਚੜਿਆ ਹੀ ਨਹੀਂ ਪਰ ਚੰਨ ਨੂੰ ਚੰਨ ਕਹਿ ਦੇਣਾ ਕੋਈ ਉਸ ਦੀ ਵਡਿਆਈ ਵਿਚ ਵਾਧਾ ਨਹੀਂ ਕਰਦਾ, ਇਹ ਮੰਦੇ ਭਾਗਾਂ ਦੀ ਗਲ ਹੈ ਪਰ ਉਹ ਨੂੰਰਾਨੀ ਜੋਤ ਨੂੰ ਮਹਾਨ ਸਤਿਗੁਰੂ ਕਹਿਣ ਨਾਲ ਮਨ ਠਰ ਜਾਂਦਾ ਹੈ ਮੁਰਝਾਏ ਹੋਏ ਹਿਰਦੇ ਤੇ ਕੰਵਲ ਅਤੇ ਨਵਾਂ ਖੇੜਾ ਤੇ ਉਮਾਹ ਪੈਦਾ ਹੋ ਜਾਂਦਾ ਹੈ ਜੀਵਨ ਜੋਤਾਂ ਜਗ ਮਗਾ ਉਠਦੀਆਂ ਹਨ,ਜਿਵੇਂ ਕਿਸੇ ਕਵੀ ਨੇ ਲਿਖਿਆ ਹੈ–

ਜਦੋਂ ਜਾਗਦੇ ਭਾਗ ਸੰਸਾਰੀਆਂ ਦੇ,
ਸੈਰ ਕਰਨ ਨੂੰ ਤੋਰਦਾ ਰਾਮ ਸਾਧੂ।
ਕਿਤੇ ਰਾਤ ਗੁਜ਼ਾਰ ਸੁਧਾਰ ਚਲੇ
ਕਿਤੇ ਘੜੀ ਘੰਟਾ ਕਿਤੇ ਰਾਤ ਸਾਧੂ।
ਜਿਥੇ ਜਾਣ ਸ਼ਾਂਤੀ ਦੀ ਕਰਨ ਵਰਖਾ
ਮੇਟਣ ਤਪਤ ਤੇ ਦੇਣ ਆਰਾਮ ਸਾਧੂ।

ਸਿਖ ਭਾਵੇਂ ਦੂਰ ਹੋਵੇ ਪੈਂਡਾ ਕਿਹੋ ਜੇਹਾ ਹੋਵੇ, ਉਜਾੜ ਹੋਵੇ ਬੀਆਬਾਨ ਹੋਵੇ ਪਹਾੜੀ ਹੋਵੇ ਸਾਗਰ ਹੋਵੇ, ਪਰ ਸਿਖ ਦੀ ਸੁਰਤ ਸਤਿਗੁਰੂ ਦੇ ਚਰਨਾ ਵਿਚ ਜੁੜੀ ਹੋਵੇ ਤਾਂ ਸਤਿਗੁਰੂ ਵੀ ਅੰਗ ਸੰਗ ਰਹਿ ਸਹਾਈ ਹੁੰਦਾ ਹੈ ਰਾਜਿੰਦਰ ਦੀ ਪੁਕਾਰ ਸੁਣ ਭਗਵਾਨ ਸੁਦਰਸ਼ਨ ਚਕਰ ਲੈ ਪੁਜਾ ਸੀ ਦਰੋ- ਪਦਾਂ ਦੀ ਪੁਕਾਰ ਸੁਣ ਕ੍ਰਿਸ਼ਨ ਜੀ ਭਜੇ ਆਏ ਸਨ, ਸਤਿਗੁਰੂ ਨਾਨਕ ਦੇਵ ਜੀ ਬੇਬੇ ਨਾਨਕੀ ਦਾ ਪ੍ਰੇਮ ਸੁਨੇਹਾ ਸੁਣ ਅਰਬੋਂ ਆ ਪੁਜੇ ਸਨ, ਸਤਿਗੁਰੂ ਗੋਬਿੰਦ ਸਿੰਘ ਜੀ ਭਾਈ ਜੋਗਾ ਸਿੰਘ ਦੀ ਖਾਤਰ ਹੁਸ਼ਿਆਰ ਪੁਰ ਦੀਆਂ ਗਲੀਆਂ ਵਿਚ ਉਨੀਂਦਰੇ ਰਹਿ ਪਹਿਰਾ ਦੇਕੇ ਸਿਖ ਨੂੰ ਖੂਹ ਵਿਚ ਡਿਗਣ ਤੋਂ ਬਚਾਇਆ ਸੀ, ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਏ ਸਿੰਘ ਦੀ ਸੈਂਕੜੇ ਕੋਹਾਂ ਤੇ ਜਾਕੇ ਸ਼ੇਰ ਤੋਂ ਰਖਿਆ ਕੀਤੀ ਸੀ, ਮਾਈ ਦਾਨੀ ਦੀ ਬੇਨਤੀ ਸੁਣਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਘੋੜਿਆਂ ਦਾ ਕੰਮ ਵਿਚਾਲੇ ਛਡ ਚੰਬੇ ਨੂੰ ਉਠ ਦੌੜੇ ਸਨ, ''ਅਪਣੇ ਸੇਵਕ ਕੀ ਆਪੇ ਰਾਖੈ''। ਦੀਨ ਦਿਆਲ ਸਤਿਗੁਰੂ ਜੀ ਜੀਵਨ ਨਗਰ ਆਪਣੀ ਕੋਠੀ ਮਾਲਸ਼ ਕਰਵਾ ਰਹੇ ਸਨ, ਭਾਈ ਵਜੀਰ ਸਿੰਘ ਨੂੰ ਆਖ ਰਹੇ ਸਨ, ਭਾਈ ਵੇਖ ਸਿਖਾਂ ਕਿੰਨੀਆਂ ਤਕਲੀਫਾਂ ਉਠਾਈਆਂ ਹਨ, ਮੈਂ ਚਹੁੰਦਾ ਹਾਂ ਕਿ ਸਾਰੇ ਸਿਖ ਵਸ ਜਾਣ ਇਨਾਂ ਦੇ ਘਰੀਂ ਦੁਧ ਦੇਣ ਵਾਲੀਆਂ ਗਊਆਂ ਮਝਾਂ ਹੋਣ ਸੋਹਣੀਆਂ ਹਵੇਲੀਆਂ ਇਕ ਦੂਜੇ ਦੇ ਦੁਖ ਸੁਖ ਦੇ ਭਾਈਵਾਲ ਹੋਣ ਭਜਨ ਬਾਣੀ ਕਰਨ ਸੁਖੀ ਵਸਣ।

ਸਚੇ ਪਾਤਸ਼ਾਹ ਜੀ ਅਸ਼ਨਾਨ ਕਰਕੇ ਲੰਗਰ ਵਾਲੇ ਅਸਥਾਨ ਤੇ ਗਏ, ਤਾਂ ਸੰਤ ਰਤਨ ਸਿੰਘ ਜੀ ਹਜੂਰੀ ਲਾਂਗਰੀ ਨੇ ਪ੍ਰਸ਼ਾਦ ਲਿਆ ਹਾਜ਼ਰ ਕੀਤਾ, ਸਤਿਗੁਰੂ ਜੀ ਪ੍ਰਸ਼ਾਦ ਛਕ ਰਹੇ ਸਨ, ਕਿ ਸੰਤ

Namdhari Elibrary NamdhariElibrary@gmail.com

ਗੁਰਚਰਨ ਸਿੰਘ ਸਟੋਰ ਇੰਨਚਾਰਜ ਜਦੋਂ ਕਿ ਅਨਾਜ ਸਾਧ ਸੰਗਤ ਦੇ ਲੰਗਰ ਲਈ ਸਿਰਫ ਇਕ ਦੋ ਦਿਨ ਜੋਗਾ ਹੀ ਸੀ, ਸਤਿਗੁਰੂ ਜੀ ਨੂੰ ਅਰਜ ਕਰਨੀ ਚਾਹੀ, ਉਦਾਸੀ ਚਿਹਰੇ ਨਾਲ ਬੇਨਤੀ ਕੀਤੀ ਸਚੇ ਪਾਤਸ਼ਾਹ ਜੀ ਸਾਰਾ ਸਟੋਰ ਸਾਫ ਕਰ ਦਿਤਾ ਹੈ ਜੇ ਹੋਰ ਦਾਣੇ ਨ ਆਏ ਤਾਂ ਲੰਗਰ ਮਸਤ ਰਹੇਗਾ ਇਹ ਖਬਰ ਸੁਣਕੇ ਸਤਿਗੁਰੂ ਜੀ ਹਥ ਵਾਲੀ ਗੜਾਹੀ ਲਈ ਤੇ ਆਵਾਜ ਮਾਰੀ ਰਤਨ ਜਲ ਲਿਆ ਚੁਲਾ ਕਰਾ, ਰਤਨ ਸਿੰਘ ਹੈਰਾਨ ਸੀ ਕਿ ਇਹ ਕੀ ਭਾਣਾ ਹੈ ਇਕੋ ਹੀ ਪ੍ਰਸ਼ਾਦਾ ਲਿਆ ਹੈ ਤੇ ਜਲ ਦਾ ਹੁਕਮ ਹੋ ਗਿਆ ਹੈ, ਚੁਲਾ ਕਰਾਉਣ ਲਗਾ ਤਾਂ ਨੇਤਰ ਤਕੇ ਸਜਲ ਸਨ, ਹੁਕਮ ਕੀਤਾ ਭਾਈ ਖਜ਼ਾਨੇ ਵਿਚੋਂ ਦਸ ਹਜਾਰ ਰਕਮ ਲਿਆ, ਮੈਂ ਭਾਵੇਂ ਭੁਖਾ ਰਹਾਂ ਕਾਕਿਆਂ ਨੂੰ ਭਾਵੇਂ ਮਿਲੇ ਨਾ ਮਿਲੇ ਮੈਂ ਸਿਖਾਂ ਨੂੰ ਭੁਖਾ ਨਹੀਂ ਵੇਖ ਸਕਦਾ, ਭਾਈ ਜੀ ਅਪਣੇ ਸੁਭਾ ਅਨੁਸਾਰ ਖਜਾਨੇ ਵਿਚ ਗਈ ਮਾਇਆ ਨੂੰ ਕੱਢਕੇ ਰਾਜ਼ੀ ਨਹੀਂ ਸਨ, ਭਾਈ ਛੇਤੀ ਕਰ, ਭਾਈ ਜੀ ਰਕਮ ਲਿਆਏ ਜੀਪ ਤੇ ਬੈਠੇ ਸਰਸੇ ਨੂੰ ਰਵਾਨਾ ਹੋ ਗਏ।

ਸ੍ਰ. ਗੁਰਮੁਖ ਸਿੰਘ ਤਹਿਸੀਲਦਾਰ ਨੂੰ ਆਖਿਆ ਸੰਗਤ ਵਾਸਤੇ ਦਾਣੇ ਚਾਹੀਦੇ ਹਨ, ਗੁਰਮੁਖ ਸਿੰਘ ਕੁਰਸੀ ਤੋਂ ਉਠ ਖਲੋਤਾ ਤੇ ਅਰਜ ਕੀਤੀ, ਮਹਾਰਾਜ ਜੀ, ਸਰਕਾਰ ਨੇ ਅਗਲੇ ਪਰਮਿੰਟ ਕੈਂਸਲ ਕਰ ਦਿਤੇ ਹਨ, ਹੁਣ ਦਾਣੇ ਰਾਸ਼ਨ ਵਾਲਿਆਂ ਤੋਂ ਮਿਲਣਗੇ, ਸਤਿਗੁਰੂ ਜੀ ਆਖਿਆ ਮੈਨੂੰ ਦਾਣੇ ਚਾਹੀਦੇ ਹਨ, ਦਾਣਿਆਂ ਦਾ ਬੰਦੋਬਸਤ ਹੋਣਾ ਚਾਹੀਦਾ ਹੈ ਮੈਂ ਸਿਖਾਂ ਨੂੰ ਭੁਖਿਆਂ ਨਹੀਂ ਵੇਖ ਸਕਦਾ ਵਿਲਕਦਿਆਂ ਬਚਿਆਂ ਦੀਆਂ ਚੀਕਾਂ ਨਹੀਂ ਸੁਣ ਸਕਦਾ ਤਹਿਸੀ-ਲਦਾਰ ਨੇ ਅਪਣੀ ਨਠ ਭਜ ਕਰਕੇ ਇੰਤਜ਼ਾਮ ਕੀਤਾ ਸਤਿਗੁਰੂ ਜੀ ਉਸ, ਪਾਸੋਂ ਉਦੋਂ ਉਠੇ ਜਦ ਸਵੇਰੇ ਲੰਗਰ ਵਾਸਤੇ ਬੋਰੀਆਂ ਜੀਪ ਵਿਚ ਰਖ ਲਈਆਂ, ਬਾਕੀ ਗਡਿਆਂ ਵਾਲਿਆਂ ਨੂੰ ਹੁਕਮ ਦਿਤਾ ਕਿ ਦਾਣੇ ਜੀਵਨ ਨਗਰ ਪੁਚਾ ਦਿਓ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੨੨ ਦੌਰੇ ਥਾਈਲੈਂਡ ਅਤੇ ੪ ਵਾਰੀ ਈਸਟਅਫਰੀਕਾ ਦੇ ਕੀਤੇ ਹਨ, ਇਕ ਵਾਰੀ ਬਚਨ ਕਰਦਿਆਂ ਆਪ ਜੀ ਨੇ ਫੁਰਮਾਇਆ ਕਿ ਬੰਦਾ ਰੋਜ਼ ਰੋਜ਼ ਨਹੀਂ ਮਰਦਾ। ਤੇ ਕਾਇਰ ਹਰ ਘੜੀ ਮਰਦਾ ਹੈ। ਪੰਜਾਬ ਸਰਕਾਰ ਮੈਨੂੰ ਅਪਣੇ ਝੂਠੇ ਜੋਰ ਨਾਲ ਨਿਵਾਣ ਲਈ ਟਿਲ ਲਾ ਰਹੀ ਹੈ, ਪਰ ਪ੍ਰਤਾਪ ਸਿੰਘ ਕਿਸੇ ਅਗੇ ਦਬਾਅ ਨਾਲ ਝੁਕਣ ਨੂੰ ਤਿਆਰ ਨਹੀਂ ਮੈਨੂੰ ਕੋਈ ਕੂੜ ਕਚਹਿਰੀਆਂ ਵਿਚ ਨਹੀਂ ਖੜ ਸਕਦਾ, ਜਿਨਾਂ ਕਚਹਿਰੀਆਂ ਵਿਚ ਜਾਣੋ ਮੈਂ ਨਾਮਧਾਰੀਆਂ ਨੂੰ ਰੋਕਦਾ ਰਿਹਾ ਹਾਂ ਅਜ ਮੈਂ ਹੀ ਕੁਝ ਚਲਾਕ ਲੋਕਾਂ ਦੀ ਸਾਜ਼ਸ ਨਾਲ ਕਚਹਿਰੀ ਵਿਚ ਖਲੋਵਾਂ ਇਹ ਕਦੇ ਨਹੀਂ ਹੋਵੇਗਾ।

ਅੰਤਰਜਾਮੀ ਪਾਤਸ਼ਾਹ ਨੇ ਜਪ ਪ੍ਰਯੋਗ ਯਗ ਰਚਾ ਦਿਤਾ, ਤੇ ਕਰੀਬ ਕਈ ਸੌ ਨਾਮਧਾਰੀ ਸਵਾ ਲਖ ਪਾਠਾਂ ਦੀ ਸਮਾਪਤੀ ਵਿਚ ਭਾਗ ਲੈਣ ਲਈ ਸ੍ਰੀ ਭੈਣੀ ਸਾਹਿਬ ਦੀ ਪਵਿਤ੍ਰ ਧਰਤੀ ਤੇ ਵਿਚਰਨ ਲਗੇ ਗਲਾਂ ਬਾਤਾਂ ਵਿਚ ਕਿਹਾ ਕਰਦੇ ਕੋਈ ਗਲ ਨਹੀਂ ੨੫ ਅਗਸਤ ਨੂੰ ਤਾਂ ਆ ਲੈਣ ਦਿਉ ਫੇਰ ਪਤਾ ਲਗ ਜਾਵੇਗਾ ਕਿ ਕਮਿਸ਼ਨ ਸਾਡੇ ਪਾਸ ਆਉਂਦਾ ਹੈ, ਕਿ ਅਸੀਂ ਕਮਿਸ਼ਨ ਪਾਸ ਜਾਂਦੇ ਹਾਂ, ਇਨਾਂ ਅਗਾਮੀ ਬਚਨਾਂ ਦਾ ਭੇਦ ਕੋਈ ਨਹੀਂ ਪਾ ਸਕਦਾ ਸੀ, ਤੇ ਨਾ ਹੀ ਕਿਸੇ ਤੋਂ ਪਾਇਆ ਗਿਆ ਅੰਤ ਹਿਰਦੇ ਵੇਦਕ ੨੧ ਅਗਸਤ ਦੀ ਅਧੀ ਰਾਤ ਦਾ ਸਮਾ ਆ ਹੀ ਗਿਆ, ਜਦੋਂ ਧਰਤੀ ਤੇ ਅਕਾਸ਼ ਤੇ ਕਿਆਮਤ ਦਾ ਹਨੇਰ ਘੁਪ ਘੇਰ ਛਾ ਗਿਆ। ਮਾਤ ਲੋਕ ਤੇ ਲਖਾਂ ਮਨਾ ਦੇ ਹਿਰਦੇ ਤੇ ਤਖਤ ਤੇ ਬਰਾਜਨ ਵਾਲੀ ਨਿੰਰਕਾਰੀ ਜੋਤ ਜੋਤੀ ਜੋਤ ਸਮਾ ਗਈ। ਏਨੀ ਜਲਦੀ ਸਰੀਰਕ ਓਹਲਾ ਕਦੇ ਕਿਸੇ ਦੇ ਚਿਤ ਚੇਤਾ ਵੀ ਨਹੀਂ ਸੀ, ਉਸੇ ਦਿਨ ਇਕ ਥਾਣੇਦਾਰ ਵੀ ਸਚੇ ਪਾਤਸ਼ਾਹ ਦੀ ੨੪-੨੫ ਅਗ-ਸਤ ਨੂੰ ਅਦਾਲਤ ਵਿਚ ਹਾਜਰੀ ਦੀ ਇਤਲਾਹ ਕਰਵਾਉਣ ਵਾਸਤੇ ੨੨ ਅਗਸਤ ਸਵੇਰੇ ਹੀ ਸ੍ਰੀ ਭੈਣੀ ਸਾਹਿਬ ਆ ਪੁਜਾ ਪਰ ਅੰਤਰਜਾਮੀ ਪਾਤ-ਸ਼ਾਹ ਪਹਿਲਾਂ ਹੀ ਆਪਣੀ ਇਛਾ ਅਨੁਸਾਰ ਦੇਹ ਦਾ ਓਹਲਾ ਕਰ ਚੁਕੇ ਸਨ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਅਫ਼ਰੀਕਾ ਦੇ ਚਾਰ ਦੌਰੇ

ਹਰਬੰਸ ਸਿੰਘ ਚਾਨਾ ਇੰਗਲੈਂਡ (ਯੂ. ਕੇ.)

ਸੰਤ ਹਰਬੰਸ ਸਿੰਘ ਜੀ ਚਾਨਾ ਬਹੁਤ ਮਿਲਾਪੜੇ ਤੇ ਗੁਰੂ ਘਰ ਦੇ ਸੇਵਕ ਹਨ ਇੰਗਲੈਂਡ ਦੇ ਹੋਲੇ ਵਿਚ ਮੈਨੂੰ ਤੇ ਜ. ਗਿਆਨ ਸਿੰਘ ਦਾਨ ਸਿੰਘ ਨੂੰ ਸੰਤਾਂ ਦੀ ਕੋਠੀ ਵਿਚ ਕੁਝ ਦਿਨ ਠਹਿਰਨ ਦਾ ਸਮਾਂ ਮਿਲਿਆ ਸੰਤਾਂ ਦੇ ਘਰੋਂ ਬੀਬੀ ਜੀ ਤੇ ਹੋਰ ਪ੍ਰਵਾਰ ਨੇ ਬਹੁਤ ਹੀ ਪ੍ਰੇਮ ਨਾਲ ਸਾਧ ਸੰਗਤ ਦੀ ਸੇਵਾ ਕੀਤੀ। ਸ੍ਰੀ ਚਾਨਾ ਜੀ ਨੂੰ ਨਾਮਧਾਰੀ ਸਾਹਿਤਯ ਲਿਖਣ ਦੀ ਬਹੁਤ ਲਗਨ ਹੈ ਤੇ ਹਰ ਵਕਤ ਕਵਿਤਾਵਾਂ ਤੇ ਲੇਖ ਲਿਖਦੇ ਹੀ ਰਹਿੰਦੇ ਹਨ।

ਸੰਤਾਂ ਨੇ ਇਸ ਲੇਖ ਵਿਚ ਅਫਰੀਕਾ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀਦੇ ਦੌਰਿਆਂ ਤੇ ਹੋਲੇ ਦਾ ਹਾਲ ਬੜੇ ਵੇਰਵੇ ਨਾਲ ਲਿਖਿਆ ਹੈ। ਆਸ ਹੈ ਪਾਠਿਕ ਇਸਨੂੰ ਬੜੇ ਪ੍ਰੇਮ ਨਾਲ ਪੜਨਗੇ। ਸੰਪਾਦਿਕ ਸਨਖਤਰਵੀ

ਅਕਾਲ ਪੁਰਖ ਜਾਂ ਭਗਵਾਨ ਅਥਵਾ ਸਤਿਗੁਰੂ ਇਕੋ ਹੀ ਨਾਮ ਹੈ ਸਾਰੇ ਜਗਤ ਤੇ ਗੁਰੂਆਂ ਦੀ ਜੋਤ ਕਦੀ ਵੀ ਖਤਮ ਨਹੀਂ ਹੁੰਦੀ ਸ੍ਰੀ ਆਦਿ ਗ੍ਰੰਥ ਵਿਚ ਦਰਜ ਹੈ, ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ। ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ। ਇਸ ਦੇ ਹੋਰ ਸਬੂਤ ਗੁਰੂ ਘਰ ਦੇ ਮੰਨੇ ਪ੍ਰਮੰਨੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰੂ ਨਾਨਕ ਤੋਂ ਪਹਿਲਾਂ ਵੀ ਗੁਰੂ ਹੋਏ ਹਨ ਜਿਹਾ ਕਿ-

ਸੁਖ ਰਾਜੇ ਹਰੀਚੰਦ ਘਰ
ਨਾਰ ਸੁ ਤਾਰਾ ਲੋਚਨ ਰਾਣੀ।
ਸਾਧ ਸੰਗਤ ਮਿਲ ਗਾਂਵਦੇ
ਰਾਤੀਂ ਜਾਇ ਸੁਣੇ ਗੁਰਬਾਣੀ।

ਅਰਥਾਤ- ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਗੁਰੂ ਬਾਲਕ ਸਿੰਘ ਜੀ ਸਿਖਾਂ ਦੇ ਗਿਆਰਵੇਂ ਗੁਰੂ ਹੋਏ ਤੇ ਸਤਿਗੁਰੂ ਰਾਮ ਸਿੰਘ ਜੀ ਬਾਹਰਵੇਂ ਗੁਰੂ ਹੋਏ। ਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਬਾਬਾ ਬੁਧ ਸਿੰਘ ਜੀ ਸਨ ਪ੍ਰਦੇਸ ਜਾਣ ਤੋਂ ਬਾਦ ਹੁਕਮ ਕੀਤਾ ਕੇ ਅਜ ਤੋਂ ਇਹ ਗੁਰੂ ਹੋਏ। ਇਨ੍ਹਾਂ ਦੇ ਧਕੇ ਹੋਏ ਨੂੰ ਮੈਂ ਵੀ ਨਹੀਂ ਬਖਸ਼ ਸਕਦਾ ਮੇਰੇ ਧਕੇ ਹੋਏ ਨੂੰ ਏਹ ਬਖਸ਼ ਦੇਣਗੇ। ਇਹ ਸਿਖੀ ਨੂੰ ਹਰੀ ਰਖਣਗੇ। ਅਜ ਤੋਂ ਇਨਾਂ ਦਾ ਨਾਮ ਗੁਰੂ ਹਰੀ ਸਿੰਘ ਜੀ ਰਖਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਵਡੇ ਪ੍ਰਤਾਪੀ ਇਸ ਗੁਰੂ ਜੀ ਨੂੰ ਅਸੀਂ ਆਪਣੀਆਂ ਅਖੀਆਂ ਨਾਲ ਵੇਖਿਆ ਤੇ ਦਰਸ਼ਨ ਕੀਤੇ ਤੇ ਗੁਰੂ ਚਰਨਾਂ ਨਾਲ ਜੁੜੇ। ਸਤਿਗੁਰੂ ਜੀ ਨੇ ਸਾਡੇ ਤੇ ਬਖਸ਼ਿਸ਼ ਕੀਤੀ ਆਪਣੇ ਚਰਨਾਂ ਨਾਲ ਜੋੜਿਆ ੧੯੩੨-੩੩ ਦੀ ਗਲ ਹੈ, ਸਾਡੇ ਸ਼ਹਿਰ ਨਕੋਦਰ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਜਥੇ ਤੇ ਸੇਵਕਾਂ ਨਾਲ ਦਰਸ਼ਨ ਦਿਤੇ। ਮੈਂ ਵੀ ਅਪਣੇ ਪਿਤਾ ਸ੍ਰ. ਈਸ਼ਰ ਸਿੰਘ ਜੀ ਨਾਲ ਅਪਣੇ ਨਵੇਂ ਪਿੰਡੋਂ ਦ੍ਰਸ਼ਨ ਕਰਨ ਗਿਆ, ਛੋਟੀ ਉਮਰ ਸੀ ਪੰਦਰਾਂ ਸੋਲਾਂ ਸਾਲ ਦੀ। ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਚਰਨਾਂ ਤੇ ਮਥਾ ਟੇਕਿਆ। ਉਸ ਵੇਲੇ ਸੰਤ ਹਜੂਰਾ ਸਿੰਘ ਜੀ ਭੂਰੀ ਵਾਲਿਆਂਨੇ ਦੀਵਾਨ ਲਾਇਆ ਹੋਇਆ ਸੀ, ਧਾਰਨਾ ਇਹ ਪੜਦੇ ਸਨ।(ਨਾਮ ਜਪ ਲੌ ਕਰਮਾਂ ਵਾਲਿਓ ਲੁਟ ਪੈ ਗਈ ਰਾਮ ਨਾਮ ਦੀ) ਦੀਵਾਨ ਦੀ ਸਮਾਪਤੀ ਤੋਂ ਬਾਦ ਸੰਤਾਂ ਭੂਰੀ ਵਾਲਿਆਂ ਆਖਿਆ ਕੇ ਆਵੇ ਜਿਸਨੇ ਭਜਨ ਪੁਛਣਾ ਹੈ ਭਜਨ ਪੁਛਕੇ ਆਪਣਾ ਜਨਮ ਸੁਧਾਰੇ। ਸੰਗਤ ਵਿਚੋਂ ਉਠਕੇ ਲੜਕਿਆਂ ਨੇ ਭਜਨ ਪੁਛਿਆ ਮੈਂ ਵੀ ਉਨਾਂ ਨੂੰ ਜਾਣਦਾ ਸੀ ਮੈਂ ਅਪਣੇ ਪਿਤਾ ਸ੍ਰ.

Namdhari Elibrary NamdhariElibrary@gmail.com

ਈਸ਼ਰ ਸਿੰਘ ਜੀ ਨੂੰ ਪੁਛਿਆ ਕਿ ਮੈਂ ਵੀ ਭਜਨ ਪੁਛ ਲਵਾਂ,ਪਿਤਾ ਜੀ ਕਿਹਾ ਜਾ ਪੁਛ ਲੈ, ਮੈਨੂੰ ਵੀ ਸੰਤ ਭੂਰੀ ਵਾਲਿਆਂ ਭਜਨ ਦੀ ਦਾਤ ਬਖਸ਼ੀ ਨਾਲ ਹੀ ਕਿਹਾ ਕਿ ਇਹ ਗੁਰ ਮੰਤ੍ਰ(ਭਜਨ)ਕਿਸੇ ਹੋਰ ਨੂੰ ਨਾ ਦਸੀ। ਫਿਰ ਮੈਂ ੧੯੩੯ ਵਿਚ ਅਫਰੀਕਾ ਫਗਣ ਦੇ ਮਹੀਨੇ ਚਲਾ ਗਿਆ। ਨੈਰੋਬੀ ਵਿਚ ਮੈਥੋਂ ਦੋ ਵਡੇ ਭਰਾ ਰਹਿੰਦੇ ਸਨ। ਜੋ ਮੈਥੋਂ ਵਡੇ ਸਨ ਨਾਮਧਾਰੀਆਂ ਦੇ ਸੈਕਟਰੀ ਤੇ ਖਜਾਨਚੀ ਸਨ ਉਸ ਤੋਂ ਵਡੇ ਭਾਗ ਸਿੰਘ ਜੀ ਭੰਡਾਰੀ ਤੇ ਚੋਬਦਾਰ ਸਨ। ਇਸ ਵੇਲੇ ਦੀਵਾਨ ਸੂਬਾ ਲਾਲ ਸਿੰਘ ਤੇ ਚੰਨਣ ਸਿੰਘ ਜੀ ਹੋਰਾਂ ਦੇ ਪਲਾਟ ਵਿਚ ਲਗਦਾ ਸੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਹਿਲੇ ਦੌਰੇ ੧੯੫੩ ਵਿਚ ਬੰਬਈ ਤੋਂ ਮੁੰਬਾਸੇ ਤਕ ਪਾਣੀ ਵਾਲੇ ਜਹਾਜ ਵਿਚਆਏ ਸਨ ਕੇਨੀਆਂ ਨਰੋਬੀ। ਨਾਲ ਆਏ ਸਨ ਹਜੂਰੀ ਸੇਵਕ ਭਾਈ ਵਜੀਰ ਸਿੰਘ ਜੀ, ਰਤਨ ਸਿੰਘ ਜੀ ਲਾਂਗਰੀ ਸੰਤ ਨਿਧਾਨ ਸਿੰਘ ਜੀ ਆਲਮ ਤੇ ਹਜੂਰੀ ਰਾਗੀ ਦਰਸ਼ਨ ਸਿੰਘ ਖਜਾਨ ਸਿੰਘ ਜੀ ਦੋਵੇਂ ਭਰਾ ।ਮੁੰਬਾਸੇ ਇਕ ਦੀਵਾਨ ਤੇ ਆਸਾ ਦੀ ਵਾਰ ਲਾਕੇ ਨੈਰੋਬੀ ਕਾਰਾਂ ਰਾਹੀਂ ਆਏ ਸਨ। ਸੁਆਗਤ ਵਾਸਤੇ ਦੋ ਮੀਲ ਬਾਹਰ ਸੂਬਾ ਲਾਲ ਸਿੰਘ ਸੈਕਟਰੀ ਚੰਮਣ ਸਿੰਘ ਜੀ ਕੰਵਲ ਪੰਡਿਤ ਗੁਰਬਚਨ ਸਿੰਘ ਹਰਨਾਮ ਸਿੰਘ ਨਾਗੀ ਬਾਬੂ ਮੇਹਰਬਾਨ ਸਿੰਘ ਤੇ ਦਾਸ ਦੇ ਦੋਵੇਂ ਵਡੇ ਭਰਾ ਭਾਗ ਸਿੰਘ ਸਾਧੂ ਸਿੰਘ ਅਤੇ ਬਾਕੀ ਮਾਈਆਂ, ਬੀਬੀਆਂ ਬਚੇ ਕਾਫੀ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗਲ ਫੁਲਾਂ ਦੇ ਹਾਰ ਪਾਏ। ਸੰਗਤ ਕਾਫੀ ਸੀ। ਜੋ ਬੇ-ਸਮਝ ਬੰਦੇ ਸਨ ਕਹਿੰਦੇ ਸੁਣੇ ਗਏ ਇਹ ਕੂਕਿਆਂ ਦਾ ਗੁਰੂ ਇਥੇ ਕੀ ਕਰਨ ਆਇਆ ਹੈ ਜੰਗਲੀ ਮੁਲਕ ਵਿਚ,ਲੋਕੀਂ ਮਾਸ ਸ਼ਰਾਬ ਖਾਂਦੇ ਪੀਂਦੇ ਨੇ ਮੌਜਾਂ ਕਰਦੇ ਹਨ ਗੁਰੂ ਦੇ ਆਖੇ ਲਗਕੇ ਕਉਣ ਮਾਸ ਸ਼ਰਾਬ ਛਡੇਗਾ! ਫਿਰ ਵੀ ਨਾਮਧਾਰੀਏ ਵੇਖਣ ਵਿਚ ਆਏ,ਜਿਵੇਂ ਬੀਨ ਵਜਦੀ ਸੁਣਕੇ ਸੱਪ ਮਸਤ ਹੋ ਜਾਂਦਾ ਹੈ ਤਿਵੇਂ ਹੀ ਨਾਮਧਾਰੀਏ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਾਮ ਸੁਣਕੇ ਆ ਇਕਠੇ ਹੋਏ। ਦੋ ਦੀਵਾਨ ਤੇ ਦੋ ਆਸਾ ਦੀਆਂ ਵਾਰਾਂ ਲਾਕੇ ਨਕੋਰੋ ਇਕ ਦੀਵਾਨ ਤੇ ਆਸਾ ਦੀ ਵਾਰ ਲਾਕੇ, ਅਗੇ ਕਰੀਚੋ, ਕਟਾਲੀ ਕਸੂਮੋ। ਐਲਡੋਰੇਟ ਸੰਗਤ ਨੂੰ ਤਾਰ ਦੇ ਹੋਏ ਕੰਪਾਲੇ ਤਿੰਨ ਦਿਨ ਰਹਿਕੇ ਵਾਪਸ ਨਰੋਬੀ ਆ ਦਰਸ਼ਨ ਦਿਤੇ। ਨਰੋਬੀ ਦੋ ਦਿਨ ਰਹਿਕੇਵਾਪਸ ਪਾਣੀ ਵਾਲੇਜਹਾਜ ਰਾਹੀਂ ਮੁੜ ਪੰਜਾਬ ਸ੍ਰੀ ਭੈਣੀ ਸਾਹਿਬ ਆ ਗਏ। ਇਹ ਪਹਿਲੇ ਦੌਰੇ ਦੀ ਰਿਪੋਰਟ ਹੈ।

ਦੂਸਰਾ ਦੌਰਾ ਫਿਰ ਕੈਨੀਆ ਅਫਰੀਕਾ ਦਾ

ਈਸਟ ਅਫਰੀਕਾ ਦੀ ਨਾਮਧਾਰੀ ਸੰਗਤ ਨੇ ਫਿਰ ਮੀਟਿੰਗ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬੇਨਤੀ ਕਰਕੇ ਸਦ ਲਿਆ। ਐਤਕੀਂ ਹਵਾਈ ਜਹਾਜ ਵਿਚ ਆਏ ਸਨ। ਭਾਈ ਵਜੀਰ ਸਿੰਘ ਰਤਨ ਸਿੰਘ ਪੰਡਤ ਗੋਪਾਲ ਸਿੰਘ ਰਾਗੀ ਦਰਸ਼ਨ ਸਿੰਘ ਖਜਾਨ ਸਿੰਘ ਜੀ ਸਨ ਨਰੋਬੀ ਜਹਾਜ ਘਰ ਅਡੇਤੇ ਸਤਿਗੁਰੂ ਜੀਦਾ ਨਿਘੇ ਹਿਰਦਿਆਂ ਨਾਲ ਤੇ ਧੂਮ ਧਾਮ ਨਾਲ ਸੁਆਗਤ ਕੀਤਾ ਗਿਆ। ਡੇਰਾ ਸੂਬਾ ਲਾਲ ਸਿੰਘ ਜੀ ਦੇ ਘਰ ਸਿਟੀ ਪਾਰਕ ਸੀ। ਐਤਕੀਂ ਨਾਮਧਾਰੀ ਸੰਗਤ ਕਾਫੀ ਸੀ ਹੋਰ ਨਵੇਂ ਨਾਮਧਾਰੀ ਸੱਜ ਗਏ ਸਨ ਸੇਵਾ ਕਰਨ ਵਿਚ ਕਿਸੇ ਨੂੰ ਕੋਈ ਤਕਲੀਫ ਨਹੀਂ ਹੋਈ। ਦੀਵਾਨ ਪੰਡਾਲ ਵਿਚ ਲਗਦੇ ਸਨ ਜੋ ਐਤਕੀਂ ਅੰਮ੍ਰਿਤ ਵੀ ਤਿਆਰ ਕੀਤਾ ਗਿਆ ਤੇ ਭਜਨ ਵੀ ਕਾਫੀ ਸੰਗਤ ਨੇ ਮਾਈਆਂ ਬੀਬੀਆਂ ਤੇ ਬਚਿਆਂ ਨੇ ਪੁਛਿਆ। ਨਰੋਬੀ ਤੋਂ ਕਾਰਾਂ ਰਾਹੀਂ ਨਕੋਰੋ ਕਰੀਚੋ ਕਸੂਮੋ ਕਟਾਲੀ ਸੰਗਤ ਨੂੰ ਤਾਰਦੇ ਹੋਏ ਕੰਪਾਲੇ ਜਾ ਦਰਸ਼ਨ ਦਿਤੇ। ਜਿਥੇ ਵੀ ਦੀਵਾਨ ਸਜਦੇ ਸਤਿਗੁਰੂ ਜੀ ਏਹੋ ਹੀ ਹੁਕਮ ਕਰਦੇ ਗੁਰੂ ਦੇ ਸਿਖੋ ਮਾਸ ਸ਼ਰਾਬ ਡੱਡੀਆਂ ਮਛੀਆਂ ਖਾਣੀਆਂ ਛਡੋ, ਕਿਸੇ ਵੀ ਮਜ਼ਬ ਨੂੰ ਮਾਸ ਸ਼ਰਾਬ ਖਾਣ ਪੀਣ ਦਾ ਹੁਕਮ ਨਹੀਂ ਗੁਰੂ ਜੀ ਇਸਤਰਾਂ ਮੁੜਦੇ ਹੋਏ ਨਕੋਰੋ ਇਕ ਦੀਵਾਨ ਤੇ ਆਸਾ ਦੀ ਵਾਰ ਲਾਕੇ ਨਰੋਬੀ ਦੋ ਦਿਨ ਰਹਿਕੇ ਵਾਪਸ ਭੈਣੀ ਸਾਹਿਬ ਆ ਗਏ।

Namdhari Elibrary NamdhariElibrary@gmail.com

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਤੀਸਰਾ ਦੌਰਾ ੧੯੫੭ ਦਾ

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤੀਸਰੇ ਦੌਰੇ ਦੀ ਤਿਆਰੀ ਕੀਤੀ। ਨਾਮਧਾਰੀ ਸੰਗਤ ਦੀ ਬੇਨਤੀ ਮਨਜ਼ੂਰ ਹੋ ਗਈ ਜੋ ਐਤਕੀਂ ਨਾਮਧਾਰੀ ਗੁਰਦੁ-ਵਾਰਾ ਵੀ ਨਗਾਰਾ ਰੋਡ ਬਣ ਚੁਕਾ ਸੀ। ਸਤਿਗੁਰੂ ਜੀ ਜਥੇ ਸਮੇਤ ਆਏ ਐਤਕੀਂ ਸਤਿਗੁਰੂ ਜਗਜੀਤਸਿੰਘ ਜੀ ਵੀ ਦਰਸ਼ਨ ਦਿਤੇ ਸਨ ਜੋ ਮਾਘ ਦੇ ਅਖੀਰ ਦੇ ਦਿਨ ਸਨ। ਇਸ ਦੌਰੇ ਨਾਲ ਦਾਸ ਸਤਿਗੁਰੂ ਜੀ ਦੇ ਨਾਲ ਹੀ ਰਿਹਾ। ਐਤਕੀਂ ਨਵੇਂ ਸਜੇ ਨਾਮਧਾਰੀ ਕਾਫੀ ਸਨ। ਐਤਕੀਂ ਤੇ ਪਿਛਲੇ ਦੌਰੇ ਸਤਿਗੁਰੂ ਜੀ ਜਥੇ ਸਮੇਤ ਹਵਾਈ ਜਹਾਜ ਰਾਹੀਂ ਆਏ। ਸਤਿ–ਗੁਰੂ ਪ੍ਰਤਾਪ ਸਿੰਘ ਜੀ, ਭਾਈ ਵਜੀਰ ਸਿੰਘ, ਰਤਨ ਸਿੰਘ, ਸੰਤ ਨਿਧਾਨ ਸਿੰਘ ਜੀ ਆਲਮ, ਸੂਬਾ ਦਸੌਂਧਾ ਸਿੰਘ ਜੀ ਜੋ ਖਾਸ ਸਾਡੇ ਹੀ ਸਨ, ਪੰਡਤ ਗੋਪਾਲ ਸਿੰਘ ਜੀ, ਹਜ਼ੂਰੀ ਰਾਗੀ ਦਰਸ਼ਨ ਸਿੰਘ, ਖਜਾਨ ਸਿੰਘ, ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਨ। ਐਤਕੀਂ ਨਗਾਰਾ ਰੋਡ ਆਲੀ ਸ਼ਾਨ ਪੰਡਾਲ ਬਣਾਇਆ ਗਿਆ ਸੀ ਜੋ ਸੁਭਾ ਸ਼ਾਮ ਦੀਵਾਨ ਤੇ ਆਸਾ ਦੀ ਵਾਰ ਇਥੇ ਹੀ ਲਗਦੀ। ਦਿਨ ਚੜ੍ਹੇ ਸਤਿਗੁਰੂ ਜੀ ਸੇਵਕਾਂ ਦੇ ਘਰੀਂ ਚਰਨ ਪਾਉਣ ਜਾਂਦੇ ਤੇ ਗਊਆਂ ਤੇ ਗੋਰਿਆਂ ਦੀਆਂ ਫਾਰਮਾਂ ਵੀ ਵੇਖਣ ਜਾਂਦੇ। ਐਤਕੀਂ ਆਰੂਸੇ ਦੀ ਸੰਗਤ ਨੇ ਬੇਨਤੀ ਕੀਤੀ ਉਹ ਮਨਜ਼ੂਰ ਹੋ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ, ਗਦੀ ਨਸ਼ੀਨ ਪਾਤਸ਼ਾਹ ਸਤਿਗੁਰੂ ਜਗ-ਜੀਤ ਸਿੰਘ ਜੀ, ਭਾਈ ਵਜੀਰ ਸਿੰਘ, ਰਤਨ ਸਿੰਘ, ਪੰਡਤ ਗੋਪਾਲ ਸਿੰਘ, ਦਰਸ਼ਨ ਸਿੰਘਤੇਖਜਾਨ ਸਿੰਘ ਰਾਗੀ ਨਰੋਬੀ ਤੋਂ ਦੋ ਵਜੇ ਤੁਰੇ ਜੋ ੧੭੦ ਮੀਲ ਦਾ ਸਫਰ ਸੀ। ਸਾਢੇ ਪੰਜ (ਨਮਾਂਗਾ) ਪਹੁੰਚੇ ਇਥੇ ਪੁਲੀਸ ਦਾ ਪਹਿਰਾ ਸੀ। ਸਭ ਕਾਰਾਂ ਦੇ ਨੰਬਰ ਉਨਾ ਲੈ ਲਏ। ਸਾਡੇ ਨਾਮ ਵੀ ਲਿਖੇ ਇਹ ਜਗਾ ਕੇਨੀਆਂ ਤੇ ਟਾਂਗਾਨੀਕਾ ਦੀ ਹਦ ਸੀ ਜੋ ਅਗੇ ਜਾਕੇ (ਲਗੀਡੋ) ਪੁਲੀਸ ਨੇ ਸਾਨੂੰ ਕੁਝ ਨਹੀਂ ਪੁਛਿਆ। ਸਤਿਗੁਰੂ ਜੀ ਸਾਢੇ ਛੇ ਵਜੇ ਸ਼ਾਮ ਦੇ ਅਰੂਸੇ ਪਹੁੰਚ ਗਏ ਜੋ ਸੁਆਗਤ ਪਤਵੰਤੇ ਸਜਨਾਂ ਨੇ ਕੀਤਾ। ਦੀਵਾਨ ਕਿਸੇ ਸਕੂਲ ਵਿਚ ਲਗਾ ਸੀ ਡੇਰਾ ਤੇ ਲੰਗਰ ਸੰਤ ਬੁਧਰਾਮ ਤੇ ਵੀਰ ਚੰਦ ਦੇ ਘਰ ਸੀ। ਦੋ ਸ਼ਬਦ ਰਾਗੀ ਸਿੰਘਾਂ ਪੜ੍ਹੇ ਫਿਰ ਪੰਡਤ ਜੀ ਨੇ ਡੇਢ ਘੰਟਾ ਦੀਵਾਨ ਲਾਈ ਰਖਿਆ ਤੇ ਕਈ ਸਾਖੀਆਂ ਤੇ ਪ੍ਰਮਾਣ ਸੁਣਾਕੇ ਸੰਗਤਾਂ ਨੂੰ ਨਿਹਾਲ ਕੀਤਾ। ਪੰਜਾਂ ਸਰੀਰਾਂ ਭਜਨ ਪੁਛਕੇ ਮਾਸ ਸ਼ਰਾਬ ਦਾ ਤਿਆਗ ਕੀਤਾ ਮਾਈਆਂ ਬੀਬੀਆਂ ਨੇ ਵੀ ਭਜਨ ਪੁਛਿਆ। ਨੌ ਵਜੇ ਸਮਾਪਤੀ ਕਰਕੇ ਲੰਗਰ ਛਕ ਕੇ ਗਰਮੋ ਗਰਮ ਦੁਧ ਛਕ ਕੇ ਅਰਾਮ ਕੀਤਾ। ਸੁਭਾ ਆਸਾ ਦੀ ਵਾਰ ਲਗਾਕੇ ਡੇਰੇ ਆ ਗਏ ਅਜ ਫਗਣ ਦੀ ਸੰਗਰਾਂਦ ਸੀ ਚਾਟਾ, ਪੂਰੀ ਪਾਰੌਂਠੇ, ਛਕ ਕੇ ਨੌ ਵਜੇ ਵਾਪਸੀ ਨਰੋਬੀ ਦੀ ਤਿਆਰੀ ਕੀਤੀ ਤਾਂ ਬੁਧਰਾਮ ਵੀਰ ਚੰਦ ਨੇ ਤੇ ਮਾਈ ਨੇ ਸਤਿਗੁਰੂ ਜੀ ਦੇ ਚਰਨ ਫੜ ਲਏ ਬੇਨਤੀ ਕੀਤੀ ਸਚੇ ਪਾਤਸ਼ਾਹ ਅਜ ਦਾ ਦੀਵਾਨ ਇਥੇ ਹੋਰ ਲਾਵੋ ਪਰ ਸਤਿਗੁਰੂ ਜੀ ਸਭ ਨੂੰ ਖੁਸ਼ੀਆਂ ਬਖਸ਼ ਦੇ ਹੋਏ ਕਾਰ ਵਿਚ ਬੈਠ ਗਏ ਤੇ ਨਰੋਬੀ ੧੨ ਵਜੇ ਪਹੁੰਚ ਗਏ। ਬਾਰਸ਼ ਦਾ ਮੌਸਮ ਕਰਕੇ ਕਚੀਆਂ ਸੜਕਾਂ ਖਰਾਬ ਹੋ ਚੁਕੀਆਂ ਸਨ। ਲੰਗਰ ਛਕ ਕੇ ਕੁਝ ਆਰਾਮ ਕੀਤਾ।

ਅਜ ੧ ਫਗਣ ਨਰੋਬੀ ਦੀ ਨਾਮਧਾਰੀ ਸੰਗਤ ਨੇ ਸਤਿਗੁਰੂ ਜੀ ਦਾ ਸੁਆਗਤ ਕੀਤਾ ਦੀਵਾਨ ਸ਼ਾਮ ਦਾ ਉਸੇ ਹੀ ਪੰਡਾਲ ਵਿਚ ਨਗਾਰਾ ਰੋਡ ਲਗਾ ਸੋ ਅਜ ਇਕ ਗੁਰਮੁਖ ਨੇ ਸਤਿਗੁਰੂ ਜੀ ਦਾ ਨਿਤਨੇਮ ਕਰਨ ਵਾਲਾ ਗੁਟਕਾ ਚੁਕ ਲਿਆ ਪਤਾ ਨਾ ਲਗੇ। ਪੰਡਤ ਜੀ ਨੇ ਆਖਿਆ ਕਿ ਸਤਿਗੁਰੂ ਜੀ ਦਾ ਗੁਟਕਾ ਕਿਸੇ ਚੁਕ ਲਿਆ ਹੈ, ਜਿਸ ਕੋਲ ਹੈ ਦੇ ਦੇਵੇ। ਪਰ ਗੁਟਕਾ ਕਿਸੇ ਨੇ ਨਾ ਦਿਤਾ ਜਿਸ ਚੁਕਿਆ ਸੀ ਉਹ ਕਲ ਸਵੇਰੇ ਕੰਮ ਤੇ ਗਿਆ ਜੋ ਮਸ਼ੀਨ ਵਾਲੇ ਆਰੇ ਤੇ ਕੰਮ ਕਰਦਾ ਸੀ ਲਕੜ ਕਟਦਿਆਂ ਸਜਾ ਗੁਟ ਕਟਿਆ ਗਿਆ ਗੁਟਕਾ ਸਤਿਗੁਰੂ ਜੀ ਦਾ ਵਾਪਸ ਆ ਗਿਆ ਤੇ ਉਹੀ

Namdhari Elibrary NamdhariElibrary@gmail.com

ਸਿੰਘ ਸਤਿਗੁਰੂ ਜੀ ਦੇ ਚਰਨੀ ਢੈ ਪਿਆ ਤੇ ਉਚੀ ਉਚੀ ਰੋਣ ਲਗਾ, ਸਤਿਗੁਰੂ ਜੀ ਨੇ ਬਖਸ਼ਸ਼ ਕਰਕੇ ਗੁਟਕਾ ਹੋਰ ਦੇ ਦਿਤਾ। ਸੋ ਆਪ ਪਾਠਕ ਜਨੋਂ ਸਭ ਕੁਝ ਸਮਝ ਸਕਦੇ ਹੋ ਅਜ ਸਤਿਗੁਰੂ ਜੀ ਨੇ ਆਪ ਬੇਅੰਤ ਕਿਰਪਾ ਕੀਤੀ ਕਿ ਕੋਈ ਵੀ ਕਿਸੇ ਧਰਮ ਵਾਲਾ ਹੋਵੇ, ਆਪਨਾ ਧਰਮ ਨਹੀਂ ਛਡਨਾ ਚਾਹੀਦਾ। ਗੁਰੂ ਤੇਗ ਬਹਾਦਰ ਜੀ ਨੇ ਧਰਮ ਨਹੀਂ ਛਡਿਆ ਆਪਣਾ ਸੀਸ ਦੇ ਦਿਤਾ। ਕਿਸੇ ਨੂੰ ਵੀ ਗੁਰੂ ਮੰਤ੍ਰ ਮਿਲਿਆ ਹੋਵੇ ਪੂਰੀ ਮਰਯਾਦਾ ਨਾਲ ਜਪੇ। ਆਪਨੇ ਸੁਵਾਸਾਂ ਤਕ ਕਿਸੇ ਨੂੰ ਮਾੜਾ ਨਾ ਆਖੇ। ਇਹ ਬਚਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਰੋਬੀ ੧੯੫੭ ਤੇ ੧ ਫਗਣ ਨੂੰ ਉਚਾਰੇ ਸਨ। ਸੁਭਾ ਸਣੇ ਕੇਸੀ ਇਸ਼ਨਾਨ ਕਰੋ,ਨਾਮ ਜਪੋ,ਭਜਨ ਕਰੋ, ਮਾਲਾ ਫੇਰੋ, ਗੁਰੂ ਦੇ ਸਿਖੋ ਮਾਸ, ਸ਼ਰਾਬ, ਨਾਂ ਵਰਤੋ, ਮਛੀਆਂ ਡਡੀਆਂ ਨਾ ਖਾਇਆ ਕਰੋ ਮੇਰਾ ਦਿਲ ਇਹ ਗਲ ਸੁਣਕੇ ਖਰਾਬ ਹੋ ਜਾਂਦਾਂ ਹੈ, ਧਰਤੀ ਵਿਹਲ ਨਹੀਂ ਦਿੰਦੀ ਕਿ ਨਾਮਧਾਰੀ ਵੀ ਮਾਸ ਸ਼ਰਾਬ ਖਾ ਪੀ ਲੈਂਦੇ ਹਨ। ਉਠੋ ਜਿਨਾਂ ਨੇ ਪਿਛਲੀ ਗਲਤੀ ਦੀ ਭੁਲ ਬਖਸ਼ਵਾਉਣੀ ਹੈ, ਭਜਨ ਪੁਛੋ, ਅੰਮ੍ਰਿਤ ਵੀ ਤਿਆਰ ਹੈ। ਤਕ਼ਰੀਬਨ ੧੫-੧੬ ਬੰਦੇ ਤੇ ੮-੯ ਮਾਈਆਂ ਬੀਬੀਆਂ ਨੇ ਭਜਨ ਪੁਛਿਆ ਤੇ ਸਤਿਗੁਰੂ ਜੀ ਦੇ ਚਰਨਾਂ ਤੇ ਮਥਾ ਟੇਕਕੇ ਆਪਣੀ ਕੀਤੀ ਭੁਲ ਬਖਸ਼ਵਾਈ ਅਜ ਦਾ ਦੀਵਾਨ ਇਥੇ ਸਮਾਪਤ ਕੀਤਾ ਗਿਆ। ਸੋ ਅਜ ਚਾਰ ਫਗਣ ਦੀ ਸੁਭਾ ਆਸਾ ਦੀ ਵਾਰ ਤੇ ਤੇ ਸ਼ਾਮ ਦਾ ਦੀਵਾਨ ਅਖੀਰਲਾ ਸੀ ਜੋ ਅਜ ਪੰਡਾਲ ਸਾਰੇ ਦਾ ਸਾਰਾ ਭਰ ਚੁਕਾ ਸੀ ਅਜ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੇ ਹੀ ਸੁੰਦਰ ਤੇ ਅਮੋਲਕ ਬਚਨ ਆਖੇ ਜੋ ਸੰਗਤ ਨੇ ਸੁਣਕੇ ਧੰਨ ਧੰਨ ਸਤਿ-ਗੁਰੂ ਪ੍ਰਤਾਪ ਸਿੰਘ ਜੀ ਜੋ ਅਜ ਤਕ ਉਹ ਬਚਨ ਯਾਦ ਆ ਰਹੇ ਹਨ। ਅਜ ਪੰਜ ਫਗਣ ਦਸ ਵਾਲੀ ਤੇ ਸੁਭਾ ਜਹਾਜ ਤੁਰਨਾ ਸੀ ਜੋ ਬੜਾ ਹੀ ਵਛੋੜੇ ਦਾ ਦਿਨ ਸੀ। ਪੂਰੇ ਦਸ ਵਾਲੀ ਤੇ ਜਹਾਜ ਉਪਰ ਨੂੰ ਉਡ ਗਿਆ ਜਿਨਾਂ ਚਿਰ ਜਹਾਜ ਦਿਸਦਾ ਰਿਹਾ ਧੰਨ ਸਤਿਗੁਰੂ ਧੰਨਸਤਿਗੁਰੂ ਬੋਲੇਸੋ ਨਿਹਾਲ ਸਤਿ ਸ੍ਰੀ ਅਕਾਲ ਕਹਿੰਦਿਆਂ ਜਹਾਜ ਅੱਖੀਆਂ ਤੋਂ ਬਹੁਤ ਦੂਰ ਚਲਾ ਗਿਆ ਸੰਗਤ ਆਪੋ ਅਪਣੇ ਘਰਾਂ ਨੂੰ ਤੁਰ ਗਈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਚੌਥਾ ਅਖੀਰਲਾ ਦੌਰਾ ਕੰਪਾਲੇ ੧੯੫੯ ਦਾ ਹੋਲਾ ਮਹੱਲਾ

ਨਾਮਧਾਰੀ ਸਾਧ ਸੰਗਤ ਨੇ ਆਪੋ ਵਿਚ ਸਲਾਹ ਕੀਤੀ ਕੇ ਇਕ ਹੋਲਾ ਅਫਰੀਕਾ ਵਿਚ ਮਨਾਇਆ ਜਾਵੇ, ਸਭ ਨੇ ਮੀਟਿੰਗ ਕਰਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਇਕ ਬੇਨਤੀ ਪਤ੍ਰ ਲਿਖ ਦਿਤਾ। ਸਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ੧੯੫੯ ਦੀ ਮਨਜ਼ੂਰੀ ਦਾ ਹੁਕਮ ਆ ਗਿਆ, ਲਗੀਆਂ ਹੋਲੇ ਦੀਆਂ ਤਿਆਰੀਆ ਹੋਣ। ਕੰਪਾਲੇ ਤੋਂ ਏਕਮ ਸਿੰਘ,ਗਿਆਨੀ ਕੇਸਰ ਸਿੰਘ, ਸੂਬਾ ਅਵਤਾਰ ਸਿੰਘ ਚਾਨਾ ਸਰਵਨ ਸਿੰਘ ਕਲਸੀ, ਸਰਵਨ ਸਿੰਘ ਚਾਨਾ ਅਤੇ ਹੋਰ ਬੜੇ ਉਘੇ ਸਜਨ ਸਨ। ਨਰੋਬੀ ਤੇ ਨਕੋਰੋ ਤੋਂ ਸੂਬਾ ਲਾਲ ਸਿੰਘ ਹਰਨਾਮ ਸਿੰਘ ਸੇਕਟਰੀ, ਫੁੰਮਣ ਸਿੰਘ ਕੰਵਲ ਗੁਰਬਖਸ਼ ਸਿੰਘ ਸ਼ੌਕ ਦਾਸ ਦੇ ਦੋ ਵਡੇ ਭਰਾ ਭਾਗ ਸਿੰਘ ਤੇ ਸਾਧੂ ਸਿੰਘ ਹੋਰ ਅਨੇਕਾਂ ਸ਼ਹਿਰਾਂ ਵਿਚੋਂ ਮੁਖੀ ਨਾਮਧਾਰੀ ਤੇ ਗੈਰ ਨਾਮਧਾਰੀ ਸਜਨਾਂ ਨੇ ਤਨੋ ਮਨੋ ਧਨੋ ਤੇ ਹਥੀਂ ਸੇਵਾ ਕੀਤੀ। ਇਸ ਹੋਲੇ ਦੀ ਹਰੇਕ ਪਾਸੇ ਨਾਮਧਾਰੀ ਸੰਗਤ ਨੇ ਸੁਣਕੇ ਖੁਸ਼ੀ ਮਨਾਈ। ਹੋਲਾ ਕਮੇਟੀ ਦੇ ਪ੍ਰਬੰਧਕ ਪ੍ਰਧਾਨ ਏਕਮ ਸਿੰਘ,ਗਿਆਨੀ ਕੇਸਰ ਸਿੰਘ, ਸੂਬਾ ਅਵਤਾਰ ਸਿੰਘ ਜੀ ਚਾਨਾ,ਬਾਬੂ ਕਿਸ਼ਨ ਸਿੰਘ ਜੀ ਪਨੇਸਰ ਤੇ ਹੋਰ ਕਾਫੀ ਸਜਣ ਸਨ ਜੋ ਨਾਮ ਯਾਦ ਨਹੀਂ ਹੈ ਖਿਮਾਂ ਕਰਨੀ। ਦਾਸ ਉਸ ਵੇਲੇ ਨਕੋਰੋ ਸੀ। ਜਿਸ ਪਿਆਰੇ ਪ੍ਰੀਤਮ ਦੇ ਦਰਸ਼ਨਾਂ ਨੂੰ ਅੱਖੀਆਂ ਤਰਸ ਦੀਆਂ ਸਨ ਅਜ ਨਾਮਧਾਰੀ ਕੀ,ਤੇ ਗੈਰ ਨਾਮਧਾਰੀ ਕੀ ਨਰੋਬੀ ਜਹਾਜ ਘਰ ਸਤਿਗੁਰੂ ਪ੍ਰਤਾਪ ਸਿੰਘ

Namdhari Elibrary NamdhariElibrary@gmail.com

ਜੀ ਤੇ ਵਡੇ ਠਾਕੁਰ ਜੀ ਦੇ ਰਜ ਰਜ ਦਰਸ਼ਨ ਕਰਕੇ ਪ੍ਰਸੰਨ ਹੋ ਗਏ । ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਠਾਕਰ ਜੀ ਦੇ ਗਲੀਂ ਫੁਲਾਂ ਦੇ ਹਾਰ ਪਾਏ ਗਏ । ਅਜ ਵਡਾ ਸੁਭਾਗਾ ਦਿਨ ੨੨ ਮਾਰਚ ਚੜ੍ਹਿਆ ਜੋ ਸਤਿਗੁਰੂ ਜੀ ਦੇ ਨਾਲ ਜਥਾ ਸੀ ਇਹ ਨਾਮ ਸਨ, ਵਡੇ ਠਾਕਰ ਜੀ ਭਾਈ ਵਜੀਰ ਸਿੰਘ ਜੀ, ਰਤਨ ਸਿੰਘ ਜੀ, ਸੰਤ ਨਿਧਾਨ ਸਿੰਘ ਜੀ ਆਲਮ, ਸੂਬਾ ਦਸੌਂਧਾ ਸਿੰਘ ਜੀ ਨਗਰ ਵਾਲੇ, ਰਾਗੀ ਦਰਸ਼ਨ ਸਿੰਘ, ਖਜਾਨ ਸਿੰਘ ਜੀ ਤੇ ਕੁਛ ਹੋਰ ਵੀ ਪਰੇਮੀ ਨਾਲ ਆਏ ਸਨ । ਸਤਿਗੁਰੂ ਪ੍ਰਤਾਪ ਸਿੰਘ ਜੀ ਸੇਵਕਾਂ ਸਮੇਤ ਕੰਪਾਲੇ ੨੨-੩-੫੯ ਮਾਰਚ ਐਤਵਾਰ ਵਾਲੇ ਦਿਨ ਸਵਾ ਪੰਜ ਵਜੇ ਸ਼ਾਮੀ ਕੰਪਾਲੇ ਦੀ ਮਸ਼ਹੂਰ(ਲਗੋਗੋ ਗਰਾਊਂਡ) ਵਿਚ ਆ ਦਰਸ਼ਨ ਦਿਤੇ। ਸੰਗਤ ਪਹਿਲਾਂ ਹੀ ਹਜੂਰ ਦੇ ਸੁਆਗਤ ਵਾਸਤੇ ਉਡੀਕ ਤੇ ਇੰਤਜਾਰ ਕਰ ਰਹੀ ਸੀ । ਸਭ ਤੋਂ ਪਹਿਲਾਂ ਸ੍ਰ. ਮੋਹਨਸਿੰਘਜੀ ਮੇਕਰੇਰੇ ਵਾਲਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਠਾਕਰ ਜੀ ਦੇ ਗਲ ਫੁਲਾਂ ਦੇ ਹਾਰ ਪਾਏ ਤੇ ਜੈਕਾਰੇ ਛਡੇ। ਬਾਦ ਵਿਚ ਕੰਪਾਲੇ ਤੇ ਬਾਹਰੋਂ ਆਈਆਂ ਸੰਗਤਾਂ ਨੇ ਆਪੋ ਆਪਣੀਆਂ ਕਾਰਾਂ ਇਕ ਲਾਈਨ ਵਿਚ ਕਰਕੇ ਜਲੂਸ ਦੀ ਸ਼ਕਲ ਵਿਚ ਤਕ਼ਰੀਬਨ ਦੋ ਢਾਈ ਮੀਲ ਦਾ ਲੰਬਾ ਚਕਰ ਹੋਵੇਗਾ ਲਗਾਕੇ ਮੁੜ ਪੰਡਾਲ ਕੋਲ ਆਕੇ ਸਭ ਕਾਰਾਂ ਰੁਕ ਗਈਆਂ ਜੈਕਾਰਿਆਂ ਨਾਲ ਪੰਡਾਲ ਗੂੰਜ ਉਠਿਆ ਜੋ ਆਲੀਸ਼ਾਨ ਪੰਡਾਲ ਬਣਾਇਆ ਗਿਆ ਸੀ। ਹੋਰ ਸੁਣੋਂ ਕੈਮਰਿਆਂ ਵਾਲਿਆਂ ਨੇ ਤਾਂ ਹਦ ਹੀ ਕਰ ਦਿਤੀ ਸੈਂਕੜੇ ਫੋਟੋਆਂ ਲਾਹੀਆਂ ਗਈਆਂ ਇਕ ਗਲ ਹੋਰ ਯਾਦ ਆਈ ਹੈ ਕਿ ਰਾਮਗੜੀਆ ਸਿਖ ਸਕੂਲ ਦੇ ਸਭ ਵਿਦਆਰਥੀਆਂ ਨੇ ਸਕੂਲ ਦੀ ਹੈਡ ਮਾਸਟਰਨੀ ਬੀਬੀਪ੍ਰੀਤਮ ਕੌਰ ਨੇ ਆਪਣੇ ਸਕੂਲ ਦੇ ਡਰੇਸ ਵਿਚ ਲੜਕੇ ਲੜਕੀਆਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਠਾਕੁਰ ਜੀ ਦਾ ਸੁਆਗਤ ਕੀਤਾ ਤੇ ਬੀਬੀ ਜੀ ਨੇ ਬੜੇ ਉਚੀ ਜੋਰ ਨਾਲ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ । ਧੰਨ ਸਤਿਗੁਰੂ ਰਾਮ ਸਿੰਘ ਜੀ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਕਿਹਾ ਪਹਿਲੇ ਦਿਨ ਹੀ ਹੋਲੇ ਦੀ ਰੌਣਕ ਵਧ ਗਈ । ਪਤਵੰਤੇ ਮੁਖੀ ਸਜਨਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਠਾਕੁਰ ਜੀ ਦੇ ਗਲ ਫੁਲਾਂ ਦੇ ਹਾਰ ਪਾਏ ਮਾਈਆਂ ਬੀਬੀਆਂ ਨੇ ਫੁਲਾਂ ਦੀ ਵਰਖਾ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਬਣਾਏ ਹੋਏ ਪੰਡਾਲ ਵਿਚ ਆਸਣ ਉਪਰ ਜਾ ਬੈਠੇ ਕੋਲ ਹੀ ਠਾਕੁਰ ਜੀ ਬੈਠ ਗਏ। ਅਜ ਪਹਿਲੇ ਦਿਨ ਕਰਕੇ ਸੰਗਤ ਦੀ ਭੀੜ ਸੀ ਜੋ ਵਾਰੋ ਵਾਰੀ ਮਥਾ ਟੇਕਕੇ ਆਪਨੇ ਧੰਨ ਭਾਗ ਸਮਝ ਦੀ ਸੀ। ਦੂਜੇ ਪਾਸੇ ਰਾਗੀ ਦਰਸ਼ਨ ਸਿੰਘ,ਖਜਾਨ ਸਿੰਘ ਜੀ ਸ਼ਬਦ ਪੜ ਰਹੇ ਸੀ(ਧੰਨ ਸੋ ਵੇਲਾ ਜਿਤੁ ਦਰਸਨ ਕਰਨਾ) ਤਕ਼ਰੀਬਨ ਇਕ ਘਟੇ ਤੋਂ ਉਪਰ ਮਥਾ ਟੇਕਣ ਵਾਲਿਆਂ ਦੀ ਵਾਰੀ ਆਈ ਜੋ ਲਾਈਨ ਕਾਫੀ ਲੰਬੀ ਸੀ। ਬਾਬੂ ਕਿਸ਼ਨ ਸਿੰਘ ਪਨੇਸਰ ਨੇ ਸਤਿਗੁਰੂ ਜੀ ਦਾ ਧੰਨਵਾਦ ਕੀਤਾ ਤੇ ਜੀਓ ਆਇਆਂ ਆਖਿਆ ਤੇ ਕੰਪਾਲਾ ਕੇਨੀਆਂ ਟਾਂਗਾ ਨੀਕਾ ਦੇ ਸਭ ਸਜਨਾਂ ਦੇ ਉਤਮ ਭਾਗ ਸਨ ਜੋ ਸਾਨੂੰ ਆਪ ਖੁਦ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਦਰਸਨ ਦਿਤੇ ਨਾਲ ਹੀ ਠਾਕੁਰ ਜੀ ਦੇ ਦਰਸਨ ਕਰਵਾ ਦਿਤੇ ਹਨ। ਏਸੇਤਰਾਂ ਸਭ ਆਈ ਸੰਗਤ ਦਾ ਧੰਨਵਾਦ ਕੀਤਾ ਕਿ ਅਸੀਂ ਵੀ ਸਤਿਗੁਰੂ ਸਚੇ ਪਾਤਸ਼ਾਹ ਦੀ ਸੇਵਾ ਤਨੋ ਮਨੋ ਧਨੋ ਲਾਕੇ ਕਰੀਏ। ਸੋ ਹੁਣ ਸਤਿਗੁਰੂ ਜੀ ਨੇ ਆਪਣੀ ਰਸਨਾ ਦੁਵਾਰਾ ਫੁਲਾਂ ਦੀ ਵਰਖਾ ਕੀਤੀ ਕਿ ਇਸ ਹੋਲੇ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਚਲਿਤ ਕੀਤਾ। ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਹੋਲੀ ਲਿਖਿਆ ਹੈ(ਹੋਲੀ ਕੀਨੀ ਸੰਤ ਸੇਵ) ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਸਿਖ ਸਿਖੀ ਤੋਂ ਬੇ-ਪ੍ਰਵਾਹ ਹੋ ਗਏ ਮਾਸ ਸ਼ਰਾਬ ਖਾਣ ਪੀਣ ਲਗ ਪਏ ਘਰਾਂ ਵਿਚ ਕੰਜਰੀਆਂ ਨਚੌਉਂਣੀਆਂ, ਬਦ ਫੈਲੀਆਂ ਕਰਨ ਲਗ ਪਏ,ਕੀਰਤਨ ਕਥਾ ਸ਼ਬਦ ਪੜਨੇ ਤੇ ਹੋਲੇ ਗੁਰ ਪੁਰਬ ਮਨੌਉਣੇ ਭੁਲ ਗਏ। ਬਾਦ ਸਤਿਗੁਰੂ ਰਾਮ ਸਿੰਘ ਜੀ ਨੇ ੧੯੬੩ ਵਿਚ ਫਿਰ ਹੋਲੇ ਦੀ ਮਰਯਾਦਾ ਨੂੰ ਜੋ ਅਲੋਪ ਹੀ ਹੋ ਚੁਕੀ ਸੀ ਮੁੜ ਚਾਲੂ ਤੇ ਸ਼ੁਰੂ ਕੀਤਾ। ਸਤਿਗੁਰੂ ਜੀ ਨੇ ਸਭ

Namdhari Elibrary NamdhariElibrary@gmail.com

ਨੂੰ ਹੁਕਮ ਕੀਤਾ ਕਿ ਜੇ ਤੁਸੀਂ ਹੋਰ ਨਹੀਂ ਕੁਛ ਕਰ ਸਕਦੇ ਤਾਂ ਹੋਲਾ ਨਾਂ ਸਾਰੇ ਸਿਖ ਰਲਕੇ ਮਨਾਇਆ ਕਰੋ। ਇਸ ਤੋਂ ਬਾਦ ਸੂਬਾ ਦਸੌਂਧਾ ਸਿੰਘ ਜੀ ਨਗਰ ਵਾਲਿਆਂ ਹਲੇ ਦਾ ਦੀਵਾਨ ਤੇ ਸਾਖੀਆਂ ਸੁਣਾਕੇ ਸੰਗਤਾਂ ਨੂੰ ਨਿਹਾਲ ਕੀਤਾ। ਅਜ ਸੋਮਵਾਰ ੨੩-੩-੧੯੫੯ ਨੂੰ ਸੁਭਾ ਆਸਾ ਦੀ ਵਾਰ ਉਚੀਆਂ ਸੁਰਾਂ ਨਾਲ ਲਗੀ ਸਚੇ ਪਾਤਸ਼ਾਹ ਜੀ ਨੇ ਵੀ ਆ ਦਰਸਨ ਦਿਤੇ ਸੋਮਵਾਰ ਕੰਮਾਂ ਤੇ ਜਾਣ ਦਾ ਦਿਨ ਸੀ ਫਿਰ ਵੀ ਕਾਫੀ ਰੌਣਕ ਸੀ ਲੰਗਰ ਵੀ ਸੋਹਣਾ ਤੇ ਚੰਗਾ ਬਲਦਾ ਸੀ,ਸੰਗਤ ਛਕ ਕੇ ਕੰਮੀ ਜਾਂਦੀ ਲੰਗਰ ਦੀ ਸੇਵਾ ਕਰਨ ਤੋਂ ਕੋਈ ਵੀ ਪਿਛੇ ਨਾ ਹਟਦਾ ਦਿਨ ਰਾਤ ਇਕ ਕਰ ਛਡੀ। ਬੀਬੀਆਂ ਮਾਈਆਂ ਨੇ ਜੋ ਇਸ ਹੋਲੇ ਮਹਲੇ ਤੇ ਲੰਗਰ ਦੀ ਸੇਵਾ ਕਰਕੇ ਆਪਣੇ ਧੰਨ ਭਾਗ ਸਮਝੇ।

ਅਜ ਸੋਮਵਾਰ ਸਾਰਾ ਦਿਨ ਦੀਵਾਨ ਸਜਦੇ ਰਹੇ ਸਤਿਗੁਰੂ ਸੇਵਕਾਂ ਦੇ ਘਰੀਂ ਚਰਨ ਪਾਉਣ ਚਲੇ ਗਏ । ਸੂਬਾ ਦਸੌਂਧਾ ਸਿੰਘ ਜੀ ਤੇ ਪੰਡਤ ਗੋਪਾਲ ਸਿੰਘ ਜੀ ਨੇ ਹਲੇ ਦੇ ਦੀਵਾਨ ਵਿਚ ਹੋਲੇ ਦੀ ਮਰਯਾਦਾ ਬਾਰੇ ਬਹੁਤ ਕੁਝ ਦਸਕੇ ਸੁਣਾਕੇ ਰੰਗ ਬੰਨ੍ਹੀ ਰਖਿਆ। ਅਜ ਸ਼ਾਮ ਦੇ ਦੀਵਾਨ ਵਿਚ ਕੀ ਹੋਇਆ ਇਹ ਲਿਖਨਾ ਵੀ ਜਰੂਰੀ ਹੈ। ਦੋ ਭਾਈ ਦੋ ਉਹਨਾਂ ਦੇ ਘਰੋਂ ਬੀਬੀਆਂ ਕੁਝ ਗੰਨਿਆ ਦੇ ਟੁਕੜੇ,ਅੰਬ, ਛਲੀਆਂ, ਸ਼ਕਰਗੰਦੀ, ਸੇਬ, ਸੰਤਰੇ ਅਨਾਨਾਸ ਦੋ ਟੋਕਰਿਆਂ ਵਿਚ ਸੀ ਸਤਿਗੁਰੂ ਜੀ ਦੇ ਅਗੇ ਰਖਕੇ ਮਥਾ ਟੇਕਿਆ ਪਤਾ ਨਹੀਂ ਨਾਲ ਕੌਣ ਸੀ ਨਾਮਧਾਰੀਆ। ਸਤਿਗੁਰੂ ਜੀ ਵੇਖਕੇ ਬੜੇ ਪ੍ਰਸੰਨ ਹੋਏ ਇਕ ਬੋਈ ਖਾਨੇ ਕੂਬੇ ਨੇ ਆਖਿਆ ਸੀਸੀ ਨਾ ਅੰਗਲੀਆ ਵੇ ਵੇ ਸਾਵਾਂ ਸਾਵਾ ਮੁਗੂ ਟੂ ਆਪਾ ਨਾ ਰੋਗੋ ਬਾਨਾ ਮਕੁਬਾ ਮੂਪਾ ਮੀਮੀ ਟਾਮ ਟਾਮ। ਸੇਵਾ ਦਾਰ ਨੇ ਬਦਾਮ ਮਿਸਰੀ ਸਾਉਂਗੀ ਦਿਤੀ ਚਾਰੇ ਪ੍ਰਸ਼ਾਦਿ ਲੈਕੇ ਤੁਰ ਪਏ ਤੇ ਆਖਣ (ਹਾਕੀਆਂ ਮੁਗੂ ਟੂ)ਸੱਚੀ ਹੀ ਸਾਨੂੰ ਸਚਾ ਰੱਬ ਦਿਸਦਾ ਹੈ ਅਜ ਸ਼ਾਮੀ ਚੰਗੀ ਰੌਣਕ ਹੋ ਗਈ ਸੀ। ਪੰਡਾਲ ਸਾਰੇ ਦਾ ਸਾਰਾ ਭਰ ਚੁਕਾ ਸੀ ਜੋ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਆਪ ਕ੍ਰਿਪਾ ਕੀਤੀ ਤੇ ਸੁਣਨ ਵਾਲੇ ਨਿਹਾਲ ਹੋ ਗਏ। ਇਕ ਬੀਬੀ ਨੇ ਜੁਵਾਨ ਆਈ ਤੇ ਸਤਿਗੁਰੂ ਜੀ ਦੇ ਚਰਨ ਫੜ ਕੇ ਉਚੀ ਉਚੀ ਰੋਣ ਲਗ ਪਈ ਉਪਰ ਨੂੰ ਹਥ ਕਰਕੇ ਆਖਿਆ ਸਚੇ ਸਤਿਗੁਰੂ ਜੀ ਮੈਨੂੰ ਪੁਤਰ ਦੀ ਦਾਤ ਬਖਸ਼ੋ ਮੈਨੂੰ ਵੀ(ਮਾਤਾ ਗੰਗਾ ਵਾਗੂੰ) ਮੇਹਣੇ ਵਜਦੇ ਹਨ ਸਚੇ ਪਾਤਸ਼ਾਹ ਮੈਂ ਇਸ ਜਗ ਵਿਚੋਂ ਔਂਤਰੀ ਨਾ ਜਾਵਾਂ ਪੁਤਾਂ ਵਾਲੀ ਹੋਕੇ ਮਰਾਂ। ਘਟ ਘਟ ਦੀ ਜਾਨਣ ਵਾਲੇ ਸਤਿਗੁਰੂ ਜੀ ਕਿਹਾ ਬੀਬੀ ਰੋ ਨਾ ਸਤਿਗੁਰੂ ਰਾਮ ਸਿੰਘ ਜੀ ਭਲੀ ਕਰਨਗੇ ਨਾਮ ਜਪ ਭਜਨ ਕਰ ਬੀਬੀ ਤੂੰ ਭਜਨ ਪੁਛਿਆ ਹੋਇਆ ਕਿ ਨਹੀਂ ? ਬੀਬੀ ਚਰਨਾਂ ਤੇ ਢਹਿ ਪਈ ਕਿਹਾ ਪਾਤਸ਼ਾਹ ਜਦੋਂ ਦੀ ਸੁਰਤ ਸੰਭਾਲੀ ਹੈ ਨਾਮ ਜਪਦੀ ਹਾਂ। ਸੂਬਾ ਦਸੌਂਧਾ ਸਿੰਘ ਜੀ ਤੋਂ ਭਜਨ ਪੁਛਿਆ ਹੋਇਆ ਹੈ ਬੀਬੀ ਭਜਨ ਕਰਿਆ ਕਰ ਇਕ ਅਖੰਡ ਪਾਠ ਕਰਵਾ ਸਤਿਗੁਰੂ ਭਲੀ ਕਰਨਗੇ ਬਾਦ ਵਿਚ ਪਤਾ ਲਗਾ ਕਿ ਬੀਬੀ ਦੇ ਘਰ ਚਾਰ ਪੁਤਰ ਤੇ ਇਕ ਲੜਕੀ ਹੋਏ । ਬਾਦ ਵਿਚ ਬੀਬੀ ਪ੍ਰੀਤਮ ਕੌਰ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਰੌਸ਼ਨੀ ਪਾਦਿਆਂ ਕਿਹਾ ਕਿ ਗੁਰੂ ਰਾਮ ਸਿੰਘ ਜੀ ਨੇ ਸਾਡੀ ਖਾਤਰ ਕੀ ਕੀ ਦੁਖ ਝਲੇ ਅਜਾਦੀ ਦੀ ਖਾਤਰ ਗਊ ਗਰੀਬ ਦੀ ਖਾਤਰ ਕੀ ਕੁਝ ਕੀਤਾ। ਅਪਣੇ ਪ੍ਰਾਨਾਂ ਤੋਂ ਵਧ ਸੰਗਤ ਨੂੰ ਛਡਕੇ ਪ੍ਰਦੇਸ ਜਾ ਬੈਠੇ ਕਿਸ ਵਿਚ ਤਾਕਤ ਸੀ ਸਤਿਗੁਰੂ ਜੀ ਨੂੰ ਫੜ ਸਕੇ ਉਨਾਂ ਦੀ ਅਪਣੀ ਹੀ ਰਜਾ ਤੇ ਖੇਡ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸ੍ਰੀ ਠਾਕੁਰ ਜੀ ਨੇ ਸਾਨੂੰ ਇਥੇ ਕੰਪਾਲੇ ਹੋਲੇ ਸਮੇਂ ਦਰਸ਼ਨ ਦੇਕੇ ਸਾਡੇ ਮਨਾ ਦੀਆਂ ਆਸਾਂ ਪੂਰੀਆਂ ਕੀਤੀਆਂ ਤੇ ਸਾਨੂੰ ਸਭ ਨੂੰ ਵਡਭਾਗੀ ਬਣਾਇਆ। ਸਭ ਸੰਗਤ ਨੂੰ ਲਖ ਲਖ ਵਧਾਈ ਹੋਵੇ। ਬਾਦ ਗਿਆਨੀ ਕੇਸਰ ਸਿੰਘ ਜੀ ਨੇ ਕਲ ਸਵੇਰ ਤੋਂ ਸ਼ਾਮ ਤਕ ਪ੍ਰੋਗ੍ਰਾਮ ਤੀਸਰੇ ਦਿਨ ਦਾ ਦਸਕੇ ਅਰਦਾਸ ਕਰਕੇ ਸਮਾਪਤੀ ਕੀਤੀ। ਸੰਗਤ ਨੇ ਪ੍ਰੀਤੀ ਲੰਗਰ ਛਕਕੇ ਗਰਮੋ ਗਰਮ ਦੁਧ ਵੀ ਛਕਿਆ।

Namdhari Elibrary NamdhariElibrary@gmail.com

ਅਜ ਮੰਗਲ ਵਾਰ ਤੀਸਰਾ ਦਿਨ ਸੁਭਾ ਚਾਰ ਤੋਂ ਸਤ ਵਜੇ ਤਕ ਸੰਤ ਪ੍ਰੀਤਮ ਸਿੰਘ ਜੀ ਪੱਦੀ ਫਗਵਾੜੇ ਵਾਲਿਆਂ ਆਪਨੇ ਜਥੇ ਸਮੇਤ ਵਾਰੇ ਦੀ ਸਕਲ ਵਿਚ ਆਸਾ ਦੀ ਵਾਰ ਲਗਾਈ ਅਕਾਸ਼ ਗੂੰਜਾਊ ਅਵਾਜ ਨਾਲ ਛਕੇ ਸਲੋਕ ਪੜ੍ਹੇ ਜੋ ਇਸੇ ਦੌਰਾਨ ਸੰਤ ਹਰਨਾਮ ਸਿੰਘ ਜੀ ਸੂਬੇ ਦੇ ਘਰੋਂ ਬੀਬੀ ਮਸਤਾਨੀ ਹੋ ਗਈ ਜੋ ਆਪਾ ਹੀ ਭੁਲ ਗਈ ਕਿਉਂਕਿ ਸਾਮ੍ਹਣੇ ਸਿੰਘਾਸਣ ਤੇ ਅਕਾਲ ਪੁਰਖ ਸਤਿਗੁਰੂ ਪ੍ਰਤਾਪ ਸਿੰਘ ਜੀ ਉਚੀ ਉਚੀ ਸਤਿਗੁਰੂ ਰਾਮ ਸਿੰਘ ਜੀ ਨੂੰ ਆਵਾਜਾਂ ਮਾਰ ਰਹੇ ਸਨ ਜਿਹਾ ਕਿ(ਜੀ ਤੁਮ ਘਰ ਆਵੋ ਮੇਰੇ ਮੀਤ) ਨਾਲ ਤਾਊਸ਼ ਵੀ ਵਜਾ ਰਹੇ ਸਨ । ਆਸਾ ਦੀ ਵਾਰ ਦੇ ਸ਼ਬਦ ਤੇ ਛਕੇ ਪੜ੍ਹ ਰਹੇ ਸਨ। ਪਰਲੇ ਪਾਸੇ ਤੋਂ ਉਚੀ ਉਚੀ ਧੰਨ ਗੁਰੂ ਰਾਮ ਸਿੰਘ ਧੰਨ ਗੁਰੂ ਪ੍ਰਤਾਪ ਸਿੰਘ ਸੁਣਾਈ ਦੇ ਰਹੇ ਸਨ ਵੇਖਣ ਵਿਚ ਆਉਂਦਾ ਸੀ ਕਿ ਬਹੁਤ ਸਾਰੇ ਪ੍ਰੇਮੀ ਅੱਖਾ ਵਿਚੋਂ ਹੰਝੂ ਪੂੰਝ ਦੇ ਸਨ ਆਸਾ ਦੀ ਵਾਰ ਦਾ ਭੋਗ ਪੈ ਗਿਆ ਦੁਧ ਪੂਰੀਆਂ ਪਾਰੌਂਉਠੇ ਛਕਾਏ ਗਏ। ਅਜ ਫਿਰ ਸਾਰਾ ਦਿਨ ਦੀਵਾਨ ਚਾਲੂ ਰਿਹਾ ਜੋ ਦਾਸ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿਚ ਦੋ ਕਵਿਤਾ ਪੜ੍ਹੀਆਂ । ਅਜ ਸੰਗੀਤ ਦਰਬਾਰ ਵੀ ਹੋਇਆ ਸਤਿਗੁਰੂ ਜੀ ਨੇ ਸਭ ਨੂੰ ਖੁਸ਼ੀਆਂ ਬਖਸ਼ੀਆਂ । ਸਤਿਗੁਰੂ ਜੀ ਪ੍ਰੇਮੀਆਂ ਦੇ ਘਰੀਂ ਚਰਨ ਪਾਉਣ ਚਲੇ ਗਏ ਜੋ ਠਾਕੁਰ ਜੀ ਵੀ ਨਾਲ ਜਾਂਦੇ ਸਨ। ਸੂਬਾ ਦਸੌਂਧਾ ਸਿੰਘ ਜੀ ਨਗਟ ਵਾਲਿਆਂ ਹਲੇ ਦਾ ਦੀਵਾਨ ਸ਼ੁਰੂ ਕਰ ਦਿਤਾ। ਸਾਧ ਸੰਗਤ ਕਾਫੀ ਵੇਖਣ ਵਿਚ ਆਉਂਦੀ ਸੀ ਜੋ ਹੋਲੇ ਤੇ ਰੌਸ਼ਨੀ ਪਾਈ ਸਤਿਗੁਰੂ ਬਾਲਕ ਸਿੰਘ ਦਾ ਜੀਵਨ ਦਸਿਆ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਰੋਸ਼ਨੀ ਪਾਦਿਆਂ ਦਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਸਿਖੀ ਦੀ ਹਾਲਤ ਤਟਸ ਜੋਗ ਤੇ ਡਾਵਾਂ ਡੋਲ ਹੋ ਗਈ ਸੀ। ਜਿਵੇਂ ਮੰਝਧਾਰ ਵਿਚ ਮਲਾਹ ਤੋਂ ਬਿਨਾਂ ਬੇੜੀ ਪਾਣੀ ਵਿਚ ਡਾਵਾਂ ਡੋਲ ਤੇ ਗੋਤੇ ਖਾਂਦੀ ਦਿਸਦੀ ਹੈ ਇਸੇ ਤਰਾਂ ਸਿਖੀ ਦੀ ਹਾਲਤ ਹੋ ਗਈ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਆਕੇ ਜੋ ਸਿਖ ਬਾਣੀ ਪੜ੍ਹਨੀ, ਪਾਠ ਕਰਨੇ, ਦੀਵਾਨ ਲਾਉਣੇ, ਕੀਰਤਨ ਕਰਨਾ ਸ਼ਬਦ ਪੜ੍ਹਨੇ ਭੁਲ ਗਏ ਸਨ ਇਥੋਂ ਤਕ ਕਿ ਸ੍ਰੀ ਆਦਿ ਗਰੰਥ ਸਾਹਿਬ ਦੀਆਂ ਬੀੜਾਂ ਅਲਮਾ-ਰੀਆਂ ਤੇ ਆਲਿਆਂ ਵਿਚ ਬੰਦ ਸੀ ਪਈਆਂ ਨੂੰ ਸਿਓਂਕ ਲਗ ਗਈ ਵਰਕੇ ਚੂਹੇ ਕੁਤਰ ਗਏ ਕਿਸੇ ਸਿੰਘ ਨੇ ਖਿਆਲ ਤਕ ਨਾ ਕੀਤਾ ਸਭ ਗੁਰਦਵਾਰੇ ਬੰਦ ਸਨ ਪਿੰਡਾਂ ਵਿਚ ਲੋਕੀਂ ਮਾਸ ਸ਼ਰਾਬ ਦੇ ਨਸ਼ੇ ਵਿਚ ਘੂਕ ਸੁਤੇ ਪਏ ਸਨ ਗੁਰਦਵਾਂਰਿਆ ਦੇ ਪੁਜਾਰੀ ਭਾਈ ਓਹ ਵੀ ਅਪਣਾ ਮੌਜ ਮੇਲਾ ਕਰ ਛਡਦੇ ਸੀ ਕੌਣ ਰੋਕੇ ਕੋਈ ਸਿਖਾਂ ਦੇ ਸਿਰ ਤੇ ਦੇਹਧਾਰੀ ਗੁਰੂ ਨਹੀਂ ਸੀ ਜੋ ਰੋਕਦਾ ਜਾਂ ਵਰਜਦਾ ਇਹੋ ਜੇਹੀ ਸਿਖੀ ਦੀ ਹਾਲਤ ਵੇਖਕੇ ਗੁਰੂ ਰਾਮ ਸਿੰਘ ਜੀ ਨੇ ਕੁਛ ਸੇਵਕ ਨਾਲ ਲੈਕੇ ਪਿੰਡੋਂ ਪਿੰਡ ਦੌਰਾ ਕੀਤਾ ਤੇ ਬੀੜਾਂ ਨੂੰ ਅਪਣੇ ਦਸਤਾਰੇ ਦੇ ਪਲੇ ਨਾਲ ਸਾਫ ਕਰਨਾ,ਪੀੜੇ ਸਾਹਿਬ ਧੋਕੇ ਕਪੜੇ ਨਾਲ ਸਾਫ ਕਰਕੇ ਆਦਿ ਗਰੰਥ ਸਾਹਿਬ ਦੀ ਬੀੜ ਪ੍ਰਕਾਸ਼ ਕਰਨੀ,ਸ਼ਬਦ ਪੜ੍ਹਨੇ,ਬਾਣੀ ਪੜ੍ਹਨੀ ਸਭ ਨੂੰ ਹੁਕਮ ਕਰਨਾ। ਸੂਬਾ ਜੀ ਤੋਂ ਬਾਦ ਪੰਡਤ ਗੋਪਾਲ ਸਿੰਘ ਜੀ ਨੇ ਹੋਲੇ ਮਹਲੇ ਦੀ ਜਾਣਕਾਰੀ ਕਰਵਾਉਂਦਿਆਂ ਹੋਰ ਕਈ ਸਾਖੀਆਂ ਸੁਣਾਈਆਂ ਕਿ ਸਾਡੇ ਗੁਰਪੁਰਬ ਹੋਲੇ ਮਹਲੇ ਮਨਾਉਣ ਦਾ ਤਾਂ ਹੀ ਲਾਭ ਹੈ ਜੇ ਅਸੀਂ ਮਾਸ ਸ਼ਰਾਬ ਛਡਕੇ ਗੁਰੂ ਵਾਲੇ ਬਣੀਏ ਸਮਾਪਤੀ ਤੋਂ ਬਾਦ ੨੦-੨੨ ਪ੍ਰਾਣੀਆਂ ਨੇ ਇਨਾਂ ਭੈੜੀਆਂ ਤੇ ਮੈਲੀਆਂ ਚੀਜਾਂ ਦਾ ਤਿਆਗ ਕੀਤਾ ਭਜਨ ਪੁਛਕੇ ਅੰਮ੍ਰਿਤ ਵੀ ਛਕਿਆ। ਦਿਨ ਦੇ ਦੌਰਾਨ ਸਤਿਗੁਰੂ ਜੀ ਸੇਵਕਾਂ ਦੇ ਘਰੀਂ ਚਰਨ ਪਾਉਣ ਜਾਂਦੇ ਤੇ ਕਈ ਫਾਰਮ ਵੀ ਵੇਖਣ ਜਾਂਦੇ।

ਅਜ ਬੁਧਵਾਰ ਚਾਉਥੇ ਦਿਨ ਵੀ ਚਾਰ ਤੋਂ ਸਤ ਵਜੇ ਤਕ ਆਸਾ ਦੀ ਵਾਰ ਲਗੀ ਕਦੀ ਵਾਰਾ ਲਗਦਾ ਕਦੀ ਆਸਾ ਦੀ ਵਾਰ ਬੈਕੁੰਠ ਬਣਿਆ ਰਹਿੰਦਾ ਦਿਨੋ ਦਿਨ ਸੰਗਤ ਕਾਫੀ ਹੁੰਦੀ ਗਈ। ਪੰਡਾਲ ਵੀ

Namdhari Elibrary NamdhariElibrary@gmail.com

ਜੋ ੧੫੦ ਫੁਟ ਤੇ ੭੫ ਫੁਟ ਦਾ ਸੀ ਸ਼ਾਮ ਨੂੰ ਭਰ ਜਾਂਦਾ ਸੀ ਅਜ ਸੰਗਤ ਨੇ ਸਤਿਗੁਰੂ ਜੀ ਨਾਲ ਪੰਡਾਲ ਦੇ ਮੋਹਰੇ ਬਣੇ ਗੇਟ ਕੋਲ ਫੋਟੋਆਂ ਲਵਾਹੀਆਂ ਕੈਮਰਿਆਂ ਵਾਲੇ ਬੇਅੰਤ ਸਨ। ਅਜ ਦਾ ਦਿਨ ਵੀ ਸੰਗਤਾਂ ਵਾਸਤੇ ਬੜਾ ਖੁਸ਼ੀਆਂ ਭਰਿਆ ਸਮਾਪਤ ਹੋਇਆ ਕਲ ਨਾਲੋਂ ਅਜ ਸੰਗਤ ਕਾਫੀ ਸੀ ਜੋ ਪੰਡਾਲ ਦੇ ਤਿੰਨੀ ਪਾਸੀਂ ਖੜੀ ਸੀ। ਸੂਬਾ ਦਸੌਂਧਾ ਸਿੰਘ ਜੀ ਤੇ ਪੰਡਤ ਗੋਪਾਲ ਸਿੰਘ ਜੀ ਨੇ ਕਰਮ ਵਾਰ ਦੀਵਾਨ ਲਗਾਕੇ ਸੰਗਤ ਨੂੰ ਬਹੁਤ ਸਾਰੀ ਜਾਣਕਾਰੀ ਕਰਵਾਈ ਤੇ ਸੰਗਤ ਵਿਚੋਂ ਵਾਹ ਸਤਿ-ਗੁਰੂ ਪ੍ਰਤਾਪ ਸਿੰਘ ਜੀ ਧੰਨ ਹੈ। ਅਜ ਇਕ ਸਿਖ ਰੰਗੀ ਪੱਗ ਵਾਲਾ ਕੋਟ ਪਿੰਟ ਪਾਈ ਸੀ ਸਿਰ ਤੋਂ ਪੱਗ ਲਾਹਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਰਖਕੇ ਬੇਨਤੀ ਕੀਤੀ ਸਚੇ ਪਾਤਸ਼ਾਹ ਮੈਂ ਅਜ ਤੋਂ ਨਾਮ-ਧਾਰੀ ਪਹਿਰਾਵਾ ਪਾਵਾਂਗਾ ਮਿਹਰ ਕਰੋ ਸਿਰ ਤੇ ਹਥ ਰਖੋ ਬਖਸ਼ਿਸ਼ ਕਰੋ ਮੈਂ ਆਪ ਜੀ ਦੇ ਲੜ ਲਗਾ ਰਵਾਂ ਭਜਨ ਮੈਂ ਪੁਛ ਲਿਆ ਹੈ ਸੂਬਾ ਦਸੌਂਧਾ ਸਿੰਘ ਜੀ ਤੋਂ ਸਤਿਗੁਰੂ ਜੀ ਨੇ ਥਾਪੀ ਦਿਤੀ ਕਿਹਾ ਭਜਨ ਤਕੜਾ ਹੋਕੇ ਕਰੀ ਜਾ। ਅਜ ਸਤਿਗੁਰੂ ਜੀ ਬੜੇ ਖੁਸ਼ ਨਜਰ ਆ ਰਹੇ ਸਨ ਜਿਵੇਂ ਕਿ ਅਖੀਰਲਾ ਅਫਰੀਕਾ ਦਾ ਦੌਰਾ ਤੇ(ਹੋਲਾ ਮਹਲਾ) ਵੇਖਕੇ ਖੁਸ਼ ਸਨ। ਜਾਣੀ ਜਾਣ ਸਤਿਗੁਰੂ ਪ੍ਰਤਾਪ ਸਿੰਘ ਜੀ ਹਰੇਕ ਨਾਲ ਅਖੀਰਲਾ ਪਿਆਰ ਪਾ ਰਹੇ ਸਨ। ਨੌ ਵਜੇ ਸਮਾਪਤੀ ਤੇ ਅਰਦਾਸ ਕਰਕੇ ਸੰਗਤ ਲੰਗਰ ਛਕ ਕੇ ਗਈ। ਅਜ ਦੀ ਰਾਤ ਦਾ ਅਖੀਰਲਾ ਦੀਵਾਨ ਹੋਲੇ ਮਹਲੇ ਦਾ ਕੰਪਾਲੇ ਵਿਚ ਸੀ ਜੋ ਸੰਗਤ ਬਹੁਤ ਸਾਰੀ ਬਾਹਰੋਂ ਆਈ ਹੋਈ ਸੀ।

੨੯-੩-੫੯ ਵੀਰਵਾਰ ਪੰਜਵੇਂ ਦਿਨ ਦੀ ਅਖੀਰਲੀ ਆਸਾ ਦੀ ਵਾਰ ਜੀ ਸਭ ਨੇ ਰਲਕੇ ਲਾਈ ਜੋ ਸੁਣਨ ਵਾਲੇ ਸਨ ਵਾਹ ਵਾਹ ਕਹਿ ਰਹੇ ਸਨ। ਅਜ ਹੀ ਪਾਠਾਂ ਦੇ ਭੋਗ ਵੀ ਪੈਣੇ ਸਨ। ਕਿਉਂਕਿ ਰਾਤ ਦਾ ਦੀਵਾਨ ਜੀਜੇ ਲਗਨਾ ਸੀ ਜੋ ਪਾਠਾਂ ਦਾ ਵੇਰਵਾ ਇਸ ਪ੍ਰਕਾਰ ਹੈ। ਨਰੋਬੀ ਦੀ ਸੰਗਤ ਵਲੋਂ ੪੦,ਕਸੂਮੋਂ ਤੋਂ ੧੫,ਕਟਾਲੀ ਤੋਂ ੧੨- ਨਕੋਰੋ ਤੇ ਥਮਸਨ ਫਾਲ ਤੋਂ ੧੧. ਮੰਬਾਲੀ ਤੋਂ ੨੦, ਜੀਜੇ ਤੋਂ ੭ ਕੰਪਾਲੇ ਤੋਂ ੩੮- ਐਲਡੋ-ਰੇਟ ਤੋਂ ੮- ਕੁਲ ਜੋੜ ੧੫੧ ਸ੍ਰੀ ਗੁਰੂ ਦਸਮ ਗਰੰਥ ਦੇ ਭੋਗ ਨਰੋਬੀ ਤੋਂ ੩, ਸਾਰੇ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸਨ ਨਮਿਤ ਜੋ ਕੰਪਾਲੇ ਹੋਲੇ ਮਹਲੇ ਤੇ ੨੯-੩-੧੯੫੯ ਨੂੰ ਪਾਏ ਗਏ ਸਨ। ਅਜ ਕੜਾਹ ਪ੍ਰਸ਼ਾਦਿ ਦੇ ਖੁਲੇ ਗਫੇ ਮਿਲਦੇ ਸਨ ਤੇ ਲੰਗਰ ਵੀ ਕਈ ਪ੍ਰਕਾਰ ਦਾ ਬਣਾ-ਇਆ ਗਿਆ ਸੀ ਲੰਗਰ ਛਕ ਕੇ ਕਈ ਸਜਣ ਪਹਿਲਾਂ ਹੀ ਜੀਜੇ ਨੂੰ ਤੁਰ ਗਏ ਸਨ ਲੰਗਰ ਤੇ ਦੀਵਾਨ ਦਾ ਬੰਦੋਬਸਤ ਵੀ ਕਰਨਾ ਸੀ। ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਠਾਕਰ ਜੀ ਸੰਗਤ ਸਮੇਤ ਜੀਜੇ ਨੂੰ ਜਾਣ ਵਾਸਤੇ ਤਿਆਰ ਸਨ ਕਿਉਂ-ਕਿ ਅਜ ਸ਼ਾਮ ਦਾ ਦੀਵਾਨ ਜੀਜੇ ਦੀ ਸੰਗਤ ਨੂੰ ਮਿਲਿਆ ਸੀ। ਸਤਿਗੁਰੂ ਜੀ ਦੇ ਚਾਰੇ ਪਾਸੀਂ ਸੰਗਤ ਨੇ ਘੇਰਾ ਪਾ ਲਿਆ ਜਿਵੇਂ ਚੰਦ ਤੇ ਦੁਵਾਲੇ ਤਾਰੇ ਹੁੰਦੇ ਹਨ। ਸਚੇ ਪਾਤਸ਼ਾਹ ਜੀ ਦੇ ਬੈਠਾਣ ਵਾਸਤੇ ਇਕ ਸੁਚੀ ਚਾਦਰ ਵਛਾਈ ਗਈ ਸਚੇ ਪਾਤ-ਸ਼ਾਹ ਜੀ ਬੈਠ ਗਏ। ਚਰਨੀਂ ਹਥ ਲਾਉਣਾ ਬੰਦ ਕਰ ਦਿਤਾ। ਬਾਬੂ ਕਿਸ਼ਨ ਸਿੰਘ ਜੀ ਨੇ ਬੇਨਤੀ ਕੀਤੀ ਸਚੇ ਪਾਤਸ਼ਾਹ ਜੀ ਸਾਨੂੰ ਕੰਪਾਲੇ ਦੀ ਸੰਗਤ ਨੂੰ ਕੀ ਹੁਕਮ ਹੈ? ਸਤਿਗੁਰੂ ਜੀ ਬਚਨ ਕੀਤਾ ਬਾਬੂ ਜੀ ਹੁਕਮ ਤਾਂ ਸਤਿਗੁਰੂ ਰਾਮ ਸਿੰਘ ਜੀ ਦਾ ਹੈ ਅਸੀਂ ਤਾਂ ਅਗੇ ਸੁਨੇਹਾ ਦੇਣ ਵਾਲੇ ਹਾਂ,ਸੋ ਇਸ ਤਰਾਂ ਕਰਨੀ ਜਿਸ ਕੋਲ ਦੋ ਜਾ ਤਿੰਨ ਮਕਾਨ ਹਨ ਇਕ ਰਖੋ ਸਮਾ ਬਹੁਤ ਖਰਾਬ ਆ ਰਿਹਾ ਹੈ। ਹੁਣ ਗਿਆਨੀ ਕੇਸਰ ਸਿੰਘ ਜੀ ਨੇ ਗਲ ਵਿਚ ਛੋਟੀ ਰਮਾਲੀ ਪਾਈ ਹੋਈ ਹੈ ਅੱਖਾਂ ਵਿਚੋਂ ਹੰਝੂ ਡਿਗ ਡਿਗ ਪੈਂਦੇ ਹਨ। ਬੇਨਤੀ ਕੀਤੀ ਸਚੇ ਪਾਤ-ਸ਼ਾਹ ਜੀ ਗਰੀਬ ਨਿਵਾਜ ਹੁਣ ਛੇਤੀ ਦਰਸਨ ਦੇਣ ਦੀ ਕ੍ਰਿਪਾ ਕਰਨੀ ਹੁਣ ਕਦੋਂ ਆਵੋਗੇ? ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਅਲਾਹੀ ਰੰਗ ਵਿਚ ਬੋਲੇ ਗਿਆਨੀ ਜੀ ਹੁਣ ਸਾਡੀ ਜਗ੍ਹਾ ਵਡੇ ਕਾਕਾ ਜੀ

Namdhari Elibrary NamdhariElibrary@gmail.com

ਆਉਣਗੇ(ਭਾਵ ਕਿ ਹੁਣ ਗੁਰੂ ਰੂਪ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਆਉਣਗੇ) ਇਹ ਗਲਾਂ ੨੬-੩-੫੯ ਵੀਰਵਾਰ ਮਾਰਚ ਦੀਆਂ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਇੰਡੀਆ ਆਣਕੇ ਸਤ ਮਹੀਨੇ ਬਾਦ ੨੧-੨੨ ਅਗਸਤ ਪੰਜ ਛੇ ਭਾਦਰੋਂ ਨੂੰ ਸ੍ਰੀਭੈਣੀਸਾਹਿਬ ਜੋਤੀ ਜੋਤ ਸਮਾ ਗਏ ਸਨ। ਜੋ ਪੰਜ ਛੇ ਭਾਦਰੋਂ ਦਾ ਦਿਨ ਸੁਣਕੇ ਸੰਗਤਾਂ ਬਿਆਕੁਲ ਹੋ ਗਈਆਂ ਜੋ ਕਲਮ ਲਿਖ ਵੀ ਨਹੀਂ ਸਕਦੀ।

ਅਜ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਠਾਕਰ ਜੀ ਜੀਜੇ ਆ ਦਰਸ਼ਨ ਦਿਤੇ ਜੋ ਦੀਵਾਨ ਗੁਰਦੁਵਾਰੇ ਸਜਿਆ ਹੋਇਆ ਸੀ ਸੂਬਾ ਦਸੌਂਧਾ ਸਿੰਘ ਜੀ ਨੇ ਹਲੇ ਦਾ ਦੀਵਾਨ ਲਾਕੇ ਦਸਿਆ ਕਿ ਹੋਲਾ ਕਿਥੋਂ ਚਾਲੂ ਹੋਇਆ,ਗੁਰੂ ਗੋਬਿੰਦ ਸਿੰਘ ਜੀ ਨੇ ਸਿਖੀ ਦੀ ਖਾਤਰ ਕੀ ਕੀ ਤਕਲੀਫਾਂ ਝਲੀਆਂ ਸਿਖੀ ਤੇ ਧਰਮ ਦੀ ਖਾਤਰ ਚਾਰੇ ਸਾਹਿਬਜਾਦੇ ਮਾਤਾ ਪਿਤਾ ਕੁਰਬਾਨ ਕਰ ਦਿਤੇ ਸਿਖੋ ਮਾਸ ਸ਼ਰਾਬ ਛਡੋ ਭਜਨ ਪੁਛੋ। ਇਸਤੋਂ ਬਾਦ ਗੁਰੂ ਰਾਮ ਸਿੰਘ ਜੀ ਨੇ ਸਿਖੀ ਮੁਰਝਾਈ ਹੋਈ ਨੂੰ ਫਿਰ ਤੋਂ ਨਾਮ ਬਾਣੀ ਪੜਨ ਲਾਇਆ,ਹੋਲੇ ਗੁਰਪੁਰਬ ਕੀਰਤਨ ਕਰਨਾ ਦਸਿਆ ਸਿਖੀ ਨੂੰ ਫਿਰ ਨਾਮ ਬਾਣੀ ਦੇ ਜਲ ਰੂਪੀ ਛੱਟੇ ਮਾਰਕੇ ਸੁਰਜੀਤ ਤੇ ਹਰਿਆ ਭਰਿਆ ਕੀਤਾ। ਸੂਬਾ ਜੀ ਤੋਂ ਬਾਦ ਪੰਡਤ ਗੋਪਾਲ ਸਿੰਘ ਜੀ ਨੇ ਦੀਵਾਨ ਸ਼ੁਰੂ ਰਖਿਆ ਕਈ ਸਾਖੀਆਂ ਗੁਰੂਆਂ ਦੇ ਥੋੜੇ ਥੋੜੇ ਪ੍ਰਮਾਣ ਦੇਕੇ ਦਸਿਆ ਕਿ ਜਿਨੇ ਵੀ ਗੁਰੂ ਜਾਂ ਉਹਨਾਂ ਦੇ ਭਗਤ ਹੋਏ ਕਿਸੇ ਨੇ ਵੀ ਮਾਸ ਸ਼ਰਾਬ ਨੂੰ ਚੰਗਾ ਨਹੀਂ ਸਮਝਿਆ। ਮਾਸ ਮਿਲਦਾ ਹੈ ਤਾਂ ਮਰੇ ਹੋਏ ਪਸ਼ੂ ਦਾ ਜਾਂ ਬਕਰੀ ਭੇਡ ਜਾ ਜਾਨਵਰ ਦਾ ਮਰੀ ਹੋਈ ਵਸਤੂ ਨੂੰ ਕੌਣ ਖਾਂਦਾ ਹੈ ਆਪ ਸਮਝ ਸਕਦੇ ਹੋ। ਗੁਰੂ ਦੇ ਸਿਖੋ ਇਹ ਬੰਦਿਆਂ ਦਾ ਖਾਜਾ ਨਹੀਂ ਹੈ। ਇਨਾਂ ਭੈੜੀਆਂ ਤੇ ਮੈਲੀਆਂ ਚੀਜਾਂ ਦਾ ਤਿਆਗ ਕਰੋ। ਮਾਸ ਸ਼ਰਾਬ ਛਡੋ,ਗੁਰੂ ਵਾਲੇ ਬਣੋ, ਭਜਨ ਪੁਛੋ ਅੰਮ੍ਰਿਤ ਛਕੋ ਗੁਰੂ ਗੋਬਿੰਦ ਸਿੰਘ ਗੁਰੂ ਰਾਮ ਸਿੰਘ ਜੀ ਦੇ ਸਿਖ ਬਣੋ। ਨੋ ਵਜੇ ਅਰਦਾਸ ਕਰਕੇ ਦੀਵਾਨ ਦੀ ਸਮਾ-ਪਤੀ ਕੀਤੀ ਗਈ। ਅਜ ਸ਼ੁਕਰਵਾਰ ੨੭ ਮਾਰਚ ਨੂੰ ਆਸਾ ਦੀ ਵਾਰ ਹੀ ਲਗੀ ਜੋ ਸਭ ਨੇ ਰਲਕੇ ਲਾਈ ਸੀ। ਦਸ ਵਜੇ ਇਥੇ ਚੋਣ ਹੋਈ ਸੰਤ ਪ੍ਰੀਤਮ ਸਿੰਘ ਜੀ ਜੰਡੂ ਮੰਬਾਲੀ ਵਾਲੇ(ਜੋ ਦਾਸ ਦੇ ਮਾਮਾ ਜੀ)ਸਨ ਉਹਨਾਂ ਨੂੰ ਸੂਬੇ ਦੀ ਪੱਦਵੀ ਦਿਤੀ ਗਈ। ਸੈਕਟਰੀ ਦਾ ਮਾਣ ਗਿਆਨੀ ਕੇਸਰ ਸਿੰਘ ਜੀ ਨੂੰ ਦਿਤਾ ਜੋ ਸੰਗਤ ਵਿਚ ਜੈਕਾਰਾ ਛਡਿਆ ਗਿਆ। ਦੁਧ ਪੂਰੀਆਂ ਪਰੌਉਂਠੇ ਛਕ ਕੇ ਸਭ ਸੰਗਤ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਜੀਜੇ ਤੋਂ ਵਿਦਾ ਕੀਤਾ ਜੋ ਹੋਲੇ ਮਹਲੇ ਦਾ ਪ੍ਰੋਗ੍ਰਾਮ ਸੰਪੂਰਨ ਹੋ ਚੁਕਾ ਸੀ।

ਸਤਿਗੁਰੂ ਜੀ ਕਾਰਾਂ ਰਾਹੀਂ ਕਸੂਮੋ ਆ ਗਏ। ਦਾਸ ਸਾਥੀਆਂ ਸਮੇਤ ਨਕੋਰੋ ਆ ਗਿਆ ਦੀਵਾਨ ਤੇ ਲੰਗਰ ਦਾ ਵੀ ਇੰਤਜਾਮ ਕਰਨਾ ਜਰੂਰੀ ਸੀ। ਕਸੂਮੋ ਦੀ ਸੰਗਤ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਠਾਕੁਰ ਜੀ ਦਾ ਨਿਘਾ ਸੁਆਗਤ ਕਰਕੇ ਫੁਲਾਂ ਦੇ ਹਾਰ ਪਾਏ ਰਾਤੀਂ ਦੀਵਾਨ ਗੁਰਦੁਵਾਰੇ ਲਗਾ ਛੇ ਤੋਂ ਨੌ ਤਕ ਸੂਬਾ ਜੀ ਤੇ ਪੰਡਤ ਜੀ ਨੇ ਸੰਗਤਾਂ ਨੂੰ ਸਾਖੀਆਂ ਤੇ ਪ੍ਰਸੰਗ ਸੁਣਾਕੇ ਨਿਹਾਲ ਕਰ ਦਿਤਾ। ਜੋ ਦਸ ਸਰੀਰਾਂ ਨੇ ਭਜਨ ਪੁਛਿਆ ਸੁਭਾ ੨੮ ਮਾਰਚ ਨੂੰ ਆਸਾ ਦੀ ਵਾਰ ਲਾਕੇ ਸਤਿਗੁਰੂ ਜੀ ਤੇ ਠਾਕੁਰ ਜੀ ਸੇਵਕਾਂ ਦੇ ਘਰੀਂ ਚਰਨ ਪਾਕੇ ਸ਼ਾਮ ਨੂੰ ਸਾਢੇ ਪੰਜ ਵਜੇ ਸਾਡੇ ਸ਼ਹਿਰ ਨਕੋਰੋ ਆ ਦਰਸਨ ਦਿਤੇ ਨਕੋਰੋ ਤੋਂ ਦੋ ਮੀਲ ਦੇ ਫਾਸਲੇ ਤੇ ਸੁਆਗਤ ਕੀਤਾ ਗਿਆ ਫੁਲਾਂ ਦੇ ਹਾਰ ਪਾਕੇ ਫੁਲਾਂ ਦੀ ਵਰਖਾ ਕੀਤੀ। ਜੋ ਦੀਵਾਨ ਗੁਰਦੁਵਾਰੇ ਨਾਨਕ ਹਾਲ ਵਿਚ ਲਗਾ ਸੀ ਸੰਗਤ ਇਥੇ ਵੀ ਕਾਫੀ ਹੋ ਗਈ ਸੀ ਸੂਬਾ ਜੀ ਤੇ ਪੰਡਤ ਜੀ ਨੇ ਮਾਸ ਸ਼ਰਾਬ ਤੇ ਬਹੁਤ ਸਾਰੇ ਵਿਖਿਆਨ ਦੇਕੇ ਆਖਿਆ ਕਿ ਗੁਰ ਸਿਖੋ ਮੈਲੀਆਂ ਚੀਜਾਂ ਜੋ ਗੁਰੂ ਘਰਾਂ ਵਿਚੋਂ ਨਿੰਦੀਆਂ ਤੇ ਫਟਕਾਰੀਆਂ ਗਈਆਂ ਹਨ ਨਾ ਖਾਇਆ ਕਰੋ। ਭਜਨ ਪੁਛੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨੀ ਮਥਾ ਟੇਕੋ ਅਗੋਂ ਵਾਸਤੇ ਨਾ ਖਾਣ ਦਾ ਪ੍ਰਣ ਕਰੋ, ਜੋ ਬਾਰਾਂ ਬੰਦੇ ਤੇ ਛੇ ਮਾਈਆਂ ਬੀਬੀਆਂ ਨੇ ਮਾਸ

ਸ਼ਰਾਬ ਨਾ-ਵਰਤਨ ਦੀ ਕਸਮ ਖਾਧੀ ਨੌ ਵਜੇ ਦੀਵਾਨ ਦੀ ਸਮਾਪਤੀ ਕਰਕੇ ਸੰਗਤ ਨੂੰ ਲੰਗਰ ਛਕਾਇਆ ਗਿਆ ਜਲੇਬੀਆਂ ਗੁਲਾਬ ਜਾਮਨਾਂ ਵੀ ਵਰਤਾਈਆਂ ਗਈਆਂ।

ਅਜ ੨੮ ਮਾਰਚ ਸੁਭਾ ਆਸਾ ਦੀ ਵਾਰ ਲਾਕੇ ਸਤਿਗੁਰੂ ਜੀਤੇ ਠਾਕੁਰ ਜੀ ਸੇਵਕਾਂ ਦੇ ਘਰੀਂ ਚਰਨ ਪਾਕੇ ਤੇ ਜਲ ਪਾਨ ਕਰਕੇ ਸੇਵਕਾਂ ਸਮੇਤ ਗਿਆਰਾਂ ਵਜੇ ਨਰੋਬੀ ਨੂੰ ਚਲੇ ਗਏ। ਏਹ ਹੋਲੇ ਮਹਲੇ ਦਾ ਕੁਛ ਹਾਲ ਤੇ ਸਤਿਗੁਰੂ ਪਾਤਸ਼ਾਹ ਜੀ ਦੇ ਦਰਸ਼ਨ ਅਖੀਰਲੇ ਸਨ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਹਮੇਸ਼ਾਂ ਸਾਡੇ ਦਿਲਾਂ ਵਿਚ ਤੜਕਦੀ ਰਹੇਗੀ ਸਤਿਗੁਰੂ ਜੀ ਨਰੋਬੀ ਦਰਸ਼ਨ ਦੇਕੇ ਵਾਪਸ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਮੁੜ ਸਤਿਗੁਰੂ ਜੀ ਦੇ ਦਰਸ਼ਨ ਨਾ ਹੋ ਸਕੇ ਜੋ ਪੰਜ ਭਾਦਰੋਂ ਦਾ ਕਾਲਾ ਦਿਨ ਨਾਮਧਾਰੀਆਂ ਨੂੰ ਹਮੇਸ਼ਾਂ ਯਾਦ ਰਹੇਗਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੌਤਕ ਬੇਅੰਤ ਹਨ ਜੋ ਲਿਖੇ ਨਹੀਂ ਜਾਂਦੇ।

ਪ੍ਰੀਤਮ ਪ੍ਰਤਾਪੀ ਜੀ ਦੀ ਕਥਾ ਹੀ ਨਿਰਾਲੀ ਸੀ

ਸ਼ਿੰਗਾਰਾ ਸਿੰਘ ਜੀ 'ਸ਼ਿੰਗਾਰ' ਸੰਤ ਨਗਰ

ਆਪਣੇ ਖਿਆਲ ਵਿਚ ਜਗ ਰੁਸ਼ਨਾਈ ਵਿਚ, ਪ੍ਰੀਤਮ ਪ੍ਰਤਾਪੀ ਜੀ ਦੀ ਕਥਾ ਹੀ ਨਿਰਾਲੀ ਸੀ!
ਧੁਰ ਦਰਗਾਹ ਤੋਂ ਆਪੀ ਲੈਕੇ ਜੋ ਆਏ ਵਥ, ਬੜੀ ਹੀ ਸੁਚਜਤਾ ਦੇ ਨਾਲ ਓਹ ਸੰਭਾਲੀ ਸੀ।
ਅਣਖ ਅਤੇ ਆਨ ਸ਼ਾਨ ਗੌਰਵਤਾ ਦਾ ਉਚਾ ਪੰਥ, ਰਹਿਣ ਬਹਿਣ ਸਹਿਣ ਸੀਲ ਸੰਜਮ ਸੰਭਾਲੀ ਸੀ।
ਹਿਰਦਾ ਵਿਸ਼ਾਲ ਤੇ ਚੁੜੱਤਣ ਅਕਾਸ਼ ਵਤ, ਪ੍ਰੀਤਾਂ ਦਾ 'ਸ਼ਿੰਗਾਰ' ਪ੍ਰੇਮੀ ਪ੍ਰਿਤਪਾਲੀ ਸੀ।
ਸੁਚ ਸੋਧ ਨਾਮ ਅਤੇ ਬਾਣੀ ਦਾ ਪ੍ਰਵਾਹ ਤੋਰ, ਐਸ ਕਲੂ ਕਾਲ ਵਿਚ ਰਚਨਾ ਰਚਾਈਏ।
ਢਹਿੰਦੀਆਂ ਜੋ ਕਲਾਂ ਵਿਚੋਂ ਫੜ ਫੜ ਜੀਆਂ ਤਾਈਂ, ਲਿਆ ਹੈ ਉਭਾਰ ਸਦਾਚਾਰ ਦਿਖਲਾਈਏ।
ਈਰਖਾ ਦਵੈਤੀਆਂ ਨੇ ਬੇਸ਼ਕ ਡਰੱਪੀ ਛਡੀ, ਅਗੋਂ ਸਹਿਣ ਸ਼ੀਲ ਰੀਤ ਏਹ ਵਿਖਾਈਏ।
ਸੰਤਾਂ ਦੀ ਰਾਖੀ ਅਤੇ ਦੇਸ਼ ਪ੍ਰੇਮ ਚਿਤ ਵਿਚ, ਭਾਰਤੀ 'ਸ਼ਿੰਗਾਰ' ਹੀ ਸੰਭਾਰ ਮਨ ਭਾਈਏ।
ਸਾਮਰਾਜ ਗੁਥੀ ਵਿਚੋਂ ਡੰਗ ਮਾਰੇ ਬਿਛੂਆਂ ਨੇ, ਜਹਿਰੀਆਂ ਨੇ ਰਲ ਨਦੀ ਜਹਿਰ ਦੀ ਵਗਾ ਦਈ।
ਝੋਕ ਝੋਕ ਬਾਲਣ ਤੇ ਅਗ ਦੇ ਭਬਾਕੇ ਕਢ, ਆਫ਼ ਕਰਲਾਂਦੀ ਆਹ ਤੂਫਾਨੀ ਘਟਾ ਛਾ ਗਈ।
ਭੜ ਭੜ ਅਗਨ ਵਹੇ ਹਿਵਧਾਰ ਵਿਚੋਂ, ਛਡ ਛਡ ਲਾਟਾਂ ਕਦੀ ਤਵੀ ਨੂੰ ਸੀ ਤਾਂ ਗਈ।
ਐਪਰ 'ਸ਼ਿੰਗਾਰ' ਸਤਿਗੁਰੂ ਪ੍ਰਤਾਪ ਸਿੰਘ, ਹਿਰਦੇ ਦੁਆਲੇ ਕਾਰ ਨਾਮ ਬਾਣੀ ਪਾ ਲਈ।
ਰਹੇ ਅਡੋਲ ਡੋਲੇ ਮੂਲ ਨਾ ਸ਼ੂਕਾਟੀਆਂ ਤੋਂ, ਬੇਸ਼ਕ ਵਿਸਾਹ ਘਾਤੀ ਜੁਲਮ ਵੀ ਕਮਾਂਦੇ ਰਹੇ।
ਰੋਜ ਦੀਆਂ ਗੋਂਦਾਂ ਖਰਦੂਖਨ ਪਏ ਗੁੰਦਦੇ ਸੀ, ਰੋਜ ਨਵੇਂ ਸਿਰੇ ਮਾਰੂ ਰਾਕਟ ਚੜ੍ਹਾਂਦੇ ਰਹੇ।
ਮਾਰ ਵਿਤੀ ਮਤ ਏਸ ਕਲੂ ਦੀ ਪਲੋਸਨੀ ਨੇ, ਕਪਟੀ ਕਪਟ ਦੀਆਂ ਧਾੜਾਂ ਈ ਬਹਿਲਾਂਦੇ ਰਹੇ।
ਹਿਰਦਾ 'ਸ਼ਿੰਗਾਰ' ਅਡੋਲ ਸੀ ਪ੍ਰਤਾਪੀ ਜੀ ਦਾ, ਭਾਵੇਂ ਕਿਹਾ ਆਇਆ ਹੜ ਠੱਲਕੇ ਵਿਖਾਂਦੇ ਰਹੇ।

Namdhari Elibrary NamdhariElibrary@gmail.com

ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਥਕ ਏਕਤਾ ਵਾਸਤੇ ਸਿਖ ਸੰਪ੍ਰਦਾ ਕਾਨਫ੍ਰੰਸ ਦਾ ਮੀਲ ਪੱਥਰ ਰਖਿਆ

ਆਤਮਾ ਸਿੰਘ ਸਨਖਤ੍ਰਵੀ

ਆਤਮਾ ਸਿੰਘ ਸਨਖਤਰਵੀ

ਮਹੰਤ ਆਤਮਾ ਸਿੰਘ ਜੀ ਦਾ ਜਨਮ ਨਗਰ ਸਨਖਤ੍ਰਾ ਜਿ: ਸ਼ਿਆਲਕੋਟ ਹੈ। ਇਨਾਂ ਨੇ ਬਹੁਤ ਦੇਰ ਅਟਲ ਪ੍ਰਤਾਪੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਹੋਏ ਹਨ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਉਮਰ ਦੀ ਜਵਾਨੀ ਵੇਲੇ ਤੋਂ ਇਨਾਂ ਨੂੰ ਕਵਿਤਾ ਲਿਖਣ ਦਾ ਠਰਕ ਰਿਹਾ ਹੈ। ਸਤਿਜੁਗ ਦੀਆਂ ਬਹੁਤ ਪੁਰਾਣੀਆਂ ਫਾਈਲਾਂ ਵਿਚ ਇਨਾਂ ਦੀਆਂ ਕਵਿਤਾ ਲਿਖੀਆਂ ਹੋਈਆਂ ਮਿਲਦੀਆਂ ਹਨ। ਬਾਦ ਵਿਚ ਇਨਾਂ ਦੀ ਸਾਹਿਤਿਕ ਰੁਚੀ ਨੇ ਇਨਾਂ ਨੂੰ ਲੇਖ ਲਿਖਣ ਲਈ ਪ੍ਰੇਰਿਤ ਕੀਤਾ। ਕ੍ਰੀਬ ਦੋ ਦਹਾਕੇ ਏਹ ਸਤਿਜੁਗ ਨੂੰ ਸੰਪਾਦਨ ਕਰਦੇ ਰਹੇ ਹਨ। ਇਸਤੋਂ ਬਿਨਾਂ ਇਨਾਂ ਨੇ ਨਾਮ-ਧਾਰੀ ਸਿਧਾਂਤ ਦੀ ਪੁਸ਼ਟੀ ਵਿਚ ਕੁਛ ਪੁਸਤਕਾਂ ਭੀ ਲਿਖੀਆਂ ਹਨ। ਏਹ ਪੁਸਤਕਾਂ ਇਨਾਂ ਦੀ ਖੋਜ ਦੀਆਂ ਸਿਫਤਾਂ ਦਾ ਪ੍ਰਤਖ ਪ੍ਰਮਾਣ ਹਨ। ਹੁਣ ਇਹ ਸੇਵਾ ਮੁਕਤ ਹਨ ਪਰ ਸਤਿਗੁਰੂ ਜੀ ਦੇ ਦਰਸ਼ਨ ਅਤੇ ਸੰਗਤ ਕੀਤੀ ਹੋਈ ਦਾ ਇਹ ਲੇਖ ਅਪਣੇ ਆਪ ਹੀ ਪ੍ਰਮਾਣ ਹੈ।— ਇਕ ਸਹਿਯੋਗੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਚੇ ਪਾਤਸ਼ਾਹ ਜੀ ਜਿਥੇ ਧਰਮ ਬ੍ਰਿਧੀ,ਦੇਸ਼ ਪ੍ਰਗਤੀ, ਕੌਮੀ ਅਖੰਡਤਾ ਤੇ ਸਮਾਜ ਸੁਧਾਰ ਚਾਲੂ ਕਰਨ ਵਾਸਤੇ ਅਨਗਿਣਤ ਪ੍ਰੀਸ਼੍ਰਮ ਕਰਦੇ ਰਹੇ, ਓਥੇ(ਸੰਨ ੧੯੩੪)(੧੯੯੧ ਸੰਮਤ ਵਿਚ) ਜਦੋਂ ਕਿ ਪੰਜਾਬ ਤੇ ਬਿਦੇਸ਼ਾਂ ਵਿਚ ਹੋਰ ਸਿਖ ਅਤੇ ਦੇਸ਼ ਵਿਚ ਮਾ: ਤਾਰਾ ਸਿੰਘ ਜੀ ਤੇ ਗਿਆਨੀ ਸ਼ੇਰ ਸਿੰਘ ਜੀ ਸ੍ਰੋਮਣੀ ਗੁ: ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਦੀ ਪ੍ਰਧਾਨਗੀ ਵਾਸਤੇ ਪਰੋ ਹਥੀ ਹੋ ਰਹੇ ਸਨ। ਜਿਸ ਨਾਲ ਸਿਖ ਸਮਾਜ ਬੇ-ਇਤਫਾਕੀ ਦੀ ਖਡ ਵਿਚ ਡਿਗ ਰਹਿਆ ਸੀ। ਗੁਰੂ ਨਾਨਕ ਦੀ ਵਰਾਸਤੀ ਜੁਮੇਵਾਰੀ ਨੂੰ ਅਨੁਭਵ ਕਰਦੇ ਹੋਇਆਂ ਗੁਰੂ ਨਾਨਕ ਨਾਮ ਲੇਵਾ ਸਾਰੀਆਂ ਸਿਖ ਸੰਪ੍ਰਦਾਵਾਂ ਨੂੰ ਸਦਭਾਵਨਾਂ ਦੀ ਪਧਰ ਤੇ ਇਕ-ਠਿਆਂ ਬੈਠਾਲਣ ਦਾ ਜੋ ਪ੍ਰੋਗ੍ਰਾਮ(ਲਖਾਂ ਰੁਪੇ ਲੰਗਰ ਦੇ ਖਰਚ ਤੇ ਕਈਤਰਾਂ ਦੀ ਖੇਚਲ ਨਾਲ) ਬਣਾ-ਇਆ ਇਹ ਇਕ ਉਹ ਪ੍ਰੋਗ੍ਰਾਮ ਸੀ, ਜਿਸਨੂੰ ਸਿਵਾਏ ਸਤਿਗੁਰੂ ਜੀ ਦੇ ਹੋਰ ਕੋਈ ਕਰਨਾ ਤੇ ਕਿਧਰੇ ਰਹਿਆ ਸੋਚ ਵੀ ਨਹੀਂ ਸਕਦਾ ਸੀ। ਕਿਉਂਕਿ ਬਿਨਾਂ ਕਿਸੇ ਸਵਾਰਥ ਬਿਨਾਂ ਕਿਸੇ ਪ੍ਰਭਤਾ ਦੇ ਪੰਥਕ ਜਾਂ ਸਮਾਜ ਦੀ ਦੀਨ ਦਸ਼ਾ ਨੂੰ ਸਿਵਾਏ ਗੁਰਗਦੀ ਦੇ ਵਾਰਸ ਤੋਂ ਬਿਨਾਂ ਹੋਰ ਕੋਈ ਸੋਚ ਹੀ ਨਹੀਂ ਸਕਦਾ।

ਇਤਹਾਸ ਗਵਾਹ ਹੈ ਕਿ ਇਕ ਵਾਰੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਵਕਤ ਜਦ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਦੇ ਵਿਰੋਧ ਵਿਚ ਪ੍ਰਿਥੀ ਚੰਦ ਨੇ ਜਹਾਦ ਸ਼ੁਰੂ ਕਰ ਰਖਿਆ ਸੀ ਤੇ ਜਿਸਦੇ ਫਲਸਰੂਪ ਪੰਜਵੇਂ ਪਾਤਸ਼ਾਹ ਨੇ ਅਸਹਿ

Namdhari Elibrary NamdhariElibrary@gmail.com

ਤਸੀਹੇ ਝਲ ਕੇ ਦੇਹ ਤਿਆਗੀ ਸੀ ਅਰ ਉਸਤੋਂ ਬਾਦ ਉਸਦੇ ਪੁਤ੍ਰ ਮਿਹਰਵਾਨ ਨੇ ਵਖਰੇ ਸਿਖ ਬਨਾਉਣ ਤੇ ਵਖਰਾ ਗ੍ਰੰਥ ਬਨਾਉਣ ਦਾ ਜੋ ਪ੍ਰੋਗ੍ਰਾਮ ਬਣਾ-ਇਆ। ਇਸ ਸਮਾਜਿਕ ਫ੍ਹੁਟ ਦੀ ਨਵਿਰਤੀ ਵਾਸਤੇ ਕੇਵਲ ਸ੍ਰੀ ਗੁਰੂ ਹਰਗੋਬਿੰਦ ਜੀ ਹੀ ਸਨ, ਜਿਨਾਂ ਨੇ ਪੰਥਕ ਫ੍ਹੁਟ ਨੂੰ ਖਤਮ ਕਰਨ ਵਾਸਤੇ ਲਾਹੌਰ ਦੇ ਨਿਵਾਸ ਸਮੇਂ ਪਤਾ ਲਗਣ ਉਤੇ ਕਿ ਮਿਹਰਵਾਨ ਆਪਣੀ ਵਰਾਸਤ ਦਾ ਦਾਅਵਾ ਜਹਾਂਗੀਰ ਦੇ ਦ੍ਰਬਾਰ ਵਿਚ ਪੇਸ਼ ਕਰਨ ਲਈ ਲਾਹੌਰ ਆਇਆ ਹੋਇਆ ਹੈ, ਤਾਂ ਸਦਭਾਵਨਾ ਸਹਿਤ ਗੁਰੂ ਵੰਸ਼ ਵਿਚ ਈਰਖਾ ਖਤਮ ਕਰਨ ਲਈ ਤਾਏ ਦੇ ਪੁਤ ਭਰਾ ਨੂੰ ਮਿਲਣ ਤੇ ਆਪਸ ਵਿਚ ਪਿਆਰ ਸਤਿ-ਕਾਰ ਪੈਦਾ ਕਰਨਾ ਯੋਗ ਸਮਝਕੇ ਸਭ ਤੋਂ ਪਹਿਲਾਂ ਭਾਈ ਪਿਰਾਣੇ ਤੇ ਪੈੜੇ ਨੂੰ ਮੇਹਰਵਾਨ ਪਾਸ ਮਿਲਾਪ ਦੀ ਗਲਬਾਤ ਕਰਨ ਲਈ ਭੇਜਿਆ। ਜਿਹਾ ਕਿ- ਸ੍ਰੀ ਗੁਰੂ ਹਰਗੋਬਿੰਦ ਜੀ ਨੇ

ਇਹ ਬਿਚਾਰ ਕਰ ਭੇਜੇ ਦੋਇ।
ਪੈੜਾ ਅਤੇ ਪਿਰਾਣਾ ਜੋਇ।

ਪਰ ਉਹਨਾ ਸਿਖਾਂ ਦੇ ਜਾਣ ਉਤੇ ਮਿਹਰਵਾਨ ਦੁਰਵਾਕ ਬੋਲੇ ਉਹਨਾਂ ਦਾ ਸੰਕੇਤ ਇਨਾਂ ਸ਼ਬਦਾਂ ਤੋਂ ਨਮੂਨੇ ਮਾਤ੍ਰ ਮਿਲ ਜਾਂਦਾ ਹੈ।

ਮਿਹਰਵਾਨ ਸੁਨਕੇ ਰਿਸ ਧਾਰੀ।
ਦ੍ਵੈਖਕ ਗਿਰਾ ਕਠੋਰ ਉਚਾਰੀ।
ਪਿਤਾ ਕਰਤ ਜਿਮ ਛਲ ਕੋ ਆਗੇ।
ਤਿਸੀ ਰੀਤਿ ਮਹਿ ਅਬ ਸੁਤ ਲਾਗੇ।......

ਸਗੋਂ ਹੋਰ ਬਹੁਤ ਸਾਰੇ ਬਿਅਦਬੀ ਦੇ ਵਾਕ ਗੁਰੂ ਜੀ ਦੀ ਸ਼ਾਨ ਦੇ ਉਲਟ ਉਸਨੇ ਸੁਣਾਏ ਪਰ ਸਤਿਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਕਿ "ਤੁਸਾਂ ਕੋਈ ਬੁਰਾ ਸ਼ਬਦ ਨਹੀਂ ਆਖਣਾ" ਦੋਵੇਂ ਸਿਖ ਦੁਰਬਚਨ ਸੁਣਕੇ ਗੁਰੂ ਚਰਨਾਂ ਵਿਚ ਆ ਗਏ, ਗੁਰੂ ਸਾਹਿਬਾਂ ਨੇ ਉਹਨਾਂ ਦੀ ਗਲ ਬਾਤ ਸੁਣਕੇ ਬਿਨਾਂ ਕਿਸੇ ਰੋਸ ਦੇ ਬਚਨ ਕੀਤਾ, ਕਿ ਮੈਂ ਆਪ ਉਹਨਾਂ ਪਾਸ ਜਾਂਦਾ ਹਾਂ ਜੇਕਰ ਦੁਬਧਾ ਮੁਕ ਜਾਵੇ ਤਾਂ ਉਹਨਾਂ ਦੀਆਂ ਕੌੜੀਆਂ ਗਲਾਂ ਦਾ ਮੈਨੂੰ ਕੋਈ ਰੋਸ ਨਹੀਂ?

ਭਾਵੇਂ ਭਾਈ ਜੇਠੇ ਨੇ ਗੁਰੂ ਜੀ ਨੂੰ ਜਾਣ ਤੋਂ ਮਨਾਹ ਵੀ ਕੀਤਾ ਪਰ ਗੁਰੂ ਜੀ ਕੁਝ ਸਿਖਾਂ ਸਮੇਤ ਸ੍ਰੀ ਮਿਹਰਵਾਨ ਕੋਲ ਚਲੇ ਗਏ ਅਗੋਂ ਉਹ ਗਦੀ ਲਾਕੇ ਬੈਠਾ ਹੋਇਆ ਸੀ ਤੇ ਕੁਝ ਬੰਦੇ ਕੋਲ ਬਹਾਲੇ ਹੋਏ ਸਨ, ਜਿਹਾ ਕਿ:-

ਆਗੇ ਮਿਹਰਵਾਨ ਅਭਿਮਾਨੀ।
ਗੁਰਗਦੀ ਪਰ ਨਿਜ ਕੋ ਜਾਨੀ।
ਕਿਤਕ ਟੱਕ ਸਿਖ ਨਿਕਟ ਬੈਠਾਏ।
ਬਿਹੋਜ ਪ੍ਰਬੰਕ ਆਪ ਉਰ ਬਾਏ।

ਜਦੋਂ ਸਚੇ ਪਾਤਸ਼ਾਹ ਜੀ ਨੂੰ ਉਸਨੇ ਔਂਦੇ ਤਕਿਆ ਤਾਂ ਮਿਹਰਵਾਨ ਉਸ ਪਾਸੇ ਪਿਠ ਕਰਕੇ ਬੈਠ ਗਿਆ, ਜਿਵੇਂ ਕਿ ਉਸਨੂੰ ਪਤਾ ਹੀ ਨ ਲਗੇ, ਕਿ ਕਉਣ ਆਇਆ ਹੈ?

ਪਰ ਧੰਨ ਸਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਇਹ ਸਾਰਾ ਕੁਝ ਵੇਖਦੇ ਹੋਏ ਭੀ ਸਿਖਾਂ ਸਮੇਤ ਨਿੰਮ੍ਰਤਾ ਸਹਿਤ (ਜਿਸ ਪਾਸੇ ਮੂੰਹ ਕਰਕੇ ਉਹ ਬੈਠਾ ਸੀ) ਕੁਝ ਪ੍ਰਸਾਦ ਧਰਕੇ ਮਥਾ ਟੇਕਿਆ ਅਤੇ ਫਰਸ਼ ਉਤੇ ਬੈਠ ਗਏ।

ਭਾਵੇਂ ਬਿਧੀ ਚੰਦ ਗੁਰੂ ਸਾਹਿਬ ਦੀ ਇਸ ਬਿਅਦਬੀ ਤੋਂ ਬਹੁਤ ਕ੍ਰੋਧਤ ਹੋ ਰਿਹਾ ਸੀ ਪਰ ਸਚੇ ਪਾਤਸ਼ਾਹ ਜੀ ਨੇ ਇਸ਼ਾਰਾ ਕਰਕੇ ਉਸਨੂੰ ਸ਼ਾਂਤ ਕਰੀ ਰਖਿਆ। ਕੁਝ ਸਮਾਂ ਚੁਪ ਰਹਿਣ ਤੋਂ ਬਾਦ ਗੁਰੂ ਜੀ ਨੇ ਨਿੰਮ੍ਰਤਾ ਸਹਿਤ ਬਚਨ ਕੀਤਾ।

ਭਰਾ ਜੀ:- ਕਰਹੁ ਬਦਨ ਸਨਮੁਖ ਰਿਸ ਛੋਰ।
ਸੁਖ ਕੇ ਬਾਕ ਕਰੋ ਮਮ ਓਰ।
ਕਿਉਂ ਪੁਕਾਰ ਕਰਤ ਤੁਮ ਫਿਰੋ।
ਬਸੋ ਸੁਧਾਸਰ ਪੁਰ ਮਹਿ ਥਿਰੋ।

ਅਰਥਾਤ-- ਭਰਾ ਜੀ ਰੋਸ ਤੇ ਗੁਸਾ ਛਡਕੇ ਕੋਈ ਬਚਨ ਬਿਲਾਸ ਕਰੋ ਆਪ ਕਿਸ ਵਾਸਤੇ ਸ਼ਾਹੀ ਦ੍ਰਬਾਰ ਅਗੇ ਫਰਿਆਦ ਕਰਦੇ ਫਿਰਦੇ ਹੋ ਮੈਂ ਆਪਨੂੰ ਲੈਣ ਆਇਆ ਹਾਂ, ਅੰਮ੍ਰਿਤਸਰ ਚਲੋ ਤੇ ਓਥੇ ਨਿਵਾਸ ਕਰੋ।

ਸਗੋਂ: ਘਰ ਧਨ ਭੂਮ ਪਦਾਰਥ ਜੋਇ।

Namdhari Elibrary NamdhariElibrary@gmail.com

ਕਹੋ ਆਪ ਹਮ ਦੇਵੇਂ ਸੋਇ।
ਭਰਾ ਜੀ ਤੁਸੀਂ ਕਿਸ ਵਾਸਤੇ
ਦੀਨ ਬਨਹੁ ਕਯੋ ਤੁਰਕ ਅਗਾਰੀ।
ਏਕੋ ਲਾਜ ਹਮਾਰ ਤੁਮਾਰੀ।

ਇਤਆਦਿਕ ਬੜੇ ਸਤਿਕਾਰ ਤੇ ਨਿੰਮ੍ਰਤਾ ਭਰੇ ਹਿਜੇ ਨਾਲਗੁਰੂ ਸਾਹਿਬ ਨੇ ਬਹੁਤ ਬਚਨ ਕੀਤੇ ਪਰ ਅਖੀਰ ਉਤੇ ਸ੍ਰੀ ਮਿਹਰਵਾਨ ਜੀ ਨੇ ਆਖਿਆ ਕਿ:

ਸੁਨ ਕੇ ਮਿਹਰਬਾਨ ਬਦ ਪੇਲਾ।
ਹਮਰੋ ਤੁਮਰੋ ਕਯੋਂ ਹੋਇ ਮੇਲਾ।

ਅਰਥਾਤ ਮਿੰਨੂੰ ਮੇਰੇ ਪਿਤਾ ਨੇ ਤਾਕੀਦ ਕੀਤੀ ਈ ਹੈ ਕਿ ਤੁਹਾਡੇ ਨਾਲ ਮਰਨ ਤਕ ਵੀ ਕੋਈ ਮਝੌਤਾ ਨਹੀਂ ਕਰਨਾ। ਪਰ ਤੁਸੀਂ

ਪਿਤਾ ਪੁਤ੍ਰ ਕੁਝ ਲਾਜ ਨ ਕਰਹੁ।
ਮੇਲ ਕਰਨ ਹਿਤ ਬਹੁਬਾਰ ਉਚਰਹੁ।

ਰ ਯਾਦ ਰਖ:- ਅਬ ਮੈਂ ਕਰੋਂ ਸੰਘਾਰਨ ਤੋਹਿ।
ਨੀਕੋ ਮੇਲ ਤਿਸੀ ਦਿਨ ਹੋਇ।

ਇਸਤਰਾਂ ਦੀਆਂ ਅਨੁਚਿਤ ਗਲਾਂ ਸੁਣਕੇ ਭਾਈ ਬਧੀ ਚੰਦ ਤੇ ਜੇਠਾ ਆਦਿ ਉਥੇ ਹੀ ਉਸਦੇ ਗਲ ਜਾਣਾ ਚਾਹੁੰਦੇ ਸਨ, ਪਰ ਧੀਰਜ ਦੇ ਸਾਗਰ ਗੁਰੂ ਜੀ ਸਿਖਾਂ ਨੂੰ ਜਲਦੀ ਨਾਲ ਲੈ ਵਾਪਸ ਆਪਣੇ ਰੇ ਆ ਗਏ।

ਵਿਸਥਾਰ ਵਾਸਤੇ ਵੇਖੋ ਗੁਰ ਪ੍ਰਤਾਪ ਸੂਰਜ ਾਸ ੫ ਅੰਸੂ ੧੩-੧੪। ਇਸ ਉਦਾਹਰਨ ਤੋਂ ਤਾ ਲਗਦਾ ਹੈ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ੀ ਸਿਖ ਸਮਾਜ ਵਿਚ ਏਕਤਾ ਰਖਨ ਵਾਸਤੇ ਕਿਵੇਂ ਤਨਸ਼ੀਲ ਰਹੇ, ਸਗੋਂ ਇਸਤੋਂ ਬਾਦ ਵੀ ਜਿਥੇ ੍ਰੀ ਗੁਰੂ ਹਰਿਰਾਏ,ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ, ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸ੍ਰੀ ਸਤਿਗੁਰੂ ੋਬਿੰਦ ਸਿੰਘ ਜੀ ਅਪਣੇ ਵੰਸ਼ੀਆਂ ਤੇ ਉਹਨਾਂ ਦੇ ਸੰਦਾਂ ਨੂੰ(ਜੋ ਅਨਭੋਲ ਸਿਖਾਂ ਨੂੰ ਗੁਰੂ ਘਰ ਵਲੋਂ ੜ ਕੇ ਆਪਣੇ ਆਪਣੇ ਨਾਲ ਜੋੜਦੇ ਸਨ) ਗੁਰੂ ਾਨਕ ਜੀ ਵਲੋਂ ਪ੍ਰਚਲਤ ਕੀਤੀ ਗੁਰੂ ਪ੍ਰੰਪਰਾ ਦੀ ਕਤਾ ਵਾਸਤੇ ਵਖ ਵਖ ਢੰਗਾਂ ਨਾਲ ਜਤਨ ਕਰਦੇ ਹੇ।

ਜਦੋਂ ਸਾਹਿਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਸਿਰਜਨਾ ਕਰਕੇ ਨਵੇਂ ਸਿਰੇ ਗੁਰੂਮਤ ਵਾਲੀ ਗੁਰਸਿਖੀ ਦਾ ਪ੍ਰਚਾਰ ਸ਼ੁਰੂ ਕੀਤਾ ਅਤੇ ਜਿਸਤੋਂ ਪ੍ਰਭਾਵਿਤ ਹੋ ਕੇ ਲਖਾਂ ਦੀ ਗਿਣਤੀ ਵਿਚ ਨਾਮਧਾਰੀ ਸਜ ਗਏ ਤਾਂ ਉਸ ਵਕਤ ਇਸਦੀ ਵਿਰੋਧਤਾ ਸਭ ਤੋਂ ਵਧ ਅੰਮ੍ਰਿਤਸਰ ਦੇ ਸ੍ਰੀ ਅਕਾਲ ਤਖਤ ਵਾਲੇ ਪੁਜਾਰੀਆਂ ਸ਼ੁਰੂ ਕਰ ਦਿਤੀ, ਇਸ ਵਿਰੋਧਤਾ ਦੀ ਨਵਿਰਤੀ ਵਾਸਤੇ ਸਚੇ ਪਾਤਸ਼ਾਹ ਜੀ ਨੇ ਸੰਮਤ ੧੯੨੩ ਦੀ ਦੀਪ ਮਾਲਾ ਉਤੇ ਸ੍ਰੀ ਦ੍ਰਬਾਰ ਸਾਹਿਬ ਦੇ ਦ੍ਰਸ਼ਨ ਕਰਨ ਤੇ ਪੁਜਾਰੀਆਂ ਦੀ ਪ੍ਰਸੰਨਤਾ ਲੈਣ ਵਾਸਤੇ ਪ੍ਰੋਗ੍ਰਾਮ ਬਣਾਇਆ।

ਇਸ ਸਮੇਂ ਉਸ ਵਕਤ ਦੇ ਪੁਜਾਰੀਆਂ ਨੇ ਜੋ ਸਚੇ ਪਾਤਸ਼ਾਹ ਤੇ ਨਾਮਧਾਰੀ ਸਾਧ ਸੰਗਤ ਨਾਲ ਵਰਤਾਉ ਕੀਤਾ। ਉਸਦਾ ਜਿਕਰ ਗਿ. ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਇਸਤਰਾਂ ਕਰਦੇ ਹਨ।

ਰਾਮ ਸਿੰਘ ਚਾਹਿ ਅਰਦਾਸ ਇਤਫਾਕ ਥਾਇ,
ਬਢ ਹੈ ਪ੍ਰਤਾਪ ਪੰਥ ਰੀਤਿ ਏਸ ਸੋਂ ਭਰੇ।

ਅਰਥਾਤ: ਗਿ. ਜੀ ਦੇ ਲਿਖਨ ਅਨੁਸਾਰ ਸਤਿਗੁਰੂ ਜੀ ਚਾਹੁੰਦੇ ਸਨ ਕਿ ਗੁਰੂਧਾਮਾਂ ਵਿਚ ਜਾਕੇ ਪੁਜਾਰੀਆ ਨਾਲ ਕੋਈ ਇਤਫਾਕ ਵਾਲਾ ਪ੍ਰੋਗ੍ਰਾਮ ਉਲੀਕਿਆਂ ਜਾਵੇ ਤਾਂ ਕਿ ਪੰਥ ਦਾ ਪ੍ਰਤਾਪ ਹੋਰ ਵਧੇ ਇਹ ਪੰਥਕ ਬ੍ਰਿਧੀ ਦਾ ਬਹੁਤ ਚੰਗਾ ਸਾਧਨ ਹੈ।

ਪਰ ਅੰਮ੍ਰਿਤਸਰ ਦੇ ਪੁਜਾਰੀਆਂ ਨੇ ਸਗੋਂ ਹੋਰ ਕਈ ਫਤਵੇ ਸਤਿਗੁਰੂ ਜੀ ਅਤੇ ਨਾਮਧਾਰੀਆਂ ਉਤੇ ਲਾ ਦਿਤੇ। ਹੋਰ ਤੇ ਹੋਰ ਮੰਗਲ ਸਿੰਘ ਪੁਜਾਰੀ ਨੇ ਸਚੇ ਪਾਤਸ਼ਾਹ ਜੀ ਦੀ ਪਿਆਰ ਭਰੀ ਪੰਥਕ ਏਕਤਾ ਦੀ ਰੁਚੀ ਪਰਖਣ ਵਾਸਤੇ ਇਕ ਨੀਲੀ ਦਸਤਾਰ ਦਾ ਸਿਰੋਪਾਉ ਲਿਆ ਰਖਿਆ, ਤਾਂ ਸਤਿਗੁਰੂ ਜੀ ਨੇ ਪੰਥਕ ਬ੍ਰਿਧੀ ਦੀ ਭਾਵਨਾ ਦਾ ਸਬੂਤ ਦੇਣ ਵਾਸਤੇ ਉਸ ਸਿਰੋਪਾਉ ਨੂੰ ਫੜਕੇ ਦਸਤਾਰੇ ਉਤੇ ਧਰ ਲਿਆ। ਪਰ ਪੁਜਾਰੀਆਂ ਨੇ ਸਚੇ ਪਾਤਸ਼ਾਹ ਜੀ ਦੀ ਸਦਭਾਵਨਾ ਦੀ ਕੋਈ ਪਰਵਾਹ ਨ ਕੀਤੀ। ਜਿਹਾ ਕਿ:-

ਯਦੀ ਤਾਂਹਿ ਸੋਊ ਨਿਜ ਸੀਸ ਧਾਰ ਲੀਓ,

Namdhari Elibrary NamdhariElibrary@gmail.com

ਤੋਂ ਭੀ ਨ ਪੁਜਾਰੀਓਂ ਨੇ ਇਤਫਾਕ ਹੈ ਕਰਿਓ।

ਏਸੇਤਰਾਂ ਹੀ ਅਨੰਦਪੁਰ ਸਾਹਿਬ ਦੇ ਤੇ ਮੁਕਤ ਸਰ ਦੇ ਪੁਜਾਰੀਆਂ ਨੇ ਵੀ ਕੀਤਾ। ਜਦ ਸਚੇ ਪਾਤ-ਸ਼ਾਹ ਅਨੰਦਪੁਰ ਦਰਸਨ ਕਰਨ ਗਏ ਤਾਂ ਉਹਨਾਂ ਵੀ ਬਜਾਏ ਆਪਸ ਵਿਚ ਮੇਲ ਮਿਲਾਪ ਕਰਨ ਦੇ ਅਜਿਹੀਆਂ ਸ਼ਰਤਾਂ ਅਗੇ ਰਖੀਆਂ ਜਿਹੜੀਆਂ ਬਿਲਕੁਲ ਹੀ ਨਾ ਮੁਮਕਿਨ ਸਨ। ਗਿ. ਗਿਆਨ ਸਿੰਘ ਜੀ ਉਪ੍ਰੋਕਤ ਹਾਲਾਤ ਨੂੰ ਵਿਸਥਾਰ ਪੂਰਵਿਕ ਦਸਕੇ ਇਸਦੇ ਨਤੀਜੇ ਦਾ ਵਰਣਨ ਇਕੋ ਪੰਗਤੀ ਵਿਚ ਇਸਤਰਾਂ ਕਰਦੇ ਹਨ।

"ਪੰਥ ਦੂਧ ਮਾਂਹਿ ਕਾਂਜੀ ਡਾਰੀ ਹੈ ਪੁਜਾਰੀਓਂ ਨੇ
ਮੇਲ ਹੋਣ ਦੇਤ ਨ ਬਰਈ ਮੰਦ ਘੇ ਕਥੇ।

ਸਰਬ ਸੰਪ੍ਰਦਾ ਕਾਨਫ਼ਰੰਸ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਵੇਂ ਗੁਰੂ-ਮਤ ਮਰਿਯਾਦਾ ਦੇ ਪ੍ਰਚਾਰ ਤੇ ਅਮਲ ਨੂੰ ਅਪਨੇ ਵਕਤ ਵਿਚ ਸਭ ਗੁਰੂ ਸਾਹਿਬਾਂ ਨਾਲੋਂ ਵਧੇਰਾ ਪ੍ਰਸਾਰਿਤ ਕੀਤਾ(ਜਿਸਨੂੰ ਸਿਖ ਪੰਥ ਦੇ ਬਹੁਤ ਸਾਰੇ ਗੈਰ ਨਾਮਧਾਰੀਆਂ ਨੇ ਭੀ ਕਬੂਲ ਕੀਤਾ ਹੋਇਆ ਹੈ) ਪਰ ਉਸ ਵਕਤ ਦੇ ਪੁਜਾਰੀਆਂ,ਰਾਜੇਮਹਾਰਾ-ਜਿਆਂ, ਰਈਸਾਂ ਤੇ ਸ੍ਰਦਾਰਾਂ ਨੇ ਸਚੇ ਪਾਤਸ਼ਾਹ ਜੀ ਦੀ ਜਲਾਵਤਨੀ ਨੂੰ ਅੰਗਰੇਜ਼ਾਂ ਵਲੋਂ ਸਿਖਾਂ ਨੂੰ ਦਿਤੀ ਵਡੀ ਦਾਤ ਆਖਿਆ ਤੇ ਇਕ ਬਹੁਤ ਵਡਾ ਮੇਜਰ ਨਾਮਾ ਵੀ ਰੰਗੂਨ ਭੇਜਿਆ ਕਿ(ਸਤਿਗੁਰੂ) ਰਾਮ ਸਿੰਘ ਨੂੰ ਵਾਪਿਸ ਪੰਜਾਬ ਨ ਭੇਜਿਆ ਜਾਵੇ।

ਸਗੋਂ ਸ੍ਰ. ਅਤਰ ਸਿੰਘ ਭਦੌੜੀਏ ਨੇ ਨਾਮ-ਧਾਰੀ ਪ੍ਰਚਾਰ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਖਿਲਾਫ ਇਤਨਾਂ ਕੁਝ ਲਿਖਕੇ ਅੰਗਰੇਜ਼ੀ ਸਰਕਾਰ ਨੂੰ ਦਿਤਾ ਜਿਸਦਾ ਕੋਈ ਹਿਸਾਬ ਹੀ ਨਹੀਂ।

ਪਰ ਜਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਕਤ ਆਇਆ ਤਾਂ ਇਹਨਾਂ ਨੇ ਉਸ ਵਕਤ ਸਿਖ ਜਥੇਬੰਦੀਆਂ ਵਿਚ ਤੇ ਹੋਰ ਸਿਖ ਸੰਪ੍ਰਦਾਵਾਂ ਅੰਦਰ ਆਪਸੀ ਧੜੇਬੰਦੀਆਂ ਤੇ ਵਿਰਕ੍ਰ ਭਾਵਨਾਂ ਦੀ ਭੜ ਰਹੀ ਈਰਖਾ ਦੀ ਅਗ ਨੂੰ ਬੜੀ ਦੂਰ ਅੰਦੇਸ਼ੀ ਨਾਲ ਵੇਖਿਆ ਤੇ ਵਿਚਾਰਿਆ ਕਿ ਇਸ ਪੰਥਕ ਫੁਟ ਨੂੰ ਸਿਵਾਏ ਗੁਰੂ ਨਾਨਕ ਪ੍ਰੰਪਰਾ ਦੇ ਉਤ੍ਰਾਧਿਕਾਰੀ ਤੋਂ ਬਿਨਾਂ ਹੋਰ ਕੋਈ ਵਿਅਕਤੀ ਮਿਟਾ ਨਹੀਂ ਸੀ ਸਕਦਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਗਦੀ ਉਤੇ ਬੈਠਕੇ ਹੁਣ ਮੇਰੀ ਜੁੰਮੇਵਾਰੀ ਬਣਦੀ ਹੈ ਕਿ ਪੰਥਕ ਏਕਤਾ ਵਾਸਤੇ ਕੋਈ ਜਤਨ ਕੀਤਾ ਜਾਵੇ।

ਸਚੇ ਪਾਤਸ਼ਾਹ ਜੀ ਨੇ ਉਪ੍ਰੋਕਤ ਵਿਚਾਰ ਅਪਣੇ ਨਿਕਟ ਵਰਤੀਆਂ(ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਇੰਦ੍ਰ ਸਿੰਘ ਚਕ੍ਰਵਰਤੀ, ਸੰਤ ਮੰਗਲ ਸਿੰਘ ਅਰਸੀ ਫਰਿਸਤਾ ਆਦਿਕ ਸਜਨਾਂ) ਨਾਲ ਸਾਂਝੇ ਕੀਤੇ। ਇਨਾਂ ਹੀ ਦਿਨਾਂ ਵਿਚ ਸ੍ਰੀ ਸਤਿਗੁਰੂ ਜੀ ਦਾ ਨਾਮਧਾਰੀ ਪੰਥ ਦੇ ਉਘੇ ਜਥੇਦਾਰਾਂ, ਪ੍ਰਚਾਰਕਾਂ ਰਾਗੀਆਂ ਤੇ ਹੋਰ ਮਹਾਂ ਪੁਰਸ਼ਾਂ ਸਮੇਤ ਸਿਆਮ (ਥਾਈਲੈਂਡ) ਦے ਦੌਰੇ ਦਾ ਪ੍ਰੋਗ੍ਰਾਮ ਬਣ ਗਿਆ, ਉਸ ਵਕਤ ਇਹ ਸਾਰਾ ਸਫਰ ਕਲਕਤੇ ਤੋਂ ਪਾਣੀ ਵਾਲੇ ਜਹਾਜ਼ਾਂ ਰਾਹੀਂ ਹੀ ਕਰਨਾ ਪੈਂਦਾ ਸੀ। ਇਸ ਸਬੰਧ ਵਿਚ ਸਚੇ ਪਾਤਸ਼ਾਹ ਜੀ ਨੂੰ ਹਜ਼ੂਰੀ ਸੇਵਕਾਂ ਸਮੇਤ ਕੁਝ ਦਿਨ ਕਲਕਤੇ ਰੁਕਣਾ ਪਿਆ।

ਕਲਕਤੇ ਵਿਚ ਸਿਖਾਂ ਦੀ ਪ੍ਰਤੀਨਿਧ ਜਮਾਤ ਸਿੰਘ ਸਭਾ ਉਸ ਵਕਤ ਫੁਟ ਦਾ ਸ਼ਿਕਾਰ ਹੋਈ ਹੋਈ ਤੇ ਇਕ ਦੂਸਰੀ ਪਾਰਟੀ ਵਿਰੁਧ ਜਲਸੇ ਜਲੂਸਾਂ ਅਖਬਾਰਾਂ ਤੇ ਇਸਤਿਹਾਰਾਂ ਦਾ ਬਹੁਤ ਚਕਰ ਚਲ ਰਿਹਾ ਸੀ। ਏਥੋਂ ਦੀ ਇਹ ਦੀਨ ਦਸ਼ਾ ਵੇਖਕੇ ਸਚੇ ਪਾਤਸ਼ਾਹ ਜੀ ਦੇ ਅੰਦਰ ਸਿਖ ਪੰਥ ਵਿਚ ਵਧ ਰਹੀ ਫੁਟ ਨੂੰ ਦੂਰ ਕਰਨ ਦਾ ਪੁਰਸ਼ਾਰਥ ਪ੍ਰਬਲ ਰੂਪ ਵਿਚ ਸਾਹਮਣੇ ਕਲਕਤੇ ਨਿਵਾਸ ਸਮੇਂ ਜੋ ਆਇਆ ਉਸਦਾ ਵਰਣਨ ਸ੍ਰੀ ਮਾਨ ਸੰਤ ਨਿਧਾਨ ਸਿੰਘ ਆਲਮ ਨੇ ਸਤਿਜੁਗ ਵਿਚ ਬਹੁਤ ਸਾਰੀਆਂ ਕਿਸਤਾਂ ਵਿਚ ਕੀਤਾ ਹੋਇਆ ਹੈ। ਇਸ ਲੇਖ ਲੜੀ ਅਨੁਸਾਰ ਕਲਕਤੇ ਦੀ ਕਾਰਰਵਾਈ ਦਾ ਜ਼ਿਕਰ ਸ੍ਰੀ ਆਲਮ ਜੀ ਨੇ ੨੩ ਚੇਤਰ ਸੰਮਤ ੧੯੯੧ ਦੇ ਸਤਿਜੁਗ ਵਿਚ ਕੀਤਾ ਹੋਇਆ ਹੈ।

Namdhari Elibrary NamdhariElibrary@gmail.com

ਜਿਨਾਂ ਦਿਨਾਂ ਵਿਚ ਸਚੇ ਪਾਤਸ਼ਾਹ ਸਿਆਮ ਦੇ ਦੌਰੇ ਜਾਂਦੇ ਰਸਤੇ ਵਿਚ ਕਲਕਤੇ ਰਹੇ,ਉਹਨਾਂ ਦਿਨਾਂ ਵਿਚ ਪ੍ਰਸਿਧ ਦੇਸ਼ ਭਗਤ ਬਾਬਾ ਗੁਰਦਿਤ ਸਿੰਘ ਜੀ ਮਾਲਿਕ ਗੁਰੂ ਨਾਨਕ ਜਹਾਜ਼(ਕੋਮਾ ਗਾਟਾ ਮਾਰੂ ਜਹਾਜ) ਵਾਲੇ ਵੀ ਕਲਕਤੇ ਹੀ ਸਨ। ਸ੍ਰੀ ਸਤਿਗੁਰੂ ਜੀ ਸਮੇਤ ਸਾਰੀ ਸੰਗਤ ਦਾ ਬਾਬਾ ਜੀ ਨੇ ਬੜੇ ਪ੍ਰੇਮ ਨਾਲ ਸੁਆਗਤ ਕੀਤਾ ਅਤੇ ਬਹੁਤ ਹੀ ਸੇਵਾ ਕੀਤੀ।

ਅਤੇ ਆਪਦੇ ਸਾਥੀ ਡਾ. ਕਿਸ਼ਨ ਸਿੰਘ ਜੀ ਤੇ ਸ੍ਰ. ਮੰਗਲ ਸਿੰਘ ਜੀ ਆਦਿਕ ਵੀ ਸੇਵਾ ਵਿਚ ਹਾਜ਼ਰ ਰਹੇ।

"ਕਲਕਤੇ ਦੀ ਸਿੰਘ ਸਭਾ ਨੇ ਜੋ ਸਾਡੇ ਨਾਲ ਪ੍ਰੇਮ ਭਰਿਆ ਸਲੂਕ ਕੀਤਾ ਉਸਦੀ ਪ੍ਰਸ਼ੰਸਾ ਬਿਨਾਂ ਫਰਜ਼ ਅਦਾ ਨਹੀਂ ਹੁੰਦਾ।

ਸਿੰਘ ਸਭਾ ਦੇ ਪ੍ਰਧਾਨ ਸਾਹਿਬ ਜੀ ਤੇ ਹੋਰ ਪਤਵੰਤਿਆਂ ਸਜਨਾਂ ਯਥਾ ਸ਼ਕਤ ਸਾਧ ਸੰਗਤ ਦੀ ਸੇਵਾ ਕੀਤੀ। ਪ੍ਰਚਾਰ ਵਿਚ ਵੀ ਉਤਸ਼ਾਹ ਪੂਰਵਿਕ ਹਿਸਾ ਲਿਆ। ਮੇਰਾ ਵਿਚਾਰ ਹੈ ਕਿ ਜੇ ਸਾਰੇ ਦੇਸ ਵਿਚ ਇਸਤ੍ਰਾਂ ਦੀਆਂ ਸਿੰਘ ਸਭਾਵਾਂ ਹੋਣ ਤਾਂ ਸ੍ਰੀ ਗੁਰੂ ਨਾਨਕ ਨੂੰ ਮੰਨਣ ਵਾਲੀਆਂ ਸਮੂਹ ਸੰਪ੍ਰ-ਦਾਵਾਂ ਏਕਤਾ ਦੇ ਸੂਤ੍ਰ ਵਿਚ ਪ੍ਰੋਤੀਆਂ ਜਾ ਸਕਦੀਆਂ ਹਨ।

ਖੇਦ ਜਨਕ ਗਲ:-

ਅਖੀਰ ਵਿਚ ਮੈਨੂੰ ਇਹ ਗਲ ਪ੍ਰਗਟ ਕਰਨ ਲਗਿਆਂ ਅਤੀ ਖੇਦ ਪ੍ਰਤੀਤ ਹੁੰਦਾ ਹੈ, ਕਿ ਫੁਟ ਰੂਪ ਅਗ ਦਾ ਇਕ ਚੰਗਿਆੜਾ ਕਿਸੇ ਬੰਨਿਓਂ ਕਲਕਤੇ ਦੀ ਸਿਖ ਸੰਗਤ ਵਿਚ ਵੀ ਆਣ ਡਿਗਾ ਹੈ। ਸ਼ਾਇਦ ਪਛੋਂ ਦੀ ਪੌਣ ਇਸਨੂੰ ਪੰਜਾਬ ਦੀ ਭੱਠੀ ਵਿਚੋਂ ਹੀ ਉਡਾ ਲਿਆਈ ਹੋਵੇ? ਸਭ ਤੋਂ ਵਧੇਰੇ ਸ਼ੋਕ ਵਾਲੀ ਗਲ ਤਾਂ ਇਹ ਹੈ, ਕਿ ਜਿਸ ਕਲਕਤੇ ਵਿਚ ਮਾਨਯੋਗ ਬਾਬਾ ਗੁਰਦਿਤ ਸਿੰਘ ਜੀ ਜੈਸੇ ਦੇਸ਼ ਤੇ ਕੌਮ ਤੋਂ ਮਰ ਮਿਟਣ ਵਾਲੇ ਬਜੁਰਗ ਮੌਜੂਦ ਹੋਣ, ਜਿਸ ਸ਼ਹਿਰ ਵਿਚ ਪੰਥ, ਕੌਮ, ਦੇਸ਼ ਦਰਦੀ, ਸ੍ਰੀ ਮਾਨ ਸ੍ਰਦਾਰ ਨਿਰੰਜਨ ਸਿੰਘ ਜੀ'ਤਾਲਿਬ' ਜੈਸੇ ਸਾਹਿਤ ਪ੍ਰਚਾਰਕ ਅਪਣੇ ਅਮਲੇ ਫੈਲੇ ਸਮੇਤ ਰਹਿੰਦੇ ਹੋਣ, ਜਿਸ ਸ਼ਹਿਰ ਵਿਚ ਸਿੰਘ ਸਭਾ ਦੇ ਸਿਆਣੇ ਸਿਆਣੇ ਪੰਥ ਹਿਤੈਸ਼ੀ ਕਾਰਕੁਨ ਮੌਜੂਦ ਹੋਣ, ਓਥੇ ਵੀ ਫੁਟ ਅਗਨੀ ਦੇ ਭਾਂਬੜ ਮੱਚਣ ਨੂੰ ਤਿਆਰ ਹੋਣ। ਫਿਰ ਕਲਕਤੇ ਵਰਗੇ ਸ਼ਹਿਰ ਜਿਥੇ ਸਿਖ ਅਗੇ ਹੀ ਆਟੇ ਵਿਚ ਲੂਣ ਦੇ ਬਰਾ-ਬਰ ਬਹੁਤ ਹੀ ਥੋੜੇ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਇਸ ਫੁਟ ਨੂੰ ਬੜੇ ਖੇਦ ਨਾਲ ਅਨੁਭਵ ਕੀਤਾ। ਅਤੇ ਕਲਕਤੇ ਦੇ ਸਿਖੀ ਖਲਵਾੜੇ ਨੂੰ ਇਸ ਅਗਨੀ ਤੋਂ ਬਚਾਣ ਵਾਸਤੇ ਯਤਨ ਆਰੰਭਿਆ।

ਪਹਿਲਾਂ ਸ੍ਰੀ ਹਜੂਰ ਨੇ ਮੈਨੂੰ ਤੇ ਸੰਤ ਇੰਦਰ ਸਿੰਘ ਚਕ੍ਰਵਰਤੀ ਨੂੰ ਇਹ ਸੇਵਾ ਬਖਸ਼ੀ, ਅਤੇ ਅਸੀਂ ਦੋਹਾਂ ਫਰੀਕਾਂ ਦੇ ਆਗੂਆਂ ਦੀ ਸੇਵਾ ਵਿਚ ਹਾਜ਼ਿਰ ਹੋਏ। ਦੋਹਾਂ ਧਿਰਾਂ ਵਲੋਂ ਸਾਨੂੰ ਨਿਸਚਾ ਦਿਵਾਣ ਦੀ ਕੋਸ਼ਿਸ਼ ਕੀਤੀ ਗਈ ਕਿ ਏਥੇ ਕੋਈ ਧੜੇਬੰਦੀ ਨਹੀਂ ਪ੍ਰੰਤੂ ਏਹ ਗਲ ਸਾਡੇ ਮੰਨਣ ਵਿਚ ਨ ਆਈ। ਅਸਾਂ ਸਮਝੌਤੇ ਵਾਸਤੇ ਜੋ ਮਸੌਦਾ ਤਿਆਰ ਕੀਤਾ ਸੀ, ਉਸ ਉਤੇ ਦਸਖਤ ਕਰਨ ਵਾਸਤੇ ਇਕ ਧਿਰ ਤਾਂ ਸਹਿਮਤ ਹੋ ਗਈ ਪਰ ਦੂਸਰੀ ਧਿਰ ਨੇ ਹਾਂ ਹੂੰ ਕਰਨ ਤੋਂ ਬਾਦ ਦਸਖਤ ਕਰਨ ਤੋਂ ਨਾਂਹ ਕਰ ਦਿਤੀ। ਤੇ ਇਸਤਰਾਂ ਸਾਡਾ ਮਸੌਦਾ ਉਨਾਂਨੂੰ ਸੰਤੁਸ਼ਟ ਨ ਕਰ ਸਕਿਆ।

ਸਤਿਗੁਰਾਂ ਦਾ ਉਪਦੇਸ਼:-

ਛੇਕੜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵਾਰੀ ਵਾਰੀ ਦੋਹਾਂ ਧੜਿਆਂ ਦੇ ਪਤਵੰਤੇ ਸਜਨਾਂ ਨੂੰ ਬੁਲਵਾਕੇ ਏਹ ਉਪਦੇਸ਼ ਦਿਤਾ:-

Namdhari Elibrary NamdhariElibrary@gmail.com

"ਮੈਂ ਸਤਿਗੁਰੂ ਨਾਨਕ ਦੇਵ ਦੇ ਨਾਮ ਤੇ ਅਪੀਲ ਕਰਦਾ ਹਾਂ,ਕਿ ਫੁਟ ਦਾ ਏਹ ਬੂਟਾ ਜੋ ਕਿ ਅਜੇ ਪੈਦਾਇਸ਼ੀ ਹਾਲਾਤ ਵਿਚ ਹੈ, ਬੜੇ ਹੀ ਉਦਮ ਨਾਲ ਜੜੋਂ ਹੀ ਪੁਟ ਦੇਣਾ ਚਾਹੀਦਾ ਹੈ। ਜਿਸ ਕਰਕੇ ਪੰਥ ਇਸਦੇ ਜ਼ਹਰੀਲੇ ਫਲ ਤੋਂ ਬਚ ਸਕੇ।

ਤੁਸੀਂ ਇਸ ਗਲ ਤੋਂ ਬੇ ਖਬਰ ਨਹੀਂ ਹੋ ਸਕਦੇ, ਕਿ ਫੁਟ ਦੀ ਕ੍ਰਿਪਾ ਨਾਲ ਹੀ ਅਸੀਂ ਅਪਨਾ ਰਾਜ ਖੁਹਾਕੇ ਗੁਲਾਮ ਬਣੇ ਹੋਏ ਹਾਂ ਕੀ ਸਾਡੀ ਦੁਰਦਸ਼ਾ ਵਿਚ ਅਜੇ ਕੋਈ ਕਸਰ ਹੈ ? ਮੈਨੂੰ ਤਾਂ ਬਾਬਾ ਗੁਰਦਿਤ ਸਿੰਘ ਜੈਸੇ ਬਜੁਰਗਾਂ ਦੇ ਸਾਹਮਣੇ ਇਹ ਉਪਦੇਸ਼ ਕਰਦਿਆਂ ਲੱਜਾ ਆਉਂਦੀ ਹੈ। ਤੁਸੀਂ ਸਾਰੇ ਹੀ ਮੰਨੇ ਪ੍ਰਮੰਨੇ ਤੇ ਸਿਆਣੇ ਗੁਰ ਸਿਖ ਹੋ, ਮੇਰਾ ਧਰਮ ਮੈਨੂੰ ਆਪਦੇ ਸਾਮ੍ਹਣੇ ਬਾਰ ਬਾਰ ਏਹ ਅਰਜ ਕਰਨ ਤੋਂ ਮਜਬੂਰ ਕਰਦਾ ਹੈ, ਕਿ ਤੁਸੀਂ ਆਪ ਵਿਚ ਦੀ ਅਜਿਹੇ ਪ੍ਰੇਮ ਅਤੇ ਮਿਲਾਪ ਨਾਲ ਰਹੋ ਕਿ ਦੂਜੇ ਮਜ਼ਬਾਂ ਤੇ ਨਸਲਾਂ ਦੇ ਲੋਕ ਤੁਹਾਡਾ ਆਦਰ ਤੇ ਸਤਿਕਾਰ ਕਰਨ। ਅਸਲੀ ਗਲ ਤਾਂ ਇਹ ਹੈ ਕਿ ਸਾਡੇ ਪੰਥ ਵਿਚੋਂ ਭਜਨ ਬੰਦਗੀ ਨਾਮ ਦਾਨ ਅਤੇ ਬਾਣੀ ਦਾ ਨਿਤ-ਨੇਮ ਉਡਦਾ ਜਾ ਰਿਹਾ ਹੈ। ਪੁਰਾਣੇ ਸਿਖਾਂ ਦਾ ਜੀਵਨ ਪੜ੍ਹੋ ਉਹ ਭਜਨ ਬਾਣੀ ਦੇ ਕਿਡੇ ਨਿਤਨੇਮੀ ਹੁੰਦੇ ਸੇ। ਤਦੇ ਤਾਂ ਉਹਨਾਂ ਦੇ ਦਿਲ ਸਾਫ ਰਹਿੰਦੇ ਸਨ। ਸਿਖ ਇਤ-ਹਾਸ ਵਿਚ ਏਸਤਰਾਂ ਦੀਆਂ ਕੋਈ ਇਕ ਦੋ ਨਹੀਂ, ਬੇਅੰਤ ਮਿਸਾਲਾਂ ਮੌਜੂਦ ਹਨ।

ਅਜਕਲ ਸਿੰਘਾਂ ਦਾ ਨਿਤਨੇਮ ਅਖਬਾਰਾਂ ਪੜ੍ਹਨੀਆਂ ਅਤੇ ਇਕ ਦੂਜੇ ਨੂੰ ਜਬਾਨੀ ਜਾਂ ਲੇਖਾਂ ਰਾਹੀਂ ਗਾਲਾਂ ਕਢਣਾ ਹੀ ਰਹਿ ਗਿਆ ਹੈ। ਏਹੋ ਹੀ ਰੋਗ ਦੀ ਜੜ ਹੈ। ਮੈਨੂੰ ਅਪਨੀ ਕੌਮ ਦੀ ਇਹ ਦਸ਼ਾ ਵੇਖਕੇ ਬੜਾ ਦੁਖ ਹੁੰਦਾ ਹੈ। ਮੇਰੇ ਏਥੇ ਆਉਣ ਤੋਂ ਜੇ ਆਪ ਸਭ ਸਜਨ ਇਹ ਲਾਭ ਪ੍ਰਾਪਤ ਕਰ ਸਕੋ, ਕਿ ਆਪ ਵਿਚ ਦੇ ਸਾਰੇ ਭਰਮ ਭੇਦ ਮਿਟਾਕੇ ਇਕ ਦੂਜੇ ਦੇ ਮਿਤ੍ਰ ਬਣ ਜਾਵੋ,ਤਾਂ ਮੈਨੂੰ ਬੜੀ ਪ੍ਰਸੰਨਤਾ ਹੋਵੇਗੀ ਮੈਂ ਸਤਿਗੁਰੂ ਸਚੇ ਪਾਤਸ਼ਾਹ ਪਾਸ ਅਰਜ ਕਰਦਾ ਹਾਂ ਕਿ ਆਪ ਦੇ ਦਿਲਾਂ ਵਿਚ ਸਿਖੀ ਦਾ ਪਿਆਰ ਪੈਦਾ ਹੋਵੇ। ਜੇ ਤੁਸੀਂ ਮੇਰੀ ਹੋਰ ਕੋਈ ਅਰਜ ਵੀ ਨ ਮੰਨੋ, ਤਾਂ ਘਟੋ ਘਟ ਏਨੀ ਤਾਂ ਜਰੂਰ ਮੰਨ ਲਵੋ, ਕਿ ਇਕ ਦੂਜੇ ਦੇ ਬਰਖਿਲਾਫ ਇਸਤਿਹਾਰਾਂ ਤੇ ਅਖਬਾਰਾਂ ਵਿਚ ਗੰਦ ਨ ਸੁਟੋ।

ਕਿਉਂਕਿ ਭਵਿਖਤ ਕਾਲ ਵਿਚ ਏਹੋ ਲਿਖਤਾਂ ਤੁਹਾਡੀਆਂ ਵੈਰੀਆਂ ਵਲੋਂ ਤੁਹਾ-ਡੀਆਂ ਨਸਲਾਂ ਨੂੰ ਸ਼ਰਮਿੰਦਿਆਂ ਕਰਨ ਲਈ ਵਰਤੀਆਂ ਜਾਣਗੀਆਂ।

ਆਸ਼ਾ ਹੈ ਕਿ ਤੁਸੀਂ ਮੇਰੀ ਇਹ ਬੇਨਤੀ ਜਰੂਰ ਪ੍ਰਵਾਨ ਕਰ ਲਵੋਗੇ।

ਅਸਰ:—

ਇਸ ਮਿਠੇ ਮਿਠੇ ਅਤੇ ਕਲਿਆਨਕਾਰੀ ਉਪਦੇਸ਼ ਦਾ ਸੁਣਨ ਵਾਲਿਆਂ ਤੇ ਬੜਾ ਖਾਸ ਅਸਰ ਹੋਇਆ। ਅਤੇ ਉਤਰ ਵਿਚ ਦੋਹਾਂ ਧਿਰਾਂ ਨੇ ਅਰਜ ਕੀਤੀ,ਕਿ ਮਹਾਰਾਜ ਅਸੀਂ ਆਪਦੇ ਉਪਦੇਸ਼ਾਂ ਉਤੇ ਅਮਲ ਕਰਨਦਾ ਜਤਨ ਕਰਾਂਗੇ ਤੇ ਆਸ ਕਰਦੇ ਹਾਂ ਕਿ ਜੇ ਆਪ ਜੀ ਦਾ ਸਾਡੇ ਵਲ ਏਸੇਤਰਾਂ ਧਿਆਨ ਰਹਿਆ, ਤਾਂ ਸਾਡਾ ਜਰੂਰ ਭਲਾ ਹੋਵੇਗਾ।

[ਸਤਿਜੁਗ ਸ੍ਰੀ ਭੈਣੀ ਸਾਹਿਬ ੨੩ ਚੇਤਰ ੧੯੯੧ ਵਿਚੋਂ ਧੰਨਵਾਦ ਸਹਿਤ ਪ੍ਰਾਪਤ]

ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਕਲਕਤੇ ਵਿਚ ਸਿਖਾਂ ਦੀ ਫੁਟ ਨੂੰ ਦੂਰ ਕਰਨ ਵਾਸਤੇ ਕੀਤੇ ਪੁਰਸਾਰਥ ਨੂੰ ਜਦ ਸਫਲ ਹੁੰਦਾ ਵੇਖਿਆ ਤਾਂ ਪੰਜਾਬ ਵਿਚ ਫੁਟ ਨਾਲ ਦਗਧ ਹੋ ਰਹੀਆਂ ਆਮ ਜਥੇ-

Namdhari Elibrary NamdhariElibrary@gmail.com

ਬੰਦੀਆਂ ਤੇ ਸੰਪ੍ਰਦਾਵਾਂ ਨੂੰ ਸ਼ਾਂਤ ਕਰਨ ਦੀ ਭਾਵਨਾ ਹੋਰ ਵਧ ਗਈ ਅਤੇ ਸਿਆਮ ਦੇ ਦੌਰੇ ਉਤੋਂ ਆਉਂਦਿਆਂ ਹੀ ਨਿਕਟ ਵਰਤੀਆਂ ਨਾਲ ਸਲਾਹ ਕਰਕੇ ੨੮-੨੯-੩੦ ਅਸੂ ਬਿ: ੧੯੯੧ ਅਨੁਸਾਰ ੧੩-੧੪-੧੫ ਅਕਤੂਬਰ ੧੯੩੪ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਏ ਕਾਨਫਰੰਸ ਦਾ ਐਲਾਨ ਕਰਵਾ ਦਿਤਾ। ਤੇ ਸੰਤ ਇੰਦਰ ਸਿੰਘ ਚਕ੍ਰਵਰਤੀ ਜੀ ਨੂੰ ਇਸ ਮਹਾਨ ਕਾਰਜ ਵਿਚ ਆਉਣ ਲਈ ਸਭ ਸੰਪ੍ਰਦਾਵਾਂ ਦੇ ਮੁਖੀਆਂ ਨੂੰ ਸੂਚਿਤ ਕਰਨ ਲਈ ਹੁਕਮ ਕਰ ਦਿਤਾ। ਸ੍ਰੀ ਚਕ੍ਰਵਰਤੀ ਜੀ ਨੇ ਹੇਠ ਲਿਖੇ ਸਜਨਾਂ ਨੂੰ ਇਸ ਕਾਨਫਰੰਸ ਵਿਚ ਵਿਸ਼ੇਸ਼ ਤੌਰ ਤੇ ਨਿਮੰਤ੍ਰਣ ਪਤ੍ਰ ਭੇਜੇ:-

ਪ੍ਰੋ. ਤੇਜਾ ਸਿੰਘ ਜੀ ਐਮ. ਏ. ਖਾਲਸਾ ਕਾਲਜ ਅੰਮ੍ਰਿਤਸਰ

ਪ੍ਰੋ. ਜੋਧ ਸਿੰਘ ਜੀ ਐਮ. ਏ. " "

ਸ੍ਰ. ਹਰਬੰਸ ਸਿੰਘ ਜੀ ਐਮ. ਏ. " "

ਸ੍ਰ: ਗੰਡਾ ਸਿੰਘ ਜੀ ਕੇਵਲ " " "

ਬਾਬਾ ਹਰ ਕਿਸਨ ਸਿੰਘ ਜੀ ਪ੍ਰਿੰਸੀਪਲ ਗੁ. ਨਾ. ਕਾਲਜ ਗੁਜਰਾਂ ਵਾਲਾ

ਸ੍ਰ. ਐਸ. ਐਸ. ਚਰਨ ਸਿੰਘ ਜੀ ਸ਼ਹੀਦ ਅੰਮ੍ਰਿਤਸਰ ਐਡੀਟਰ ਮੌਜੀ

ਗਿਆਨੀ ਹੀਰਾ ਸਿੰਘ ਜੀ ਦਰਦ ਐ: ਫੁਲਵਾੜੀ

ਡਾ. ਪ੍ਰਦੁਮਨ ਸਿੰਘ ਜੀ ਐਮ. ਏ. ਮਿੰਟਗੁਮਰੀ

ਗਿਆਨੀ ਗੰਗਾ ਸਿੰਘ ਜੀ ਫਿਲਾਸਫਰ ਤਰਨ ਤਾਰਨ

ਗਿਆਨੀ ਗੁਰਮੁਖ ਸਿੰਘ ਮੁਸਾਫਿਰ " "

ਸ੍ਰ: ਪ੍ਰਤਾਪ ਸਿੰਘ ਜੀ ਐਮ. ਏ. ਖਾਲਸਾ ਰੀਵੀਊ ਲਾਹੌਰ

ਗਿਆਨੀ ਸ਼ੇਰ ਸਿੰਘ ਐਡੀਟਰ ਖਾਲਸਾ ਸੇਵਕ ਅੰਮ੍ਰਿਤਸਰ

ਮਹੰਤ ਹਾਕਮ ਸਿੰਘ ਜੀ ਅੰਮ੍ਰਿਤਸਰ

ਮਹੰਤ ਕਿਸ਼ਨ ਸਿੰਘ ਜੀ ਐਡੀਟਰ ਨਿਰਮਲ ਸਮਾਚਾਰ

ਸ੍ਰ: ਸਰਮੁਖ ਸਿੰਘ ਚਮਕ ਅੰਮ੍ਰਿਤਸਰ

ਲਾਲਾ ਧਨੀਰਾਮ ਚਾਤ੍ਰਿਕ ਅੰਮ੍ਰਿਤਸਰ

ਸੈਕਟਰੀ ਉਦਾਸੀਨ ਮਹਾਂ ਮੰਡਲ ਅੰਮ੍ਰਿਤਸਰ

ਪ੍ਰਧਾਨ ਉਦਾਸੀਨ " "

ਸ੍ਰਦਾਰ ਅਮਰ ਸਿੰਘ ਜੀ ਮਾਲਿਕ ਸ਼ੇਰੇ ਪੰਜਾਬ ਲਾਹੌਰ

ਸ੍ਰ. ਗੁਪਾਲ ਸਿੰਘ ਜੀ ਕੌਮੀ ਅਕਾਲੀ ਪਤ੍ਰਕਾਲਹੌਰ

ਸੰਤ ਨਿਰਬਾਣ ਜੀ ਫਲੇਹਾਰੀ ਅਖਾੜਾ ਬ੍ਰਹਮ ਬੂਟਾ ਅੰਮ੍ਰਿਤਸਰ

ਸ੍ਰ. ਜਸਵੰਤ ਸਿੰਘ ਜੀ ਝਬਾਲ ਪ੍ਰਧਾਨ ਗੁ: ਪ੍ਰ: ਕਮੇਟੀ ਅੰਮ੍ਰਿਤਸਰ

ਮਲਕ ਡੋਗਰ ਸਿੰਘ ਜੀ ਰਾਵਲ ਪਿੰਡੀ

ਭਾਈ ਸਾਹਿਬ ਵੀਰ ਸਿੰਘ ਜੀ ਅੰਮ੍ਰਿਤਸਰ

ਸ੍ਰ: ਅਵਤਾਰ ਸਿੰਘ ਜੀ ਬ੍ਰਿਸਟਰ ਗੁਜਰਾਂਵਾਲਾ

ਟਿਕਾ ਸੁਰਿੰਦ੍ਰ ਸਿੰਘ ਬੇਦੀ ਰਾਵਲ ਪਿੰਡੀ

ਰਾਇ ਬਹਾਦਰ ਸ੍ਰ: ਵਸਾਖਾ ਸਿੰਘ

ਮਹੰਤ ਸਾਹਿਬ ਡੇਰਾ ਅਡਣਸ਼ਾਹੀਆਂ ਅੰਮ੍ਰਿਤਸਰ

ਮਾਸਟਰ ਮੋਤਾ ਸਿੰਘ ਜੀ ਜਲੰਧਰ

ਸ੍ਰ. ਸੰਤ ਸਿੰਘ ਜੀ ਲਾਇਲਪੁਰ

ਸ੍ਰ. ਸੰਪੂਰਨ ਸਿੰਘ ਜੀ

ਸ੍ਰ. ਕਸ਼ਮੀਰਾ ਸਿੰਘ ਜੀ ਪ੍ਰਿੰਸੀਪਲ

ਸੰਤ ਤੇਜਾ ਸਿੰਘ ਜੀ ਨਿਰਮਲੇ ਗੁਜਰਾਂਵਾਲਾ

ਗਿਆਨੀ ਸੁਜਾਨ ਸਿੰਘ ਜੀ ਰਾਵਲ ਪਿੰਡੀ

ਬਖਸ਼ੀ ਰਾਜਿੰਦ੍ਰ ਸਿੰਘ ਜੀ "

ਠਾਕਰ ਭਗਵਾਨ ਦਾਸ ਜੀ ਕੈਂਬਲ ਪੁਰ

ਸ੍ਰ: ਜਵਾਲਾ ਸਿੰਘ ਜੀ "

ਬਾਵਾ ਨਿਰੰਜਨ ਸਿੰਘ ਜੀ ਬੇਦੀ ਪਸ਼ਾਵਰ

ਬਾਬੂ ਰਾਮ ਚੰਦ ਜੀ " "

ਮਹੰਤ ਹਰੀਦਾਸ ਜੀ ਬਿਲਗਾ

ਮਹੰਤ ਹਰਨਾਮ ਦਾਸ ਜੀ ਸਾਧ ਬੇਲਾ ਸਖਰ

ਮਹੰਤ ਲਛਮਨ ਦਾਸ ਜੀ(ਰਾਮਰਾਈਏ) ਡੇਹਰਾਦੂਨ

ਐਡੀਟਰ ਸਾਹਿਬ ਗਹਿਰ ਗੰਭੀਰ ਗਜ਼ਟ ਰੋਪੜ

ਸ੍ਰ: ਗੁਰਬਖਸ਼ ਸਿੰਘ ਜੀ ਪ੍ਰੀਤ ਲੜੀ

ਐਡੀਟਰ ਮਹਾਤਮਾਂ ਸਮਾਚਾਰ ਅੰਮ੍ਰਿਤਸਰ

ਬਾਵਾ ਮੋਹਨ ਸੁੰਦਰ ਜੀ ਬੀ. ਏ. ਹਾਈਕੋਰਟ ਲਾਹੌਰ

ਬਾਬਾ ਸਉਣ ਸਿੰਘ ਜੀ ਰਾਧਾ ਸਵਾਮੀ।

ਆਦਿਕ...

ਇਨਾਂ ਤੋਂ ਇਲਾਵਾ ਨਾਮਧਾਰੀ ਪੰਥ ਨੂੰ ਸਮੂਹਿਕ ਤੌਰ ਤੇ ਪਹੁੰਚਣ ਵਾਸਤੇ ਸਚੇ ਪਾਤਸ਼ਾ–ਵਲੋਂ ਹੁਕਮ ਦਿਤਾ ਗਿਆ।

ਸ੍ਰੀ ਭੈਣੀ ਸਾਹਿਬ ਵਿਚ ਨਿਸਚਿਤ ਤਾਰੀਖਾਂ ਤੋਂ ਪਹਿਲਾਂ ਅੰਮ੍ਰਿਤਸਰ ਵਿਖੇ ਸਿਖ ਸੰਪ੍ਰਦਾ ਇਕਤ੍ਰਤਾ ਹੋਈ। ਜਿਸ ਵਿਚ ਕੁਝ ਸਿਖ ਲੀਡਰਾਂ ਵਲੋਂ ਸ੍ਰੀ ਭੈਣੀ ਸਾਹਿਬ ਵਾਲੀ ਕਾਨਫਰੰਸ ਵਾਸਤੇ ਕਈ ਸ਼ਰਤਾਂ ਵੀ ਪੇਸ਼ ਕੀਤੀਆਂ ਗਈਆਂ। ਜਿਨਾਂ ਵਿਚ ਇਕ ਇਹ ਵੀ ਸ਼ਰਤ ਸੀ, ਕਿ ਸ੍ਰੀ ਭੈਣੀ ਸਾਹਿਬ ਕੂਕਿਆਂ ਦਾ ਕੇਂਦਰ ਹੈ, ਅਤੇ ਓਥੇ ੧੨ ਗੁਰੂਆਂ ਦਾ ਨਾਮ ਲੈਕੇ ਅਰਦਾਸਾ ਕੀਤਾ ਜਾਂਦਾ ਹੈ,ਜੋ ਅਸੀਂ ਹਰਗਿਜ਼ ਸੁਣਨ ਨੂੰ ਤਿਆਰ ਨਹੀਂ, ਇਸਤੋਂ ਇਲਾਵਾ ਹੋਰ ਵੀ ਉਹ ਸ਼ਰਤਾਂ ਕੁਝ ਲੀਡਰਾਂ ਵਲੋਂ ਰਖੀਆਂ ਗਈਆਂ, ਜਿਹੜੀਆਂ ਨਾਮਧਾਰੀ ਅਸੂਲਾਂ ਤੋਂ ਉਲਟ ਅਤੇ ਕੀਤੀ ਜਾ ਰਹੀ ਸਰਬ ਸੰਪ੍ਰਦਾਇ ਕਾਨਫਰੰਸ ਵਿਚ ਰੁਕਾਵਟ ਪੈਦਾ ਕਰ ਸਕਦੀਆਂ ਸਨ। ਅਜਿਹੀਆਂ ਸ਼ਰਤਾਂ ਤੇ ਰੁਕਾਵਟ ਦਾ ਮੁਢ ਵਿਸ਼ੇਸ਼ ਕਰਕੇ ਗਿਆਨੀ ਸ਼ੇਰ ਸਿੰਘ ਜੀ ਨੇ ਬਧਾ। ਜਦੋਂ ਕਿ ਉਹਨਾਂ ਨੂੰ ਅਜਿਹੀ ਹਠ ਧਰਮੀ ਵਾਸਤੇ ਭਾਈ ਸਾਹਿਬ ਵੈਦਜ ਮੋਹਨ ਸਿੰਘ ਜੀ ਨੇ ਲਿਖਜਾ ਕਿ:–

ਸ੍ਰੀ ਮਾਨ ਸਤਿਕਾਰਯੋਗ ਕ੍ਰਿਪਾਲੂ ਗਜਾਨੀ ਸ਼ੇਰ ਸਿੰਘ ਜੀ ਮਹਾਰਾਜ ਬੇਨਤੀ ਹੈ ਕਿ ਜੋ 'ਸਿਖ ਸੇਵਕ' ੧-੧੦-੩੪ ਦੇ ਸਫਾ ੫ ਤੇ ਜੋ ਲੇਖ ਛਪਿਆ ਹੈ, ਅਜਿਹੇ ਮੇਲ ਦੇ ਕਾਰਜਾਂ ਵਿਚ ਸ੍ਰੀ ਮਾਨ ਜੀ ਜੇਹੇ ਸ੍ਰੋਮਣੀਆਂ ਨੂੰ ਹਰਤਰਾਂ ਸਹਾਈ ਹੋਣਾ ਅਤੇ ਸ਼ਾਮਿਲ ਹੋਣਾ ਤੇ ਸੰਗਤਾਂ ਨੂੰ ਲਾਭ ਪੁਚਾਣਾ ਚਾਹੀਦਾ ਹੈ। ਅਪਣੇ ਉਚੇ ਤੇ ਸੁਚੇ ਖਿਆਲ ਪ੍ਰਗਟ ਕਰਨੇ ਚਾਹੀਦੇ ਹਨ,ਨਾ ਕਿ ਰੁਸੇਵੇਂ ਵਾਕਰ ਸ਼ਾਮਿਲ ਹੀ ਨਾ ਹੋਣ ਦੇ ਐਲਾਨ ਕਰਨੇ ਸੋਭਦੇ ਹਨ!

ਦਾਸ ਨੇ ਕਿਸੇ ਗਲਤ ਫਹਿਮੀ ਵਿਚ ਦਸਖਤ ਨਹੀਂ ਕੀਤੇ। ਏਸ ਕਾਰਜ ਤੇ ਉਦਮ ਨੂੰ ਅਤੀ ਪਵਿਤ੍ਰ ਲਾਭਵੰਦ ਤੇ ਆਰੰਭ ਕਰਨ ਵਾਲਿਆਂ ਦੇ ਪਵਿਤ੍ਰ ਭਾਵਾਂ ਨੂੰ ਵੇਖਕੇ ਕੀਤੇ ਹਨ।

"ਸਿਖ ਲਫਜ਼"ਜਾਂ ਸ੍ਰੀ ਗੁਰੂ ਨਾਨਕ ਸੰਪ੍ਰਦਾਈ ਅਖਵਾਨ ਵਿਚ ਦਾਸ ਨੂੰ ਤਾਂ ਕੋਈ ਭਿੰਨ ਭੇਦ ਨਹੀਂ ਜਾਪਦਾ। ਕੇਵਲ ਕਣਕ, ਗੰਦਮ, ਗੇਹੂੰ ਦਾ ਝਗੜਾ ਮਿਟਾਨ ਦੇ ਵਿਚਾਰ ਨੂੰ ਮੁਖ ਰਖਿਆ ਗਿਆ ਹੈ। ਅਤੇ ਇਸ ਕਾਨਫਰੰਸ ਦਾ ਭਾਵ ਹੀ ਇਹੋ ਹੈ, ਜੋ ਆਪਸ ਵਿਚ ਦੀ ਫੁਟ ਦੇ ਕਾਰਨ ਸਿਖ ਸੰਪ੍ਰਦਾਵਾਂ ਅਰਥਾਤ ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਵਾਂ ਸ੍ਰੀ ਗੁਰੂ ਸਾਹਿਬ ਜੀ ਅਤੇ ਗੁਰਬਾਣੀ ਨਾਲੋਂ ਦੂਰ ਨ ਹਟਨ ਤੇ ਅਡ ਅਡ ਖਿਆਲਾਂ ਵਾਲੇ ਟਬਰ ਵਾਕੁਰ ਏਕਤਾ ਦੇ ਪ੍ਰੇਮ ਵਿਚ ਪ੍ਰੋਤੇ ਰਹਿਣ।

ਦਾਸ ਨੂੰ ਤਾਂ ਏਸਦੇ ਪ੍ਰਬੰਧਕਾਂ ਵਿਚ ਰੰਚਕ ਮਾਤ੍ਰ ਭੀ ਚੋਧਰ ਦੀ ਭੁਖ ਜਾਂ ਖਾਸ ਸਵਾਰਥ ਪ੍ਰਤੀਤ ਨਹੀਂ ਹੁੰਦਾ। ਤੁਸੀਂ ਜਰੂਰ ਇਸ ਸਮਾਗਮ ਵਿਚ ਦਰਸ਼ਨ ਦੇਕੇ ਸੰਗਤਾਂ ਨੂੰ ਲਾਭ ਪੁਚਾਉ।

ਦਾਸ-ਮੋਹਣ ਸਿੰਘ ਵੈਦ(ਤਰਨ ਤਾਰਨ)

ਇਤਆਦਿਕ ਇਸ ਕਾਨਫਰੰਸ ਦੇ ਅਨਕੂਲ ਤੇ ਪ੍ਰਤਿਕੂਲ ਭਾਵਨਾ ਵਾਲੇ ਲੇਖ ਪੰਜਾਬ ਤੇ ਕਲਕਤੇ ਆਦ ਥਾਵਾਂ ਤੋਂ ਪ੍ਰਕਾਸ਼ਤ ਹੋਣ ਵਾਲੇ ਰੋਜਾਨਾ, ਸਪਤਾਹਿਕ ਅਖਬਾਰਾਂ ਤੇ ਮਾਸਿਕ ਪਤ੍ਰਾਂ ਦੁਆਰਾ ਗੁਰੂ ਨਾਨਕ ਸਰਬ ਸੰਪ੍ਰਦਾ ਕਾਨਫਰੰਸ ਦੀਆਂ ਧੁੰਮਾਂ ਸਾਰੇ ਭਾਰਤ ਤੇ ਸਗੋਂ ਵਿਦੇਸ਼ਾਂ ਵਿਚ ਪੈ ਗਈਆਂ। ਸਭ ਲੋਕਾਂ ਨੂੰ ਇਹ ਵੀ ਪਤਾ ਲਗ ਗਿਆ ਕਿ ਇਸ ਕਾਨਫਰੰਸ ਦੀ ਸਫਲਤਾ ਵਾਸਤੇ

Namdhari Elibrary NamdhariElibrary@gmail.com

ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਬਹੁਤ ਮਾਇਆ ਖਰਚ ਕਰ ਰਹੇ ਅਤੇ ਹਰਤਰਾਂ ਦੀ ਖੇਚਲ ਬ੍ਰਦਾਸ਼ਤ ਕਰ ਰਹੇ ਹਨ, ਓਥੇ ਕੁਝ ਹਠ ਧਰਮੀ ਵਾਲੇ ਤੁਅਸਬੀ ਲੀਡਰਾਂ ਦੀਆਂ ਪੇਸ਼ ਕੀਤੀਆਂ ਦਲੀਲਾਂ ਨੂੰ ਮੇਟਨ ਵਾਸਤੇ ਸ੍ਰੀ ਭੈਣੀ ਸਾਹਿਬ ਕਾਨ-ਫਰੰਸ ਦੀ ਸਮਾਪਤੀ ਹੋਣ ਵੇਲੇ ਦਸਾਂ ਪਾਤਸ਼ਾਹੀਆਂ ਵਾਲੇ ਅਰਦਾਸੇ ਦੀ ਪ੍ਰਵਾਨਗੀ ਦੇ ਕੇ ਸਿਖ ਪੰਥ ਦੀ ਏਕਤਾ ਵਾਲੀ ਭਾਵਨਾ ਦਾ ਇਕ ਬੇ-ਮਿਸਾਲ ਸਬੂਤ ਇਹ ਆਖਕੇ ਕਿ ਏਸ ਸ਼ੁਭ ਕਾਰਜ ਵਾਸਤੇ ਭਾਵੇਂ ਕੋਈ ਦੋ ਪਾਤਸ਼ਾਹੀਆਂ ਦਾ ਵੀ ਅਰਦਾਸਾ ਭੈਣੀ ਸਾਹਿਬ ਆ ਕੇ ਕਰੇ ਮੈਨੂੰ ਕੋਈ ਇਤਰਾਜ਼ਨਹੀਂ ਕਿਉਂਕਿ ਇਹ ਕਾਨਫ੍ਰੰਸ ਗੁਰੂ ਨਾਨਕ ਦੇ ਨਾਮ ਤੇ ਸਦੀ ਗਈ ਹੈ, ਭਾਵੇਂ ਕੋਈ ਕੇਵਲ ਗੁਰੂ ਨਾਨਕ ਦਾ ਨਾਮ ਹੀ ਲਵੇ ਮੇਰੇ ਵਾਸਤੇ ਉਹੋ ਹੀ ਬੜਾ ਹੈ।

ਇਸ ਕਾਨਫਰੰਸ ਦਾ ਆਰੰਭ ੨੮ ਅਸੂ ਨੂੰ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆਂ ਦੀ ਪ੍ਰਧਾਨਗੀ ਹੇਠ ਜਦ ਹੋਇਆ ਉਸ ਵਿਚ ਆਸਾ ਦੀ ਵਾਰ ਦਾ ਕੀਰਤਨ'ਤੇ ਅਰਦਾਸਾ ਨਾਮਧਾਰੀ ਮਰਯਾਦਾ ਨਾਲ ਹੁੰਦਾ ਰਿਹਾ ਤੇਸ਼ਾਮ ਦੇ ਦੀਵਾਨ ਦਾ ਅਰਦਾਸਾ ਭਾਈ ਸਾਹਿਬ ਬਾਗੜੀਆਂ ਕਰਿਆ ਕਰਦੇ ਰਹੇ।

ਕਾਨਫਰੰਸ ਦੇ ਪ੍ਰਧਾਨ ਭਾਈ ਸਾਹਿਬ ਬਾਗ-ੜੀਆ ਤੇ ਸਰ ਸੁੰਦਰ ਸਿੰਘ ਜੀ ਮਜੀਠਾ ਤੇ ਹੋਰ ਬਹੁਤ ਸਾਰੇ ਸਿਖ ਪੰਥ ਦੇ ਪ੍ਰਤਿਸਟ ਸਜਨਾਂ ਦਾ ਲੁਧਿਆਣਾ ਚੰਡੀਗੜ ਮੇਨ ਰੋਡ ਦੇ ਸ੍ਰੀ ਭੈਣੀ ਸਾਹਿਬ ਵਾਲੇ ਮੋੜ ਤੋਂ ਜਲੂਸ ਅਰੰਭ ਹੋਇਆ ਤੇ ਪੰਥਕ ਏਕਤਾ ਦੇ ਜੈਕਾਰੇ ਬੁਲਾਂਦਾ ਤੇ ਕੀਰਤਨ ਕਰਦਾ ਕਾਨਫਰੰਸ ਦੇ ਪੰਡਾਲ(ਜਿਥੇ ਹੁਣ ਸਿਮ੍ਰਤੀ ਮੰਦਰ ਜਾਂ ਅਕਾਡਮੀ ਹਾਲ ਹੈ) ਵਿਚ ਆਕੇ ਸਮਾ-ਪਤ ਹੋਇਆ।

ਜਿਸ ਵਿਚ ਸਵਾਗਤੀ ਭਾਸ਼ਨ ਸ੍ਰ: ਲਛਮਨ ਸਿੰਘ ਜੀ ਠੇਕੇਦਾਰ ਪ੍ਰਧਾਨ ਸ੍ਵਾਗਤੀ ਕਮੇਟੀ ਨੇ ਦਿਤਾ। ਬਣੇ ਹੋਏ ਪ੍ਰੋਗ੍ਰਾਮ ਅਨੁਸਾਰ ਕਾਨਫਰੰਸ ਦੇ ਸਮਾਗਮ ਸਮੇਂ ਬਾਹਰੋਂ ਆਏ ਸਭ ਸੰਪ੍ਰਦਾਵਾਂ ਤੇ ਜਥੇਬੰਦੀਆਂ ਦੇ ਪ੍ਰਤੀਨਿਧਾਂ ਦੇ ਪੰਥਕ ਏਕਤਾ ਦੇ ਸੰਬੰਧ ਵਿਚਤਿੰਨ ਦਿਨ ਹੀ ਭਾਸ਼ਨ ਹੁੰਦੇ ਰਹੇ,ਜਿਸ ਵਿਚ ਸਮੇਂ ਅਨੁਸਾਰ ਸੰਤ ਨਿਧਾਨ ਸਿੰਘ ਜੀ ਆਲਿਮ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਤੇ ਸ੍ਰੀ ਚਕ੍ਰਵਰਤੀ ਜੀ ਅਥਵਾ ਸਚੇ ਪਾਤਸ਼ਾਹ ਜੀ ਭੀ ਭਾਗ ਲੈਂਦੇ ਰਹੇ।

ਖੁਲਾ ਸਮਾਗਮ:-

ਇਸ ਸਮਾਗਮ ਦੇ ਅਰੰਭ ਵਿਚ(ਸਤਿਕਾਰਯੋਗ ਭਾਈ ਸਾਹਿਬ ਬਾਗੜੀਆਂ) ਪ੍ਰਧਾਨ ਜੀ ਨੇ"ਹਮ ਮੈਲੇ ਤੁਮ ਉਜਲ ਕਰਤੇ" ਸ਼ਬਦ ਆਪ ਪੜ੍ਹਿਆ ਤੇ ਸੰਗਤ ਤੋਂ ਪੜ੍ਹਵਾਇਆ ਤੇ ਬਾਅਦ ਵਿਚ ਇਸ ਕਾਨਫਰੰਸ ਦਾ ਜੋ ਮਨੋਰਥ ਦਸਿਆ ਉਸਦੇ ਸ਼ਬਦ ਇਹ ਸਨ:-

ਇਸ ਕਾਨਫਰੰਸ ਦਾ ਮਨੋਰਥ ਉਹਨਾਂ ਸ੍ਰੀ ਗੁਰੂ ਨਾਨਕ ਪੰਥੀ ਸਾਰੀਆਂ ਸੰਪ੍ਰਦਾਵਾਂ ਵਿਚ ਪ੍ਰਸਪਰ ਪ੍ਰੇਮ ਕਰਨਾ ਤੇ ਏਕਤਾ ਪੈਦਾ ਕਰਨੀ ਹੈ,ਜਿਨਾਂ ਦੇ ਵਿਸ਼ਵਾਸ਼ ਦੀ ਨੀਂਹ ਸਤਿਗੁਰਾਂ ਦੀ ਉਚਾਰੀ ਬਾਣੀ ਹੈ, ਜੋ ਸ੍ਰੀ ਗੁਰੂ ਗਰੰਥ ਸਾਹਿਬ ਤੇ ਦਸਮ ਗ੍ਰੰਥ ਵਿਚ ਵਿਦਮਾਨ ਹੈ।

ਇਸ"ਮਨੋਰਥ" ਭਾਸ਼ਨ ਤੋਂ ਉਪ੍ਰੰਤ ਪ੍ਰੋ: ਜੋਧ ਸਿੰਘ ਜੀ ਨੇ ਜੈਕਾਰਿਆਂ ਦੀ ਗੂੰਜ ਵਿਚ ਇਹ ਮਤਾ ਪੇਸ਼ ਕੀਤਾ।

ਮਤਾ ਨੰ:-੧. ਇਹ ਕਾਨਫਰੰਸ ਸਰਬ ਸੰਪ੍ਰ-ਦਾਵਾਂ ਪਾਸ ਪ੍ਰਾਰਥਨਾ ਕਰਦੀ ਹੈ ਕਿ ਉਹ ਆਪਣੇ ਆਪਣੇ ਮੁਖੀ ਜਥਿਆਂ ਰਾਹੀਂ ਅਤੇ ਆਪਣੇ ਅਸਥਾਨਾਂ ਔਰ ਦੀਵਾਨਾਂ ਵਿਚ ਕਥਾ ਕੀਤਰਨ ਦੁਆਰਾ ਗੁਰਬਾਣੀ ਦੇ ਪ੍ਰਚਾਰ ਨੂੰ ਆਪਣਾ ਮੁਖ ਕਰਤਬ ਸਮਝਨ ਜਦੋਂ ਕਿ ਦੂਸਰਾ ਮਤਾ ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ ਨੇ ਪੇਸ਼ ਕੀਤਾ।

ਮਤਾ ਨੰ: ੨. ਇਹ ਕਾਨਫਰੰਸ ਸਮੂਹ ਸੰਪ੍ਰਦਾਵਾਂ

Namdhari Elibrary NamdhariElibrary@gmail.com

ਦੇ ਸੰਤਾਂ, ਮਹੰਤਾਂ ਪ੍ਰਚਾਰਕਾਂ, ਰਾਗੀਆਂ ਗਿਆਨੀਆਂ, ਅਖਬਾਰਾਂ ਦੇ ਐਡੀਟਰਾਂ ਅਤੇ ਹੋਰ ਜੁੰਮੇਵਾਰ ਸਜਨਾਂ ਨੂੰ ਬੇਨਤੀ ਕਰਦੀ ਹੈ ਕਿ ਉਹ ਅਪਣੇ ਪ੍ਰਚਾਰ ਵਿਚ ਕਿਸੇ ਸੰਪ੍ਰਦਾਏ ਦੇ ਅਸੂਲਾਂ ਜਾਂ ਮਰਜਾਦਾ ਉਤੇ ਕੋਈ ਹਮਲਾ ਨ ਕਰਨ,ਅਤੇ ਆਪਣੇ ਅਸੂਲਾਂ ਦਾ ਪ੍ਰੇਮ ਅਤੇ ਵਿਦਵਤਾ ਦੀਆਂ ਖੂਬੀਆਂ ਅਨੁਸਾਰ ਮੰਡਨ ਰੂਪ ਵਿਚ ਪ੍ਰਚਾਰ ਕਰਨ।

ਅਰ ਤੀਸਰਾ ਮਤਾ ਸ੍ਰ: ਤੇਜਾ ਸਿੰਘ ਜੀ ਅਕਰ ਪੁਰੀ ਮੀਤ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਪੇਸ਼ ਕੀਤਾ।

ਮਤਾ ਨੰ: ੩. ਇਹ ਕਾਨਫਰੰਸ ਸ੍ਰੋ: ਗੁ: ਪ੍ਰਬੰਧਕ ਕਮੇਟੀ ਸੂਬਤ ਸਥਾਨਿਕ ਗੁਰਦਵਾਰਾ ਕਮੇਟੀਆਂ ਅਤੇ ਹੋਰ ਸੰਗਤਾਂ ਪਾਸ ਬੇਨਤੀ ਕਰਦੀ ਹੈ, ਕਿ ਅਗੇ ਤੋਂ ਪ੍ਰਚਾਰਕ ਜਾਂ ਗੁਰਦਵਾਰਿਆਂ ਦੇ ਮੈਨੇਜਰ,ਗ੍ਰੰਥੀ, ਰਾਗੀ,ਤੇ ਹੋਰ ਸੇਵਾਦਾਰ ਮੁਕਰਰ ਕਰਨ ਲਗਿਆਂ ਸਮੂਹ ਸੰਪ੍ਰਦਾਵਾਂ ਵਿਚੋਂ ਅਧਿ-ਕਾਰੀ ਪੁਰਸ਼ਾਂ ਨੂੰ ਸੇਵਾ ਕਰਨ ਲਈ ਚੁਣਿਆ ਜਾਵੇ। ਅਤੇ ਚੋਣ ਕਰਨ ਲਗਿਆਂ ਉਸ ਸੰਪ੍ਰਦਾਇ ਦੇ ਅਧਿਕਾਰੀ ਪੁਰਸ਼ਾਂ ਨੂੰ ਤਰ-ਜੀਹ ਦਿਤੀ ਜਾਵੇ, ਜਿਸਦੇ ਪ੍ਰਬੰਧ ਵਿਚ ਉਹ ਅਸਥਾਨ ਪਹਿਲਾਂ ਸੀ।

ਇਨਾਂ ਤੋਂ ਉਪ੍ਰੰਤ ਚੌਥਾ ਮਤਾ ਸ੍ਰ: ਦਲੀਪ ਸਿੰਘ ਜੀ ਦੁਆਬੀਏ ਮੀਤ ਪ੍ਰਧਾਨ ਸ੍ਰੀ ਦ੍ਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਨੇ ਪੇਸ਼ ਕੀਤਾ:-

ਮਤਾ ਨੰ: ੪. ਇਹ ਕਾਨਫਰੰਸ ਸ੍ਰੋ; ਗੁ: ਪ੍ਰਬੰ-ਧਕ ਕਮੇਟੀ ਲੋਕਲ ਜਥਿਆਂ ਤੇ ਦ੍ਰਖਾਸਤਾਂ ਉਤੇ ਦਸਖਤ ਕਰਨ ਵਾਲੇ ਸਜਨਾਂ ਦੀ ਸੇਵਾ ਵਿਚ ਬੇਨਤੀ ਕਰਦੀ ਹੈ ਕਿ ਗੁਰੂ ਘਰ ਵਿਚ ਏਕਤਾ ਵਧਾਨ ਲਈ ਇਤਹਾਸਿਕ ਗੁਰਦ-ਵਾਰਿਆਂ ਤੋਂ ਛੁਟ ਹੋਰ ਸਭ ਡੇਰੇ ਅਤੇ ਧਰਮਸਾਲਾਂ ਆਦਿ ਦੇ ਝਗੜੇ ਜਿਨਾਂ ਦੀਆਂ ਦਰਖਾਸਤਾਂ ਦਫਾ ੭ ਗੁਰਦੁਆਰਾ ਐਕਟ ਹੇਠ ਦਿਤੀਆਂ ਹਨ, ਛਡ ਦਿਤੇ ਜਾਨ

ਉਪ੍ਰੋਕਤ ਪ੍ਰੋਗ੍ਰਾਮਾਂ ਦੇ ਅਖੀਰ ਵਿਚ ਸ: ਸੁੰਦਰ ਸਿੰਘ ਜੀ ਮਜੀਠਾ ਨੇ ਅਪਣੇ ਭਾਸ਼ਨ ਵਿਚ ਆਖਿਆ ਕਿ:-

ਮੈਨੂੰ ਨਿਸ਼ਚਾ ਹੈ ਕਿ ਸੰਗਤਾਂ ਮੈਨੂੰ ਓਸ ਮਹਾਂ ਉਚ ਵਿਅਕਤੀ ਦਾ ਧੰਨਵਾਦ ਕਰਨ ਦੀ ਆਗਿਆ ਦੇਣਗੀਆਂ, ਕਿ ਜਿਸਨੇ ਸਾਨੂੰ ਮਿਲਕੇ ਬੈਠਣ ਦਾ ਅਵਿਕਾਸ਼ ਦਿਤਾ ਹੈ।...... ਮੈਨੂੰ ਆਸ ਹੈ ਕਿ ਸ੍ਰੀ ਮਹਾਰਜ ਜੀ ਨੇ ਜਿਵੇਂ ਸਾਨੂੰ ਮਾਲਾ ਦੇ ਮਣਕਿਆਂ ਵਾਂਗ ਇਕ ਲੜੀ ਵਿਚ ਪਰੋਣ ਦਾ ਉਦਮ ਕੀਤਾ ਹੈ, ਅਸੀਂ ਉਸੇਤਰਾਂ ਪਰੁਚਕੇ ਅਪਣੇ ਫਰਜ਼ ਦਾ ਪਾਲਣ ਕਰੀਏ। ਉਪ੍ਰੋਕਤ ਚਾਰੇ ਗੁਰਮਤੇ ਸਰਬ ਸੰਮਤੀ ਨਾਲ ਜੈਕਾਰਿਆਂ ਦੀ ਗੁੰਜਾਰ ਨਾਲ ਪਾਸ ਕੀਤੇ ਗਏ।

ਇਨਾਂ ਤੋਂ ਬਾਦ ਸ੍ਰ: ਬਹਾਦਰ ਸ੍ਰ. ਕਾਨ ਸਿੰਘ ਜੀ ਨਾਭਾ ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆਂ ਅਤੇ ਗਿ: ਸ਼ੇਰ ਸਿੰਘ ਜੀ ਨੇ ਸਦ-ਭਾਵਨਾ ਭਰੇ ਅਪਣੇ ਵਿਚਾਰ ਸੁਣਾਏ, ਤੇ ਸ੍ਰੀ ਚਕ੍ਰਵਰਤੀ ਜੀ ਨੇ ਆਏ ਹੋਏ ਸਭ ਸਜਨਾਂ ਦਾ ਧੰਨਵਾਦ ਕੀਤਾ, ਉਪ੍ਰੰਤ। ਸ੍ਰੀ ਸਤਿਗੁਰੂ ਸਚੇ ਪਾਤ-ਸ਼ਾਹ ਜੀ ਨੇ ਅਪਣੇ ਕਰ ਕਵਲਾਂ ਨਾਲ ਸਭ ਪ੍ਰਤਿ-ਸਟ ਸਜਨਾਂ ਨੂੰ ਪ੍ਰਸੰਨਤਾ ਭਰੇ ਮਾਹੌਲ ਵਿਚ ਸਿਰੋ ਪਾਉ ਦੇਕੇ ਨਿਵਾਜਿਆ।

ਸੰਮਤ ੧੯੯੧ ਦੀ ਸਫਲਤਾ ਪੂਰਵਿਕ ਹੋਈ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਤੋਂ ਬਾਦ ਸੰਮਤ ੧੯੯੨ ਵਿਚ ਇਹ ਕਾਨਫਰੰਸ ਗੁਜਰਾਂਵਾਲੇ ਵਿਚ ਹੋਈ,ਜਿਸ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਸਾਧ ਸੰਗਤ ਸਮੇਤ ਦਰਸ਼ਨ ਦਿਤੇ, ਪਰ ਇਸ ਕਾਨਫਰੰਸ ਦੇ ਪ੍ਰਬੰਧਕਾਂ ਵਲੋਂ ਪੂਰਾ ਉਤਸ਼ਾਹ ਨ ਦਿਤੇ ਜਾਣ ਸਦਕਾ, ਇਸਤੋਂ ਬਾਦ ਕਿਸੇ ਸੰਪ੍ਰਦਾ ਜਾਂ ਜਥੇਬੰਦੀ ਵਲੋਂ ਇਹ ਸਰਬ ਸਿਖ ਸੰਪ੍ਰਦਾ ਕਾਨਫਰੰਸ ਕਰਨ

Namdhari Elibrary NamdhariElibrary@gmail.com

ਦੀ ਪੇਸ਼ਕਸ਼ ਭਾਵੇਂ ਨ ਕੀਤੀ ਗਈ ਪਰ ਸਤਿਗੁਰੂ ਸਚੇ ਪਾਤਸ਼ਾਹ ਜੀ ਵਲੋਂ ਸ੍ਰੀ ਭੈਣੀ ਸਾਹਿਬ ਵਿਚ ਪਾਸ ਹੋਏ ਮਤਿਆਂ ਉਤੇ ਬਦਸਤੂਰ ਅਮਲ ਕੀਤਾ ਜਾਂਦਾ ਰਿਹਾ। ਤੇ ਹੁਣ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਚੇ ਪਾਤਸ਼ਾਹ ਵਲੋਂ ਬਾਕਾਇਦਾ ਅਮਲ ਕੀਤਾ ਕਰਵਾਇਆ ਜਾ ਰਿਹਾ ਹੈ।

੨੯ ਭਾਦਰੋਂ ਸੰਮਤ ੨੦੧੬ ਨੂੰਜਦ ਸ੍ਰੀਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ ਪਾਏ ਗਏ ਭੋਗਾਂ ਦਾ ਇਤਹਾਸਿਕ ਸਮਾਗਮਸ੍ਰੀ ਭੈਣੀ ਸਾਹਿਬ ਹੋਇਆ ਤਾਂਤਕ੍ਰੀਬਨ ੨ ਲਖ ਸੰਗਤ ਦੀ ਹਾਜ਼ਰੀ ਵਿਚ ਜਿਥੇ ਸਾਰੀਆਂ ਸੰਪ੍ਰਦਾਵਾਂ ਜਥੇਬੰਦੀਆਂ ਭੇਖਾਂ ਤੇ ਰਾਜਸੀ ਪਾਰਟੀਆਂ ਦੇ ਆਗੂਆਂ ਵਲੋਂ ਅਟੱਲ ਪ੍ਰਤਾਪੀ ਸਤਿਗੁਰੂ ਜੀ ਦੇ ਉਪਕਾਰਾਂ ਦਾ ਵਰਣਨ ਕਰਦਿਆਂ ਸਤਿਕਾਰਭਰਿਆਸ਼ਰਧਾਜਲੀਆਂ ਅਰਪਤ ਕੀਤੀਆਂ, ਓਥੇ ਸ੍ਰੀਮਾਨ ਗਿਆਨੀ ਕਰਤਾਰ ਸਿੰਘ ਜੀ ਨੇ ਆਖਿਆ ਕਿ ਮਹਾਰਾਜ ਪ੍ਰਤਾਪ ਸਿੰਘ ਜੀ ਵਿਚ ਜੋ ਅਨਗਿਣਤ ਸਿਫਤਾਂ ਤੇ ਗੁਣ ਸਨ, ਜੇ ਸਾਰਿਆਂ ਨੂੰ ਇਕਪਾਸੇ ਕਰਕੇ ਕੇਵਲ ਗੁਰੂ ਨਾਨਕ ਸ੍ਰਬ ਸੰਪ੍ਰਦਾਏ ਕਾਨਫਰੰਸ ਦੁਆਰਾ ਸਿਖ ਪੰਥ ਨੂੰ ਅਕੱਠਾ ਕਰਨ ਵਾਲਾ ਉਪਕਾਰ ਹੀ ਲੈ ਲਈਏ, ਤਾਂ ਇਕ ਉਹ ਮੀਲ ਪਥਰ ਹੈ ਜਿਹੜਾ ਸਾਨੂੰ ਹਮੇਸ਼ਾਂ ਪੰਥਕ ਏਕਤਾ ਦੀਪ੍ਰੇਰਨਾਦਿੰਦਾ ਰਹੇਗਾ

ਨੋਟ:- ਸ੍ਰੀ ਭੈਣੀ ਸਾਹਿਬ ਹੋਈ ਸਰਬ ਸਿਖ ਸੰਪ੍ਰਦਾਕਾਨਫ੍ਰੰਸਬਾਬਤ ਜੋਵਿਸਥਾਰ ਪੂਰਵਿਕ ਸਾਰੀ ਜਾਣਕਾਰੀ ਸੰਮਤ ੧੯੯੧ ਦੇ ਸਤਿਜੁਗ ਅਖਬਾਰਾਂ ਵਿਚ ਸ੍ਰੀ ਮਾਨ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਨੇ ਦਿਤੀ ਹੋਈ ਹੈ, ਮੈਂ ਉਸ ਜਾਣਕਾਰੀ ਅਨੁਸਾਰ ਸਾਗਰ ਵਿਚੋਂ ਸ਼ਾਇਦ ਬੂੰਦ ਸਮਾਨ ਭੀ ਨ ਲਿਖ ਸਕਿਆ ਹੋਵਾਂ। ਪਰ ਇਤਨਾ ਕੁਝ ਕੇਵਲ ਹੁਣ ਦੀ ਪੰਥਕ ਏਕਤਾ ਦੀ ਲੋੜ ਨੂੰ ਅਨੁਭਵ ਕਰਦਿਆਂ ਅਟੱਲ ਪ੍ਰਤਾਪੀ ਸਤਿਗੁਰੂ ਜੀ ਦੇ ਕੀਤੇ ਉਪਕਾਰ ਨੂੰ ਵਰਤਮਾਨ ਕਾਲ ਦੇ ਸਿਖ ਨੇਤਾਵਾਂ ਦੀ ਸੇਵਾ ਵਿਚ ਪੇਸ਼ ਕਰਨ ਦਾ ਮੈਂ ਨਿਗੂਣਾ ਜਤਨ ਕੀਤਾ ਹੈ।

ਕਾਸ਼! ਸਭ ਸਬੰਧਤ ਸੰਪ੍ਰਦਾਵਾਂ ਤੇ ਜਥੇਬੰਦੀਆਂ ਇਸ ਲੇਖ ਨੂੰ ਪ੍ਰੇਮ ਨਾਲ ਪੜ੍ਹਨ ਤੇ ਇਸਤੋਂ ਪੰਥਕ ਏਕਤਾ ਦੀ ਪ੍ਰੇਰਨਾ ਲੈ ਸਕਣ?

ਸ੍ਰੀ ਜੀਵਨ ਨਗਰ

ਵਡੇ ਪ੍ਰਤਾਪ ਵਾਲੇ ਗੁਰੂ ਪ੍ਰਤਾਪ ਸਿੰਘ, ਭੁਲ ਨਾਂ ਮੈਂ ਸਕਾਂ ਤੇਰੇ ਵਡੇ ਉਪਕਾਰਾਂ ਨੂੰ।
ਇਆਣਿਆਂ ਦੇ ਵਾਂਗ ਆ ਗਰੀਬਾਂ ਨੂੰ ਤੂੰ ਗਲੇ ਲਾਇਆ,ਵਡੇ ਤੂੰ ਬਣਾਇਆ ਆ ਦੁਖੀ ਦੁਖਿਆਰਾਂ ਨੂੰ।
ਸਪ, ਚੂਹੇ, ਠੂਏਂ ਜਿਥੇ ਖੁੰਦਰਾਂ ਸੀ ਪਾਈ ਬੈਠੇ, ਵੇਖਿਆ ਮੈਂ ਜਾਕੇ ਉਥੇ ਉਗੀਆਂ ਜੁਵਾਰਾਂ ਨੂੰ।
ਜਿਥੇ ਪਾਣੀ ਦਾ ਨਾ ਘੁਟ ਮਿਲੇ ਅਜ ਉਥੇ ਦੁਧ ਮਿਲੇ,ਗੁਣ ਗੌਣ ਤੇਰੇ ਕਰਦੇ ਮੌਜ ਤੇ ਬਹਾਰਾਂ ਨੂੰ।
ਮੁਲ ਲੈ ਜਮੀਨ ਨਾਮ ਰਖਿਆ ਸੀ ਜੀਵਨ ਨਗਰ,ਨਹਿਰ ਖੁਦਾਈ ਉਥੇ ਕਢਿਆ ਸੀ ਕਹਿਰਾਂ ਨੂੰ।
ਤੇਰੀ ਮਿਹਰ ਨਾਲ ਦਾਤਾ ਅਜ ਉਦੇ ਰੌਣਕਾਂ ਨੇ,ਦਿਲ ਠੰਢ ਪੇਂਦੀ ਉਥੇ ਰੋਗੀਆਂ ਬੀਮਾਰਾਂ ਨੂੰ।
ਪਿਆਰ ਸਤਿਕਾਰ ਨਾਲ ਸਾਰੇ ਮੁਖੋਂ ਪਏ ਬੋਲਦੇ ਨੇ, ਗੁਰੂ ਪ੍ਰਤਾਪ ਸਿੰਘ ਵਡਾ ਗੁਰੂ ਆਇਆ ਸੀ।
ਅੱਖੀਆਂ ਨੇ ਵੇਖ ਲਿਆ ਕੰਨਾਂ ਨੇ ਵੀ ਸੁਣ ਲਿਆ,ਅੱਖੀਆਂ ਦੇ ਸੌਹੇਂ ਅਗੇ ਨਾਂ ਕੋਈ ਗੁਰੂ ਆਇਆ ਸੀ।
ਜਮੀਨ ਸੀ ਵੈਰਾਨ ਕੋਈ ਵੇਖਦਾ ਨਾਂ ਉਸ ਵਲ,ਗੁਰੂ ਪ੍ਰਤਾਪ ਸਿੰਘ ਉਥੇ ਚਰਨ ਲਗਾਇਆ ਸੀ।
ਅਜ ਜਾਕੇ ਵੇਖੋ ਉਹੋ ਜਮੀਨ ਭਾਗਾਂ ਵਾਲੜੀ ਏ, ਉਗਾਂਦੀ ਏ ਸੋਨਾ ਢੇਰ ਮੋਤੀਆ ਦਾ ਲਾਇਆ ਸੀ।
ਦਿਲ ਖੁਸ ਹੋਂਵਦਾ ਹੈ ਵੇਖ ਹੁਣ ਫਸਲਾਂ ਨੂੰ, ਅੰਬ ਤੇ ਅਨਾਰ ਬੂਟਾ ਸੰਗਤਰੇ ਦਾ ਲਗਾਇਆ ਸੀ।
ਜਾਵਾਂ ਬਲਿਹਾਰੇ ਤੇਰੇ ਵਡੇ ਪ੍ਰਤਾਪ ਵਾਲੇ, ਕਰ ਉਪਕਾਰ ਜੀਵਨ ਨਗਰ ਵਸਾਇਆ ਸੀ।
ਦੂਰੋਂ ਦੂਰੋਂ ਸੰਗਤ ਹੁਣ ਦਰਸ਼ਨਾਂ ਨੂੰ ਆਂਵਦੀ ਏ,ਅਗੇ ਏਸ ਜਗਾ ਕਿਸੇ ਪੈਰ ਨਾ ਵਧਾਇਆ ਸੀ।
ਦੁਖੀ ਹੋਕੇ ਆਏ ਜੇਹੜੇ ਦੇਸ ਬਟਵਾਰੇ ਵਿਚੋਂ, ਸਤਿਗੁਰਾਂ ਉਨ੍ਹਾਂ ਤਾਂਈ ਗਲੇ ਨਾਲ ਲਾਇਆ ਸੀ।

ਹਰਬੰਸ ਸਿੰਘ ਚਾਨਾ ਇੰਗਲੈਂਡ

Namdhari Elibrary NamdhariElibrary@gmail.com

(੮ ਸਫੇ ਦੀ ਬਾਕੀ)

ਚਰਨਾਂ ਚ ਝਰਨਾਟ ਛੇੜਕੇ, ਮੇਰਾ ਦੁਖ ਦੂਰ ਕਰਨ ਦੀ ਸਮਰਥਾ ਰਖਦੀਣਏ।

ਪਰ ਪੁਤਰ। ਕੁਝ ਦਸੇਂ ਤੇ ਪਤਾ ਲਗੇ, ਮੈਂ ਅਰਦਾਸ ਕਰਕੇ ਮੰਗ ਕੀ ਮੰਗਾਂ, ਆਪਣੇ ਮੇਹਰ-ਬਾਨ ਸਤਿਗੁਰਾਂ ਤੋਂ।

ਬੜੇ ਚੰਗੇ ਬੇਬੇ ਜੀ, ਸੁਣੋ। ਕਈ ਦਿਨ ਹੋਏ ਨੇ, ਜਿਸ ਦਿਨ ਮੈਨੂੰ ਬੁਖਾਰ ਚੜ੍ਹਨਾਂ ਸ਼ੁਰੂ ਹੋਇਆ ਸੀ, ਮੈਂ ਬਾਹਰ ਖੂਹ ਤੇ ਬੋਹੜ ਥਲੇ ਬੇਸੁਰਤ ਪਿਆ ਸਾਂ, ਗੁਜਰਾਂਵਾਲਿਓਂ ਸ੍ਰੀ ਸਤਿਗੁਰੂ ਜੀ ਦਾ ਭੇਜਿਆ ਇਕ ਸਿਖ ਸਾਈਕਲ ਤੇ ਆਇਆ ਕਿ ਪਾਤਸ਼ਾਹ ਨੇ ਹੁਣੇ ਈ ਬੁਲਾਇਐ, ਪੱਤਰੇ ਪਾਠਾਂ ਦਾ ਹਿਸਾਬ ਆਕੇ ਦਸ ਜਾਵੇ ਫਿਰ ਅਸਾਂ ਅਗੇ ਚਲੇ ਜਾਣਾਂ ਹੈ, ਕਿਸੇਤਰਾਂ ਥੋੜ੍ਹੀ ਸੁਰਤ ਕਰਕੇ ਓਹ ਪਿਆਰਾ ਜਿਹਾ ਹੁਕਮ ਤਾਂ ਮੈਂ ਸੁਣ ਸਮਝ ਲਿਆ ਪਰ ਸਾਈਕਲ ਜਾਂ ਘੋੜੀ ਤੇ ਜਾਣ ਜੋਗੀ ਹੋਸ਼ ਹਿੰਮਤ ਮੈਂ ਨਾਂ ਕਰ ਸਕਿਆ, ਤੇ ਏਨੀ ਸੋਝੀ ਵੀ ਮੈਨੂੰ ਨਾਂ ਆ ਸਕੀ ਕਿ ਕਿਸੇ ਹਥੀਂ ਸ੍ਰੀ ਸਤਿਗੁਰੂ ਜੀਨੂੰ ਵਾਪਸੀ ਖਿਮਾਂ ਦੀ ਬੇਨਤੀ ਭੇਜਸਕਾਂ,ਕਿਉਂਕਿ ਓਹ ਸਿਖ ਤਾਂ ਮੈਨੂੰ ਸੁਨੇਹਾ ਦੇਕੇ ਚਕ ਰਮਦਾਸ ਆਦਿ ਅਗਲੇ ਪਿੰਡਾਂ ਵਲ ਚਲਾ ਗਿਆ ਸੀ, ਹੁਣ ਜਦੋਂ ਦੀ ਮੈਨੂੰ ਬੁਖਾਰ ਤੋਂ ਥੋੜ੍ਹੀ ਸੁਰਤ ਆਈ ਏ, ਅਪਣਾ ਆਪ ਅਕਾਰਥ ਜਿਹਾ ਲਗਣ ਲਗ ਪਿਆ ਏ, ਮੇਰਾ ਜੀਣ ਕਿਸ ਲੇਖੇ ਮੈਂ ਅਪਣੇ ਸਤਿਗੁਰੂ ਦੇ ਹੁਕਮ ਤੇ ਹਾਜ਼ਰੀ ਨਾਂ ਦੇ ਸਕਿਆ, ਕਿਥੇ ਓਹ ਜੋਗਾ ਸੀ, ਜੇਹੜਾ ਜੁਆਨ ਉਮਰੇ ਦੋ ਲਾਵਾਂ ਵਿਚੇ ਛਡ, ਕਈ ਦਿਨਾਂ ਦੇ ਪੰਧੇ ਪੇ ਤੁਰਿਆ ਤੇ ਕਿਥੇ ਅਭਾਗਾ ਮੈਂ ਜੇਹੜਾ ਤਿੰਨ ਕੋਹ ਵਾਟ, ਗੁਜਰਾਂਵਾਲੇ ਤਕ ਵੀ ਨਾ ਜਾ ਸਕਿਆ,ਕੇਹੜਾ ਹੋਵੇ, ਜੋ ਮੇਰੀ ਵੇਦਨ ਮੇਰੇ ਸਤਿਗੁਰ ਦੇ ਚਰਨਾਂ ਚ ਜਾ ਦਸੇ ਤੇ ਮੈਨੂੰ ਦਰਸ਼ਨ ਦੇਣ ਦੀ ਅਰਜ ਕਰੇ:-

"ਜੁਗ ਜੁਗ ਜੀਓ ਮੇਰੇ, ਪ੍ਰੇਮੀ ਪੁਤਰ ਸਤਿਗੁਰ ਤੈਨੂੰ ਪ੍ਰੇਮਾਂ ਭਗਤੀ ਤੇ ਸਿਖੀ ਦੀ ਦਾਤ ਨਾਲ ਮਾਲਾ ਮਾਲ ਕਰੀ ਰਖੇ, ਮੈਂ ਆਪ ਕਿਤੇ ਜਾ ਤੇ ਨਹੀਂ ਸਕਦੀ ਤੈਨੂੰ ਇਸ ਹਾਲਤ ਵਿਚ ਛਡਕੇ ਪਰ ਮਾਲਾ ਫੜਕੇ ਇਕ ਚਿਤ ਹੋ ਸਤਿਗੁਰਾਂ ਦੇ ਚਰਨੀਂ ਅਰਦਾਸ ਤਾਂ ਕਰ ਸਕਦੀਆਂ ਕਿ ਸਚੇ ਪਾਤਸ਼ਾਹ ਆਕੇ ਤੈਨੂੰ ਦਰਸ਼ਨ ਦੇਕੇ ਨਿਹਾਲ ਕਰਨ।"

ਦੂਸਰਾ ਦਿਨ ਸਵੇਰ ਵੇਲਾ ਮਾਘ ਦੀ ਨਿਘੀ ਧੁੱਪ ਨਿਢਾਲ ਪਿਆ ਸਿਖ ਬਿਰਹੋਂ ਭਿਜੇ ਕੋਸੇ ਕੋਸੇ ਹੰਝੂ ਵਹਾ ਰਿਹੈ ਆਲੇ ਦੁਆਲੇ ਪੜ੍ਹ ਖੇਡ ਰਹੇਬਚਿਆਂ ਨੇ ਸਤਿਗੁਰ ਆ ਗਏ, ਸਤਿਗੁਰ ਆ ਗਏ ਦਾ, ਇਕ ਦਮ ਸ਼ੋਰ ਮਚਾ ਦਿਤਾ ਕਾਹਲ ਨਾਲ ਪਾਸਾ ਪਰਤਣ ਦੇ ਜਤਨ ਵਿਚ ਸਿਖ ਦੀਆਂ ਲੇਰਾਂ ਨਿਕਲ ਗਈਆਂ ਤਦੋ ਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਾਸਾ ਪਰਤਣ ਤੋਂ ਵੀ ਪਹਿਲਾਂ ਈ, ਸਿਖ ਨੂੰ ਸੰਭਾਲ ਲਿਆ, ਗੋਦ ਚ ਲੈਕੇ ਪਿਆਰਿਆ ਪੁਚਕਾਰਿਆ ਆਪਣੇ ਰੁਮਾਲੇ ਨਾਲ ਸਿਖ ਦੇ ਅਥਰੂ ਪੂੰਝੇ ਤੇ ਆਪਣੇ ਪ੍ਰੇਮ ਆਂਸੂਆਂ ਨਾਲ ਸਿਖ ਦਾ ਤਨ ਮਨ ਠੰਢਾ ਠਾਰ ਕਰ ਦਿਤਾ। ਥੋੜ੍ਹੀ ਦੇਰ ਬਾਦ, ਸਨੇਹਿਕ ਵਾਕ ਵਰਖਾ ਨਾਲ ਨਿਹਾਲ ਕਰਨਾਂ ਸ਼ੁਰੂ ਕੀਤਾ—

"ਓ ਵਹਿਮੀਆਂ। ਇਹ ਕੀ ਕਰੀ ਬੈਠੇਂ ਅਜੇ ਤੇਰੀ ਬੜੀ ਲੋੜ ਏ, ਅਜੇ ਤੇਰੇ ਕੋਲੋਂ ਬੜੇ ਕੰਮ ਲੈਣੇ ਨੇਂ ਅਜੇ ਤੇਰੇ ਸਿਰ ਹੋਰ ਬੜੀਆਂ ਜਿੰਮੇਵਾਰੀਆਂ ਪਾਣੀਆਂ ਨੇਂ-ਤੇਰੀ ਨਾਲੇ ਨਾਲ ਇਤਿਹਾਸ ਲਿਖਣ ਦੀ ਰੀਝ ਪੂਰੀ ਕਰਨੀ ਏ ਉਠ ਤਕੜਾ ਹੋ। ਤੇ ਛੋਡੀ ਸ੍ਰੀ ਭੈਣੀ ਸਾਹਿਬ ਚਲ ਸ਼ੌਕ ਤਾਂ ਸਾਨੂੰ ਓਸੇ ਦਿਨ ਪੈ ਗਿਆ ਸੀ ਕਿ ਜੇਹੜਾ ਸੁਨੇਹੇ ਤੇ ਆਇਆ ਨਹੀਂ ਤਰਨ ਸਿੰਘ ਕੋਈ ਗਲ ਜਰੂਰ ਏ, ਰਾਵਲ-ਪਿੰਡੀ ਗਿਆਂ ਵੀ ਧਿਆਨ ਤੇਰੇ ਵਲ ਹੀ ਰਿਹਾ, ਵਾਪਸ ਮੁੜਦਿਆਂ ਭੈਣੀ ਸਾਹਿਬ ਜਾਣ ਦੀ ਕਾਹਲ ਵਿਚ ਅਸੀਂ ਰਾਤ ਲਾਹੌਰ ਚਲੇ ਗਏ ਸਾਰੀ ਰਾਤ, ਮੁੜ ਮੁੜ ਇਹੋ ਖਿਆਲ ਆਵੇ, ਵਹਿਮੀ ਨੂੰ ਮਿਲ ਲੈਣਾ ਚਾਹੀਦਾ ਸੀ, ਸਵੇਰੇ ਤੁਰਨ ਲਗਿਆਂ ਅਗੇ ਜਾਣ ਦੀ ਬਜਾਇ, ਪਿਛਾਂ ਮੁੜਕੇ ਤਦੋ ਪਤਾ ਲਗਾ

Namdhari Elibrary NamdhariElibrary@gmail.com

ਏ, ਜਾਂ ਤੇਰੇ ਕੋਲ ਆ ਗਏ ਆਂ ਪਤਾ ਨਹੀਂ ਕੀ ਕਰਦਾ ਰਿਹਾ ਏਂ,ਚੇਨ ਨਹੀਓਂ ਔਣ ਦਿਤਾ ਹਛਾ ਹੁਣ ਸਾਨੂੰ ਛੁਟੀਆਂ ਦੇਹ ਤੇ ਆਪ ਛੇਤੀ ਤੋਂ ਛੇਤੀ ਓਥੇ ਆ ਹਾਂ...ਹਾਂ... ਦਸ ! ਕੋਈ ਹੋਰ ਗਲ ਏ ? ਕੋਈ ਹੋਰ ਮੰਗ ਏ ? ਕੋਈ ਕਸਰ ਏ ਅਜੇ ?"

"ਜੀ ਸਚੇ ਪਾਤਸ਼ਾਹੋ ! ਆਪਜੀ ਦੀਆਂ ਬਖ-ਸ਼ਿਸ਼ਾਂ ਬਿਅੰਤ ਨੇ, ਮੇਰੀ ਮੱਤ ਥੋੜੀ, ਤੇ ਝੋਲੀ ਛੋਟੀ ਏ, ਰਹਿਮਤਾਂ ਮੈਥੋਂ ਡੁਲ ਡੁਲ ਪਈਆਂ ਪੈਂਦੀਆਂ ਨੇ, ਫਿਰ ਵੀ ਹੋਰ ਦਾ ਲਾਲਚ ਰੋਕਿਆ ਨਹੀਂ ਜਾ ਰਿਹਾ ਜਥੇਦਾਰ ਗੁਰਬਚਨ ਸਿੰਘ ਘਰ ਪੁਤਰ ਦੀ ਦਾਤ ਬਖਸ਼ੋ।'ਬੇਬੇ ਜੀ ! ਆਪਜੀ ਦੀਆਂ ਅਰਦਾਸਾਂ ਥਾਂ ਪਈਆਂ ਨੇ, ਤੇ ਆਪ ਜੀ ਦੀ ਮਾਲਾ ਦੇ ਮਣ-ਕਿਆਂ ਪਾਤਸ਼ਾਹ ਨੂੰ ਲਾਹੌਰੋਂ ਪਿਛਾਂ ਪਰਤਾ ਲਿਆ ਜਥੇਦਾਰ ਘਰ ਪੁਤਰ ਦਾਤ ਵਾਸਤੇ ਆਪਜੀ ਵੀ ਅਰਜ ਕਰੋ, ਮੇਰਾ ਏਹ ਭਰੋਸਾ ਹੈ ਅਰਦਾਸ ਜ਼ਰੂਰ ਮਨਜ਼ੂਰ ਹੋਵੇਗੀ।

ਪੁਤਰ ਧੰਨ ਭਾਗ ਮੇਰੇ ਜਿਵੇਂ ਮੈਂ ਗ੍ਰੀਬਣੀ ਦੀਆਂ ਅਰਜਾਂ ਗ੍ਰੀਬ ਨਿਵਾਜ ਜੀ ਨੇ ਅਗੇ ਮਨਜ਼ੂਰ ਕਰ ਲਈਆਂ ਨੇ, ਤਿਵੇਂ ਇਹ ਕ੍ਰਿਪਾ ਵੀ ਜ਼ਰੂਰ ਈ ਕਰਨਗੇ ।

ਸਾਧ ਸੰਗਤ ਵਰਨੀ ਕਰਕੇ ਅਰਦਾਸ ਕਰੇ। ਚੰਗਾ ਵਹਿਮੀ ਜੀ ਉਠਣ ਦੀ ਖੇਚਲ ਨਾਂ ਕਰੋ।

ਪਾਤਸ਼ਾਹੋ । ਆਪਦੇ ਹਜ਼ੂਰ ਦੋ ਕਦਮ ਤੁਰ ਲਵਾਂਗਾ ਝਾਕਾ ਲਹਿ ਜਾਇਗਾ।

ਚਲੋ ਠੀਕ ਏ, ਪਰ ਹੁਣ ਬਸ ਕਰੋ ਹੁਣ ਤਾਂ ਦਸ ਵੀਹ ਕਦਮ ਹੋ ਗਏ ਨੇ, ਸਤਿ ਸ੍ਰੀ ਅਕਾਲ।

(ਕੁਝ ਅਰਸੇ ਬਾਦ)

ਕਰਤਾਰ ਕੁਰੇ। ਹੁਣੇ ਈ ਜਾਗ ਆਈ ਏ ਸੁਪਨੇ ਚੋਂ, ਘੜੀ ਨੇ ਚਾਰ ਵਾਰੀ ਟਨ ਟਨ ਕੀਤੀ ਏ, ਮੈਨੂੰ ਵਧਾਈਆਂ ਮਿਲ ਰਹੀਆਂ ਨੇ ਜਥੇਦਾਰ ਗੁਰਬਚਨ ਸਿੰਘ ਘਰ ਲੜਕਾ ਜੰਮਿਐ, ਸ੍ਰੀ ਭੈਣੀ ਸਾਹਿਬ ਦਾ ਨਿਵਾਸ, ਹਰ ਵੇਲੇ ਸਤਸੰਗ ਕੀਰਤਨ ਨਾਮਬਾਣੀ ਦਾ ਪਰਵਾਹ, ਤਨ ਮਨ ਨਿਰਮਲ ਹੋਇਆ ਪਿਐ,ਮੈਨੂੰ ਸਤਿਗੁਰ ਜਨਾ ਰਿਹੈ ਜਥੇਦਾਰ ਘਰ ਜ਼ਰੂਰ ਈ ਕਾਕਾ ਆਇਆ ਏ,ਤਿੰਨ ਚਾਰ ਦਿਨਾਂ ਚ ਹਿੰਦੂ ਚੱਕੋਂ ਚਿਠੀ ਆਈ ਜਾਣ।

ਪਤੀ ਦੇਵ ਜੀ ਜੇ ਇਹ ਗਲ ਇੰਜੇ ਹੋਈ ਮੈਂ ਤਾਂ ਧੰਨ ਧੰਨ ਪਈ ਕਰਾਂਗੀ, ਆਪ ਜੀਨੂੰ ਵੀ ਤੇ ਮੇਹਰਬਾਨ ਸਤਿਗੁਰਾਂ ਨੂੰ ਵੀ ਕਸਰ ਭਾਵੇਂ ਅਗੇ ਵੀ ਕੋਈ ਨਹੀਂ ਪਰ ਇਹ ਤਾਂ ਹਥਾਂ ਤੇ ਸਰੋਂ ਜਮਾਣ ਵਾਲੀ ਗਲ ਹੋ ਜਾਇਗੀ।

ਚੌਥੇ ਦਿਨ ਸ੍ਰੀ ਭੈਣੀ ਸਾਹਿਬ ਚਿਠੀ ਪੁਜ ਗਈ ਕਿ ਸਤਿਗੁਰਾਂ ਦੀ ਕਿਰਪਾ ਨਾਲ ਬਹੁਤ ਖੁਲੇ ਹਥਾਂ ਵਾਲਾ ਲੜਕਾ ਜਨਮਿਆ ਏ, ਸਤਿਗੁਰਾਂ ਅਗੇ ਅਰਜ ਕਰੋ, ਮੇਲੇ ਦਾ ਦਿਨ ਬਖਸ਼ਣ।

ਇਹ ਲੜਕਾ ਮਹਿੰਦਰ ਸਿੰਘ ਅਜਕਲ ਸ੍ਰੀ ਜੀਵਨ ਨਗਰ ਇਲਾਕੇ ਚ ਡੜੋਲਿਆਂ ਵਾਲੀ ਅਡੇ ਨੇੜੇ ਕੋਠੀ ਪਾਕੇ ਰਹਿ ਰਿਹੈ।

ਭਾਵਨਿਕ ਰੁਬਾਈ

ਦੀਨ ਦਿਆਲ ਕ੍ਰਿਪਾਲ ਕਿਰਪਾ ਨਿਧ
ਪ੍ਰਤਾਪ ਹਰੀ ਗੁਰ ਪਿਆਰਾ।
ਜਿਸਦੇ ਦਰਸ ਨੂਰਾਨੀ ਨੇ ਸੀ
ਮੋਹ ਲਿਆ ਜਗ ਸਾਰਾ।
ਨਾਮਧਾਰੀਆਂ ਦੇ ਦੁਖ ਸੰਕਟ
ਜਿਸਨੇ ਆਣ ਨਿਵਾਰੇ ;
ਗਊ ਗ੍ਰੀਬ ਦਾ ਬਣ ਪ੍ਰਤਿਪਾਲਕ
ਆਇਆ ਧਰ ਅਵਤਾਰਾ।

Namdhari Elibrary NamdhariElibrary@gmail.com

ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ

ਗਿਆਨ ਮਾਰਤੰਡ ਪੰ: ਗੋਪਾਲ ਸਿੰਘ ਜੀ

ਪੰਡਿਤ ਗੋਪਾਲ ਸਿੰਘ ਜੀ ਕ੍ਰੀਬ ਪੰਜਾਹ ਸਾਲ ਤੋਂ ਨਾਮਧਾਰੀ ਪੰਥ ਵਿਚ ਪ੍ਰਚਾਰ ਸੇਵਾ ਕਰ ਰਹੇ ਹਨ। ਪੰਡਿਤ ਜੀ ਦਾ ਜਨਮ ਪਿੰਡ ਬਸਰਾ ਜਿ; ਸਿਆਲਕੋਟ ਵਿਚ ਹੋਇਆ ! ਦਸਵੀਂ ਤਕ ਪੜ੍ਹਾਈ ਕੀਤੀ ਅਤੇ ਇਸੇ ਦੌਰਾਨ ਨਾਮਧਾਰੀ ਸਿੰਘਾਂ ਦੀ ਸੰਗਤ ਵਿਚ ਆ ਕੇ ਕੇਸ ਰਖ ਲਏ। ਪੰਡਿਤ ਜੀ ਨੂੰ ਯੋਗੀ ਰਾਜ ਤਿਆਗ ਮੂਰਤੀ ਸੰਤ ਸੁੰਦਰ ਸਿੰਘ ਜੀ ਭੂਰੀ ਵਾਲਿਆਂ ਨੇ ਭਜਨ ਦੇਣ ਦੀ ਕਿਰਪਾ ਕੀਤੀ ਅਤੇ ਵਿਦਿਆ ਦਾਨ ਤੇ ਗਿਆਨ ਇਨਾਂ ਨੂੰ ਪਰਉਪਕਾਰੀ ਮਹਾਤਮਾ ਪੰਡਿਤ ਜਗਤ ਸਿੰਘ ਜੀ ਖੰਡੂਵਾਲੀਆਂ ਦਿਤਾ। ਗੁਰਪੁਰਵਾਸੀ ਸੂਬਾ ਹਰੀ ਸਿੰਘ ਜੀ ਦੀ ਸੰਗਤ ਵਿਚ ਰਹਿਣ ਨਾਲ ਇਹ ਅਟਲ ਪ੍ਰਤਾਪੀ ਸਤਿਗੁਰੂ ਜੀ ਪਾਸ ਆਏ। ਇਨਾਂ ਨੇ ਬਹੁਤ ਸਾਰੇ ਦੀਵਾਨ ਵਡ ਪ੍ਰਤਾਪੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਲਾਏ ਹਨ। ਚਲ ਰਹੇ ਪ੍ਰਕਰਣ ਵਿਚ ਜਿਥੇ ਹੁਕਮ ਹੋ ਜਾਂਦਾ ਖੁਸ਼ੀ ਖੁਸ਼ੀ ਓਥੇ ਹੀ ਦੀਵਾਨ ਸਮਾਪਤੀ ਕਰ ਦਿੰਦੇ। ਇਸਤੋਂ ਇਨਾਂ ਨੂੰ ਸਤਿਗੁਰੂ ਜੀ ਵਲੋਂ ਓਹ ਖੁਸ਼ੀਆਂ ਮਿਲੀਆਂ ਜੋ ਹੋਰ ਕੋਈ ਜਥੇਦਾਰ ਪ੍ਰਾਪਤ ਨਹੀਂ ਕਰ ਸਕਿਆ। ਇਹਨਾਂ ਦਾ ਸਨੇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਐਸਾ ਸੀ ਕਿ ਓਨਾਂ ਦੇ ਬਚਨ ਕਰਦਿਆਂ ਵੈਰਾਗੀ ਹੋ ਜਾਂਦੇ ਸਨ। ਭਾਈ ਵਜੀਰ ਸਿੰਘ ਜੀ ਦੀਆਂ ਇਨਾਂ ਤੇ ਬਹੁਤ ਖੁਸ਼ੀਆਂ ਸਨ। ਇਨਾਂ ਦੀ ਵਿਦਯਕ ਯੋਗਯਤਾ ਤੋਂ ਪ੍ਰਸੰਨ ਹੋ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨਾਂ ਨੂੰ ਵਿਦਿਆ ਮਾਰਤੰਡ ਦੀ ਉਪਾਧੀ ਬਖਸ਼ੀ ਹੈ।

ਸੰਸਾਰ ਦਾ ਇਤਹਾਸ ਇਸ ਗਲ ਦਾ ਗਵਾਹ ਹੈ ਕਿ ਜਦੋਂ ਜਦੋਂ ਵੀ ਧਰਮ ਦੀ ਗਿਲਾਨੀ ਹੁੰਦੀ ਹੈ ਅਧਰਮ,ਅਨਿਆਇ, ਦਾ ਜੋਰ ਪੈ ਜਾਂਦਾ ਹੈ। ਰਾਜੇ ਜ਼ਾਲਮ ਤੇ ਪਰਜਾ ਅਗਿਆਨੀ ਹੋ ਜਾਂਦੀ ਹੈ। ਕੂੜ ਕੁਸੱਤ ਦਾ ਜੋਰ ਹੋਣ ਕਰਕੇ ਨੀਵਿਆਂ ਤੇ ਨਿਰਧਨ ਦੁਖਿਆਰਿਆਂ ਦੀ ਕੋਈ ਸਾਰ ਨਹੀਂ ਲੈਂਦਾ ਤਦ ਦੁਖੀਏ ਪੁਕਾਰ ਦੇ ਹਨ। ਦਰਦ ਮੰਦਾਂ ਦੀਆਂ ਆਹੀ ਪਰਮੇਸ਼ਰ ਦੀ ਦਰਗਾਹ ਵਿਚ ਪੁਜਦੀਆਂ ਹਨ। ਤਦ ਪਰਮ ਪਿਤਾ ਜੋ ਸਦੈਵ ਦਿਆਲੂ ਉਹਨਾਂ ਦੀ ਫਰਿ- ਆਦ ਵਲ ਧਿਆਨ ਦੇਂਦੇ ਹਨ,ਰਹਿਮਤ ਉਛਾਲਾ ਮਾਰਦੀ ਹੈ(ਸੰਤਨ ਦੁਖ ਪਾਏ ਤੇ ਦੁਖੀ ਸੁਖ ਪਾਏ ਸਾਧਨ ਕੇ ਸੁਖੀ) ਤਦ ਅਪਣੇ ਪਰਮ ਤੇਜ ਦਾ ਪ੍ਰਕਾਸ਼ ਕਿਸੇ ਮਨੁਖ ਬਿਰਤੀ ਵਿਚ ਕਰਕੇ ਉਸਨੂੰ ਸੰਸਾਰ ਦੀ ਮਰਜ਼ਾਦਾ ਕਾਇਮ ਕਰਨ ਦੀ ਆਗਿਆ ਕਰਦੇ ਹਨ"ਜਦ ਉਹ ਜਗਤ ਵਿਚ ਆਨਕੇ ਅਪਨਾ ਅੰਦੋਲਨ ਸ਼ੁਰੂ ਕਰਦੀ ਹੈ, ਤਦ ਕਰਤਾ ਪੁਰਖ ਜੀ ਆਪ ਉਸਦੇ ਸਹਾਈ ਹੁੰਦੇ ਹਨ ਤੇ ਸੰਸਾਰ ਦੀਆਂ ਔਕੜਾ ਤੇ ਅਸੁਰੀ ਬਲ ਦੀਆਂ

Namdhari Elibrary NamdhariElibrary@gmail.com

ਘਟਾਂ ਨੂੰ ਉਹ ਇਸਤਰਾਂ ਤੋੜ ਦੇਂਦੇ ਹਨ, ਜਿਸਤਰਾਂ ਸੂਰਜ ਦੀਆਂ ਤੀਬਨ ਕਿਰਨਾਂ ਮੇਘ ਮੰਡਲ ਨੂੰ ਛਾਣਕੇ ਬਾਹਰ ਨਿਕਲ ਆਉਂਦੀਆਂ ਹਨ। ਮੁਖ-ਤਲਿਫ ਮਤਾਂ ਦੀਆਂ ਪੁਸਤਕਾਂ,ਨਬੀਆਂ ਅਵਤਾਰਾਂ ਦੇ ਜੀਵਨ ਚਰਿਤ੍ਰ ਇਸ ਗਲ ਦੀ ਸ਼ਾਹਦੀ ਭਰਦੇ ਹਨ। ਭਾਰਤ ਵਰਸ਼ ਦੇ ਇਤਹਾਸ ਵਿਚ ਯਮਨ ਰਾਜ ਦੇ ਆਰੰਭ ਤੋਂ ਹੀ ਜਿਸ ਅਨਿਆਈ ਮਜ਼ਬੀ ਪਖਪਾਤ ਤੇ ਦਮਨ ਦੀ ਚਾਲ ਦਾ ਕਥਨ ਆਉਂਦਾ ਹੈ, ਉਹ ਔਰੰਗਜ਼ੇਬ ਬਾਦਸ਼ਾਹ ਦੇ ਸਮੇਂ ਚੋਟੀ ਤੇ ਪੁਜ ਗਈ ਸੀ। ਉਸ ਵੇਲੇ ਦੇ ਇਤਹਾਸ ਜੋ ਭੀ ਹਿੰਦਵਾਸੀਆਂ ਫਰੰਗੀਆਂ ਨੇ ਲਿਖੇ ਹਨ ਅਤੇ ਜਿਨਾਂ ਵਿਚੋਂ ਕਈਆਂ ਦੇ ਲਿਖਾਰੀ ਮੁਸਲਮਾਨ ਵੀ ਸਨ, ਸਰਬ ਸੰਮਤੀ ਨਾਲ ਇਸ ਗਲ ਦੀ ਤਾਈਦ ਕਰਦੇ ਹਨ।

ਔਰੰਗਜੇਬ ਅਪਨੀ ਹਕੂਮਤ ਨੂੰ ਮਜਬੂਤ ਕਰਨ ਲਈ ਸਦਾ ਹੀ ਮੁਲਾਣਿਆਂ ਅਤੇ ਕਾਜੀਆਂ ਦੀ ਮਦਦ ਲੈਂਦਾ ਸੀ"ਅਪਣੀ ਕੁਟਲ ਨੀਤੀ ਵਿਚ ਸਫਲਤਾ ਪ੍ਰਾਪਤ ਕਰਨ ਲਈ ਉਸਨੇ ਉਹ ਉਹ ਉਪਦ੍ਰਵ ਕੀਤੇ ਜਿਨਾਂ ਨੂੰ ਸੁਣਕੇ ਮਨੁਖੀ ਹਿਰਦਾ ਕੰਬ ਉਠਦਾ ਹੈ ਅਪਣੇ ਪਿਤਾ ਨੂੰ ਕੈਦ ਕਰਨਾ, ਭਰਾਵਾਂ ਦਾ ਕਤਲ,ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ,ਸਰਮੱਦ ਜਹੇ ਬ੍ਰਹਮ ਗਿਆਨੀ ਮੁਸਲ-ਮਾਨ ਸੰਤਾਂ ਦਾ ਘਾਤ ਅਜੇਹੇ ਪਾਪ ਸਨ, ਜਿਨਾਂ ਨੇ ਪਰਮੇਸ਼ਰ ਦੇ ਦਰਵਾਜੇ ਤਕ ਪੁਜਕੇ ਹਲੋਰਾ ਮਾਰਿਆ ਤੇ ਉਸਨੇ ਦੁਖੀਆਂ ਦਰਦਮੰਦਾਂ ਤੇ ਤਰਸ ਖਾਕੇ ਇਕ ਅਭੇਦ ਮੁਕਤ ਬਲੀ ਆਤਮਾ ਨੂੰ ਸੰਸਾਰ ਵਿਚ ਜਾਣ ਦਾ ਹੁਕਮ ਦਿਤਾ,ਉਹ ਜਗਤ ਵਿਚ ਆਏ, ਉਹਨਾਂ ਦਾ ਨਾਮ"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਿਆ।'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਏਹਨਾਂ ਭਵਿਸ਼ਯ "ਰਾਮ ਸਿੰਘ ਮੇਰੋ ਹੋਇ ਨਾਮਾ' ਬਾਢੀ ਸੁਤ ਭੈਣੀ ਕੇ ਧਾਮਾਂ","ਰਾਮ ਸਿੰਘ ਉਚਨੀਚਨ ਭਰੇ। ਅਵਨੀ ਏਕ ਰਸੋਈ ਕਰੈ"। ਮੈਂ ਫੇਰ ਕਰੂੰਗਾ ਖਾਲਸਾ ਵਸੇ ਵਿਚ ਪੰਜਾਬ, "ਸਿਰ ਧਰ ਕੇਸ ਕੰਠੇ ਮਾਲਾ। ਦੀਨ ਦਿਜਨ ਕਾ ਹੋਇ ਰਖਵਾਲਾ,ਕਲਿਜੁਗ ਮੈਂ ਸਤਿਜੁਗ ਵਰਤਾਉਂ ਤਬੀ ਬਾਹਰਵਾਂ ਬਪ ਕਹਾਉਂ ਆਦਿ" ਵਾਕਾਂ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਸਾਰ ਚ ਅਵਤੀਰਨ ਹੋਇ। ਅੰਗਰੇਜ਼ੀ ਹਕੂਮਤ ਵਲੋਂ ਦੇਸ ਆਜ਼ਾਦ ਕਰਾਉਣ ਦਾ ਬੀੜਾ ਚੁਕਿਆ, ਪੰਥ ਤੇ ਬਹੁਤ ਮੁਸੀਬਤਾਂ ਆਈਆਂ,ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਗਿਆ,ਕਾਲੇ ਪਾਣੀ ਭੇਜਿਆ ਗਿਆਸੂਲੀ ਤੇ ਚਾੜ੍ਹਿਆ ਗਿਆਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਉਪ੍ਰੰਤ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਗੁਰਗਦੀ ਤੇ ਸ਼ਸੋਭਤ ਹੋਏ, ਸਤਿਗੁਰੂ ਹਰੀ ਸਿੰਘ ਜੀ ਦੇ ਗ੍ਰਹਿ ਚੇਤ ਵਦੀ ਤੀਜ ਸੰਮਤ ੧੯੪੬ ਐਤਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਾਦਰਭਾਵ ਹੋਇਆ। ਸਤਿਗੁਰੂ ਜੀ ਦੇ ਪ੍ਰਕਾਸ਼ ਹੁੰਦਿਆਂ ਹੀ ਉਹ ਬਚਨ ਜੇਹੜੇ ਗੁਰੂ ਹਰੀ ਸਿੰਘ ਜੀ ਨੇ ਉਚਾਰੇ ਸਨ ਕਿ ਘਰ ਦਾ ਮਾਲਕ ਆ ਗਿਆ ਏ,ਬੜੇ ਪ੍ਰਤਾਪ ਵਾਲਾ ਹੋਏਗਾ, ਜਿਸਦੀ ਛਾਯਾ ਹੇਠ ਪੰਥ ਬਹੁਤ ਸੁਖ ਮਾਣੇਗਾ, ਪੂਰੇ ਹੋਣੇ ਸ਼ੁਰੂ ਹੋ ਗਏ। ਅੰਗਰੇਜ ਹਕੂਮਤ ਵੇਲੇ ਦਿਤੇ ਦੁਖਾਂ ਦੇ ਬਦਲਾਂ ਦਾ ਅੰਤ ਹੋਣਾ ਸ਼ੁਰੂ ਹੋ ਗਿਆ ਪੁਲਸ ਚੌਂਕੀ ਚੁਕੀ ਗਈ, ਗੁਰ ਸਿਖਾਂ ਨੂੰ ਸ਼ਰੇ ਆਮ ਸ੍ਰੀ ਭੈਣੀ ਸਾਹਿਬ ਦਰਸ਼ਨ ਕਰਨ ਦੀਆਂ ਸਹੂਲਤਾਂ ਮਿਲ ਗਈਆਂ। ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪ੍ਰੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲ ਲਈ,ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਕਾਰਾਂ ਦਾ ਤਾਂ ਅੰਤ ਆ ਹੀ ਨਹੀਂ ਸਕਦਾ,ਪਰ ਫੇਰ ਵੀ ਅਪਣੀ ਤੁਛ ਬੁਧੀ ਅਨੁਸਾਰ ਕੁਝ ਵਰਣਨ ਕਰਨ ਦੀ ਕੋਸ਼ਸ਼ ਕਰਾਂਗਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਾਹੋਜਲਾਲ ਭਰਿਆ ਚੇਹਰਾ ਜੋ ਵੀ ਇਕ ਵਾਰ ਤਕ ਲੈਂਦਾ ਮੋਹਿਆ ਜਾਂਦਾ ਸੀ। ਉਹਨਾਂ ਦੀ ਅੰਮ੍ਰਿਤ ਮਈ ਦ੍ਰਿਸਟੀ ਜਿਸ ਤੇ ਵੀ ਪੈਂਦੀ ਸੀ, ਉਹ ਨਿਹਾਲ ਹੋ ਜਾਂਦਾ ਸੀ,ਉਹਨਾਂ ਦੀ ਪਿਆਰ ਭਰੀ ਤੇ ਗਿਆਨ

Namdhari Elibrary NamdhariElibrary@gmail.com

ਗੁਧੀ ਅੰਮ੍ਰਿਤ ਮਈ ਬਾਣੀ ਜੇਹੜਾ ਵੀ ਸੁਣ ਲੈਂਦਾ ਸੀ ਉਹਨਾਂ ਦਾ ਹੀ ਹੋ ਜਾਂਦਾ ਸੀ। ਸਿਖਾਂ ਅਪਣਾ ਗੁਰੂ,ਹਿੰਦੂਆਂ ਭਗਵਾਨ ਅਤੇ ਮੁਸਲਮਾਨਾਂ ਪੀਰ ਮੰਨਣ ਵਿਚ ਅਪਣੇ ਆਪਨੂੰ ਧੰਨ ਭਾਗਾ ਸਮਝਿਆ। ਇਕ ਸਮੇਂ ਸ੍ਰੀ ਸਤਿਗੁਰੂ ਜੀ ਲਾਹੌਰ ਅਰਜਨ ਨਗਰ ਤੀਰਥ ਰਾਮ ਜੀ ਦੀ ਦੁਕਾਨ ਤੇ ਕੁਝ ਘੋੜਿਆਂ ਦਾ ਸਾਮਾਨ ਖਰੀਦ ਰਹੇ ਸਨ। ਇਕ ਚੰਗਾ ਉਚਾ ਲੰਮਾ ਕੋਈ ੬੦-੬੫ ਸਾਲ ਦਾ ਪਠਾਨ ਕੰਬਲ ਵੇਚਦਾ ਉਧਰ ਆ ਨਿਕਲਿਆ। ਕੰਬਲਾਂ ਦੀ ਇਕ ਗੰਢ ਬੰਨ ਕੇ ਮੋਢੇ ਲਟਕਾਈ ਹੋਈ ਸੀ, ਕੁਝ ਬਾਂਹ ਉਤੇ ਧਰੇ ਹੋਇ ਸਨ।

ਸ੍ਰੀ ਸਤਿਗੁਰੂ ਜੀ ਉਸ ਪਠਾਨ ਨੂੰ ਪੁਛਿਆ ਖਾਨ ਜੀ ਕੰਬਲ ਦੀ ਕੀ ਕੀਮਤ ਹੈ,ਉਤਰ ਵਿਚ ਉਸ ੧੪ ਜਾਂ ੧੫ ਰੁਪੈ ਦਸਿਆ। ਸਤਿਗੁਰੂ ਜੀ ਨੇ ਭਾਈ ਵਜੀਰ ਸਿੰਘ ਜੀ ਨੂੰ ਕੋਈ ਦਸ ਕੰਬਲ ਲੈਣ ਲਈ ਹੁਕਮ ਦਿਤਾ,ਭਾਈ ਜੀ ਨੇ ਰੁਪੈ ਦਿਤੇ ਕੰਬਲ ਲਏ। ਖਾਨ ਮਾਇਆ ਲੈਕੇ ਚਲਾ ਗਿਆ ਸ੍ਰੀ ਸਤਿ-ਗੁਰੂ ਜੀ ਕਿਸੇ ਹੋਰ ਕਾਰਜ ਲਈ ਅਗੇ ਚਲੇ ਗਏ।

ਅਜੇ ਕੋਈ ਦਸ ਪੰਦਰਾਂ ਮਿੰਟ ਹੀ ਗੁਜਰੇ ਹੋਣਗੇ, ਉਹ ਪਠਾਨ ਵਾਪਸ ਤੀਰਥ ਰਾਮ ਦੀ ਦੁਕਾਨ ਤੇ ਆਕੇ ਤੀਰਥ ਰਾਮ ਨੂੰ ਪੁਛਦਾ ਏ,ਕਿ ਉਹ ਬਜੁਰਗ ਜਿਨਾਂ ਮੇਰੇ ਪਾਸੋਂ ਕੰਬਲ ਖਰੀਦੇ ਸਨ,ਕਿਥੇ ਗਏ ਹਨ ? ਤੀਰਥ ਰਾਮ ਪੁਛਿਆ ਖਾਨ ਜੀ ਕੀ ਕੋਈ ਮਾਯਾ ਉਹਨਾਂ ਵਲ ਭੁਲ ਗਏ ਹੋ,ਪਠਾਨ ਨੇ ਉਤਰ ਦਿਤਾ,ਕਿ ਨਹੀਂ। ਫੇਰ ਤੈਨੂੰ ਉਹਨਾਂ ਨਾਲ ਕੀ ਕੰਮ ਏ। ਉਸਨੇ ਅਗੋਂ ਬੜੇ ਪਿਆਰ ਨਾਲ ਉਤਰ ਦਿਤਾ ਕਿ ਸ੍ਰੀ ਮਾਨ ਜੀ ਸਾਡੇ ਧਰਮ ਵਿਚ ਇਹ ਲਿਖਿਆ ਏ ਕਿ ਜਿਸਨੂੰ ਵੇਖਕੇ ਰਬ ਚੇਤੇ ਆਵੇ ਅਤੇ ਜਿਸਦੇ ਸਾਮ੍ਹਣੇ ਝੂਠ ਨ ਬੋਲਿਆ ਜਾਵੇ ਉਹ ਪੈਗੰਬਰ ਹੁੰਦਾ ਏ,ਰਬ ਦਾ ਸਰੂਪ ਵਲੀ ਅਲਾ ਹੁੰਦਾ ਏ। ਉਹਨਾਂ ਬਜੁਰਗਾਂ ਨੂੰ ਤਕਕੇ ਮੇਰੇ ਤੇ ਦੋਵੇਂ ਗਲਾਂ ਵਾਰਦ ਹੋ ਗਈਆਂ ਹਨ। ਮੇਰਾ ਜੀ ਕਰਦਾ ਏ ਇਕ ਵਾਰੀ ਫੇਰ ਉਹਨਾਂ ਦਾ ਦੀਦਾਰ ਕਰ ਲਵਾਂ। ਤੀਰਥ ਰਾਮ ਜੀ ਨੇ ਕਹਿਆ ਸ੍ਰੀ ਮਾਨ ਜੀ ਜੇ ਤੁਹਾਡੇ ਦਿਲ ਦੀ ਏਹ ਸ਼ੁਭ ਭਾਵਨਾ ਹੈ ਤਾਂ ਜਰੂਰ ਦਰਸਨ ਹੋ ਜਾਣਗੇ। ਏਹ ਗਲਾਂ ਅਜੇ ਹੋ ਰਹੀਆਂ ਸਨ ਕਿ ਤੀਰਥ ਰਾਮ ਦੀ ਨਜ਼ਰੀਂ ਵਾਪ ਆਉਂਦੇ ਸ੍ਰੀ ਸਤਿਗੁਰੂ ਜੀ ਪੈ ਗਏ। ਖਾਨ ਤੇਰੀ ਮਨੋ ਕਾਮਨਾ ਪੂਰੀ ਕਰਨ ਲਈ ਉਹ ਆ ਰਹੇ ਹਨ। ਵੇਖਦਿਆਂ ਹੀ ਖਾਨ ਜੀ ਗਦ ਗਦ ਹੋ ਗਏ। ਇਤਨੇ ਵਿਚ ਸ੍ਰੀ ਸਤਿਗੁਰੂ ਜੀ ਜਾਂ ਬਿਲਕੁਲ ਪਾਸ ਆ ਪਹੁੰਚੇ ਪਠਾਨ ਦੋਵੇਂ ਹਥ ਜੋੜ ਸਾਮ੍ਹਣੇ ਖਲੋ ਗਿਆ ਸ੍ਰੀ ਸਤਿਗੁਰੂ ਜੀ ਪੁਛਿਆ ਖਾਨ ਜੀ ਕੀ ਗਲ ਕੋਈ ਦਾਮ ਸਾਡੇ ਵਲ ਭੁਲ ਗਏ,ਜਲ ਭਰੇ ਨੈਣਾਂ ਨਾਲ ਉਤਰ ਦਿਤਾ ਕਿ ਨਹੀਂ ਬਜੁਰਗੋ ਦਾਮ ਨਹੀਂ ਇਕ ਕੰਮ ਭੁਲ ਗਿਆ ਸਾਂ। ਏਹ ਗਲ ਆਖਦਿਆਂ ਹੀ ਖਾਨ ਨੇ ਸ੍ਰੀ ਸਤਿਗੁਰੂ ਜੀ ਨੂੰ ਘੁਟਕੇ ਗਲਵਕੜੀ ਪਾ ਲਈ। ਦੋਵੇਂ ਬਾਹਾਂ ਸ੍ਰੀ ਸਤਿਗੁਰੂ ਜੀ ਦੇ ਗਲ ਵਿਚ ਪਾਕੇ ਉਹ ਪੰਗਤੀਸਵਲ ਕਰ ਦਿਤੀ ਕਿ'ਜੋ ਸਹਿ ਕੰਠਿ ਨ ਲਗੀਆ ਜਲਨ ਸਿ ਬਾਹੜੀਆਹਾ'ਸਾਰੇ ਦਰਸ਼ਕ ਹੈਰਾਨਪ੍ਰੇਸ਼ਾਨਸਨ ਖਾਨ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਤੇ ਸਜਦਾ ਕੀਤਾ। ਬਗੈਰ ਕੁਝ ਕਹੇ, ਭਰੇ ਦਿਲ ਨਾਲ ਚਲਾ ਗਿਆ। ਕੁਝ ਮੁਸਲਮਾਨ ਭਾਈਆਂ ਖਾਨ ਨੂੰ ਪੁਛਿਆ ਤੂੰ ਏਹ ਕੀ ਕੀਤਾ ਮੁਸਲਮਾਨ ਹੋਕੇ ਸਿਖਾਂ ਦੇ ਗੁਰੂ ਦੇ ਪੈਰਾਂ ਤੇ ਮਥਾ ਟੇਕਿਆ ਉਸ ਉਤਰ ਦਿਤਾ,ਤੁਹਾਨੂੰ ਸਿਖ ਦਿਸਦਾ ਹੋਵੇਗਾ ਮੈਨੂੰ ਤਾਂ ਖੁਦਾ ਦਾ ਦੀਦਾਰ ਹੋਇਆ ਏ।

ਮੈਂ ਸਿਖ ਨੂੰ ਸਜਦਾ ਨਹੀਂ ਕੀਤਾ ਖੁਦਾ ਨੂੰ ਕੀਤਾ ਹੈ- ਸੇਵਕਾਂ ਅਰਜ ਕੀਤੀ ਗ੍ਰੀਬ ਨਿਵਾਜ ਜੀ ਏਹ ਕੀ ਚੋਜ,ਤੁਸੀਂ ਤਾਂ ਮੁਸਲਮਾਨ ਨਾਲ ਛੋਹਦੇ ਹੀ ਨਹੀਂ ਤੇ ਅਜ ਇਸਤਰਾਂ। ਸਤਿਗੁਰੂ ਜੀ ਫੁਰਮਾਯਾ ਏਹ ਕੋਈ ਪਤਾ ਨਹੀਂ ਕਿ ਭਗਵਾਨ ਨੂੰ ਕੌਣ ਪਿਆਰਾ ਹੈ ਉਹਨੂੰ ਕੇਹੜਾ ਚੰਗਾ ਲਗਦਾ ਏ। ਸਾਰੇ ਦਰਸ਼ਕ ਹੈਰਾਨ ਪ੍ਰੇਸ਼ਾਨ ਰਹਿ ਗਏ। ਏਹ ਤਾਂ ਸਤਿਗੁਰੂ ਜੀ ਜਾਣਦੇ ਸਨ ਕਿ ਉਸਦਾ ਇਸਤਰਾਂ ਨਾਲ ਭਲਾ ਕਰਨ ਦਾ ਕੇਹੜੇ ਜਨਮ ਵਿਚ ਬਚਨ ਕੀਤਾ ਸੀ।

Namdhari Elibrary NamdhariElibrary@gmail.com

੧. ਦਿਲ਼ੀ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਸ਼ ਪ੍ਰਦੇਸ ਦੇ ਸਾਕਾਹਾਰੀ ਪ੍ਰਾਹੁਣਿਆਂ ਨਾਲ ਸੰਨ ੧੯੫੭ ਈ: ਸਮੇਂ ।

Namdhari Elibrary NamdhariElibrary@gmail.com

ਧੰਨ ਹਨ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਰਾਜੇ ਜੰਗ ਦੇ ਅਸਟੇਸ਼ਨ ਤੇ ਮੁਸਾਫਰ ਗਡੀ ਖੜੀਏ ਇਕ ਡਬੇ ਵਿਚ ਇਕ ਅੰਗਰੇਜ ਅਫਸਰ ਇਕ ਹੋਰ ਸਿਖ ਅਫਸਰ ਨਾਲ ਬੈਠਾ ਹੋਇਆ ਏ। ਅਜੇ ਸੂਰਜ ਚੜ੍ਹਨ ਵਿਚ ਕੁਝ ਦੇਰ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਉਸੇ ਗਡੀ ਵਿਚ ਸਫਰ ਕਰ ਰਹੇ ਸਨ। ਸਤਿਗੁਰੂ ਜੀ ਗਡੀਓਂ ਉਤਰ ਪਲੇਟ ਫਾਰਮ ਤੇ ਟਹਿਲ ਰਹੇ ਸਨ। ਪਿਛੇ ਪਿਛੇ ਭਾਈ ਸਾਹਿਬ ਵਜੀਰ ਸਿੰਘ ਜੀ ਸਨ ਸਤਿਗੁਰੂ ਜੀ ਅਜੇ ਕਿਸੇ ਨਾਲ ਬੋਲਣਾ ਨਹੀਂ ਸੀ। ਕਿਉਂਕਿ ਅਜੇ ਚੰਡੀ ਦੀ ਵਾਰ ਦਾ ਪਾਠ ਕਰਨਾ ਸੀ। ਸ੍ਰੀ ਸਤਿਗੁਰੂ ਜੀ ਅੰਗਰੇਜ ਅਫਸਰ ਦੇ ਡਬੇ ਪਾਸੋਂ ਲੰਘਨ ਲਗੇ ਤਾਂ ਸਤਿਗੁਰੂ ਜੀ ਦੀ ਨਿਗਾਹ ਉਸ ਅਫਸਰ ਤੇ ਪਈ। ਉਸ ਅੰਗਰੇਜ ਅਫਸਰ ਨੇ ਵੀ ਸਤਿਗੁਰਾਂ ਦਾ ਦਰਸ਼ਨ ਕੀਤਾ। ਵੇਖਦਿਆਂ ਹੀ ਮਨ ਵਿਚ ਕੋਈ ਹਲਚਲ ਮਚ ਗਈ। ਸਚੇ ਪਾਤਸ਼ਾਹ ਜੀ ਹੋਲੀਹੋਲੀਅਗੇ ਚਲੇ ਗਏ। ਉਸ ਅੰਗਰੇਜ ਅਫਸਰ ਪਾਸ ਬੈਠੇ ਸਿਖ ਅਫਸਰ ਨੂੰ ਪੁਛਿਆ ਏਹ ਜੇਹੜੇ ਲੰਘਕੇ ਗਏ ਹਨ, ਕੌਨ ਹਨ, ਜਵਾਬ ਮਿਲਿਆ ਕਿ ਮੈਂ ਤਾਂ ਨਹੀਂ ਜਾਨਦਾ। ਪਿਛੇ ਆਉਂਦੇ ਭਾਈ ਸਾਹਿਬ ਵਜੀਰ ਸਿੰਘ ਜੀ ਤੋਂ ਪੁਛਕੇ ਉਸ ਨੂੰ ਦਸਿਆ ਕਿ ਏਹ ਨਾਮਧਾਰੀਆਂ ਦੇ ਗੁਰੂ ਜੀ ਹਨ। ਉਸ ਅੰਗਰੇਜ ਅਫਸਰ ਕਹਿਆ ਉਹਨਾਂ ਦੀ ਤਕਨੀ 'ਚ ਏਨੀ ਕਸ਼ਸ਼ ਹੈ ਕਿ ਮੈਂ ਮੋਹਿਆ ਗਿਆ ਹਾਂ,ਏਹ ਕਹਿਕੇ ਉਹ ਡਬੇ ਵਿਚੋਂ ਨਿਕਲ ਬਾਹਰ ਪਲੇਟ ਫਾਰਮ ਤੇ ਆ ਖਲੋਤਾ, ਸਤਿਗੁਰੂ ਜੀ ਵੀ ਵਾਪਸ ਆ ਗਏ। ਅੰਗਰੇਜ ਅਫਸਰ ਨੇ ਨਮਸਕਾਰ ਕੀਤੀ ਸ੍ਰੀ ਸਤਿਗੁਰੂ ਜੀ ਵੀ ਉਸਦਾ ਉਤਰ ਪ੍ਰੇਮ ਭਰੇ ਲਹਿਜੇ ਨਾਲ ਦੇਕੇ ਅਗੇ ਚਲੇ ਗਏ,ਠਹਿਰੇ ਨਹੀਂ। ਅੰਗਰੇਜ਼ ਅਫਸਰ ਨਾਲ ਦੇ ਸਾਥੀ ਨੂੰ ਕਹਿੰਦਾ ਏ ਮੈਂ ਹੈਰਾਨ ਹਾਂ ਕਿ ਮੈਂ ਜਿਥੇ ਜਾਂਦਾ ਹਾਂ ਮੈਨੂੰ ਹਜਾਰਾਂ ਲੋਕ ਸਲੂਟਾਂ ਕਰਦੇ ਹਨ। ਮੇਰੇ ਨਾਲ ਬੋਲਨਾ ਚਾਹੁੰਦੇ ਹਨ। ਪਰ ਮੈਂ ਨਹੀਂ ਬੋਲਦਾ। ਇਸ ਬਜੁਰਗ ਦੀਆਂ ਅਖਾਂ ਵਿਚ ਮਿਕਨਾਤੀਸੀ ਤਾਕਤ ਹੈ ਮੈਂ ਖਿਚਿਆ ਗਿਆ ਹਾਂ, ਮੈਂ ਇਹਨਾਂ ਨਾਲ ਬੋਲਣਾ ਚਾਹੁੰਦਾ ਹਾਂ ਪਰ ਏਹ ਮੇਰੇ ਨਾਲ ਨਹੀਂ ਬੋਲਦੇ। ਠੀਕ ਹੈ ਕਿਸੇ ਨੇ ਲਿਖਿਆ ਹੈ। ਸੈਫ ਹੋ ਜਿਸਕੀ ਜਬਾਂ ਸਮਸ਼ੀਰ ਕੀ ਹਾਜਤ ਨਹੀਂ। ਸਾਫ ਹੋ ਜਿਸਕੀ ਨਿਗਾਹ ਉਸੇ ਤੀਰ ਦੀ ਹਾਜਤ ਨਹੀਂ।

ਸਤਿਗੁਰਾਂ ਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਹੁੰਦਾ ਏ 'ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ'। ਵਿਸਲ ਮਿਲੀ। ਸਤਿਗੁਰੂ ਜੀ ਅਪਣੇ ਡਬੇ 'ਚ ਜਾ ਬਿਰਾਜੇ। ਗਡੀ ਅਗੇ ਚਲੀ ਗਈ ਮਿਠੀਆਂ ਯਾਦਾਂ ਕਈਆਂ ਦੇ ਦਿਲਾਂ ਵਿਚ ਰਹਿ ਗਈਆਂ।

ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ। ਕਕੇਕਿਆਂ ਦੇ ਹਜਾਰੇ ਸਿੰਘ ਨੂੰ ਕੁਝ ਚੋਰੀ ਦੀ ਆਦਤ ਪੈ ਗਈ। ਕਈ ਚੋਰੀਆਂ ਕੀਤੀਆਂ। ਇਕ ਸਮੇਂ ਕਿਸੇ ਹੋਰ ਸਜਨ ਦੀ ਘੋੜੀ ਚੋਰੀ ਹੋ ਗਈ ਜਿਸ ਵਿਚ ਹਜਾਰਾ ਸਿੰਘ ਤੇ ਪਰਚਾ ਦੇ ਦਿਤਾ। ਕਿਉਂਕਿ ਉਹ ਚੋਰੀਆਂ ਕਰਦਾ ਸੀ। ਉਸਨੇ ਸਮਝਿਆ ਏਸ ਹੀ ਘੋੜੀ ਚੁਰਾਈ ਹੋਣੀ ਏਂ,ਹਜਾਰਾ ਸਿੰਘਫੜਿਆ ਗਿਆ ਹਵਾਲਾਤ ਦੇ ਦਿਤਾ। ਹਜਾਰਾ ਸਿੰਘ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਇਕ ਮਨ ਹੋ ਅਰਦਾਸ ਕੀਤੀ ਸਚੇ ਪਾਤਸ਼ਾਹ ਠੀਕ ਹੈ,ਮੈਂ ਚੋਰ ਹਾਂ,ਠਗ ਹਾਂ, ਗੁਨਾਹਗਾਰ ਹਾਂ, ਪਰ ਏਸ ਚੋਰੀ ਦੇ ਕੰਮ ਵਿਚ ਮੈਂ ਬੇਗੁਨਾਹ ਹਾਂ, ਆਪ ਅੰਤਰਜਾਮੀ ਹੋ ਸਰਬਗ ਹੋ ਕਿਰਪਾ ਕਰੋ ਮੈਨੂੰ ਇਸ ਝੂਠੇ ਮੁਕਦਮੇ ਵਿਚੋਂ ਬਚਾਓ, ਅਰਦਾਸ ਸੁਣੀ ਗਈ। ਰਾਤ ਸੁਪਨੇ'ਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਰਸਨ ਦਿਤੇ। ਸਿਖ ਨੇ ਚਰਨ ਬੰਦਨਾ ਕਰ ਫੇਰ ਉਹੋ ਅਰਦਾਸ ਕੀਤੀ ਸ੍ਰੀ ਸਤਿ–ਗੁਰੂ ਜੀ ਫੁਰਮਾਇਆ ਦਸ ਵੇਰ ਚੋਰੀ ਕਰੇਂਗਾ। ਸਿਖ ਨੇ ਅਰਜ ਕੀਤੀ ਗ੍ਰੀਬ ਨਿਵਾਜ ਮੇਰੀ ਤੋਬਾ। ਮੈਂ ਫੇਰ ਕਦੀ ਚੋਰੀ ਨਹੀਂ ਕਰਾਂਗਾ। ਅੰਤਰਜਾਮੀ ਸਤਿਗੁਰੂ ਜੀ ਫੁਰਮਾਇਆ ਚੰਗਾ ਹਜਾਰਾ ਸਿੰਘਾ ਬਰੀ ਹੋ ਜਾਏਂਗਾ। ਅਖ ਖੁਲੀ ਹੈਰਾਨ ਪ੍ਰੇਸ਼ਾਨ ਹਾਲਤ ਹੋਰ, ਸਰੀਰ ਹੌਲਾ ਫੁਲ, ਨਾਲ ਦੇ ਸਜਨਾਂ

Namdhari Elibrary NamdhariElibrary@gmail.com

ਨੂੰ ਕਹਿੰਦਾ ਏ ਕਿ ਮੈਂ ਬਰੀ ਹੋ ਗਿਆ ਹਾਂ । ਉਹ ਕਹਿੰਦੇ ਨੇ ਤਾਰੀਖ ਤੇ ਅਜੇ ਪਰਸੋਂ ਹੈ ਤੂੰ ਅਜ ਕਿਵੇਂ ਬਰੀ ਹੋ ਗਿਆ ਹੈਂ,ਹਜਾਰਾ ਸਿੰਘ ਕਹਿਆ ਮੇਰਾ ਦਾਤਾਰ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੇਰੇ ਤੇ ਬਖਸ਼ਸ਼ ਕਰ ਗਏ ਸਨ,ਰਾਤ ਸੁਪਨੇ ਚ ਦਰਸ਼ਨ ਦੇ ਮੈਨੂੰ ਬਰੀ ਹੋ ਜਾਣ ਦਾ ਬਚਨ ਕਹਿ ਗਏ ਸਨ,ਉਤਰ ਵਿਚ ਦੂਜੇ ਸਾਥੀ ਕਹਿੰਦੇ ਹਨ ਜਾ ਕਮਲਾ ਜਮਾਨੇ ਦਾ। ਸੁਪਨਾ ਵੀ ਕਦੇ ਸਚ ਹੁੰਦਾ ਏ। ਐਵੇਂ ਅਗੜਤਤੀਆਂ ਨ ਮਾਰ। ਹੁਕਮ ਤਾਂ ਪਰਸੋਂ ਅਫਸਰ ਸੁਨ੍ਹਾਣਾ ਹੈ ਤੂੰ ਹੁਣੇ ਕੀਕਰ ਬਰੀ ਹੋ ਗਿਆ ? ਹਜਾਰਾ ਸਿੰਘ:-ਠੀਕ ਹੈ ਹੁਕਮ ਪਰਸੋਂ ਅਫਸਰ ਸੁਣਾਨਾ ਏ, ਪਰ ਮੇਰਾ ਤ੍ਰਿਲੋਕੀ ਨਾਥ ਮੈਨੂੰ ਬਰੀ ਕਰ ਗਿਆ ਏ ਏਹ ਬਚਨ ਕਦੀ ਝੂਠਾ ਨਹੀਂ ਹੋ ਸਕਦਾ। ਇਸ ਤਰਾਂ ਦੇ ਬਚਨ ਜਿਸ ਅਫਸਰ ਪਾਸ ਮੁਕਦਮਾ ਸੀ ਉਸ ਤਕ ਵੀ ਪਹੁੰਚ ਗਏ। ਤਾਰੀਖ ਦਾ ਦਿਨ ਆਇਆ। ਹਜਾਰਾ ਸਿੰਘ ਦੀ ਪੇਸ਼ੀ ਹੋਈ ਅਫਸਰ ਪੁਛਦਾ ਏ ਕਿ ਹਜਾਰਾ ਸਿੰਘਾ ਸੁਣਿਆ ਏ ਤੂੰ ਕਹਿੰਦਾ ਏ ਮੈਂ ਬਰੀ ਹਾਂ। ਹਾਂ ਜੀ ਮੈਂ ਬਰੀ ਹਾਂ। ਹਜਾਰਾ ਸਿੰਘ ਬੜੇ ਠਰਮੇ ਨਾਲ ਬੋਲਿਆ।

ਹਜਾਰਾ ਸਿੰਘ ਮੈਂ ਤੈਨੂੰ ਕੈਦ ਕਰਾਂਗਾ ਕਲਮ ਮੇਰੇ ਹਥ ਵਿਚ ਹੈ। ਤੇਰੇ ਹਥ ਵਿਚ ਤਾਂ ਨਹੀਂ। ਹਜਾਰਾ ਸਿੰਘ:-ਕਲਮ ਨ ਤੇਰੇ ਹਥ ਹੈ ਨਾ ਮੇਰੇ ਹਥ ਵਿਚ। ਅਫਸਰ:-ਹੋਰ ਕਿਸ ਦੇਹਥ ਵਿਚ ਹੈ?ਹਜਾਰਾ ਸਿੰਘ:-ਕਲਮ ਮੇਰੇ ਦੀਨ ਦਇਆਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਥ ਵਿਚ ਹੈ। ਅਫਸਰ:-ਇਸ ਤਰਾਂ ਪ੍ਰਤੀਤ ਹੁੰਦਾ ਏ ਜਿਸਤਰਾਂਤੇਰਾ ਦਿਮਾਗ ਹਿਲ ਗਿਆ ਏ। ਹਜਾਰਾ ਸਿੰਘ:-ਨਹੀਂ ਮੈਂ ਦਿਮਾਗੀ ਪਖੋਂ ਠੀਕ ਹਾਂ। ਅਫਸਰ:-ਲੈ ਮੈਂ ਤੈਨੂੰ ਕੈਦ ਦੀ ਸਜਾ ਲਿਖਨ ਲਗਾ ਹਾਂ।ਹਜਾਰਾ ਸਿੰਘ:-ਤੂੰ ਲਿਖ ਨਹੀਂ ਸਕਦਾ। ਅਫਸਰ ਪੈਨ ਨਾਲ ਲਿਖਦਾ ਹੈ ਲਿਖਨ ਵੇਲੇ ਕੈਦ ਦੇ ਥਾਂ ਬਰੀ ਲਿਖਿਆ ਗਿਆ। ਅਫਸਰ ਹੈਰਾਨ ਹੋ ਗਿਆ ਕੌਣ ਸ਼ਕਤੀ ਹੈ ਜੋ ਮੇਰੀ ਕਲਮ ਰਾਹੀਂ ਕੈਦ ਦੀ ਥਾਂ ਬਰੀ ਲਿਖਾ ਗਿਆ ਹੈ,ਹੈਰਾਨੀ ਨਾਲਚੇਹਰਾ ਹੋਰਹੋਗਿਆ। ਅਫਸਰ:-ਹਜਾਰਾ ਸਿੰਘ ਤੇਰਾ ਸਤਿਗੁਰ ਬੜਾ ਬਲੀ ਹੈ। ਮੈਨੂੰ ਨਹੀਂ ਪਤਾ ਮੇਰੇ ਪਾਸੋਂ ਕਦੋਂ ਬਰੀ ਲਿਖਿਆ ਗਿਆ ਏ ਤੂੰ ਵੀ ਧੰਨ ਤੇਰਾ ਸਤਿਗੁਰ ਵੀ ਧੰਨ। ਹਜਾਰਾ ਸਿੰਘ ਦੇ ਮੂੰਹੋਂ ਬੇਤਹਾਸ਼ਾ ਲਫਜ ਨਿਕਲ ਗਏ। ਧੰਨ ਸਤਿਗੁਰੂ ਪ੍ਰਤਾਪ ਸਿੰਘਜੀ। ਸਾਰੀ ਕਚੈਹਰੀ ਹੈਰਾਨ। ਥਾਂ ਥਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੋਭਾ ਹੋ ਰਹੀ ਹੈ। ਐਸੇ ਸਨ ਮੇਰੇ ਸਤਿਗੁਰੂ ਪ੍ਰਤਾਪ ਸਿੰਘ ਜੀ।

ਏਹ ਕੁਝ ਲਫਜ ਇਸਤਰਾਂ ਹਨ ਜਿਸਤਰਾਂ ਸਤਿਗੁਰੂ ਜੀ ਦੇ ਸਮੁੰਦਰ ਰੂਪੀ ਜਸ ਵਿਚੋਂ ਇਕ ਬੂੰਦ ਹੈ।

ਰੁਬਾਈ

ਦਰਸ ਤੇਰੇ ਦੀ ਕਸ਼ਸ਼ ਨੂਰਾਨੀ ਜਿਸ ਦਰਸ਼ਕ ਤੇ ਪੈਂਦੀ।
ਉਸਦੇ ਉਤੇ ਮੇਹਰ ਖੁਦਾਈ, ਆਕੇ ਦਰ ਤੇ ਬਹਿੰਦੀ।
ਕਰ ਲੈਂਦਾ ਇਕ ਵਾਰੀ ਦਰਸ਼ਨ ਜੋ ਗੁਰੂ ਪ੍ਰਤਾਪ ਦਾ ਆਕੇ ;
ਉਸਦੀ ਆਤਮਾ ਮਸਤ ਹੋਇਕੇ ਧੰਨ ਪ੍ਰਤਾਪ ਗੁਰ ਕਹਿੰਦੀ।

ਗੁਰਦੇਵ ਸਿੰਘ ਕੰਪਾਜ਼ੀਟਰ

Namdhari Elibrary NamdhariElibrary@gmail.com

ਸਤਿਗੁਰੁ ਵਡਾ ਕਰਿ ਸਾਲਾਹੀਐ

ਰਾਜਿੰਦਰ ਸਿੰਘ ਗੁਰੂਸਰ

ਸ੍ਰੀਮਾਨ ਪੰਡਿਤ ਰਾਜਿੰਦਰ ਸਿੰਘ ਜੀ ਨੂੰ ਗੁਰੂ ਘਰ ਦੇ ਨਜਦੀਕੀ ਰਿਸ਼ਤੇਦਾਰ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸ੍ਰੀ ਮਹਾਰਾਜ ਜੀ ਦੇ ਸਹਿਪਾਠੀ ਅਥਵਾ ਪਰਮ ਸਨੇਹੀ ਹੋਣ ਦਾ ਸੁਭਾਗ ਪ੍ਰਾਪਤ ਹੈ, ਇਹੋ ਵਜਾ ਹੈ ਕਿ ਇਨਾਂ ਦੇ ਲੇਖਾਂ ਵਿਚ ਗੁਰੂਪ੍ਰਵਾਰ ਦੀ ਜਾਣਕਾਰੀ ਅਤੇ ਬਾਲ ਸਖਾਈ ਦੇ ਕੀਤੇ ਬਚਨਾਂ ਦੀ ਮਹਿਕ ਹੋਇਆ ਕਰਦੀ ਹੈ। ਇਨਾਂ ਦੀ ਯਾਦਾਸ਼ਤ ਅਤੇ ਲੇਖਣੀ ਤੋਂ ਪ੍ਰਭਾਵਿਤ ਹੋ ਕੇ ਹੀ ਇਨਾਂ ਦਾ ਨਾਮ ਸਚੇ ਪਾਤਸਾਹ ਜੀ ਪੰਡਿਤ ਕਰਕੇ ਬੁਲਾ-ਇਆ ਕਰਦੇ ਹਨ,ਸਗੋਂ ਕੁਝ ਚਿਰ ਸਤਿਜੁਗ ਦੀ ਸੰਪਾਦਨਾ ਵੀ ਇਹ ਯੋਗਤਾ ਨਾਲ ਕਰਦੇ ਰਹੇ। ਪੰਡਿਤ ਜੀ ਦੇ ਇਸ ਲੇਖ ਵਿਚ ਗੁਰੂ ਪ੍ਰਵਾਰ ਨਾਲ ਬਾਲ ਸਖਾਈ ਬਚਨਾਂ ਤੇ ਕਰਤਵਾਂ ਦੇ ਕਈ ਕ੍ਰਿਸ਼ਮੇ ਮੂਰਤੀਮਾਨ ਹੁੰਦੇ ਹਨ। ਆਸ ਹੈ ਪਾਠਿਕ ਪ੍ਰੇਮ ਨਾਲ ਪੜ੍ਹਕੇ ਇਸ ਵਿਚ ਬਹੁਤ ਅਨੰਦ ਪ੍ਰਾਪਤ ਕਰਨਗੇ।

ਸਨਖਤ੍ਰਵੀ



ਲੇਖਕ

ਸਰਦਾਰ ਸੁੰਦਰ ਸਿੰਘ ਤੇ ਨੰਬਰਦਾਰ ਸੱਦਾ ਸਿੰਘ ਜੀ ਦੋ ਪੁਤ੍ਰ ਸਨ ਸ੍ਰ. ਹਮੀਰ ਸਿੰਘ ਦੇ। ਸ੍ਰ. ਹਮੀਰ ਸਿੰਘ ਬਹੁਤ ਹੀ ਉਦਮੀ ਉਤਸ਼ਾਹੀ ਤੇ ਧੜੱਲੇਦਾਰ ਆਦਮੀ ਸੀ। ਸਾਡਾ ਖਾਨਦਾਨੀ ਮੁਢ ਰਾਜਸਥਾਨ ਹੈ। ਕਿਉਂਕਿ ਓਹ ਇਲਾਕਾ ਤਾਂ ਬਰਾਨੀ ਸੀ। ਜੋ ਹੋਇਆ ਖਾ ਛਡਿਆ। ਗਾਈਆਂ ਦਾ ਦੁਧ ਪੀਤਾ ਤੇ ਛਾਵੇਂ ਸੌਂ ਰਹੇ। ਸ੍ਰ. ਹਮੀਰ ਸਿੰਘ ਅਜੇਹਾ ਆਦਮੀ ਨਹੀਂ ਸੀ। ਜੋ ਸੌਂ ਕੇ ਝਟ ਲੰਘਾ ਛਡਦਾ। ਓਹ ਤਾਂ ਕੁਝ ਕਰਨਾਂ ਚਾਹੁੰਦਾ ਸੀ। ਪ੍ਰਿਥਵੀ ਰਾਜ ਚੌਹਾਨ ਦੀ ਸੰਤਾਨ ਜੋ ਸੀ। ਓਸਨੇ ਸ਼ੁਰੂ ਵਿਚ ਰਿਆਸਤ ਪਟਿਆਲੇ ਦੇ ਪਿੰਡ ਜੋਗੇ ਵਾਲੇ ਆਣ ਮੋਹੜੀ ਗੱਡੀ। ਅਤੇ ੧੪੦੦ ਸੌ ਘੁਮਾਂ ਨੂੰ ਵਹਿਕ ਬਣਾ ਦਿਤਾ। ਮੈਨੂੰ ਏਹ ਤਾਂ ਪਤਾ ਨਹੀਂ ਕਿ ਓਸ ਕੋਲ ਪੌਂਡ ਕਿਥੋਂ ਆਏ ਸਨ। ਓਹਨਾਂ ਦੀ ਆਪਣੀ ਹੀ ਘਾਲਣਾ ਸੀ ਜਾਂ ਓਨਾਂ ਦੇ ਪਿਤਾ ਸ੍ਰੀ ਜੈ ਕਿਸ਼ਨ ਜੀ ਕੋਲੋਂ ਵਰਾਸਤ ਵਿਚ ਮਿਲੇ ਸੀ। ਪਰ ਹੈ ਸਨ ਓਹ ਬਹੁਤ ਅਮੀਰ ਕਿਸਮ ਦੇ ਸਰਦਾਰ। ਜੋ ਜਾਟ ਬਾਗੜੀ ਪਹਿਲਾਂ, ਤੇ ਫਿਰ ਤਿਆਰ ਬਰ ਤਿਆਰ ਸਿਖ। ਪਟਿਆਲੇ ਔਣ ਉਤੇ ਉਹਨਾਂ ਨੂੰ ਸਰਦਾਰਾਂ ਦੀ ਸੰਗਤ ਹੋਈ ਤੇ ਓਹ ਸਿੰਘ ਸਜ ਗਏ।

ਜੋਗੇ ਵਾਲੇ ਦੀ ਜ਼ਮੀਨ ਜਿਸ ਉਤੇ ਪੂਰੀਤਰਾਂ ਕੰਟਰੋਲ ਕਰ ਲਿਆ ਸੀ, ਥੋੜੇ ਜੇਹੇ ਪੈਸਿਆਂ ਵਿਚ ਘੁਮਿਆਰਾਂ ਕੋਲ ਗਹਿਣੇ ਧਰ ਦਿਤੀ। ਜਿਸਦਾ ਅਰਥ ਸੀ ਕਿ ਉਹ ਕਾਨੂੰਨ ਨੂੰ ਵੀ ਪੂਰੀਤਰਾਂ ਸਮਝਦੇ ਸਨ। ਏਸਤਰਾਂ ਚੌਦਾਂ ਸੌ ਘੁਮਾਂ ਜਮੀਨ ਪੂਰੀਤਰਾਂ ਸੁਰਖਿਅਤਕਰ ਲਈ। ਫੇਰ ਓਹਨਾਂ ਨੇ ਏਸਤੋਂ ਹੋਰ ਅਗੇ ਵਧਣ ਦੀ ਕੋਸ਼ਿਸ਼ ਕੀਤੀ। ਜਿਥੇ ਬੈਠਕੇ ਅਜ

ਮੈਂ ਏਹ ਮਜ਼ਮੂਨ ਲਿਖ ਰਿਹਾ ਹਾਂ, ਏਸ ਪਿੰਡ ਦੀ ਮੋਹੜੀ ਆਣ ਗੱਡੀ। ਨਾਮ ਏਸਦਾ ਰਖਿਆ ਰੱਤਾ ਵਾਸ।

ਏਸ ਪਿੰਡ ਵਿਚ ਇਕ ਥੇਹ ਹੈ, ਜੋ ਓਸ ਵੇਲੇ ਬਹੁਤ ਫੈਲਿਆ ਹੋਇਆ ਸੀ। ਅਤੇ ਵਹਿਕ ਨਾਂ ਹੋਣ ਕਰਕੇ ਏਹ, ਠੀਕਰੀਆਂ ਨਾਲ ਰੱਤਾ ਹੀ ਰੱਤਾ ਦਿਸਦਾ ਸੀ। ਤੇ ਸ਼ਾਇਦ ਏਸੇ ਕਰਕੇ ਗੁਰੂਸਰ ਦਾ ਪਹਿਲਾ ਨਾਮ ਓਹਨਾਂ ਰੱਤਾ ਵਾਸ ਰਖਿਆ। ਏਥੇ ਆਕੇ ਸਾਢੇ ਸੋਲਾਂ ਸੌ ਘੁਮਾਂ ਤੇ ਕਬਜਾ ਰਖਕੇ ਬਾਕੀ ਜ਼ਮੀਨ ਆਪਦੇ ਰਿਸ਼ਤੇਦਾਰਾਂ ਵਿਚ ਵੰਡ ਦਿਤੀ। ਏਥੇ ਓਸ ਵੇਲੇ ਪਾਣੀ ਦੀ ਆਓ ਆਈ ਸੀ। ਅਤੇ ਅੰਗਰੇਜ਼ ਦੀ ਸ਼ਰਤ ਸੀ ਕਿ ਜੋ ਵੀ ਪਿੰਡ ਆਬਾਦ ਹੋਵੇਗਾ, ਓਸੇ ਨੂੰ ਨਹਿਰ ਦੇ ਰਕਬੇ ਉਤੇ ਰਹਿਣ ਦੀ ਆਗਿਆ ਹੋਵੇਗੀ। ਦੂਸਰਿਆਂ ਨੂੰ ਚਲਦਾ ਕਰ ਦਿਤਾ ਜਾਵੇਗਾ। ਜਿਸ ਵਾਸਤੇ ਸਾਲਿਆਂ ਤੇ ਭਣਵੀਏ ਨੂੰ ਵੀ ਜ਼ਮੀਨ ਰੱਤਾ ਵਾਸ ਦੇਣੀ ਪਈ।

ਮੇਰੀ ਇਕ ਪੜਦਾਦੀ ਸੀ ਰਾਜਸਥਾਨੀ,ਜਿਸਦਾ ਨਾਮ ਗੌਤਮੀ ਸੀ, ਪਰ ਉਸ ਦੇ ਔਲਾਦ ਨਹੀਂ ਸੀ। ਦੂਸਰੀ ਸਿਧੂਆਂ ਦੀ ਸੀ ਪਿੰਡ ਮਲਕਾਣੇ ਰਿਆਸਤ ਪਟਿਆਲਾ ਦੀ। ਓਸੇ ਵਿਚੋਂ ਸਭ ਤੋਂ ਪਹਿਲਾਂ ਬੀਬੀ ਹੋਈ ਜਿਸਦਾ ਨਾਮ ਸਦਾ ਕੌਰ ਰਖਿਆ। ਬਾਬਾ ਜੀ ਨੇ ਆਖਿਆ ਜੇ ਸੱਦਾ ਸਿੰਘ ਜੰਮ ਪੈਂਦਾ ਤਾਂ ਕਈ ਪਿੰਡ ਹੋਰ ਬੰਨ ਦਿੰਦਾ।

ਫਾਜ਼ਲਕਾ ਕੋਲ ਇਕ ਪਿੰਡ ਰਾਣਾ ਹੈ, ਜੋ ਨਿਰੋਲ ਮੁਸਲਮਾਨਾਂ ਦਾ ਸੀ। ਓਸ ਪਿੰਡ ਤੋਂ ਮਾਮਲਾ ਨਹੀਂ ਸੀ ਭਰਿਆ ਗਿਆ। ਫਾਜ਼ਿਲਕਾ ਦਾ ਹਾਕਮ ਅੰਗਰੇਜ਼ ਸੀ। ਓਸਨੇ ਇਸ਼ਾਰਾ ਕਰਕੇ ਕਿਹਾ- ਸ੍ਰ. ਹਮੀਰ ਸਿੰਘ। ਏਸ ਪਿੰਡ ਦਾ ਮਾਮਲਾ ਤੁਸੀਂ ਭਰ ਦਿਓ, ਪਿੰਡ ਦੀ ਮਾਲਕੀ ਆਪਦੇ ਨਾਮ ਕਰ ਦਿਤੀ ਜਾਵੇਗੀ। ਤੇ ਰਾਣੇ ਦੀ ਮਾਲਕੀ ਹੁਣ ਸ੍ਰਦਾਰ ਹਮੀਰ ਸਿੰਘ ਕੋਲ ਸੀ।

ਫੇਰ ਮੇਰੇ ਵਡੇ ਦਾਦਾ ਜੀ, ਸ੍ਰ. ਸੱਦਾ ਸਿੰਘ ਦਾ ਜਨਮ ਹੋਇਆ, ਤੇ ਓਸ ਦੂਲੇ ਸਰਦਾਰ ਨੇ ਰਿਆਸਤ ਬਹਾਵਲਪੁਰ ਵਿਚ ਇਕ ਪਿੰਡ ਉਤੇ ਜਾ ਕਬਜਾ ਕੀਤਾ। ਫੇਰ ਮੇਰੇ ਸਕੇ ਦਾਦਾ, ਸਰਦਾਰ ਸੁੰਦਰ ਸਿੰਘ ਜੀ ਜਨਮੇ ਅਤੇ ਥੋੜੇ ਚਿਰ ਪਿਛੋਂ ਸਰਦਾਰ ਹਮੀਰ ਸਿੰਘ ਜੀ ਸੁਰਗਵਾਸ ਹੋ ਗਏ। ਪਿੰਡ ਦੀ ਨੰਬਰਦਾਰੀ ਹੁਣ ਸਰਦਾਰ ਸੱਦਾ ਸਿੰਘ ਜੀ ਨੂੰ ਮਿਲ ਗਈ।

ਅੰਗਰੇਜ ਦੇ ਜਮਾਨੇ ਵਿਚ ਧੜਲੇਦਾਰ ਨੰਬ੍ਰਦਾਰ ਪਿੰਡ ਦਾ ਮਾਲਕ ਹੀ ਹੁੰਦਾ ਸੀ। ਤੇ ਸ੍ਰ. ਸੱਦਾ ਸਿੰਘ ਤਾਂ ਹੈ ਈ ਸੀ, ਬੜਾ ਘੈਂਟ। ਇਲਾਕੇ ਦੇ ਵਡੇ ਵਡੇ ਸਰਦਾਰਾਂ ਜੈਲਦਾਰਾਂ ਨਾਲ ਯਾਰੀ ਤੇ ਵਾਕਫੀ। ਰਿਸ਼ਤੇਦਾਰੀਆਂ ਵੀ ਵਧੀਆ ਤੋਂ ਵਧੀਆ। ਦੂਸਰੀ ਗਲ ਜੋ ਹੋਰ ਵਧ ਚੜਕੇ ਹੋਈ, ਓਹ ਸੀ ਸਰਦਾਰ ਅਮਰ ਸਿੰਘ ਸਪੇਦ ਪੋਸ਼ ਨਾਲ ਯਾਰੀ ਜੋ ਏਸੇ ਪਿੰਡ ਦਾ ਪਤੀ ਦਾ ਮਾਲਕ, ਤੇ ਉਡਦੀਆਂ ਚਿੜੀਆਂ ਫੌਹਣ ਵਾਲਾ, "ਇਕ ਹਾਥੀ ਦੂਜਾ ਸ਼ਰਾਬੀ।" ਨੰਬ੍ਰਦਾਰ ਸੱਦਾ ਸਿੰਘ ਦਰਮਿਆਨਾਂ ਕੱਦ ਤੇ ਛੀਟਕਾ ਜੁਆਨ। ਸ੍ਰ. ਸੁੰਦਰ ਸਿੰਘ ਓਸਦਾ ਛੋਟਾ ਭਰਾ ਪੈਂਸਾ ਜੁਆਨ। ਬੇ-ਹੱਦ ਖੂਬ ਸੂਰਤ ਅਤੇ ਹੱਦੋਂ ਵਧ ਨਰਮ ਸੁਭਾ ਵਾਲਾ। ਵਡੇ ਭਰਾ ਦਾ ਪੂਰੀਤਰਾਂ ਆਗਿਆਕਾਰੀ।

ਸ੍ਰ. ਸੁੰਦਰ ਸਿੰਘ ਪਿੰਡ ਫੂਲੇਵਾਲ(ਤਹਿਸੀਲ ਮੁਕਤਸਰ) ਵਿਆਹਿਆ ਸੀ। ਅਤੇ ਏਹ ਪਿੰਡ ਪੂਰੇ ਦਾ ਪੂਰਾ ਹੀ ਨਾਮਧਾਰੀ ਸੀ। ਏਹਨਾਂ ਦੀ ਸੰਗਤ ਕਰਕੇ ਸ੍ਰ. ਸੁੰਦਰ ਸਿੰਘ ਜੀ ਵੀ ਨਾਮਧਾਰੀ ਸਜ ਗਏ। ਗੁਰੂ ਹਰੀ ਸਿੰਘ ਜੀ ਦੀ ਅਪਾਰ ਕ੍ਰਿਪਾ ਸੀ ਸਰਦਾਰ ਉਤੇ ਅਤੇ ਸਾਧ ਸੰਗਤ ਦਾ ਵੀ ਔਣ ਜਾਣ ਬਹੁਤ ਵਧ ਗਿਆ ਸੀ। ਰਾਗੀ ਵੀ ਕਈ ਵਾਰ ਆ ਜਾਂਦੇ ਤੇ ਦੀਵਾਨ ਸਜਦੇ ਰਹਿੰਦੇ। ਬਾਬਾ ਸੌਣ ਸਿੰਘ ਬਾਬਾ ਹਰਨਾਮ ਸਿੰਘ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਸੂਬੇ(ਪਿੰਡ ਪਿਥੋ) ਰਿਆਸਤ ਨਾਭਾ ਦੇ ਸਨ ਸੂਬਾ ਹੁਕਮਾ ਸਿੰਘ ਜੀ। ਜੋ ਸਤਿ-ਗੁਰੂ ਜੀ ਦੇ ਪ੍ਰਦੇਸ ਗਮਨ ਪਿਛੋਂ ਗੁਰੂਸਰ ਹੀ ਆਣ ਟਿਕੇ ਸਨ। ਏਹਨਾਂ ਸਾਰੇ ਅਤੇ ਹੋਰ ਬਾਬਿਆਂ ਦੀ ਹਮੇਸ਼ਾਂ ਸੰਗਤ ਬਣੀ ਰਹਿੰਦੀ। ਫੂਲੇਵਾਲ ਤੋਂ ਹੀ ਮਿਸਤ੍ਰੀ ਜੁਆਲਾ ਸਿੰਘ ਤੇ ਏਹਨਾਂ ਦਾ ਭਣਵਈਆ

Namdhari Elibrary NamdhariElibrary@gmail.com

ਮਸਤ੍ਰੀ ਮੋਹਰ ਸਿੰਘ ਜੋ ਕੱਟੜ ਨਾਮਧਾਰੀ ਸਨ
. ਸੁੰਦਰ ਸਿੰਘ ਜੀਨੇ ਗੁਰੂਸਰ ਲੈ ਆਂਦੇ,ਏਹਦੋਵੇਂ
ਜਣ ਪਿਛੋਂ ਦੁਆਬੇ ਦੇ ਸਨ। ਏਸ ਲਹਿਰ ਦੇ
ਧੀਨ ਹੋਰ ਵੀ ਕਈ ਆਦਮੀ ਸਿੰਘ ਸਜ ਗਏ
ਨ। ਸ੍ਰ. ਸੰਤ ਸਿੰਘ ਤੇ ਮਿਹਰ ਸਿੰਘ ਤੇ ਇਹਨਾਂ
ਾ ਪਿਤਾ ਸ੍ਰ. ਦਾਨ ਸਿੰਘ ਵੀ ਪੱਕੇ ਨਾਮਧਾਰੀ
ਨ। ਜੋ ਸ੍ਰ. ਹਮੀਰ ਸਿੰਘ ਜੀ ਦੀ ਹੀ ਦੇਣ ਸਨ।
ਢੇ ਹੀ ਮਾਲਕੀ ਦੇ ਤੌਰ ਤੇ ਰਹਿ ਰਹੇ ਸਨ।

ਨੰਬਰਦਾਰ ਸੌਦਾ ਸਿੰਘ ਸਭ ਉਤੇ ਭਾਰੂ ਸੀ। ਜਸਦੇ ਸਾਹ ਨਾਲ ਧਾਹ ਬਲਦਾ ਸੀ। ਦੋਹਾਂ ਭਰਾਵਾਂ ਦੇ ਘੋੜੀਆਂ ਦੇ ਤਬੇਲੇ ਮੱਝਾਂ ਗਾਈਆਂ ਦੇ ਵਗ, ਅਤੇ ਬੈਲਾਂ ਦੀਆਂ ਜੋੜੀਆਂ ਜੋ ਸਾਰੇ ਪਿੰਡ ਦੀ ਸ਼ਾਨ ਸਨ। ਕਈ ਕਈ ਊਠ ਤੇ ਬੋਤੀਆਂ ਵਖ ਏ ਬ੍ਰਾਨੀ ਵਾਹੀ ਨੂੰ ਸੌਖਿਆਂ ਰਖਣ ਵਾਸਤੇ ਹੁੰਦੇ ਸਨ। ਊਠ ਉਸ ਵੇਲੇ ਦਾ ਟ੍ਰੈਕਟਰ ਸੀ। ਜਿਸਨੇ ਕਲੇ ਨੇ ਹੀ ਬੈਲਾਂ ਨਾਲੋਂ ਕਈ ਗੁਣਾਂ ਵਧ ਜ਼ਮੀਨ ਸਾਂਭਣੀ ਹੁੰਦੀ ਸੀ। ਖਾਣਾ ਏਹੋ ਜੇਹਾ ਜੋ ਦੂਸਰੇ ਪਸ਼ੂਆਂ ਨੂੰ ਪਸੰਦ ਨਾਂ ਸੀ। ਕਰੀਰ, ਵਣ,ਜੰਡ ਕਿਕਰ, ਬੇਰੀ ਤੇ ਗੁਆਰਾ। ਬੱਸ ਏਹੋ ਖੁਰਾਕ ਜੋ ਕਿਤੋਂ ਵੀ ਮਿਲ ਸਕਦੀ ਸੀ। ਜੇ ਮੁੱਠ ਛੋਲਿਆਂ ਦੀ ਮਿਲ ਜਾਵੇ ਫੇਰ ਤਾਂ ਕਹਿੰਣਾ ਹੀ ਕੀ।

ਅਜੇਹੀ ਸੰਗਤ ਵਿਚ ਪਲੀ ਸੀ ਮੇਰੀ ਭੂਆ ਜੀ ਮਾਤਾ ਭੁਪਿੰਦਰ ਕੌਰ। ਜਿਸਦਾ ਪੇਕਿਆਂ ਦਾ ਨਾਮ ਵੀਰੋ ਸੀ।

ਸਰਦਾਰ ਸੁੰਦਰ ਸਿੰਘ ਜੀ ਦੇ ਪੰਜ ਬਚੇ ਸਨ ਸਭ ਤੋਂ ਵਡੇ ਕ੍ਰਿਪਾਲ ਸਿੰਘ ਦੂਸਰੇ ਸੂਬਾ ਮੀਹਾਂ ਸਿੰਘ ਜੀ, ਬੀਬੀ ਹਰਨਾਮ ਕੌਰ ਤੇ ਮੇਰੇ ਪਿਤਾ ਸ੍ਰ. ਨਾਹਰ ਸਿੰਘ ਜੀ। ਸਾਰਿਆਂ ਤੋਂ ਛੋਟੀ ਸੀ ਬੀਬੀ ਵੀਰੋ। ਸ੍ਰ. ਸੁੰਦਰ ਸਿੰਘ ਜੀ ਉਤੇ ਗੁਰੂ ਹਰੀ ਸਿੰਘ ਜੀ ਦੀ ਅਪਾਰ ਕਿਰਪਾ ਸੀ। ਘਰ ਵਿਚ ਜੋ ਚੰਗੀ ਚੀਜ ਹੁੰਦੀ ਸ੍ਰ. ਜੀ ਓਹ ਸ੍ਰੀ ਭੈਣੀ ਸਾਹਿਬ ਭੇਜ ਦਿੰਦੇ। ਓਸ ਜਮਾਨੇ ਵਿਚ ਸਾਰੀ ਸ੍ਰਿਸ਼ਟੀ ਉਤੇ ਘੋੜਿਆਂ ਦਾ ਰਾਜ ਸੀ। ਏਸ ਵਿਚ ਭੌਰੀਆਂ, ਕਨਾਤਰੇ,ਪੁਠਾ,ਧੌਣ, ਰੰਗ ਤੇ ਪੈਰ ਆਦਿ ਵੇਖਕੇ ਹੀ ਘੋੜੇ ਦੇ ਗੁਣਾਂ ਦੀ ਪਰਖ ਕੀਤੀ ਜਾਂਦੀ ਸੀ। ਜਿਸ ਵਿਚ ਸਾਰੇ ਲਛਣ ਸ਼ੁਭ ਹੋਣ, ਓਸਦੀ ਕੀਮਤ ਏਨੀ ਵਧ ਜਾਂਦੀ ਸੀ ਕਿ ਕੋਈ ਵਿਰਲਾ ਹੀ ਓਸਨੂੰ ਖਰੀਦ ਦਾ ਸੀ। ਏਸੇ ਹੀ ਤਰਾਂ ਦੇ ਸ਼ੁਭ ਲਛਣਾਂ ਵਾਲਾ ਇਕ ਵਛੇਰਾ ਪੈਦਾ ਹੋਇਆ ਸਾਡੇ ਘਰ। ਦਾਦਾ ਜੀ ਆਪ ਬੜੇ ਪਾਰਖੂ ਸਨ ਘੋੜਿਆਂ ਦੇ। ਜਦੋਂ ਸਾਰੇ ਸੁਭ ਲਛਣ ਵਛੇਰੇ ਵਿਚ ਵੇਖੇ, ਓਸੇ ਵੇਲੇ ਹੀ, ਵਛੇਰਾ, ਗੁਰੂ ਹਰੀ ਸਿੰਘ ਜੀ ਦੇ ਅਰਪਣ ਕਰਨ ਦਾ ਸੰਕਲਪ ਕਰ ਲਿਆ। ਵਪਾਰੀਆਂ ਬਹੁਤ ਜ਼ੋਰ ਲਾਇਆ,ਖਰੀਦਣ ਵਾਸਤੇ ਪਰ ਸ੍ਰਦਾਰ ਜੀ ਨਹੀਂ ਮੰਨੇ। ਸ੍ਰ. ਈਸ਼ਰ ਸਿੰਘ ਨੇ ਕਿਹਾ- ਸ੍ਰਦਾਰਾ ਤੂੰ ਵਛੇਰਾ ਸਾਨੂੰ ਨਹੀਂ ਦਿਤਾ,ਤੇਰੀ ਮਰਜੀ। ਯਾਦ ਰੱਖ! ਇਸ ਦੀ ਕਦਰ ਕੋਈ ਵਡਾ ਵਪਾਰੀ ਤੇ ਰਾਜਾ ਮਹਾਰਾਜਾ ਹੀ ਪਾਵੇਗਾ। ਮੇਰੀ ਗਲ ਯਾਦ ਰਖੀਂ ਐਵੇਂ ਨਾਂ ਸੁਟ ਘੱਤੀਂ ਵਛੇਰੇ ਨੂੰ।

ਵਛੇਰਾ ਭੈਣੀ ਸਾਹਿਬ ਪਹੁੰਚ ਗਿਆ। ਗੁਰੂ ਹਰੀ ਸਿੰਘ ਜੀ ਵੇਖਕੇ ਬੜੇ ਖੁਸ਼ ਹੋਏ। ਜਦੋਂ ਤਬੇਲੇ ਵਿਚ ਔਣ ਵਛੇਰੇ ਨੂੰ ਖਾਸ ਤੌਰ ਤੇ ਪੁਚ-ਕਾਰਨ ਤੇ ਪਿਆਰ ਦੇਣ। ਦਰੋਗਾ ਸੁਹੇਲ ਸਿੰਘ ਤੇ ਏਸ ਦੇ ਕਈ ਸਾਥੀਆਂ ਨੂੰ ਏਹ ਗਲ ਚੰਗੀ ਨਾਂ ਲਗੀ। ਤੇ ਓਹਨਾਂ ਨੇ ਮਨ ਬਣਾ ਲਿਆ ਕਿ ਵਛੇਰੇ ਨੂੰ ਤਬੇਲੇ ਵਿਚੋਂ ਕਢ ਦੇਣਾ ਹੈ।

ਤੁਹਾਨੂੰ ਅਜ ਦੇ ਜੰਮਿਆਂ ਨੂੰ ਸ਼ਾਇਦ ਪਤਾ ਨਹੀਂ ਅਜ ਤੋਂ ੯੦ ਸਾਲ ਪਹਿਲਾਂ ਰੁਪਏ ਦਾ ਮੁਲ ਕੀ ਪੈਂਦਾ ਸੀ। ਚਾਂਦੀ ਦੇ ਰੁਪਏ ਦਾ। ਅੰਮ੍ਰਿਤਸਰ ਦੀ ਵਸਾਖੀ ਉਤੇ ਵਛੇਰਾ ੭੦੦ ਸੌ ਰੁਪਏ ਵਿਚ ਵੇਚ ਦਿਤਾ। ਜਦੋਂ ਸ੍ਰ. ਈਸ਼ਰ ਸਿੰਘ ਨੂੰ ਪਤਾ ਲਗਾ ਮੱਥੇ ਉਤੇ ਹੱਥ ਮਾਰਕੇ ਕਹਿਣ ਲਗਾ ਕੜਾਹ ਖਾਣੇ ਹੀ ਰਹੇ। ਮੈਨੂੰ ਦਸਦੇ ਮੈਂ ਏਸਦਾ ਮੁਲ ਵਟਕੇ ਦਿੰਦਾ। ਵਸਾਖੀ ਉਤੇ ਹੀ ਇਕ ਹੋਰ ਵਪਾਰੀ ਨੇ, ਵਛੇਰਾ ਤਿੰਨ ਹਜ਼ਾਰ ਵਿਚ ਖਰੀਦਕੇ ਤੰਬੂ ਵਿਚ ਬੰਨ ਦਿਤਾ। ਤਾਂਕਿ ਕਿਸੇ ਵੀ ਐਰੇ ਵਗੈਰੇ ਦੀ ਨਜ਼ਰ ਨਾਂ ਪਵੇ ਓਸ ਉਤੇ। ਗੁਰੂ ਹਰੀ ਸਿੰਘ ਜੀ ਨੂੰ ਜਦੋਂ ਦਰੋਗੇ ਦੀ ਏਸ ਕਰਤੂਤ ਦਾ ਪਤਾ ਲਗਾ,ਬਹੁਤ

Namdhari Elibrary NamdhariElibrary@gmail.com

ਨਾਰਾਜ ਹੋਏ । ਹੁਣ ਕੀ ਬਣਦਾ ਸੀ ।

"ਹਥਹੁੰ ਛੁਟਕੀ ਫਿਰ ਹਾਥ ਨਾ ਆਵੈ"

ਬਾਬਾ ਜੀ ਨੇ ਜਦੋਂ ਸਾਹਿਬਜ਼ਾਦੇ ਟਿਕਾ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕੀਤੇ। ਮੋਹੇ ਗਏ ।

ਮੋਹੀ ਦੇਖ ਦਰਸ ਨਾਨਕ ਬਲਿਹਾਰੀਆ ।

ਓਦੋਂ ਹੀ ਵਡੀ ਬੀਬੀ ਹਰਨਾਮ ਕੌਰ ਨੂੰ ਗੁਰੂ ਹਰੀ ਸਿੰਘ ਜੀ ਦੀ ਨੂੰਹ ਬਣੌਣ ਦਾ ਸੰਕਲਪ ਕਰ ਲਿਆ । ਪਰ ਭਾਵਿਆਂ ਅਗੇ ਪੇਸ਼ ਨਾਂ ਗਈ। ਨੰਬਰਦਾਰ ਸੱਦਾ ਸਿੰਘ ਤੇ ਸਪੇਂਦਪੋਸ਼ ਅਮਰ ਸਿੰਘ ਦੀ ਨੀਤੀ ਸਫਲ ਰਹੀ। ਅਤੇ ਓਹਨਾਂ ਦੀ ਘੁਰਕੀ ਅਗੇ ਸ੍ਰ. ਸੁੰਦਰ ਸਿੰਘ ਝੁਕ ਗਏ ਅਤੇ ਭੂਆ ਹਰਨਾਮ ਕੌਰ ਦਾ ਅਨੰਦ ਜ਼ੈਲਦਾਰ ਮਘਰ ਸਿੰਘ ਦੇ ਭਰਾ ਸ੍ਰ. ਚੱਘੜ ਸਿੰਘ ਨਾਲ ਕਰ ਦਿਤਾ ਜਿਨਾਂ ਦਾ ਪਿੰਡ ਵੜਿੰਗ ਤੇ ਤਸੀਲ ਮੁਕਤਸਰ ਸੀ।

ਬਾਬਾ ਜੀ ਨੂੰ ਏਹ ਪਛੋਤਾਵਾ ਘੁਣ ਦੀ ਤਰਾਂ ਚੰਬੜ ਗਿਆ । ਹਮੇਸ਼ਾਂ ਏਹ ਕਮਜੋਰੀ ਜੋ ਮਨ ਦੀ ਕਮਜ਼ੋਰੀ ਸੀ-ਨਾਲ ਬਾਬਾ ਜੀ ਦੁਖਦੇ ਰਹੇ । ਬੀਬੀ ਵੀਰੋ ਅਜੇ ਛੋਟੀ ਸੀ। ਪਰ ਧੀਆਂ ਨੂੰ ਜੁਆਨ ਹੁੰਦਿਆਂ ਕੋਈ ਸਮਾਂ ਥੋੜਾ ਹੀ ਲਗਦਾ ਹੈ ।

ਮੰਗ ਦੀ ਸੂਹ ਸਾਹਿਬਜ਼ਾਦੇ ਪ੍ਰਤਾਪ ਸਿੰਘ ਜੀ ਨੂੰ ਵੀ ਲਗ ਗਈ ਤੇ ਬੀਬੀ ਵੀਰੋ ਨੂੰ ਵੀ। ਸੱਚ ਝੂਠ ਤਾਂ ਅੱਲਾ ਜਾਣੇ। ਪਰ ਸਾਹਿਬਜ਼ਾਦੇ ਪ੍ਰਤਾਪ ਸਿੰਘ ਜੀ ਦੇ ਜੋਟੀਦਾਰਾਂ ਵਿਚ ਏਹ ਗਲ ਮਸ਼ਹੂਰ ਸੀ। ਕਈ ਬੀਬੀਆਂ ਬਾਬਤ ਜ਼ਿਕਰ ਹੋਇਆ,ਪਰ ਓਹਨਾਂ ਕਿਸੇ ਨੂੰ ਵੀ ਨਿਗ੍ਹਾ ਥਲੇ ਨਾ ਲਿਆਂਦਾ। ਗੁਰੂ ਹਰੀ ਸਿੰਘ ਜੀ ਦੇ ਦੌਰਿਆਂ ਨਾਲ ਅਕਸਰ ਸਾਹਿਬਜ਼ਾਦੇ ਪ੍ਰਤਾਪ ਸਿੰਘ ਜੀ ਵੀ ਨਾਲ ਹੁੰਦੇ ।

ਪਤੀ ਪਤਨੀ ਦੇ ਏਸ ਇਲਾਹੀ ਰਿਸ਼ਤੇ ਪ੍ਰਤੀ ਖਿਚ,ਕੁਦਰਤ ਵਲੋਂ ਸਭ ਨੂੰ ਹੁੰਦੀ ਹੈ। ਸ਼ਿਵ ਅੰਦਰ ਪਾਰਬਤੀ,ਰਾਮ ਅੰਦਰ ਸੀਤਾ ਜੀ,ਕ੍ਰਿਸ਼ਨ ਜੀ ਅੰਦਰ ਰਾਧਿਕਾਂ ਅਤੇ ਭਗਵਾਨ ਬੁਧ ਅੰਦਰ ਯਸ਼ੋਧਰਾ ਲਈ ਵੀ ਸੀ ਦਰਸ਼ਨ ਖਿਚ। ਸਾਹਿਬਜ਼ਾਦਾ ਪ੍ਰਤਾਪ ਸਿੰਘ ਜੀ ਅਤੇ ਬੀਬੀ ਵੀਰੋ ਗੁਰੂਸਰ-ਮੇਲੇ ਉਤੇ, ਜਦੋਂ ਆਮ੍ਹਣੇ ਸਾਹਮਣੇ ਹੋਏ ਤਾਂ ਦੋਵੇਂ ਇਕ ਦੂਸਰੇ ਨੂੰ ਵੇਖਕੇ ਮੁਸਕਰਾ ਪਏ। ਏਸ ਗਲ ਨੂੰ ਫੌਰਨ ਬਖਸ਼ੀ ਹਰਦੇਵ ਸਿੰਘ ਤੇ ਦੂਸਰੇ ਸਾਥੀਆਂ ਨੇ ਤਾੜ ਲਿਆ। ਅਤੇ ਸਮਝ ਲਿਆ ਕਿ ਹੁਣ ਏਹ ਰਿਸ਼ਤਾ ਪੱਕਾ ਹੈ । ਅਜ ਅਸੀਂ ਪਿਆਰ ਦੀਆਂ ਰੇਖਾਵਾਂ ਅਖੀਂ ਤਕ ਲਈਆਂ ਹਨ। ਹੁਣ ਫੇਰ ਫਿਰਨ ਵਾਲੀ ਗਲ ਮੁਕ ਗਈ। ਮਾਤਾ ਜੀਵਨ ਕੌਰ ਜੀ ਨੂੰ ਵੀ ਏਹ ਗਲ ਪਸੰਦ ਆ ਗਈ। ਅਤੇ ਲਖ ਲਖ ਸ਼ੁਕਰ ਕੀਤਾ ਕਿ ਸਾਹਿਬਜ਼ਾਦੇ ਨੇ ਮੂਕ ਹਾਂ ਕਰ ਦਿਤੀ ਹੈ।

ਚੜ੍ਹਦੇ ਸੂਰਜ ਨੂੰ ਸਾਰੇ ਹੀ ਸਲਾਮ ਕਰਦੇ ਹਨ । ਬਾਬਾ ਸੱਦਾ ਸਿੰਘ ਓਸ ਵੇਲੇ ਮੰਗਲ ਤਾਰੇ ਦੀ ਤਰਾਂ ਇਲਾਕੇ ਵਿਚ ਚਮਕਦਾ ਸੀ। ਮਿਸਤ੍ਰੀ ਜੁਆਲਾ ਸਿੰਘ ਵੀ ਨੰਬਰਦਾਰ ਵਾਲੇ ਪਾਸੇ ਝੁਕ ਗਿਆ ਸੀ । ਅਤੇ ਸ੍ਰ. ਸੰਤ ਸਿੰਘ ਤੇ ਹੋਰ ਵੀ ਕਈ ਬਹਾਦਰ ਆਦਮੀ ਨੰਬਰਦਾਰ ਦੀ ਪਿਠ ਤੇ ਸਨ । ਬਾਬਾ ਸੁੰਦਰ ਸਿੰਘ ਜੀ ਬੜੇ ਸਿਆਣੇ ਸਨ ਤੇ ਓਹ ਚਾਹੁੰਦੇ ਸਨ ਕਿ ਏਹ ਬਾਜ਼ੀ ਕਿਸੇ ਵੀ ਤਰਾਂ ਨਹੀਂ ਹਾਰਨੀ। ਓਹਨਾਂ ਸ੍ਰ. ਜੁਆਲਾ ਸਿੰਘ ਨੂੰ ਘਰੇ ਸਦਕੇ ਸਾਰੀ ਗਲ ਸਮਝਾ ਦਿਤੀ। ਜੁਆਲਾ ਸਿੰਘ ਨੇ ਕਿਹਾ ਸ੍ਰਦਾਰ ਜੀ। ਪਾਰਟੀ ਤਾਂ ਭਾਵੇਂ ਮੇਰੀ ਨੰਬਰਦਾਰ ਨਾਲ ਹੈ । ਪਰ ਏਸ ਕੰਮ ਵਿਚ ਮੈਂ ਤੁਹਾਡੇ ਨਾਲ ਹਾਂ, ਤੇ ਕਦੇ ਪਿਠ ਨਹੀਂ ਦੇਵਾਂਗਾ। ਬਾਬਾ ਜੀ ਕਿਹਾ ਮੇਰੀ ਦੇਹ ਢਿਲੀ ਰਹਿੰਦੀ ਹੈ। ਮੈਂ ਚਾਹੁੰਦਾ ਹਾਂ ਏਹ ਕੰਮ ਛੇਤੀ ਤੋਂ ਛੇਤੀ ਸਿਰੇ ਚੜ੍ਹੇ ਤੂੰ ਹੁਣੇ ਜਾਹ ਤੇ ਸਾਹਿਬਜ਼ਾਦੇ ਨੂੰ ਏਥੇ ਲੈਕੇ ਆ ।

ਗੁਰੂ ਹਰੀ ਸਿੰਘ ਜੀ ਓਸ ਵੇਲੇ ਚੜ੍ਹਾਈ ਕਰ ਚੁਕੇ ਸਨ ਤੇ ਗੱਦੀ ਤੇ ਬਿਰਾਜਮਾਨ ਸਨ, ਸਤਿਗੁਰੂ ਪ੍ਰਤਾਪ ਸਿੰਘ ਜੀ। ਓਸ ਵੇਲੇ ਔਣ ਜਾਣ ਦੇ ਸਾਧਨ ਰੇਲ ਗੱਡੀ ਹੀ ਸੀ ਸਤਿਗੁਰੂ ਜੀ ਲਾਹੌਰੋਂ ਆ ਰਹੇ ਸਨ। ਤੇ ਏਧਰੋਂ ਸ੍ਰ. ਜੁਆਲਾ ਸਿੰਘ ਜੀ ਵੀ ਲੁਧਿਆਣੇ ਪਹੁੰਚ ਗਏ। ਸਟੇਸ਼ਨ ਉਤੇ ਹੀ ਦਰਸ਼ਨ ਹੋ ਗਏ। ਮਿਸਤ੍ਰੀ ਜੀ ਨੇ ਇਕ ਪਾਸੇ ਕਰਕੇ ਸਾਰੀ ਗਲ ਅਰਜ ਕਰ ਦਿਤੀ। ਸਤਿਗੁਰੂ ਜੀ ਨੇ ਨਾਲ ਦੇ ਸਾਰਿਆਂ ਸ੍ਰੀਰਾਂ ਨੂੰ ਭੈਣੀ ਸਾਹਿਬ ਭੇਜ ਦਿਤਾ। ਇਕ ਲਾਂਗਰੀ,ਸਤਿਗੁਰੂ ਜੀ ਅਤੇ ਮਿਸਤ੍ਰੀ ਜੁਆਲਾ

Namdhari Elibrary NamdhariElibrary@gmail.com

ੰਘ ਜੀ, ਤਿੰਨੇ ਹੀ ਵਾਪਸੀ ਧੂਰੀ ਲਾਈਨ ਉਤੇ ਾਣ ਵਾਲੀ ਗਡੀ ਵਿਚ ਸਵਾਰ ਹੋ ਗਏ। ਰਾਤੋਰਾਤ ਤੁਰਿੰਡੇ ਤੇ ਸੁਬ੍ਹਾ ਸਵਖਤੇ ਹੀ ਪੱਕੀ ਸਟੇਸ਼ਨ ਉਤੇ ਮਾਣ ਉਤਰੇ। ਅਗੋਂ ਸਵਾਰੀਆਂ ਤਿਆਰ ਸਨ। ਹ ਸਭ ਕੁਝ ਇਤਨੀ ਖਾਮੋਸ਼ੀ ਨਾਲ ਹੋ ਰਿਹਾ ਸੀ ਕ ਕਿਸੇ ਨੂੰ ਕੰਨੋ ਕੰਨੀ ਕਣ ਸੋ ਤਕ ਨਹੀਂ ਸੀ ਪੈਣ ਦਿਤੀ।

ਏਹ ਦਿਨ ਸਾਵਣ ਭਾਦਰੋਂ ਦੇ ਸਨ, ਜਦੋਂ ਬਾਬਾ ਸਾਵਣ ਸਿੰਘ ਜੀ ਨੇ ਤੇ ਸਾਰੇ ਪ੍ਰੀਵਾਰ ਨੇ ਮਲੇ ਕੇ ਅਰਦਾਸ ਕੀਤੀ। ਅਤੇ ਬੀਬੀ ਵੀਰੋ ਨੇ ਸਤਿਗੁਰੂ ਜੀ ਦੇ ਗਲ ਵਿਚ ਉਨ ਦੀ ਮਾਲਾ ਪਾਕੇ ਵਰ ਮਾਲਾ ਦੀ ਰਸਮ ਅਦਾ ਕੀਤੀ। ਅਤੇ ਸਤਿਗੁਰੂ ਜੀ ਓਹਨੀਂ ਪੈਰੀਂ ਹੀ ਵਾਪਸ ਭੈਣੀ ਸਾਹਿਬ ਪਰਤ ਗਏ।

ਸ੍ਰ. ਸੁੰਦਰ ਸਿੰਘ ਜੀ ਨੇ ਅੰਤ ਸਮੇਂ ਤਿੰਨਾਂ ਭਰਾਵਾਂ ਨੂੰ ਸਦਕੇ ਕਿਹਾ ਮੇਰੀ ਅੰਤਮ ਇਛਾ ਏਹੋ ਹੈ ਕਿ ਵੀਰੋ, ਮਾਤਾ ਜੀਵਨ ਕੌਰ ਦੀ ਨੂੰਹ ਬਣੇ। ਦਸੋ! ਏਹ ਕੰਮ ਸਿਰੇ ਚਾਹੜ ਦਿਓਗੇ?

ਸੂਬਾ ਮੀਹਾਂ ਸਿੰਘ ਜੀ ਨੇ ਅਗੇ ਵਧਕੇ ਕਿਹਾ ਏਹ ਕਾਰਜ ਜਿਵੇਂ ਵੀ ਹੋਇਆ ਅਸੀਂ ਸੰਪੰਨ ਕਰਾਂਗੇ। ਤੁਸੀਂ ਨਿਸਚਿੰਤ ਹੋ ਜਾਓ। ਅਤੇ ਅਕਾਲ ਪੁਰਖ ਦੇ ਚਰਨਾਂ ਦਾ ਧਿਆਨ ਧਰੋ। ਬਾਕੀ ਦੋਹਾਂ ਭਰਾਵਾਂ ਨੇ ਵੀ ਹਾਂ ਭਰ ਦਿਤੀ ਅਤੇ ਸਰਦਾਰ ਸੁੰਦਰ ਸਿੰਘ ਜੀ ਸਦਾ ਦੀ ਨੀਂਦੇ ਸੌਂ ਗਏ।

ਨੋਟ:-ਮਾਤਾ ਵੀਰੋ ਜੀ ਦੇ ਅਨੰਦ ਦੀ ਵਾਰਤਾ ਦੋ ਵਾਰ ਵਿਸਥਾਰ ਪੂਰਵਕ ਛਪ ਚੁਕੀ ਹੈ। ਅਤੇ ਤੀਸਰੀ ਤੇ ਆਖਰੀ ਵਾਰ ਸਾਧ ਸੰਗਤ ਤੇ ਨਾਮ-ਧਾਰੀ ਦਰਬਾਰ ਦੀ ਇਛਾ ਮੁਤਾਬਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਜੀਵਨ ਸਾਖੀਆਂ ਉਤੇ ਇਕ ਪੁਸਤਕ ਲਿਖ ਰਿਹਾ ਹਾਂ ਓਸ ਵਿਚ ਆਵੇਗੀ ਏਥੇ ਤਾਂ ਕੁਝ ਸੰਖੇਪ ਵਿਚ ਹੀ ਵਰਨਣ ਕਰਾਂਗਾ (ਧੰਨਵਾਦ)।

ਨੰਬਰਦਾਰ ਸੌਦਾ ਸਿੰਘ ਨੇ ਇਲਾਕੇ ਦੇ ਸਾਰੇ ਵਾਤਾਵਰਨ ਵਿਚ ਜ਼ਹਿਰ ਘੋਲ ਦਿਤਾ ਅਤੇ ਸਾਰੀ ਜਟ ਸਿਖਾਂ ਦੀ ਬ੍ਰਾਦਰੀ ਏਸ ਵਿਆਹ ਦੇ ਖਿਲਾਫ ਭੜਕ ਉਠੀ। ਪਰ ਮੁਕਾਬਲੇ ਵਿਚ ਵੀ ਸਰਦਾਰ ਸੌਦਾ ਸਿੰਘ ਦਾ ਭਤੀਜਾ ਸੀ ਜਿਸਨੇ ਸਾਰੀ ਉਮਰ ਹਾਰਨ ਦਾ ਨਾਮ ਨਹੀਂ ਸੀ ਜਾਣਿਆ। ਸਾਰੀ ਜਾਇਦਾਦ ਤਿੰਨਾਂ ਭਰਾਵਾਂ ਦੀ ਗਹਿਣੇ ਪੈ ਗਈ 'ਪਰ--

ਪਸ਼ਚਮ ਸੂਰ ਚੜ੍ਹੇ ਕਬਹੂੰ ਅਰੁ
ਗੰਗ ਬਹੀ ਉਲਟੀ ਜੀਅ ਆਵੇ।
ਜੇਠ ਕੇ ਮਾਸ ਤੁਖਾਰ ਪਰੇ
ਬਨ ਔਰ ਬਸੰਤ ਸਮੀਰ ਜਰਾਵੇ।
ਲੋਕ ਹਲੇ ਧਰੂਅ ਕੋ ਜਲ ਕੋ ਥਲ
ਹੂਏ ਥਲ ਕੋ ਕਬਹੂੰ ਜਲ ਜਾਵੇ।
ਕੰਚਨ ਕੇ ਨਗ ਪੰਖਨ ਧਾਰਿ
ਉਡੇ ਖੜਗੇਸ਼ ਨ ਪੀਠ ਦਿਖਾਵੇ॥

ਜਿਸਤਰਾਂ ਏਹਨਾਂ ਤਿੰਨਾਂ ਭਰਾਵਾਂ ਨੇ, ਸਿਰ ਤਲੀ ਤੇ ਰਖਕੇ, ਏਹ ਕੰਮ ਸੰਪੂਰਨ ਕੀਤਾ ਦੂਸਰੇ ਕਈ ਪਿੰਡ ਰਲਕੇ ਵੀ ਨੰਬਰਦਾਰ ਦਾ ਮੁਕਾਬਲਾ ਨਹੀਂ ਸੀ ਕਰ ਸਕਦੇ। ਪਰ ਅਸ਼ਕੇ ਤਾਇਆ ਮੀਹਾਂ ਸਿੰਘ ਜੀ ਦੇ ਜਿਨ੍ਹਾਂ ਦਾ ਹਰ ਕਦਮ ਅਗੇ ਹੀ ਅਗੇ ਵਧਦਾ ਚਲਾ ਗਿਆ। ਅਨੰਦ ਦੀ ਤਾਰੀਖ ਮਿਥ ਦਿਤੀ ਗਈ ਅਤੇ ਸਤਿਗੁਰੂ ਜੀ ਵਲੋਂ ਦਸ ਸਿਰ-ਲਥ ਸੂਰਮਿਆਂ ਦਾ ਜਥਾ ਗੁਰੂ ਸਰ ਭੇਜਕੇ ਕਹਿ ਦਿਤਾ ਪਹਿਲ ਨਹੀਂ ਕਰਨੀ ਜੇ ਕੋਈ ਗਲ ਨੰਬਰ-ਦਾਰ ਵਲੋਂ ਹੋਵੇ ਤਾਂ ਪਿਛੇ ਵੀ ਨਹੀਂ ਹਟਣਾ।

ਤਾਇਆ ਜੀ ਸੂਰਬੀਰ ਵੀ ਸਨ ਤੇ ਨੀਤੀਵਾਨ ਵੀ। ਵਕੀਲਾਂ ਨਾਲ ਸਲਾਹ ਕਰਕੇ ਓਹ ਰਸਤਾ ਅਪਨਾਇਆ ਜਿਸਦੀ ਆਸ ਆਮ ਜਟਾਂ ਤੋਂ ਨਹੀਂ ਕੀਤੀ ਜਾ ਸਕਦੀ। ਫੀਰੋਜ਼ਪੁਰ ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਜਾ ਦਰਖਾਸਤ ਦਿਤੀ, ਉਸਨੇ ਫਾਰਮੈਲਿਟੀ ਲਾਕੇ ਨੰਬਰਦਾਰ ਨੂੰ ਇਕ ਮਹੀਨੇ ਵਾਸਤੇ ਪਿੰਡੋਂ ਬਾਹਰ ਕਰ ਦਿਤਾ।

੧੨ ਪੋਹ ਨੂੰ ਸਪੈਸ਼ਲ ਟ੍ਰੇਨ ਪੱਕੀ ਸਟੇਸ਼ਨ ਤੇ ਪਹੁੰਚ ਗਈ। ਏਸ ਵਿਚ ਸਾਧੂ ਮਹਾਤਮਾਂ ਤੇ ਨਿਰਮਲੇ ਸੰਤ ਵੀ ਸ਼ਾਮਲ ਸਨ। ਪਿਛੇ ਕਿਸ ਨੇ

Namdhari Elibrary NamdhariElibrary@gmail.com

ਰਹਿਣਾ ਸੀ, ਜੇ ਸਭ ਦੇ ਨਾਮ ਗਿਣਾਂ ਤਾਂ ਪੂਰਾ ਇਕ ਸਫਾ ਭਰ ਜਾਏ। ਸਾਰੇ ਸੂਬੇ ਜਥੇਦਾਰ ਤੇ ਰਾਗੀ ਰਬਾਬੀ। ਊਠਾਂ ਘੋੜਿਆਂ ਤੇ ਗੱਡਿਆਂ ਉਤੇ ਪੂਰਾ ਡੇਢ ਮੀਲ ਲੰਮਾਂ ਜਲੂਸ। ਤਾਏ ਰਾਮ ਸਿੰਘ ਤੋਂ ਜਦੋਂ ਮੈਂ ਏਸ ਬਾਬਤ ਪੁਛਿਆ, ਤਾਂ ਓਸ ਕਿਹਾ ਅੰਤ ਕੋਈ ਨਹੀਂ ਸੀ ਜ਼ੰਦ ਦਾ ਨਹਿਰ ਤਕ ਆਦਮ ਹੀ ਆਦਮ ਦਿਸ ਰਿਹਾ ਸੀ। ਸਾਰਾ ਪਿੰਡ ਕੋਠਿਆਂ ਅਤੇ ਚੁਬਾਰਿਆਂ ਤੇ ਚੜ੍ਹਕੇ ਏਹ ਜਲੂਸ ਵੇਖ ਰਿਹਾ ਸੀ। ਕਈ ਜਥੇ ਗਲਾਂ ਵਿਚ ਢੋਲਕੀਆਂ ਪਾਈ ਸ਼ਬਦ ਪੜ੍ਹਦੇ ਆ ਰਹੇ ਸੀ। ਮਸਤਾਨੇ ਗਲਾਸ ਖੜਕਾਕੇ ਲਹਿਰ ਲਾਈ ਔਂਦੇ ਵੇਖੇ। ਗਡਿਆਂ ਉਤੇ ਰਾਗੀ ਸਿੰਘ ਤੇ ਸ਼ਬਦੀ ਜਥੇ ਕੀਰਤਨ ਕਰ ਰਹੇ ਸਨ। ਅਤੇ

ਧੂਰ ਉਡੀ ਨਭ ਮੰਡਲ ਛਾਇਓ।

ਡੇਢ ਮੀਲ ਦਾ ਸਾਰਾ ਰਸਤਾ ਹੀ ਰਥਾਂ ਤੇ ਊਠਾਂ ਘੋੜਿਆਂ ਦੀਆਂ ਟਾਪਾਂ ਨਾਲ ਧੂੜੋ ਧੂੜ ਹੋ ਉਠਿਆ।

ਨੰਬਰਦਾਰ ਦੇ ਪਿੰਡੋਂ ਬਾਹਰ ਜਾਣ ਕਰਕੇ ਪਿੰਡ ਵਿਚ ਪੂਰਨ ਸ਼ਾਂਤੀ ਵਰਤ ਗਈ। ਸਾਰੇ ਪਿੰਡ ਦੀਆਂ ਬੈਠਕਾਂ ਦਰਵਾਜੇ ਤੇ ਆਂਗਣ ਖਾਲਸੇ ਦੀ ਮਲਕੀਅਤ ਸਨ। ਬਾਹਰ ਤੰਬੂ ਤੇ ਸ਼ਾਮਿਆਨੇ ਵੀ ਬਹੁਤ ਸਨ। ਪਰ ਸਿਆਲ ਦੀਆਂ ਪੋਹ ਦੀਆਂ ਰਾਤਾਂ ਅੰਤਾਂ ਦੀ ਠੰਢ,ਬਹੁਤੀ ਸੰਗਤ ਦੀਵਾਨਾਂ ਵਿਚ ਹੀ ਸਮਾ ਗਈ ਅਤੇ ਕਈ ਥਾਈਂ ਸਾਧਾਂ ਨੇ ਧੂਣੀਆਂ ਰਮਾ ਲਈਆਂ। ਗਲ ਕੀ ਪੋਹ ਦੀ ਸਭ ਤੋਂ ਲੰਮੀ ਰਾਤ ਦਾ ਪਤਾ ਹੀ ਨਹੀਂ ਲਗਾ, ਕਦੋਂ ਬੀਤ ਗਈ ਅਤੇ ਆਸਾ ਦੀ ਵਾਰ ਦਾ ਵੇਲਾ ਹੋ ਗਿਆ।

ਸਾਧ ਸੰਗਤ ਨੇ ਤਾਂ ਸਾਰੀ ਰਾਤ ਖੁਸ਼ੀਆਂ ਵਿਚ ਹੀ ਗਾ ਵਜਾਕੇ ਲੰਘਾ ਦਿਤੀ। ਪਰ ਮੈਨੂੰ ਏਹ ਪਤਾ ਨਹੀਂ ਲਗਾ ਸ੍ਰੀ ਸਤਿਗੁਰੂ ਜੀ ਅਤੇ ਭੂਆ ਜੀ ਨੇ ਏਹ ਰਾਤ ਸੁਪਨਿਆਂ ਵਿਚ ਗੁਆਚਕੇ ਲੰਘਾਈ ਜਾਂ ਬਰਾਜਕੇ।

ਤੁਲਸੀ ਦਾਸ ਜੀ ਲਿਖਦੇ ਹਨ-ਜਦੋਂ ਸੀਤਾ ਜੀ ਨੇ ਰਾਮ ਜੀ ਦੀ ਮੂਰਤ ਨੂੰ ਪਹਿਨੀ ਹੋਈ ਮੁੰਦਰੀ ਦੇ ਨਗ ਵਿਚੋਂ ਵੇਖਿਆ ਓਥੇ ਹੀ ਮੁਗਧ ਹੋਈ। [illegible] ਗਈ ਨਗ ਨੂੰ,ਵੇਖੀ ਗਈ। ਜੋ ਵੀ ਰਸਮਾਂ ਰਹੀਆਂ ਸਨ ਓਹਨਾਂ ਦਾ ਓਸਨੂੰ ਬਿਲਕੁਲ ਧਿਆਨ ਨਹੀਂ ਸੀ ਰਿਹਾ ਵਿਆਹ ਮੰਡਪ [illegible] ਬੈਠੀ ਨੂੰ। ਅਤੇ ਜਦੋਂ ਸੀਤਾ ਦਾ ਸਾਥ ਵਿ[illegible] ਗਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ

ਰਘੁਬਰ ਬਿਨ ਸੀਅ ਨਾ ਜੀਐ
ਸੀਅ ਬਿਨ ਜੀਏ ਨਾ ਰਾਮ।

ਅਜੇਹਾ ਹੈ ਬੰਧਨ ਪਤੀ ਪਤਨੀ ਦਾ।

ਹੁਣ ਮੈਂ ਸੰਤ ਤਰਨ ਸਿੰਘ ਜੀ ਵਹਿਮੀ [illegible] ਜੁਬਾਨੀ ਅਨੰਦ ਦਾ ਹਾਲ ਲਿਖਦਾ ਹਾਂ। ਗੁਰੂਸ[illegible] ਮਾਤਾ ਰਾਮ ਕੌਰ ਤੇ ਮਾਤਾ ਜਿਓਣ ਕੌਰ ਦਾ ਵਰਤਾ[illegible] ਭੈਣੀ ਸਾਹਿਬ ਵਿਚ ਆਈ ਸਾਧ ਸੰਗਤ ਜੇਹਾ [illegible] ਸੀ। ਕੋਈ ਵੀ ਨਿਰਾਸ਼ ਨਾਂ ਜਾਂਦਾ, ਭਾਵੇਂ ਰਾਹ[illegible] ਪਾਂਧੀ ਹੀ ਕਿਉਂ ਨਾ ਹੋਵੇ, ਸਤਿਗੁਰੂ ਜੀ ਦੇ ਦਰਸ਼ਨ ਲਈ ਸਾਧ ਸੰਗਤ ਜਥੇਦਾਰ ਤੇ ਰਾਗੀ ਅਤੇ ਦਰਸ਼[illegible] ਅਭਿਲਾਸ਼ੀ ਵੀ ਬੇਅੰਤ ਆਏ ਸਨ। ਕਿਸੇ ਨੂੰ ਕਿ[illegible] ਗਲ ਦੀ ਥੁੜ ਨਾਂ ਵਿਆਪਣ ਦਿਤੀ।

ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇ ਆਪ ਦੇ ਪੁਤ੍ਰ ਪਰਤਾਪ ਸਿੰਘ ਸਮੇਤ ਭਾਈ ਕਾਲੂ ਦਾ ਰਾਗੀ ਜਥਾ, ਭਾਈ ਹਰਨਾਮ ਸਿੰਘ ਚਵਿੰਡੇ ਵਾਲਿਆਂ ਦਾ ਰਾਗੀ ਜਥਾ, ਸੰਤ ਭਗਤ ਸਿੰਘ ਜੀ ਦਾਤੇਵਾਲ, ਸੰਤ ਟਹਿਲ ਸਿੰਘ ਜੀ ਸਦੋਵਾਲ, ਸੰਤ ਕਰਮ ਸਿੰਘ ਜੀ ਹਿੰਮਤਪੁਰਾ,ਸੰਤ ਮੰਗਲ ਸਿੰਘ ਜੀ ਫਤੂਹੀ ਚੱਕ,ਸੰਤ ਸੁੰਦਰ ਸਿੰਘ ਜੀ ਪੁੰਗਾਂਵਾਲੇ, ਸੰਤ ਆਲਾਸਿੰਘ ਵਰਨ,ਸੰਤ ਭੁਰੀਵਾਲੇ ਮਾਨਾਂ ਵਾਲੀਏ, ਰਾਗੀ ਜੈ ਸਿੰਘ ਧੁਲੇਤਾ ਅਤੇ ਸੰਤ ਹਾਕਮ ਸਿੰਘ ਜੀ ਘੁੱਕਲ ਆਦਿ ਨੇ ਸਾਰੀ ਰਾਤ ਆਪੋ ਆਪਣੀ ਜਗ੍ਹਾ ਦੀਵਾਨ ਸਜਾਈ ਰਖੇ ਆਪੋ ਆਪਣੇ ਡੇਰੇ। ਗੁਰੂ ਸਰ ਦਾ ਹਰ ਘਰ ਅਜ ਰੌਣਕਾਂ ਭਰਪੂਰ ਸੀ।

ਪਿਛਲੀ ਰਾਤ ਗਈ ਸਭ ਨੇ ਕੇਸੀਂ ਇਸ਼ਨਾਨ ਕਰ ਆਸਾ ਦੀ ਵਾਰ ਸੁਣੀ ਤੇ ਹਵਨ ਹੋਇਆ। ਚੰਡੀ ਦੀ ਵਾਰ ਦਾ ਭੋਗ ਪਾ ਸਤਿਗੁਰੂ ਪ੍ਰਤਾਪ ਸਿੰਘ

Namdhari Elibrary NamdhariElibrary@gmail.com

[illegible]

ਸਤ ਸ੍ਰੀ ਅਕਾਲ

[illegible]

ਜਿਥੇ ਪਹਿਲੇ ਪਤ੍ਰ ਵਿਚ ਪੂਜਯ ਮਾਤਾ ਜੀ ਨੇ ਆਪਣੇ ਭਾਈ ਸਾਹਿਬ ਭਾਈ ਮੀਹਾਂ ਸਿੰਘ ਜੀ ਨੂੰ ਬੜੇ ਪਿਆਰ ਭਰੇ ਸ਼ਬਦਾਂ ਨਾਲ ਸੰਬੋਧਨ ਕੀਤਾ ਹੋਇਆ ਹੈ, ਓਥੇ ਦੂਜੇ ਪਤ੍ਰ ਵਿਚ ਮਾਤਾ ਜੀ ਨੇ ਅਪਣੇ ਵੀਰ ਸ੍ਰ. ਨਾਹਰ ਸਿੰਘ ਜੀ ਨੂੰ ਇਕ ਕਾਕੇ ਦੇ ਪੈਦਾ ਹੋਣ ਦੀ ਵਧਾਈ ਦੇ ਨਾਲ ਜੋ ਸ਼ਬਦ ਅੰਕਿਤ ਕੀਤੇ ਹੋਏ ਹਨ ਭਾਵੇਂ ਇਹ ਸ਼ਬਦ ਉਸ ਵਕਤ ਮਾਤਾ ਜੀ ਨੇ ਉਸ ਕਾਕੇ ਦੀ ਸੁਖ ਸ਼ਾਂਤੀ ਤੇ ਅਰੋਗਤਾ ਵਾਸਤੇ ਹੀ ਲਿਖੇ ਹੋਣਗੇ. ਪਰ(ਗੁਰੂਬਾਣੀ ਦੀ ਪੰਗਤੀ ਅਨੁਸਾਰ ਕਿ"ਪ੍ਰਥਾਇ ਸਾਖੀ ਮਹਾਂ ਪੁਰਖ ਬੋਲਦੇ ਸਾਂਝੀ ਸਗਲ ਜਹਾਨੈ,,) ਪੂਜਯ ਮਾਤਾ ਜੀ ਦੇ ਇਹ ਸ਼ਬਦ ਸਾਰੇ ਨਾਮਧਾਰੀ ਪੰਥ ਵਾਸਤੇ ਹੀ ਸੁਖਦਾਇਕ ਹਨ ਲੋੜ ਮਾਤਾ ਜੀ ਦੇ ਉਪ੍ਰੋਕਤ ਹੁਕਮ ਨੂੰ ਭਾਵਨਾ ਸਹਿਤ ਮੰਨਣ ਦੀ ਹੈ। ਜਿਹਾ ਕਿ ਭਰਾ ਮੀਹਾਂ ਸਿੰਘ ਹੋਰਾਂ ਕੋ ਵਧਾਈ ਮੇਰੀ ਤਰਫ ਸੇ ਹੋਵੇ।

"ਨਾਮ ਜਪੋ, ਸੁਖੀ ਵਸੋ ਤਿੰਨੇ ਭਰਾ, ਪੰਜ ਪਾਠ ਜਪੁਜੀ ਸਾਹਿਬ ਦੇ ਰੋਜ ਕਰੋ, ਪੰਜ ਚੌਪਈਆਂ(ਦੇ ਪਾਠ ਰੋਜ) ਕਰਿਆ ਕਰੋ ਸੁਖ ਹੋਗਾ।

੧ੳ ਸਤਗੁਰ ਪ੍ਰਸਾਦ

ਜੋਗ ਸ੍ਰੀਮਾਨ ਭਾਈ ਸਾਹਵ ਮੀਹਾਂ ਸਿੰਘ ਜੀ ਸਤ ਸ੍ਰੀ ਅਕਾਲ ਬੁਲਾਈ ਵਾਚਨੀ।ਜੀ ਔਰ ਜੀ ਐਥੇ ਸਭ ਸੁਖ ਹੈ ਆਪ ਕੋ ਸਤਗੁਰ ਸੁਖੀ ਵਸਾਏ ਸ੍ਰੀਮਾਨ ਭਰਾਤਾ ਜੀ ਆਪ ਕੀ ਪਤ੍ਰਕਾ ਆਈ ਬੜੀ ਕੁਸ਼ਲਤਾ ਪ੍ਰਾਪਤ ਹੋਈ ਪੜ ਕਰ ਦਿਲ ਬਹੁਤ ਖੁਸ਼ ਹੋਇਆ ਭਰਾਤਾ ਜੀ ਸੁਨਾ ਹੈ ਆਪ ਦਰਸ਼ਨ ਗੁਰਦੁਆਰੇ ਦਾ ਕਰੋਗੇ ਆਨ ਕਰਕੇ। ਮਗਰ ਏ ਨਹੀਂ ਪਤਾ ਕਦੋਂ ਆਉਗੇ ਭਰਾ ਜੀ ਚਿਠੀ ਲਿਖ ਭੇਜੋ ਨਾਲ ਭਾਈ ਨਾਹਰ ਸਿੰਘ ਹੋਰਾਂ ਨੂੰ ਕੈਹਣਾ ਚਿਠੀ ਭੇਜਣ ਅਤੇ ਫਿਕਰ ਨਾਂ ਕਰਨਾ ਤੁਸਾਂ ਕਿਸੇ ਵੀ। ਮਾਤਾ ਹੋਰਾਂ ਨੂੰ ਮੈਂ ਰਖ ਲਿਆ ਹਾਲੇ ਜਦੋਂ ਆਓਗੇ ਤਾਂ ਭੇਜਾਂਗੀ। ਚਿਠੀ ਛੇਤੀ ਪਾਣੀ ਹੋਗੀ। ਭਰਾ ਨਾਹਰ ਸਿੰਘ ਕੋ ਫਤੇ। ਦਾਨ ਕੌਰ ਭਾਭੀ ਨੂੰ ਫਤੇ ਪਹੁੰਚੇ। ਕਾਕੇ ਕਾਂਕੀਆਂ ਕੋ ਪਿਆਰ ਪਹੁੰਚੇ। ਸੁਖ ਸਾਂਦ ਦਾ ਪਤਾ ਦੇਣਾ

੧ੳ ਸਤਿਗੁਰੂ ਪ੍ਰਸਾਦ

ਜੋਗ ਸ੍ਰੀਮਾਨ ਭਾਈ ਸਾਹਿਬ ਨਾਹਰ ਸਿੰਘ ਜੀ ਸਤਿ ਸ੍ਰੀ ਅਕਾਲ ਬੁਲਾਈ ਵਾਚਣੀ। ਐਥੇ ਸੁਖ ਹੈ ਆਪ ਕੋ ਸਤਗੁਰ ਸੁਖੀ ਵਸਾਏ ਅਗੇ ਏ ਹਵਾਲ ਹੈ ਮਾਤਾ ਹੋਰੀ ਰੋਹ ਪਏ ਮੋੜੇ ਰਖੇ ਹੋਏ। ਆਪ ਫਿਕਰ ਨਾ ਕਰਨਾ। ਚਿਠੀ ਉਤਮ ਕੌਰ ਨੂੰ ਪਾ ਦਿਤੀ ਸੀ ਵਧਾਈ ਆਪ ਨੂੰ ਹੋਵੇ ਕਾਕੇ ਦੀ। ਭਰਾ ਮੀਹਾਂ ਸਿੰਘ ਹੋਰਾਂ ਕੋ ਵਧਾਈ ਮੇਰੀ ਤਰਫ ਸੇ ਹੋਵੇ। ਨਾਮ ਜਪੋ ਸੁਖੀ ਵਸੋ ਤਿੰਨੇ ਭਰਾ। ਪੰਜ ਪਾਠ ਜਪੁਜੀ ਸਾਹਿਬ ਦੇ ਰੋਜ ਕਰੋ ਪੰਜ ਚੌਪਈਆਂ ਕਰਿਆ ਕਰੋ ਸੁਖ ਹੋਗਾ।

ਸਤਿਸ੍ਰੀ ਅਕਾਲ

Namdhari Elibrary NamdhariElibrary@gmail.com

ਜੀ ਸ੍ਰੀ ਦਰਬਾਰ ਸਾਹਿਬ ਨੂੰ ਮਥਾ ਟੇਕਕੇ ਵੇਦੀ ਪਾਸ ਦੁਧ ਧੋਤੀ ਚੁਤਹੀ ਤੇ ਆਇ ਬੈਠੇ। ਬੀਬੀ ਵੀਰੋ ਜੀ ਵੀ ਮਾਈਆਂ ਵਿਚੋਂ ਉਠ ਪਹਿਲਾਂ ਦਰਬਾਰ ਸਾਹਿਬ ਨੂੰ ਨਮਸ਼ਕਾਰ ਕੀਤੀ ਫੇਰ ਸਤਿਗੁਰੂ ਜੀ ਨੂੰ ਮੱਥਾ ਟੇਕ ਗਲ ਵਿਚ ਮਾਲਾ ਅਤੇ ਫੁਲਾਂ ਦਾ ਹਾਰ ਪਾ, ਖਬੇ ਪਾਸੇ ਆਸਣ ਉਤੇ ਆਂਣ ਬੈਠੇ। ਏਹ ਜੋੜਾ ਰਾਮ ਜੀ ਤੇ ਸੀਤਾ ਸਰੂਪ ਹੀ ਸਭ ਨੂੰ ਦਿਸ ਰਿਹਾ ਸੀ, ਸ੍ਰ. ਸੁੰਦਰ ਸਿੰਘ ਤੇ ਮਾਤਾ ਰਾਮ ਕੌਰ ਦਾ ਵਿਹੜਾ ਰਾਜਾ ਜਨਕ ਦੇ ਸੁੰਬਰ ਦੀ ਤਰਾਂ ਹੀ ਸੁਭਾਇਮਾਨ ਹੋ ਰਿਹਾ ਸੀ।

ਹੰਸਾਂ ਰੂਪੀ ਏਹ ਜੋੜਾ ਸੰਗਤ ਦੇ ਵਿਚਾਲੇ ਕੰਵਲ ਫੁਲਾਂ ਦੀ ਤਰਾਂ ਸੋਭ ਰਿਹਾ ਸੀ। ਬਨੇਰਿਆਂ ਤੇ ਕੋਠਿਆਂ ਦੇ ਛਜਿਆਂ ਉਤੇ ਰੰਗ ਬਰੰਗੇ ਬਸਤ੍ਰਾਂ ਵਿਚ ਸਜਦੀਆਂ ਸੁੰਦਰੀਆਂ ਅਤੇ ਬਾਲਾਂ ਦੀਆਂ ਪਾਲਾਂ ਇਸ ਅਪੂਰਵ ਸਵੰਬਰ ਨੂੰ ਤਕਣ ਵਾਸਤੇ ਦੇਵ ਪਰਿਵਾਰ ਬਣ ਆਏ ਜਾਪਦੇ ਸੀ।

ਦੂਰ ਦੂਰ ਪੁਲੀਸ ਦੀ ਨਿਗਰਾਨੀ ਸੀ। ਅਤੇ ਨੇੜੇ ਦੇ ਕੋਠਿਆਂ ਬਨੇਰਿਆਂ ਉਤੇ ਸੂਬਾ ਗੁਰਬਖਸ਼ ਸਿੰਘ ਚੱਕ ਕੂਕਿਆਂ ਦੀ ਕਮਾਨ ਹੇਠ ਨਾਮਧਾਰੀ ਬਹਾਦਰ ਨੌ ਜਵਾਨ ਪਹਿਰਾ ਦੇ ਰਹੇ ਸਨ ਮਤੇ ਕੋਈ ਅਘਟਿਤ ਘਟਨਾ ਨਾਂ ਵਿਆਪ ਜਾਏ।

ਸਤਿਗੁਰੂ ਜੀ ਗਾਤ੍ਰਾ ਸਜਾ ਬੀਰ ਆਸਣ ਲਾ ਬੈਠੇ। ਅਤੇ ਬੀਬੀ ਵੀਰੋ ਜੀ ਚੌਂਕੜਾ ਲਾਕੇ ਬੈਠੇ ਸਨ। ਸੰਤ ਲਛਮਣ ਸਿੰਘ ਜੀ ਜੋੜੀ ਦੇ ਹਥ ਧੁਆਏ ਅਤੇ ਬਾਬਾ ਬਦਨ ਸਿੰਘ ਜੀ ਚੜਿਕ ਵਾਲਿਆਂ ਬਾਟਾ ਫੜਿਆ ਹੋਇਆ ਸੀ ਅੰਮ੍ਰਿਤ ਵਾਲਾ,ਸਤਿਗੁਰੂ ਜੀ ਤਾਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ ਬੋਲਣ ਅੰਮ੍ਰਿਤ ਛਕਣ ਸਮੇਂ ਤੇ ਬੀਬੀ ਵੀਰੋ ਜੀ ਕਹਿਣ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ। ਅਜੀਬ ਰੰਗਾਂ ਵਿਚ ਅਜੀਬੋ ਗਰੀਬ ਸਤਰੰਗੀ ਪੀਂਘ ਦੇ ਏਥੇ ਦਰਸ਼ਨ ਹੋ ਰਹੇ ਸਨ।

ਅਨੰਦ ਹੋਣ ਪਿਛੋਂ ਤਿੰਨ ਪਾਠਾਂ ਦੇ ਭੋਗ ਪਾਏ ਗਏ। ਦੋ ਪਾਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਕੀਤੇ ਹੋਏ ਸਨ। ਇਕ ਦਸਮ ਗ੍ਰੰਥ ਜੀ ਦਾ ਤੇ ਇਕ ਆਦ ਸ੍ਰੀ ਗ੍ਰੰਥ ਸਾਹਿਬ ਜੀ ਦਾ ਇਕ ਪਾਠ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਬੀਬੀ ਵੀਰੋ ਜੀ ਨੇ ਕੀਤਾ ਸੀ।

ਏਸ ਅਨੰਦ ਨੂੰ ਅਪੂਰਵ ਅਨੰਦ ਏਸ ਵਾਸਤੇ ਕਿਹਾ ਹੈ ਕਿ ਏਹ ਸਿਖ ਪੰਥ ਦੇ ਪਹਿਲੇ ਗੁਰੂ ਸਨ ਜਿਨਾਂ ਦਾ ਗੁਰੂ ਰੂਪ ਵਿਚ ਅਨੰਦ ਪੂਰਨ ਗੁਰਮਤ ਅਨੁਸਾਰ ਹੋਇਆ ਸੀ। ਬਾਕੀ ਸਾਰੇ ਹੀ ਗੁਰੂਆਂ ਦੇ ਅਨੰਦ ਵੇਦ ਮਰਜਾਦਾ ਅਨੁਸਾਰ ਬ੍ਰਾਹਮਣਾਂ ਨੇ ਕੀਤੇ ਸਨ। ਏਹ ਅਨੰਦ ੧੩ ਪੋਹ ਸੰਮਤ ਬਿਕ੍ਰਮੀ ੧੯੭੧ ਨੂੰ ਹੋਇਆ ਗੁਰੂਸਰ ਜਿਲਾ ਫੀਰੋਜ਼ਪੁਰ ਵਿਚ।

ਸੰਤ ਲਛਮਣ ਸਿੰਘ ਜੀ ਜਟਾਣੇ ਵਾਲਿਆਂ, ਮਾਤਾ ਜਿਉਣ ਕੌਰ ਜੀ ਦੀ ਸਲਾਹ ਨਾਲ ਬੀਬੀ ਜੀ ਦਾ ਨਾਮ ਭੁਪਿੰਦਰ ਕੌਰ ਰਖਿਆ। ਨਾਮ ਰਖਣ ਤੋਂ ਪਹਿਲਾਂ ਜੋ ਮੁਖਵਾਕ ਲਿਆ ਗਿਆ ਓਹ ਏਸਤਰਾਂ ਹੈ:-

ਆਸਾ ਮਹਲਾ ੫

ਨਿਜ ਭਗਤੀ ਸੀਲ ਵੰਤੀ ਨਾਰਿ।
ਰੂਪਿ ਅਨੂਪ ਪੂਰੀਆਚਾਰਿ।
ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾ ਵੰਤਾ।
ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ। ੧।
ਸੁ ਕਰਣੀ ਕਾਮਣਿ, ਗੁਰ ਮਿਲਿ ਹਮ ਪਾਈ।
ਜਜ ਕਾਜਿ ਪਰਥਾਇ ਸੁਹਾਈ। ਰਹਾਉ।
ਜਿਚਰੁ ਵਸੀ ਪਿਤਾ ਕੈ ਸਾਥਿ।
ਤਿਚਰੁ ਕੰਤੁ ਬਹੁ ਫਿਰੈ ਉਦਾਸਿ।
ਕਰ ਸੇਵਾ ਸਤ ਪੁਰਖੁ ਮਨਾਇਆ।
ਗੁਰਿਆਣੀ ਘਰ ਮਹਿ ਤਾ ਸਰਬ ਸੁਖ ਪਾਇਆ।
ਬਤੀਹ ਸੁਲਖਣੀ ਸਚੁ ਸੰਤਤਿ ਪੂਤ।
ਆਗਿਆਕਾਰੀ ਸੁਘੜ ਸਰੂਪ,
ਇਛ ਪੂਰੇ ਮਨ ਕੰਤ ਸੁਆਮੀ।
ਸਗਲ ਸੰਤੋਖੀ ਦੇਰ ਜੇਠਾਨੀ। ੩।
ਸਭ ਪਰਵਾਰੈ ਮਾਹਿ ਸ੍ਰੇਸਟ,
ਮਤੀ ਦੇਵੀ ਦੇਵਰ ਜੇਸਠ।

ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ ।
ਜਨ ਨਾਨਕ ਸੁਖੇ ਸੁਖਿ ਵਿਹਾਇ । ੪ । ੩ ।

ਇਸ ਸ਼ਬਦ ਦਾ ਪਹਿਲਾ ਨਿਜ ਪਦ ਸੰਤ ਜੀ ਨੇ ਆਪ ਪ੍ਰਮੇਸ਼ਰ ਰੂਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਗ ਜਾਣਿਆ । ਅਤੇ ਭਗਤੀ ਰੂਪ, ਸ਼ਕਤੀ ਅਵਤਾਰ ਮਾਤਾ ਵੀਰੋ ਜੀ ਨੂੰ ਮੰਨਕੇ ਭੱਭੇ ਦੇ ਅਖਰ ਤੋਂ ਭੂਪਿੰਦਰ ਕੌਰ ਨਾਮ ਰਖਿਆ ।

ਸਤਿਗੁਰੂ ਜੀ ਏਸ ਵੇਲੇ ੨੫ ਵੇਂ ਸਾਲ ਵਿਚ ਸਨ ਤੇ ਮਾਤਾ ਭੂਪਿੰਦਰ ਕੌਰ ਜੀ ੧੫ ਜਾਂ ੧੬ ਸਾਲ ਦੇ ਸਨ ।

ਲੜਾਈ ਬ-ਦਸਤੂਰ ਚਲਦੀ ਰਹੀ । ਜਿਸ ਵਿਚ ਓਹ ਬਰਬਾਦੀ ਹੋਈ ਜਿਸਦੀ ਸਜ਼ਾ ਸਾਡੇ ਤਿੰਨਾਂ ਘਰਾਂ ਨੇ ੫੦ ਸਾਲਾਂ ਤਕ ਭੁਗਤੀ ।

ਕੁਝ ਸਿਖ ਚੁੰਨੀ ਦੇ ਸਤਿਗੁਰੂ ਜੀ ਨਾਲ ਨਰਾਜ਼ ਸਨ । ਸੇਵਾ ਵੀ ਕਰਦੇ ਤੇ ਬੋਲਦੇ ਘਟ ਵੱਧ ਹੀ ਸਨ ਸਤਿਗੁਰੂ ਜੀ ਇਕ ਦਿਨ ਪੁਛਿਆ ਤੁਸੀਂ ਮੇਰੇ ਨਾਲ ਨਰਾਜ਼ ਜਾਪਦੇ ਹੋ ।

ਸਿੰਘਾਂ ਕਿਹਾ—ਨਾਰਾਜ ਹੋਈਏ ਕਿਉਂ ਨਾਂ ਮਹਾ-ਰਾਜ ਨਿਹਾਲ ਸਿੰਘ ਜੀ ਨੇ ਸਾਨੂੰ ਤੁਹਾਡੇ ਵਿਆਹ ਤੇ ਨਹੀਂ ਜਾਣ ਦਿਤਾ ।

ਭੈਣੀ ਸਾਹਿਬ ਭੂਆ ਜੀ ਮਾਤਾ ਜੀਵਨ ਕੌਰ ਦੇ ਨਾਲ ਮੰਦਰਾਂ ਵਿਚ ਡੇਰਾ ਆਣ ਲਾਇਆ । ਸਤਿ-ਗੁਰੂ ਜੀ ਰਾਮਸਰ ਕੋਠੀ ਵਿਚ ਹੀ ਨਿਵਾਸ ਰਖ ਰਹੇ ਸਨ । ਭੂਆ ਜੀ ਨੇ ਲੰਗਰ ਦੀ ਸੇਵਾ ਵਿਚ ਵੀ ਹਥ ਵਟੌਣਾਂ ਸ਼ੁਰੂ ਕਰ ਦਿਤਾ ਅਤੇ ਮਾਤਾ ਜੀ ਨਾਲ ਵੀ ਪੂਰਾ ਸਾਥ ਨਿਭਾਇਆ । ਮਾਤਾ ਜੀ ਦੇ ਨਾਲ ਹੀ ਬਾਹਰ ਜੰਗਲ ਪਾਣੀ ਜਾਣ ਵੇਲੇ ਭੂਆ ਜੀ ਕੋਲ ਹੀ ਗੜਵਾ ਹੁੰਦਾ ਤੇ ਦੋ ਵਾਰ ਗੜਵਾ ਮਾਂਜਕੇ ਹਥ ਪਵਿਤ੍ਰ ਕਰਕੇ ਫੇਰ ਹੋਰ ਕੋਈ ਕੰਮ ਕਰਦੇ । ਮਾਤਾ ਜੀ ਦਾ ਸਾਥ ਹੋਣ ਕਰਕੇ ਸੋਧ ਵੀ ਰਖਣੀ ਜਰੂਰੀ ਸੀ, ਸੋ ਰਖ ਲਈ । ਏਸ ਤਰਾਂ ਚਾਰ ਮਹੀਨੇ ਮਾਤਾ ਜੀ ਨਾਲ ਸਾਥ ਨਿਬਾਹਕੇ ਫੇਰ ਪੇਕੀਂ ਗੁਰੂਸਰ ਆਣ ਦਰਸ਼ਨ ਦਿਤੇ । ਸਾਰੇ ਪਿੰਡ ਨੇ ਆਦਰ ਸਤਿਕਾਰ ਦਿਤਾ ਅਤੇ ਲਜੋਂ ਕੁਲਜੋਂ ਓਹਨਾਂ ਦੇ ਤਾਇਆ ਜੀ ਨੇ ਵੀ ਸਿਰ ਤੇ ਹਥ ਫੇਰ ਦਿਤਾ ਨੰਬਰਦਾਰ ਸੱਦਾ ਸਿੰਘ ਜੀ ਨੇ ।

ਏਹ ਲੜਾਈ ਨੂੰ ਭਾਵੇਂ ਕਿੰਨਾਂ ਵੀ ਭਿਆਨਕ ਕਿਉਂ ਨਾ ਸਮਝ ਲਿਆ ਜਾਵੇ । ਪਰ ਇਕ ਗਲ ਜੋ ਸਾਡੇ ਦੋਹਾਂ ਟਬਰਾਂ ਵਿਚ ਸਾਂਝੀ ਸੀ ਓਹ ਸੀ ਨੰਬਰਦਾਰ ਦੇ ਘਰ ਵਿਚੋਂ ਦੀ ਸਾਡੇ ਸਾਰੇ ਟਬਰ ਦਾ ਲਾਂਘਾ । ਜੋ ਨਿਰਵਿਘਨ ਚਲਦਾ ਰਿਹਾ । ਬਾਬੇ ਸੱਦਾ ਸਿੰਘ ਜੀ ਨੇ ਕਦੇ ਵੀ ਏਸ ਲਾਂਘੇ ਨੂੰ ਬੁਰੀ ਨਿਗਾਹ ਨਾਲ ਨਹੀਂ ਸੀ ਵੇਖਿਆ । ਓਸਤਰਾਂ ਸੂਬਾ ਮੀਹਾਂ ਸਿੰਘ ਜੀ ਅਤੇ ਬਾਬਾ ਸੱਦਾ ਸਿੰਘ ਜੀ ਵੀ

ਸਤਿਗੁਰੂ ਜੀ ਕਿਹਾ-ਓਹਨਾਂ ਨੂੰ ਤਾਂ ਮੈਂ ਕੁਝ ਨਹੀਂ ਕਹਿਣਾ । ਮੈਂ ਜਿਸਨੂੰ ਮੁਖਤਾਰ ਬਣਾ ਦਿੰਦਾ ਹਾਂ ਸਾਰੀਆਂ ਜ਼ਿੰਮੇਵਾਰੀਆਂ ਓਸੇ ਦੇ ਮੋਢਿਆਂ ਉਤੇ ਸੁਟ ਦਿੰਦਾ ਹਾਂ । ਤੁਸੀਂ ਮੇਰੇ ਨਾਲ ਗਲ ਕਰੋ ।

ਸਿੰਘਾਂ ਕਿਹਾ ਅਸੀਂ ਤਾਂ ਖੁਸ਼ ਹਾਂ ਜੇ ਤੁਸੀਂ ਸੌਣ ਵਿਚ ਸਮੇਤ ਬੇਬੇ ਭੂਪਿੰਦਰ ਕੌਰ ਜੀ ਸਾਡੇ ਕੋਲ ਆਕੇ ਪੰਦਰਾਂ ਦਿਨ ਰਹੋ ਤੇ ਅੰਬ ਚੂਪੋ ।

ਸਤਿਗੁਰੂ ਜੀ ਹੱਸਕੇ ਕਿਹਾ ਸਤ ਬਚਨ । ਬੇਬੇ ਜੀ ਦੀ ਏਹ ਪਹਿਲੀ ਫੇਰੀ ਸੀ ਸਤਿਗੁਰੂ ਜੀ ਨਾਲ ਬਾਹਰ ਜਾਣਦੀ।

ਐਤਕਾਂ ਸਤਿਗੁਰੂ ਜੀ ਨੇ ਨਹਿਰ ਉਤੇ ਚਾਲੀਹਾ ਕਟਣ ਦਾ ਮਨ ਬਣਾ ਲਿਆ । ਸਾਰੀ ਸੰਤ ਮੰਡਲੀ ਲਾਂਗਰੀ ਤੇ ਹੋਰ ਵਿਦਿਆ ਧਾਰ ਸਭ ਨਹਿਰ ਉਤੇ ਹੀ ਕਖਾਂ ਦੀਆਂ ਕੁਲੀਆਂ ਬਣਾਕੇ ਤਪ ਸਾਧਨਾਂ ਅਤੇ ਕਥਾ ਕੀਰਤਨ ਵਿਚ ਲੀਨ ਹੋ ਗਏ ।

ਮਾਤਾ ਭੂਪਿੰਦਰ ਕੌਰ ਜੀ ਦਾ ਡੇਰਾ ਵੀ ਨਹਿਰ ਉਤੇ ਚਲਾ ਗਿਆ । ਏਥੇ ਇਕ ਮਕਾਨ ਵੀ ਬਣ ਗਿਆ ਜਿਸ ਦੇ ਉਤੇ ਚੁਬਾਰਾ ਸੀ ਛੋਟਾ ਜੇਹਾ । ਭੂਆ ਜੀ ਦਾ ਡੇਰਾ ਚੁਬਾਰੇ ਉਤੇ ਲਗ ਗਿਆ ।

ਭੂਆ ਜੀ ਨੇ ਸਤਿਗੁਰੂ ਜੀ ਅਗੇ ਅਰਜ ਕੀਤੀ ਕਿ ਮੈਂ ਵੀ ਆਪ ਜੀ ਦੇ ਇਸ ਜਪ ਪ੍ਰਯੋਗ ਵਿਚ ਸ਼ਾਮਲ ਹੋਣਾ ਚਾਹੁੰਦੀ ਹਾਂ ।

ਸਤਿਗੁਰੂ ਜੀ ਏਹ ਅਰਜ਼ ਸੁਣਕੇ ਬਹੁਤ ਪ੍ਰਸੰਨ ਹੋਏ । ਅਤੇ ਸੰਖੇਪ ਵਿਚ ਸਾਰੀ ਪ੍ਰਕਿਰਿਆ ਨਿਤ—

Namdhari Elibrary NamdhariElibrary@gmail.com

ਨੇਮ ਦੀ ਸਮਝਾ ਦਿਤੀ।

ਏਸਤਰਾਂ ਇਕ ਬੀਬੀਆਂ ਦਾ ਜਥਾ ਵੀ ਪਹਿਲੀ ਵਾਰ ਜਪ ਪ੍ਰਯੋਗ ਵਿਚ ਹਿਸੇਦਾਰ ਬਣ ਗਿਆ।

ਸੰਤ ਤਰਨ ਸਿੰਘ ਜੀ ਵਹਿਮੀ ਲਿਖਦੇ ਹਨ। ਮਾਤਾ ਭੁਪਿੰਦਰ ਕੌਰ ਜੀ ਦਾ ਏਹ ਵੱਡਾ ਪਰਉਪ-ਕਾਰ ਸੀ ਮਾਈਆਂ ਉਤੇ ਜਪ ਤਪ ਵਰਨੀਆਂ ਅਤੇ ਪਾਠਾਂ ਵਿਚ ਹਿਸਾ ਪੌਣ ਦਾ। ਏਸ ਉਪਕਾਰ ਨੂੰ ਹਮੇਸ਼ਾਂ ਯਾਦ ਰਖਣਾ ਚਾਹੀਦਾ ਹੈ ਮਾਈਆਂ ਨੂੰ। ਨਹੀਂ ਤਾਂ ਪਹਿਲੇ, ਸਾਰੇ ਸਮਿਆਂ ਵਿਚ ਹਟੋ-ਹਟੋ ਦੂਰ ਦੂਰ ਦੀਆਂ ਅਵਾਜਾਂ ਹੀ ਔਂਦੀਆਂ ਸਨ ਬੀਬੀਆਂ ਵਾਸਤੇ।

ਭੂਆ ਜੀ ਸੁਬ੍ਹਾ ਦੋ ਵਜੇ ਉਠਕੇ ਇਸ਼ਨਾਨ ਪਾਣੀ ਕਰ ਭਜਨ ਬਾਣੀ ਵਿਚ ਲੀਨ ਹੋ ਜਾਂਦੇ। ਦਿਨ ਚੜੇ ਆਸਾ ਜੀ ਦੀ ਵਾਰ ਸੁਣਦੇ ਤੇ ਸਤਿਗੁਰੂ ਜੀ ਅਤੇ ਸੰਗਤ ਦੇ ਦਰਸ਼ਨ ਕਰਦੇ।

ਅਸਲ ਗਲ ਤਾਂ ਏਹ ਸੀ। ਭੂਆ ਜੀ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਅਤੇ ਸੰਗਤ ਭੂਆ ਜੀ ਦੇ ਦਰਸ਼ਨ ਕਰਦੀ। ਕਿਉਂਕਿ ਓਹਨਾਂ ਦੇ ਨਵੇਂ ਨਵੇਂ ਦਰਸ਼ਨ ਦੁਰਲੱਭ ਦਰਸ਼ਨ ਹੀ ਸਨ। ਜੋ ਖੁਲੇ ਤੌਰ ਤੇ ਸਾਧਾਂ ਸੰਤਾਂ ਨੂੰ ਪਹਿਲੀ ਵਾਰ ਨਸੀਬ ਹੋਏ ਸਨ।

ਦਿਨ ਚੜੇ ਭੂਆ ਜੀ ਲੰਗਰ ਦੀ ਸੇਵਾ ਵਿਚ ਜੁਟ ਜਾਂਦੇ ਮਾਈਆਂ ਨੂੰ ਸਾਥ ਲੈਕੇ। ਜਦੋਂ ਆਪ ਭਾਂਡੇ ਮਾਂਜਣ ਲਗਦੇ, ਤਾਂ ਸੰਤ ਮਹਾਤਮਾ ਏਹਨਾਂ ਨੂੰ ਜੂਠੇ ਭਾਂਡੇ ਦੇਣ ਤੋਂ ਝਿਜਕਦੇ। ਏਸਤਰਾਂ ਬਹੁਤੇ ਸਾਧੂ ਆਪਦੇ ਭਾਂਡੇ ਆਪ ਹੀ ਮਾਂਜ ਜਾਂਦੇ। ਪਰ ਏਹਨਾਂ ਨੂੰ ਹਥ ਨਾਂ ਲੌਣ ਦਿੰਦੇ। ਏਸ ਨਜ਼ਾਰੇ ਨੂੰ ਤੁਸੀਂ ਅਖਾਂ ਅਗੇ ਲਿਆਕੇ ਵੇਖੋ। ਨਹਿਰ ਦਾ ਕਿਨਾਰਾ ਅੰਬਾਂ ਦੇ ਸੰਘਣੇ ਰੁਖ, ਕੁਝ ਪੱਕੀਆਂ ਤੇ ਕੁਝ ਕਚੀਆਂ ਅੰਬੀਆਂ ਦਰਖਤਾਂ ਉਤੇ ਕੋਇਲਾਂ ਪਪੀਹੇ ਅਤੇ ਮੋਰਾਂ ਦਾ ਸ਼ੋਰ। ਅਤੇ ਧਰਤੀ ਉਤੇ ਸਾਧ ਸੰਗਤ ਦਾ ਏਹ ਅਪੂਰਵ ਦ੍ਰਿਸ਼-ਜਿਸਨੂੰ ਦੇਵਤੇ ਵੀ ਤਰਸ ਜਾਂਦੇ ਹਨ। ਹਸਦਿਆਂ ਖੇਲਦਿਆਂ ਦੀ, ਬੜੀ ਪਿਆਰੀ ਪਿਆਰੀ ਮਾਤਾ ਜੀ ਨਾਲ ਲੜਾਈ ਓਹ ਵੀ ਜੂਠੇ ਭਾਂਡਿਆਂ ਤੋਂ ਓਹ ਕਮਲ ਨੈਨੀ ਮਧੁਰ ਬੈਨੀ ਸੋਹਣੀ ਅਜੇ ਸਹੁਰਿਆਂ ਦੀ ਬੋਲੀ ਸਿਖ ਰਹੀ ਸੀ ਅਤੇ ਮਾਤਾ ਜੀ ਕਹਿਣ ਉਤੇ ਲਾਜਵੰਤੀ ਦੇ ਪੱਤਿਆਂ ਦੀ ਤਰਾਂ ਸਿਮਟ ਜਾਂਦੀ ਸੀ। ਜਦੋਂ ਕੁਝ ਸਾਧੂਆਂ ਦੇ ਜੂਠੇ ਭਾਂਡੇ ਮਾਂਜਣ ਵਾਸਤੇ ਮਿਲ ਜਾਂਦੇ ਤਾਂ ਕੁਮਦਨੀ ਦੀ ਤਰਾਂ ਖਿਲ ਉਠਦੀ। ਅਜੇਹੀ ਸੰਗਤ ਤਾਂ ਹੀ ਮਿਲਦੀ ਹੈ ਜੇ-

ਪੂਰਬ ਜਨਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ।

ਜਪ ਪ੍ਰਯੋਗ ਦਾ ਹੁਣ ਭੋਗ ਪੈਣ ਦਾ ਸਮਾਂ ਆ ਗਿਆ। ਭੂਆ ਜੀ ਹੁਣ ਕੁਛ ਕੁਛ ਨਿਝੱਕ ਹੁੰਦੇ ਜਾ ਰਹੇ ਸਨ। ਮਾਤਾ ਦਾ ਸ਼ਬਦ ਜੋ ਹੁਣ ਤਕ ਸੁਣਕੇ ਝਿਜਕਦੇ ਸਨ ਤੇ ਸੰਤਾਂ ਮਹਾਤਮਾਂ ਦੇ ਮੂੰਹੋਂ ਨਿਕਲਦਾ ਏਹ ਬੋਲ ਓਪਰਾ ਓਪਰਾ ਜਾਪਦਾ ਸੀ ਹੁਣ ਸਹਿਜੇ ਸਹਿਜੇ ਓਹਨਾਂ ਦੀ ਆਤਮਾ ਵਿਚ ਰਚਦਾ ਜਾ ਰਿਹਾ ਸੀ।

ਭੋਗ ਪਿਛੋਂ ਸਤਿਗੁਰੂ ਜੀ ਕੁਝ ਦਿਨਾਂ ਵਾਸਤੇ ਬਾਹਰ ਚਲੇ ਗਏ। ਅਤੇ ਬਹੁਤ ਸਾਰੇ ਦੂਰੋਂ ਆਏ ਸੰਤਾਂ ਦੇ ਜਥੇ ਵੀ ਵਤਨਾਂ ਨੂੰ ਤੁਰ ਗਏ, ਪਿਛੋਂ ਰਹਿ ਗਏ ਸਨ ਸੰਤ ਮੋਹਣ ਸਿੰਘ ਜੀ ਜੌਹਲਾਂ ਦੇ ਵਡਾਲੇ ਵਾਲੇ ਅਪਣੇ ਜਥੇ ਸਮੇਤ। ਤੇ ਬਾਕੀ ਵੀ ਸੰਗਤ ਭੈਣੀ ਸਾਹਿਬ ਦੀ ਅਤੇ ਮਾਤਾ ਭੁਪਿੰਦਰ ਕੌਰ ਜੀ।

ਸੰਤ ਮੋਹਣ ਸਿੰਘ ਜੀ ਜਿੰਨੇ ਨੇ ਏਹਨਾਂ ਦੇ ਦਰਸ਼ਨ ਤੇ ਸ਼ਬਦਾਂ ਦਾ ਅਨੰਦ ਮਾਣਿਆਂ ਹੈ ਓਹ ਕਹਿੰਦੇ ਹਨ ਏਨਾਂ ਮਿੱਠਾ ਤੇ ਰਸੀਲਾ ਕੀਰਤਨ ਹੋਰ ਕਿਸੇ ਜਥੇਦਾਰ ਦਾ ਨਹੀਂ ਸੁਣਿਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਏਹ ਓਸ ਵੇਲੇ ਸਭ ਤੋਂ ਪਿਆਰੇ ਦੋਸਤ ਸੰਤ ਸਨ। ਦੋਵੇਂ ਹੀ ਇਕ ਦੂਸਰੇ ਤੋਂ ਬਿਨਾਂ ਰਹਿ ਨਹੀਂ ਸੀ ਸਕਦੇ। ਜਾਂ ਸਤਿਗੁਰੂ ਜੀ ਏਹਨਾਂ ਕੋਲ ਜਾਂ ਸੰਤ ਜੀ ਸਤਿਗੁਰੂ ਜੀ ਕੋਲ, ਏਹੋ ਰੀਤ ਹੀ ਰਹੀ ਜਿੰਨਾਂ ਚਿਰ ਸੰਤ ਜਿਉਂਦੇ ਰਹੇ।

ਸ੍ਰੀ ਭੈਣੀ ਸਾਹਿਬ ਓਸ ਵੇਲੇ ਦੋ ਹਕੂਮਤਾਂ ਚਲ ਰਹੀਆਂ ਸਨ। ਗੁਰਦੁਆਰਾ ਮਾਤਾ ਜੀਵਨ ਕੌਰ ਤੇ ਰਾਮਸਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ।

Namdhari Elibrary NamdhariElibrary@gmail.com

ਏਹ ਸਭ ਕੁਝ ਚੁਪ ਚੁਪਾਤੇ ਚਲ ਰਿਹਾ ਸੀ। ਨਹਿਰ ਦਾ ਖਰਚਾ ਸਤਿਗੁਰੂ ਜੀ ਦੇ ਹੀ ਜਿੰਮੇ ਸੀ। ਭੈਣੀ ਸਾਹਿਬ ਤੋਂ ਨਾਂ ਹੀ ਮਦਦ ਮੰਗੀ ਜਾਂਦੀ ਤੇ ਨਾਂ ਹੀ ਦਿਤੀ ਜਾਂਦੀ ਸੀ। ਨਹਿਰ ਉਤੇ ਰਸਤਾਂ ਦਾ ਭੋਗ ਪੈ ਚੁਕਾ ਸੀ। ਪ੍ਰਾਤਾਂ ਧੋਕੇ ਸਾਧ ਸੰਗਤ ਨੇ ਛਕ ਲਈਆਂ ਸਨ। ਨਾਂ ਆਟਾ, ਦਾਲਾ ਤੇ ਘੀ. ਤੇ ਨਾ ਹੀ ਸਰਦਾਈ ਪਾਣੀ ਵਾਸਤੇ ਖੰਡ ਬਦਾਮ ਜੋ ਓਸ ਸਮੇਂ ਦਾ ਸਭ ਤੋਂ ਪਿਆਰਾ ਆਹਾਰ ਸੀ।"ਦੇਗ" ਭਾਂਡੇ ਦੇ ਸਵਾਰ ਮੁਧੇਮਾਰ ਸੰਤ ਮੋਹਣ ਸਿੰਘ ਜੀ ਨੇ ਜਾ ਪੁਕਾਰ ਕੀਤੀ। ਮਾਤਾ ਜੀ! ਸਭ ਰਸਤ ਪਾਣੀ ਦਾ ਭੋਗ ਪੈ ਚੁਕਾ ਹੈ। ਹੁਣ ਕੀ ਹੁਕਮ ਹੈ! ਸੰਗਤ ਹੁਣ ਨਿਰੋਲ ਹਵਾ ਦੇ ਆਸਰੇ ਹੈ।

ਮਾਤਾ ਭੁਪਿੰਦਰ ਕੌਰ ਜੀ ਨੇ ਮਿੰਟ ਸੋਚਿਆ ਤੇ ਕਿਹਾ-ਕੋਈ ਗਲ ਨਹੀਂ ਸਤਿਗੁਰੂ ਭਲੀ ਕਰਨਗੇ।

ਮਾਤਾ ਜੀਨੇ ਟ੍ਰੰਕ ਫੋਲੇ ਜਿਨਾਂ ਵਿਚੋਂ ਇਕ ਮੁੰਦ੍ਰੀ ਲਭ ਪਈ। ਏਹ ਪਤਾ ਨਹੀਂ ਸੌਹਰਿਆਂ ਦੀ ਸੀ ਜਾ ਪੇਕਿਆਂ ਦੀ। ਪਰ ਸਾਂਭ ਰਖੀ ਸੀ ਮਾਤਾ ਜੀ ਨੇ ਇਕ ਨਿਸ਼ਾਨੀ ਵਜੋਂ। ਕਿਤੇ ਪਿਆਰ ਵਸ ਸਤਿਗੁਰੂ ਜੀ ਨੇ ਤਾਂ ਨਹੀਂ ਸੀ ਪਹਿਨਾ ਦਿਤੀ ਮੁੰਦ੍ਰੀ?

ਕਿਉਂਕਿ ਓਸ ਵੇਲੇ ਸਤਿਗੁਰੂ ਜੀ ਅਜ ਜਿੰਨੇ ਕਰੜੇ ਬੰਧਨ ਵਿਚ ਨਹੀਂ ਸਨ। ਓਸਵੇਲੇਦੇਕੀਮਤੀ ਚੋਗੇ ਅਜ ਵੀ ਨਿਸ਼ਾਨੀ ਵਜੋਂ ਕਈਆਂ ਕੋਲ ਹਨ। ਜਿੰਨਾਂ ਦੀ ਕੀਮਤ ਹਜ਼ਾਰਾਂ ਰੁਪਏ ਹੈ। ਅਜ ਮਾਤਾ ਜੀ ਨੇ ਮੁੰਦਰੀ ਸੰਤਾਂ ਨੂੰ ਦੇਕੇ ਕਿਹਾ-ਅਜੇ ਕੁਝ ਦਿਨ ਕੰਮ ਚਲਾਓ, ਫੇਰ ਹੋਰ ਵੇਖੀ ਜਾਵੇਗੀ।

ਰਸਤਾਂ ਆ ਗਈਆਂ। ਲਹਿਰ ਬਹਿਰ ਹੋ ਗਈ ਦੂਸਰੇ ਦਿਨ ਸਤਿਗੁਰੂ ਜੀ ਵੀ ਆ ਗਏ। ਅਤੇ ਔਣਸਾਰ ਪੁਛਿਆ-ਲੰਗਰ ਦਾ ਕੀ ਬਣਿਐ? ਮੈਂ ਤਾਂ ਜਾਣ ਲਗਾ ਭੁਲ ਹੀ ਗਿਆ ਸਾਂ,ਹੁਣ ਯਾਦ ਆਇਆ ਹੈ ਕਿ ਰਸਦ ਬਹੁਤ ਥੋਹੜੀ ਸੀ।

ਸੰਤਾਂ ਸਾਰੀ ਵਿਥਿਆ ਸੁਣਾ ਦਿਤੀ। ਮਾਤਾ ਜੀ ਦੇ ਤਿਆਗ ਦੀ।

ਸਤਿਗੁਰੂ ਜੀ ਕਿਹਾ- ਮੈਨੂੰ ਓਸ ਤੋਂ ਏਹੋ ਉਮੀਦ ਸੀ। ਬਹੁਤ ਚੰਗਾ ਹੋਇਆ ਲੰਗਰ ਚਾਲੂ ਰਿਹਾ-ਮੈਂ ਦਸ ਨਹੀਂ ਸਕਦਾ ਅਜ ਕਿੰਨਾਂ ਖੁਸ਼ ਹਾਂ ਭੁਪਿੰਦ੍ਰ ਕੌਰ ਉਤੇ। ਓਹ ਸਚ ਮੁਚ ਹੀ, ਸੰਤ ਵੀ ਤੇ ਸਾਧੂ ਸੁਭਾ ਵਾਲੀ ਦੇਵੀ ਹੈ। ਅਜ ਮੇਰਾ ਰੋਮ ਰੋਮ, ਓਸ ਉਤੇ ਖੁਸ਼ ਹੈ। ਮੈਂ ਓਸ ਨੂੰ ਏਹ ਆਪਣੀ ਖੁਸ਼ੀ ਨਹੀਂ ਦਰਸਾਵਾਂਗਾ। ਮਤੇ ਸੂਖਮ ਹੰਕਾਰ ਹੀ ਨਾਂ ਓਸ ਵਿਚ ਆਜਾਵੇ ਅਜ ਓਹ ਇਮਤਿਹਾਨ ਵਿਚ ਖਰੀ ਉਤਰੀ ਹੈ, ਗੁਰੂ ਘਰ ਦੀ ਮਰਜਾਦਾ ਮੁਤਾਬਕ ਏਹੋ ਉਮੀਦ ਸੀ ਮੈਨੂੰ ਉਸਤੋਂ।

ਅਜ ਬੇਅੰਤ ਜੀ ਦਾ ਜਨਮ ਦਿਨ ਹੈ

ਸੋਮਵਾਰ ੮ ਮਘਰ ੧੯੭੭ ਬਿਕ੍ਰਮੀ ਸੰਮਤ, ਅਤੇ ਚੰਦੋਂ ਹੈ ਕਤਕ ਸੁਦੀ ਚੌਦਸੀ। ਸੁਭਾ ਅੰਮ੍ਰਿਤ ਵੇਲੇ ਸ੍ਰੀ ਭੈਣੀ ਸਾਹਿਬ-ਮਾਤਾ ਭੁਪਿੰਦ੍ਰ ਕੌਰ ਜੀ ਦੀ ਕੁਖੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਹਿ ਵਿਖੇ ਵੱਡੇ ਸਾਹਿਬਜ਼ਾਦੇ ਦਾ ਜਨਮ ਹੋਇਆ। ਅਤੇ

"ਤੂੰ ਅਨੰਤਾ, ਤੂੰ ਬੇਅੰਤਾ ਤੇਰਾ
ਊਚਾ ਅਗਮ ਅਪਾਰਾ।
ਕੀਮਤ ਕਹੀ ਨ ਜਾਈ ਮੇਰੇ ਠਾਕੁਰ,
ਤੇਰਾ ਮਹਲ ਅਪਾਰਾ।

ਅਨੰਦ ਖੁਸ਼ੀਆਂ ਦੇ ਭੰਡਾਰ ਵਿਚੋਂ ਸਾਰੀ ਸੰਗਤ ਦੇ ਮੂੰਹੋਂ ਅਚਨ ਚੇਤ ਬੇਅੰਤ ਬੇਅੰਤ ਦਾ ਅਵਾਜ਼ਾ ਨਿਕਲਿਆ, ਏਸਤਰਾਂ ਵਡੇ ਸਾਹਿਬਜ਼ਾਦੇ ਦਾ ਛੋਟਾ ਨਾਮ ਪਿਆ, ਬੇਅੰਤ ਜੀ!

ਬੇਅੰਤ ਜੀ ਦੀ ਨਾਨੀ ਮਾਤਾ ਰਾਮ ਕੌਰ ਜੀ ਨੇ ਉਸੇ ਵੇਲੇ ਕੰਨਾਂ ਵਿਚ ਭਜਨ ਦਸ "ਧੰਨ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਕਹਿ ਆਪਣੇ ਹੱਥੀਂ ਗੁੜ ਦੀ ਗੁੜ੍ਹਤੀ ਦਿਤੀ ਅਤੇ ਰਾਮਸਰ ਤੋਂ ਜਲ ਮੰਗਵਾ ਭੂਆ ਜੀ ਦੀ ਦੁਧੀ ਧੋ ਬੇਅੰਤ ਜੀ ਦੇ ਮੁਖ ਵਿਚ ਪਾਈ। ਉਸੇ ਵੇਲੇ ਸਾਰੇ ਭੈਣੀ ਸਾਹਿਬ ਵਿਚ ਖੁਸ਼ੀਆਂ ਦੇ ਜੈਕਾਰੇ ਛਡੇ ਗਏ ਅਤੇ ਮਾਤਾ ਜੀਵਨ ਕੌਰ ਜੀ ਨੇ ਪੋਤਰੇ ਦੀ ਖੁਸ਼ੀ ਵਿਚ ਖੰਡ, ਬਦਾਮ ਅਤੇ ਗੁੜ ਸ਼ਕਰ ਦੀਆਂ ਬੋਰੀਆਂ ਦੇ ਮੂੰਹ ਖੋਹਲ ਦਿਤੇ। ਜਿਸਨੇ ਜੋ ਮੰਗਿਆ ਜਿੰਨਾਂ ਮੰਗਿਆ ਓਨਾਂ ਹੀ ਦਿਤਾ। ਸੁਬ੍ਹਾ ਸਵਖਤੇ ਹੀ ਕੜਾਹ ਪ੍ਰਸ਼ਾਦ

Namdhari Elibrary NamdhariElibrary@gmail.com



Namdhari Elibrary NamdhariElibrary@gmail.com

Namdhari Elibrary NamdhariElibrary@gmail.com

ਆਂ ਦੇਗਾਂ ਤਿਆਰ ਕਰਕੇ ਸਾਰੇ ਭੈਣੀ ਸਾਹਿਬ ਆ ਬੁੜੀਆਂ ਬੰਦਿਆਂ, ਖੁਲਿਆਂ ਤੇ ਨਾਮਧਾ-ਆਂ ਨੂੰ ਖੁਲੇ ਗੱਫੇ ਕੜਾਹ ਪ੍ਰਸ਼ਾਦ ਦੇ ਛਕਾਏ ਗਏ ਕਿਸੇ ਕਾਰਣ ਗੁਰਦੁਆਰੇ ਨਹੀਂ ਪਹੁੰਚ ਸਕਿਆ ਸਦੇ ਘਰ ਥਾਲ ਭਰਕੇ ਭੇਜੇ । ਅਤੇ ਦੁਪਹਿਰੇ ਂਗ ਵਰਗੀ ਮੋਟੀ ਬਦਾਮਾਂ ਦੀ ਸ਼ਰਦਾਈ ਤਿਆਰ ਰਕੇ ਸੰਗਤ ਨੂੰ ਛਕਾਈ। ਮਾਤਾ ਫਤਹ ਕੌਰ ਜੀ ਨੇ ੀ ਛਤ੍ਰ ਧਾਰਾ ਛਕਕੇ ਸਾਹਿਬਜ਼ਾਦੇ ਦੇ ਜਾ ਦਰਸ਼ਨ ੀਤੇ । ਹਿਕ ਨੂੰ ਲਾ ਘੁਟ ਪਿਆਰ ਦਿਤਾ । ਅਤੇ ਾਪਦੀ ਨੂੰਹ ਨੂੰ ਖੁਸ਼ੀਆਂ ਤੇ ਵਧਾਈਆਂ ਨਾਲ ਾਲਾ ਮਾਲ ਕਰ ਦਿਤਾ ।

ਪੰਝੀ ਦਿਨਾਂ ਪਿਛੋਂ ਮਾਤਾ ਰਾਮ ਕੌਰ ਜੀ ਨੇ ੁਆ ਜੀ ਤੇ ਬੇਅੰਤ ਜੀ ਨੂੰ ਰਾਮ ਸਰੋਵਰ ਦੇ ਕੰਢੇ ਤੇ ਲੇ ਜਾਕੇ ਪਵਿਤ੍ਰ ਜਲ ਨਾਲ ਦੋਹਾਂ ਮਾ ਪੁਤਰਾਂ ਾ ਇਸ਼ਨਾਨ ਕਰਾਇਆ । ਸੰਤ ਆਲਾ ਸਿੰਘ ਜੀ ੇ ਦੋਹਾਂ ਮਾਂ ਤੇ ਪੁਤਰ ਨੂੰ ਅੰਮ੍ਰਿਤ ਛਕਾਇਆ । ਅਤੇ ਬੇਅੰਤ ਜੀ ਦੇ ਕੰਨਾਂ ਵਿਚ ਭਜਨ ਦੇਕੇ ਆਦਿ ਸ੍ਰੀ ਗਰੰਥ ਸਾਹਿਬ ਜੀ ਦਾ ਭੋਗ ਪਾਕੇ ਅਰਦਾਸਾ ਕਰ, ਕੜਾਹ ਪ੍ਰਸ਼ਾਦ ਵਰਤਾਇਆ । ਏਸ ਸਾਰੇ ਸਮਾਗਮ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਭੀ ਦਰਸ਼ਨ ਦੇਕੇ ਏਹ ਸੁੰਦਰ ਤੇ ਲੁਭਾਵਨਾ ਦ੍ਰਿਸ਼ ਵੇਖ ਰਹੇ ਸਨ । ਸਾਰੀ ਸੰਗਤ ਤੇ ਸਤਿਗੁਰੂ ਜੀ ਦਾ ਇਸ਼ਾਰਾ ਪਾਕੇ ਮਾਤਾ ਰਾਮ ਕੌਰ ਜੀ ਨੇ ਕਾਕਾ ਜੀ ਦਾ ਨਾਮ ਜਗਜੀਤ ਸਿੰਘ ਰਖਿਆ । ਏਹ ਖਬਰ ਸਤਿਜੁਗ ਵਿਚ ਛਾਪੀ ਗਈ ਜੋ ਉਸ ਵੇਲੇ ਲਾਹੌਰੋਂ ਨਿਕਲਦਾ ਸੀ । ਸਾਰੇ ਹੀ ਪੰਜਾਬ ਵਿਚ ਏਸ ਖਬਰ ਨਾਲ ਖੁਸ਼ੀਆਂ ਦੇ ਭੰਡਾਰੇ ਖੁਲ ਗਏ, ਥਾਂ ਥਾਂ ਅਤੇ ਘਰ ਘਰ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਤਿਆਰ ਕਰ ਖੁਲੇ ਗਫੇ ਸਾਰੇ ਪੰਜਾਬ ਵਾਸੀਆਂ ਨੂੰ ਛਕਾਏ ਸਿਰਫ ਓਹੋ ਰਹਿ ਗਏ... ਜੋ...

"ਗਿਆਨ ਵਿਹੂਣੇ ਗਾਵੈ ਗੀਤ,
ਭੁਖੇ ਮੁਲਾਂ ਘਰੇ ਮਸੀਤ ।

ਚੂੰਨੀਂ ਦੇ ਬਾਬਾ ਬੀਰ ਸਿੰਘ ਜੀ ਬੜੇ ਧਰਮਾ-ਤਮਾਂ ਸੰਤ ਸੇਵੀ ਤੇ ਗੁਰੂ ਘਰ ਦੇ ਪ੍ਰੇਮੀ ਸਨ । ਭਜਨ ਬਾਣੀ ਕਥਾ ਕੀਰਤਨ ਦੇ ਧਾਰਨੀ, ਬਾਬਾ ਜੀ ਅਗਮ ਨਿਗਮ ਦੀ ਜਾਨਣ ਵਾਲੇ ਮਹਾਂਪੁਰਸ਼ ਸਨ । ਜਿੰਨਾਂ ਨੇ ਸਾਰੀ ਸੰਗਤ ਵਿਚ ਐਲਾਨੀਆਂ ਕਹਿ ਦਿਤਾ ਸੀ ਮੇਰਾ ਅਗਲਾ ਜਨਮ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਹਿ ਵਿਖੇ ਹੋਵੇਗਾ ।

ਭਾਈ ਵਜ਼ੀਰ ਸਿੰਘ ਜੀ ਨਾਲ ਓਹਨਾਂ ਦਾ ਬਜ਼ੁਰਗੀ ਸਨੇਹ ਸੀ । ਪਰ ਭਾਈ ਸਾਹਿਬ ਓਹਨਾਂ ਵਲ ਬਹੁਤਾ ਧਿਆਨ ਨਹੀਂ ਸੀ ਦਿੰਦੇ । ਓਹਨਾਂ ਦੇ ਸਾਹਮਣੇ ਦੀਨ ਦੁਨੀ ਦੇ ਵਾਲੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਧਿਆਨ ਹੀ ਇਕੋ ਇਕ ਪ੍ਰਾਰਥਨਾਂ ਸੀ । ਇਕ ਦਿਨ ਸੰਤ ਜੀ ਨੇ ਭਾਈ ਜੀ ਨੂੰ ਕਹਿ ਹੀ ਦਿਤਾ:-ਹੁਣ ਤਾਂ ਮੇਰੇ ਵਲ ਤੇਰਾ ਧਿਆਨ ਨਹੀਂ ਜਾਂਦਾ । ਪਰ ਯਾਦ ਰੱਖ ਇਕ ਦਿਨ ਮੈਂ ਤੇਰੀ ਹਿਕ ਉਤੇ ਲੇਟਣਾ ਹੈ । ਤੇ ਓਹ ਦਿਨ ਹੁਣ ਆ ਗਿਆ ਸੀ ।

ਦੋ ਕਤਕ ੧੯੯੦ ਬਿਕ੍ਰਮੀ ਨੂੰ ਮਾਤਾ ਭੁਪਿੰਦ੍ਰ ਕੌਰ ਜੀ ਦੀ ਕੁਖੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਹਿ ਭੈਣੀ ਸਾਹਿਬ ਵਿਚ ਦੂਸਰੇ ਅਤੇ ਛੋਟੇ ਸਾਹਬ-ਜ਼ਾਦੇ ਦਾ ਜਨਮ ਹੋਇਆ । ਮਾਤਾ ਫਤਹ ਕੌਰ ਜੀ ਨੇ ਵੇਖਦਿਆਂ ਹੀ ਬਚਨ ਕੀਤਾ, ਏਹ ਤਾਂ ਬੀਰ ਸਿੰਘ ਹੈ । ਠੀਕ ਓਸੇ ਤਰਾਂ ਦਾ ਗੋਭਲਾ ਸਰੀਰ ਉਸੇ ਉਤੇ ਪੈਂਦੀ ਨੁਹਾਰ ਸਭ ਕੁਝ ਓਹੋ ਹੀ ਤੇ ਹੈ, ਸਾਰੀ ਸੰਗਤ ਅਤੇ ਸਤਿਗੁਰੂ ਜੀ ਸਭਸ ਨੇ ਏਹੋ ਨਾਮ ਮਨਜ਼ੂਰ ਕਰ ਲਿਆ । ਸੰਤ ਬਹਾਦਰ ਸਿੰਘ ਜੀ ਨੇ ਓਸੇ ਵੇਲੇ ਕੰਨ ਵਿਚ ਭਜਨ ਦਸ ਦਿਤਾ । ਬੀਬੀਆਂ ਨੇ ਸੁਚੇ ਜਲ ਨਾਲ ਦੁਧੀ ਧੋਇ ਬਾਲਕ ਦੇ ਮੁਖ ਪਾਈ । ਅਜੇਹੀ ਖਬਰ ਨੂੰ ਪਤਾ ਨਹੀਂ ਕਿਥੋਂ ਖੰਭ ਲਗ ਜਾਂਦੇ ਨੇ । ਏਹ ਖਬਰ ਘੰਟਿਆਂ ਮਿੰਟਾਂ ਵਿਚ ਸ਼ਹਿਰਾਂ ਤੇ ਪਿੰਡਾਂ ਵਿਚ ਪਹੁੰਚ ਗਈ । ਅਤੇ ਦੂਸਰੇ ਦਿਨ ਹੀ ਖੂਬ ਗਹਿਮਾਂ ਗਹਿਮੀ ਹੋ ਗਈ, ਭੈਣੀ ਸਾਹਿਬ ਵਿਚ । ਪਹਿਲੀ ਮਘਰ ਨੂੰ ਰਾਮਸਰ ਦਾ ਜਲ ਲਿਆਕੇ ਅੰਮ੍ਰਿਤ ਬਣਾਇਆ ਪੰਜਾਂ ਸਿੰਘਾਂ ਨੇ । ਦੀਵਾਨ ਦੀ ਸਮਾਪਤੀ ਉਪ੍ਰੰਤ ਮਾ ਬੇਟੇ ਦੋਹਾਂ ਨੂੰ ਰਾਮ ਸਰੋਵਰ ਤਲਾ ਦੇ ਕੰਢੇ ਉਤੇ ਲੈ ਜਾਕੇ ਸਣ-ਕੇਸੀ ਇਸ਼ਨਾਨ ਕਰਾਕੇ ਸਤਿਗੁਰੂ ਜੀ ਨੂੰ ਆ ਮਥਾ

ਟਿਕਾਇਆ । ਅਤੇ ਏਥੇ ਹੀ ਮਾਤਾ ਜੀ ਅਤੇ ਸਾਹਿਬਜ਼ਾਦੇ ਨੂੰ ਅੰਮ੍ਰਿਤ ਛਕਾਕੇ ਇਕ ਸਾਧਾਰਣ ਪਾਠ ਦਾ ਭੋਗ ਪਵਾ ਕੜਾਹ ਪ੍ਰਸ਼ਾਦ ਵਰਤਾਇਆ, ਭੈਣੀ ਸਾਹਿਬ ਅਤੇ ਆਲੇ ਦੁਆਲੇ ਦੇ ਪਿੰਡਾਂ ਵਿਚ ਉਸੇ ਵੇਲੇ ਖਬਰ ਪਹੁੰਚ ਗਈ ਸਭ ਸੰਗਤ ਨੇ ਦੂਰੋਂ ਨੇੜਿਓਂ ਆ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਸ਼ਬਦ ਪੜ੍ਹਿਆ ।

ਅਜ ਖੁਸ਼ੀ ਦਿਨ ਆਇਆ
ਮਨਾਇਆ ਤੇਰੀਆਂ ਸੰਗਤਾਂ ।

ਵੱਡੇ ਸਾਹਿਬਜ਼ਾਦੇ ਦਾ ਛੋਟਾ ਨਾਮ ਤਾਂ ਬੇਅੰਤ ਜੀ ਸੀ। ਅਤੇ ਛੋਟੇ ਦਾ...... ਜੱਸਾ ਸਿੰਘ ਸੂਫੀ ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ ਮਾਘਾ ਸਿੰਘ ਜੰਗ ਸਿੰਘ ਬਿਲਗਾ ਅਤੇ ਸੂਰਤ ਸਿੰਘ ਭਿਕਸੂ ਆਦਿ ਨੇ ਵਲਭ ਜੀ ਨਾਮ ਪਸੰਦ ਕੀਤਾ । ਵੱਲਭ ਦਾ ਅਰਥ ਹੈ-ਬਹੁਤ ਪਿਆਰਾ । ਅਤੇ ਸਚ ਮੁਚ ਹੀ ਏਹ ਬਹੁਤ ਪਿਆਰੇ ਬੱਚੇ ਸਨ। ਮਾਤਾ ਜੀਵਨ ਕੌਰ ਜੀ ਨੇ ਹੱਟੀ ਦੇ ਬੂਹੇ ਖੋਲ ਦਿਤੇ ਸਭ ਵਾਸਤੇ। ਰੱਜ ਵਰਤੀਆਂ ਦੇਗਾਂ ਤੇ ਸਰਦਾਈਆਂ ।

ਏਸਤੋਂ ਬਹੁਤ ਛੇਤੀ ਹੀ ਮਾਤਾ ਭੁਪਿੰਦ੍ਰ ਕੌਰ ਜੀ ਦੀਰਘ ਤਾਪ ਨਾਲ ਬੀਮਾਰ ਪੈ ਗਏ। ਜਿਸ ਵਾਸਤੇ ਓਹਨਾਂ ਦਾ ਦੁਧ ਬਹੁਤਾ ਚਿਰ ਏਹਨਾਂ ਦੇ ਨਸੀਬ ਨਹੀਂ ਹੋਇਆ । ਸਤਿਗੁਰੂ ਜੀ ਨੇ ਗੁਰੂਸਰ ਤੋਂ ਇਹਨਾਂ ਦੀ ਨਾਨੀ ਮਾਤਾ ਰਾਮ ਕੌਰ ਜੀ ਨੂੰ ਸਦਾਕੇ ਦੋਹਾਂ ਸਾਹਿਬਜ਼ਾਦਿਆਂ ਨੂੰ ਮਹੰਤ ਸੇਵਾ ਸਿੰਘ ਜੀ ਤੇ ਏਹਨਾਂ ਦੇ ਹਵਾਲੇ ਕਰ ਸਾਰੀ ਜ਼ਿੰਮੇਦਾਰੀ ਇਹਨਾਂ ਨੂੰ ਸੌਂਪ ਦਿਤੀ।

ਬੇਅੰਤ ਜੀ ਤਾਂ ਕੁਛ ਵੱਡੇ ਹੋ ਗਏ ਸਨ । ਅਤੇ ਮਾਤਾ ਭੁਪਿੰਦ੍ਰ ਕੌਰ ਜੀ ਦੇ ਸੁਰਗਵਾਸ ਹੋਣ ਪਿਛੋਂ ਬੇਅੰਤ ਜੀ ਨੂੰ ਰਾਮਸਰ ਭੇਜ ਦਿਤਾ ਗਿਆ । ਏਸ ਟਾਈਮ ਉਤੇ ਮੈਨੂੰ ਵੀ(ਰਾਜਿੰਦ੍ਰ ਸਿੰਘਨੂੰ)ਸਤਿਗੁਰੂ ਜੀ ਭੈਣੀ ਸਾਹਿਬ ਲੈ ਆਏ ਸਨ । ਦਿਨੇ ਸਕੂਲ ਟਾਈਮ ਤਾਂ ਮੈਂ ਬੇਅੰਤ ਜੀ ਕੋਲ ਰਹਿੰਦਾ। ਜਿਥੇ ਮਾਸਟਰ ਬਲਵੰਤ ਸਿੰਘ ਜੀ ਸਾਨੂੰ ਪੱਟੀ ਲਿਖਾਂਦੇ ਤੇ ਜਾਂ ਥੋੜਾ ਵੇਹਲ ਹੋਣ ਤੇ ਦੁੜੰਗੇ ਲਾਂਦੇ। ਅਤੇ ਸ਼ਾਮ ਹੋਣ ਤੋਂ ਪਹਿਲਾਂ ਅੰਬੋ ਜੀ ਮੈਨੂੰ ਏ ਸਾਹਿਬ ਲੈ ਜਾਂਦੇ। ਓਥੇ ਮਾਤਾ ਜੀਵਨ ਕੌਰ ਮੈਨੂੰ ਖੁਆਂਦੇ ਤੇ ਪਿਆਂਦੇ। ਮਹਾਰਾਜ ਗੁਰਦਿਆ ਸਿੰਘ ਜੀ ਦੇ ਘਰੋਂ ਬੀਬੀ ਕਰਤਾਰ ਕੌਰ ਜੀ ਬਹੁਤਾ ਭੈਣੀ ਸਾਹਿਬ ਮਾਤਾ ਜੀ ਵੱਡਿਆਂ ਕੋਲ ਰਹਿੰਦੇ । ਓਹਨਾਂ ਦਾ ਓਹ ਚੇਹਰਾ ਅਜ ਮੇਰੀਆਂ ਅੱਖਾਂ ਅਗੋਂ ਦੂਰ ਨਹੀਂ ਹੁੰਦਾ। ਗੁਰਮੁ ਸਿੰਘ ਦ੍ਰਬਾਰ ਦੀ ਹਕੂਮਤ ਭੈਣੀ ਸਾਹਿਬ ਆ ਗ ਸੀ। ਏਸਦਾ ਦਬ ਦਬਾ ਹਰੀ ਸਿੰਘ ਨਲੂਵੇ ਤੋ ਘਟ ਨਹੀਂ ਸੀ । ਉਸ ਦੀ ਨਿਛ ਨਾਲ ਕੰਧ ਹਿਲਦੀਆਂ ਸਨ ।

ਬੀਬੀ ਕਰਤਾਰ ਕੌਰ ਜੀ ਦਾ ਦਰਸ਼ਨ ਏਨ ਪਿਆਰਾ ਦਰਸ਼ਨ ਸੀ, ਕਿ ਓਹਨਾਂ ਦੁਆਲੇ ਸਦ ਭੀੜ ਲਗੀ ਰਹਿੰਦੀ ਸੀ ਜਨਾਨੀਆਂ ਦੀ। ਮੈਂ ਓਹਨਾਂ ਨੂੰ ਏਥੇ ਭੂਆ ਜੀ ਕਰਕੇ ਹੀ ਲਿਖਾਂਗਾ। ਇਕ ਵਾਰ ਮੈਂ ਓਹਨਾਂ ਨੂੰ ਕਿਸੇ ਹੋਰ ਨਾਮ ਨਾਲ ਬੁਲਾਇਆ ਤਾਂ ਓਹਨਾਂ ਮੇਰਾ ਕੰਨ ਖਿਚਕੇ ਆਖਿਆ ਮੈਂ ਤੇਰੀ ਭੂਆ ਲਗਦੀ ਹਾਂ, ਏਸ ਵਾਸਤੇ ਮੈਨੂੰ ਭੂਆ ਜੀ ਕਹਿਕੇ ਬੁਲਾਇਆ ਕਰ।

ਬੇਅੰਤ ਜੀ ਤਾਂ ਦੂਰ ਰਾਮਸਰ ਰਹਿੰਦੇ ਸਨ-ਜਿਥੇ ਪਹੁੰਚ ਪੈਣਾ, ਮਾਨ ਸਰੋਵਰ ਅਪੜਨ ਵਾਲੀ ਗਲ ਹੀ ਸੀ। ਮਾਈਆਂ ਨੂੰ ਤਾਂ ਉਸਤਰਾਂ ਵੀ ਜਾਣ ਦੀ ਮਨਾਹੀ ਸੀ। ਪਰ ਓਥੇ ਰਖਿਆ ਰੱਤੂ ਕੁਤਾ ਕਿਸੇ ਦੀ ਪੇਸ਼ ਨਹੀਂ ਸੀ ਜਾਣ ਦਿਤਾ । ਮਾਤਾ ਫਤਹ ਕੌਰ ਜੀ ਨੂੰ ਉਸ ਨੇ ਦੋ ਤਿੰਨ ਵਾਰ ਵੱਢਿਆ ਸੀ, ਜਿਸ ਵਾਸਤੇ ਵਾੜ ਦੇ ਦੂਰੋਂ ਹੀ ਲੋਕ ਲੰਘਦੇ ਸਨ। ਉਸਤਰਾਂ ਡਰ ਤਾਂ ਉਸਦਾ ਮੈਨੂੰ ਵੀ ਬਹੁਤ ਰਹਿੰਦਾ ਸੀ ਪਰ ਵੱਢਿਆ ਕਦੇ ਨਹੀਂ ਸੀ। ਲੋਕ ਹਾਸੇ ਠੱਠੇ ਨਾਲ ਕਹਿੰਦੇ ਸਨ। ਰੱਤੂ ਦਾ ਪ੍ਰੇਮ ਮਾਤਾ ਫਤਹ ਕੌਰ ਜੀ ਨਾਲ ਹੀ ਹੈ।

ਭੂਆ ਕਰਤਾਰ ਕੌਰ ਜੀ ਸ਼ਾਮ ਨੂੰ ਸਬਜ਼ੀ ਖੁਦ ਆਪ ਤਿਆਰ ਕਰਦੇ ਸਨ। ਕੇਵਲ ਪ੍ਰਸ਼ਾਦੇ ਲੰਗਰ ਵਿਚੋਂ ਲੈਂਦੇ ਸਨ। ਓਹਨਾਂ ਦੇ ਮੋਟੇ ਮੋਟੇ ਕੱਟੇ ਆਲੂਆਂ ਦਾ ਸੁਆਦ ਅਜ ਵੀ ਮੇਰੇ ਮੂੰਹ ਵਿਚ

Namdhari Elibrary NamdhariElibrary@gmail.com

ਜਾਂਦਾ ਹੈ।

ਵੱਲਭ ਜੀ ਤਾਂ ਸਾਰਾ ਦਿਨ ਹਰਨੀ ਫੜਨ ਵਿਚ ਰਹਿੰਦੇ ਸਨ। ਕਦੇ ਕਦੇ ਕੋਈ ਸਿੰਘ ਏਹਨਾਂ ਮਦਦ ਕਰਕੇ ਫੜ ਵੀ ਦਿੰਦੇ ਸਨ। ਪਰ ਉਹ ਵਾਅ ਘੁਸਾਈ ਕਰ ਜਾਂਦੀ।

ਅੰਬੋ ਜੀ(ਮੇਰੇ ਦਾਦੀ ਜੀ) ਦੁਧ ਦਾ ਪਿਆਲਾ ਵਿਚ ਫੜੀ ਏਹਨਾਂ ਨੂੰ ਭਾਲਦੇ ਰਹਿੰਦੇ। ਕਦੇ ਤਬੇਲੇ ਵਿਚੋਂ ਲਭਦੇ, ਕਦੇ ਰਾਮਸਰ ਤੇ ਕਦੇ ੀਦ ਬੁੰਗੇ ਤੋਂ ਅਤੇ ਅੰਬੋ ਜੀ ਕਈ ਵਾਰ ਮੇਰੀ ਮਦਦ ਲੈਂਦੇ ਵਲਭ ਜੀ ਨੂੰ ਭਾਲਣ ਵਾਸਤੇ।

ਰਾਤ ਨੂੰ ਅਸੀਂ ਸਾਰੇ ਮਹੰਤ ਸੇਵਾ ਸਿੰਘ ਜੀ ਦੇ ਾਰੇ ਉਤੇ ਸੌਂਦੇ। ਅਤੇ ਓਥੇ ਹੀ ਸਾਨੂੰ ਦੇਸੀ ੜਰੀ ਮਿਲਿਆ ਦੁਧ ਵੀ ਪੀਣ ਨੂੰ ਮਿਲ ਜਾਂਦਾ। ੰਤ ਸੇਵਾ ਸਿੰਘ ਜੀ ਦਾ ਵੱਲਭ ਜੀ ਨਾਲ ਪ੍ਰੇਮ ਾਣ ਕਥਨ ਤੋਂ ਬਾਹਰ ਸੀ। ਜਰਾ ਕੁ ਨਾਂ ਦਿਸਦੇ ਕੋਲ ਖੜੋਤੇ ਸਾਰਿਆਂ ਨੂੰ ਅੱਡ ਅੱਡ ਥਾਈਂ ਣ ਭੇਜ ਦਿੰਦੇ। ਓਸਨੂੰ ਹਰ ਸਮੇਂ ਪਤਾ ਰਹਿਣਾ ਿਦਾ ਸੀ ਕਿ ਹੁਣ ਵੱਲਭ ਜੀ ਕਿਥੇ ਹਨ।

ਮੈਂ ਭੂਆ ਕਰਤਾਰ ਕੌਰ ਜੀ ਦਾ ਜ਼ਿਕਰ ਕਰ ਾ ਸਾਂ। ਬਹੁਤ ਹੀ ਪਤਲਾ ਲੰਮਾ ਝੰਮਾ ਜਿਸਮ ਗੁਲਾਬ ਵਰਗਾ ਰੰਗ। ਖੁਲਾ ਮਥਾ ਪਿਆਜੀ ਦੇ ਨਿਕੀ ਨਿਕੀ ਬੂਟੀ ਵਾਲੇ ਕਪੜੇ ਹਮੇਸ਼ਾਂ ਹਸਦੇ ਹਸਦੇ। ਭੈਣੀ ਸਾਹਿਬ ਲੰਗਰ ਵਾਲੀ ਨ ਜੋ ਹੁਣ ਭੀ ਜਿੰਦਾ ਹੈ ਏਸਦੇ ਹੇਠਾਂ ਹੀ ੀਆਂ ਮਾਈਆਂ ਵੀ ਸਬ ਜੰਮ ਜਾਂਦੀ। ਮਾਤਾ ਵੱਡੇ ਅਤੇ ਛੋਟੇ ਅੰਬੋ ਜੀ ਤੇ ਭੂਆ ਜੀ ਤ ਸਿੰਘ ਖਾਲਸਾ ਦੇ ਘਰੋਂ ਬੀਬੀ ਬਿਸ਼ਨ ਕੌਰ ਾਤਾ ਜੀ ਦੀ ਬੜੀ ਸੇਵਕ ਸੀ। ਸਾਰੇ ਇਕਠੇ ੜੀਆਂ ਡਾਹਕੇ ਜਾਂ ਇਕ ਅੱਧੀ ਛੋਟੀ ਮੰਜੀ ਬੈਠਕੇ ਲੰਗਰ ਦੀ ਦਾਲ ਭਾਜੀ ਦੀ ਸੇਵਾ ਵਿਚ ਜਾਂਦੇ। ਕਦੇ ਕੱਦੂ ਛਿਲਦੇ ਹੁੰਦੇ ਅਤੇ ਕਦੇ ਵਿਚੋਂ ਰੋੜ ਕਢ ਰਹੇ ਹੁੰਦੇ। ਏਸਤਰਾਂ ਸਾਰੀ ਹਿਰ ਹੀ ਏਥੇ ਢਲ ਜਾਂਦੀ। ਕਦੇ ਕਦੇ ਛੁਟੀ ਦਿਨ ਮੈਂ ਵੀ ਬੈਠਾ ਬੈਠਾ ਏਹਨਾਂ ਦੇ ਮੂੰਹਾਂ ਵਲ ਵੇਖੀ ਜਾਂਦਾ। ਭੂਆ ਕਰਤਾਰ ਕੌਰ ਜੀ ਦੀ ਸੂਰਤ ਏਸਤਰਾਂ ਮੇਰੇ ਅੰਦਰ ਲੱਥ ਗਈ ਸੀ ਜਿਵੇਂ ਸਚ ਮੁਚ ਹੀ ਮੇਰੀ ਡੂੰਘੀ ਅੱਤ ਡੂੰਘੀ, ਕੋਈ ਹੋਵੇ। ਓਹ ਵੀ ਮੈਨੂੰ ਓੜਕਾਂ ਦਾ ਪਿਆਰ ਕਰਦੇ। ਅਤੇ ਸ਼ਾਮ ਨੂੰ ਸੱਦਕੇ ਕੋਲ ਬੈਠਾਲਕੇ ਪ੍ਰਸਾਦਾ ਛਕੌਂਦੇ।

ਏਹ ਅੱਤ ਪਿਆਰੇ ਖੁਸ਼ੀਆਂ ਦੇ ਦਿਨ ਮੁਕ ਰਹੇ ਸਨ। ਓਹਨਾਂ ਨੂੰ ਹੈਜਾ ਹੋ ਗਿਆ ਭੂਆ ਜੀਦਾ ਉਹ ਕੁਲਛਣਾਂ ਦ੍ਰਿਸ਼ ਜਦੋਂ ਅਖਾਂ ਅਗੇ ਆ ਜਾਂਦਾ ਹੈ, ਧਰਤੀ ਘੁੰਮਣ ਲਗ ਜਾਂਦੀ ਹੈ। ਕੋਈ ਇਲਾਜ ਕਾਰਗਰ ਨਹੀਂ ਸੀ ਹੋ ਰਿਹਾ। ਮੋਟਾ ਹਕੀਮ ਪੂਰੀ ਚਾਰਾ ਜੋਈ ਵੀ ਕਰ ਰਿਹਾ ਸੀ, ਪਰ ਕੋਈ ਵੀ ਫੈਦਾ ਨਹੀਂ ਸੀ ਹੋ ਰਿਹਾ। ਓਸ ਵੇਲੇ ਸਭ ਤੋਂ ਵਡਾ ਇਲਾਜ ਪਾਣੀ ਤੋਂ ਪਰਹੇਜ ਹੁੰਦਾ ਸੀ। ਜਥੇਦਾਰ ਵੀ ਏਹਨਾਂ ਦਾ ਬਹੁਤ ਖਿਆਲ ਰਖਦਾ ਸੀ। ਭੂਆ ਜੀ ਮਿੰਟ ਮਿੰਟ ਪਿਛੋਂ ਮੰਗਣ ਪਾਣੀ ਹਾਇ ਪਾਣੀ ਪਾਣੀ ਓਹਨਾਂ ਤੋਂ ਬਹੁਤ ਦੂਰ ਜਾ ਚੁਕਾ ਸੀ। ਜੇ ਅਜ ਵਰਗਾ ਚੱਜ ਅਚਾਰ ਹੁੰਦਾ ਤਾਂ ਓਹਨਾਂ ਦੀ ਕਦੇ ਵੀ ਮੌਤ ਨਾਂ ਹੁੰਦੀ। ਕਿਸੇ ਨੂੰ ਏਨਾਂ ਵੀ ਪਤਾ ਨਹੀਂ ਸੀ ਨਿੰਬੂ ਨਮਕ ਤੇ ਪਾਣੀ ਏਸਦਾ ਸਭ ਤੋਂ ਉਤਮ ਇਲਾਜ ਹੈ। ਓਸ ਵੇਲੇ ਸਮਝਿਆ ਏਹ ਜਾਂਦਾ ਸੀ ਹੈਜਾ ਪਾਣੀ ਤੋਂ ਹੁੰਦਾ ਹੈ। ਤੇ ਪਾਣੀ ਬੰਦ ਕਰਨਾ ਹੀ ਏਸਦਾ ਅਤੀ ਉਤਮ ਇਲਾਜ ਹੈ। ਸਾਰਾ ਦਿਨ ਪਾਣੀ-ਪਾਣੀ- ਕਰਦਿਆਂ ਲੰਘ ਗਿਆ। ਚੁਫੇਰੇ ਜਬਰ ਦਸਤ ਪਹਿਰਾ ਪਰ ਪਾਣੀ ਤਾਂ ਉਚੇ ਪਹਾੜਾਂ ਉਤੋਂ ਵੀ ਮੁਕ ਗਿਆ ਸੀ। ਅਖੀਰ-ਦਿਨ ਦੇ ਥਕੇ ਟੁਟੇ ਔਰਤ ਮਰਦ ਸਭ ਸੌਂ ਗਏ। ਭੂਆ ਜੀ ਓਸ ਵੇਲੇ ਅਧਮੋਏ ਹੋ ਚੁਕੇ ਸਨ ਅਛੋਪਲੇ ਜੇਹੇ ਉਠੇ। ਲੰਗਰ ਜੋ ਸੋਧਦਾ ਸੀ ਉਸਦਾ ਬੂਹਾ ਖੋਲਿਆ। ਪਿਤਲ ਦਾ ਗੜਵਾ ਭਰਿਆ ਪਿਆ ਸੀ ਪਾਣੀ ਦਾ,ਸਾਰਾ ਹੀ ਛਕ ਗਏ। ਨਾਲ ਦੀ ਨਾਲ ਬੇਹੋਸ਼ ਹੋਕੇ ਡਿਗ ਪਏ। ਅਤੇ ਓਥੇ ਹੀ, ਜਦੋਂ ਹਥ ਵਿਚੋਂ ਗੜਵਾ ਡਿਗਿਆ ਤਾਂ ਸਾਰੇ ਹੀ ਹੜ ਬੜਾ ਕੇ ਉਠ ਦੌੜੇ, ਪਰ ਭਾਣਾ ਤਾਂ ਬੀਤ ਚੁਕਿਆ ਸੀ, ਉਸਤੋਂ ਕੁਝ ਘੰਟਿਆ ਪਿਛੋਂ:

ਆਤਮਾ ਸਰੀਰ ਛਡਕੇ ਗੁਰੂ ਚਰਨਾਂ ਵਿਚ ਜਾ ਚੁਕੀ ਸੀ। ਦਿਨ ਚੜ੍ਹੇ ਅਰਥੀ ਉਠੀ ਅਤੇ ਓਥੇ ਹੀ ਏਹਨਾਂ ਦਾ ਵੀ ਸਸਕਾਰ ਕਰ ਦਿਤਾ ਜਿਥੇ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਕੀਤਾ ਸੀ।

ਬੇਅੰਤ ਜੀ ਨੇ, ਪਤਾ ਨਹੀਂ ਗੁਰੂ ਬਣਨਾ ਸੀ। ਮਾਤਾ ਭੁਪਿੰਦਰ ਕੌਰ ਜੀ ਦਾ ਸਾਇਆ ਉਠਦਾ ਗਿਆ ਤੇ ਸਖਤੀ ਵਧਦੀ ਗਈ। ਬੱਚਾ,ਬਾਂਦਰ ਤੇ ਵਛੇਰਾ ਜੇ ਸੁਸਤ ਹੋ ਜਾਣ ਤਾਂ ਏਹ ਬੀਮਾਰ ਹੁੰਦੇ ਹਨ। ਬੇਅੰਤ ਜੀ ਨੇ ਬਚਿਆਂ ਵਾਲੀਆਂ ਸ਼ਰਾਰਤਾਂ ਤਾਂ ਕਰਨੀਆਂ ਸੀ । ਮਿਟੀ ਨਾਲ ਘੁਲਨਾ,ਮੋਰਾਂ ਪਿਛੇ ਭਜਨਾ, ਤੇ ਰੁਖਾਂ ਤੇ ਚੜ੍ਹਨਾਂ ਏਹੋ ਤਾਂ ਹੁੰਦੀ ਹੈ ਜਿੰਦਗੀ, ਪਰ ਏਹ ਸਭ ਕੁਝ ਬੱਬਰ ਤੇ ਮਾਸਟਰ ਜੀ ਨੂੰ ਚੰਗਾ ਨਾ ਲਗਦਾ। ਤੇ ਓਹ ਝਿੜਕਕੇ ਬੈਠਾ ਦਿੰਦੇ। ਓਹਨਾਂ ਨੂੰ ਏਹ ਗਲ ਯਾਦ ਨਹੀਂ ਸੀ।

ਸੱਸੇ ਆਪਦੇ ਤੂੰ ਦਿਨ ਭੁਲ ਗਈ
ਹੁਣ ਮੇਰੀਆਂ ਰਖੇ ਤਕੜਾਈਆਂ।

ਓਸ ਵੇਲੇ ਹੋਰ ਕੋਈ ਬੱਚਾ ਏਹਨਾਂ ਦੇ ਕੋਲ ਨਹ ਸੀ ਜਾ ਸਕਦਾ ਸਿਵਾਏ ਮੇਰੇ ਤੋਂ। ਅਤੇ ਓਹ ਮੇ ਉਡੀਕ ਵਿਚ ਵਡੇ ਗੇਟ ਰਾਹੀਂ ਨਿਓਂਕੇ ਵੇਖ ਰਹਿੰਦੇ,ਕਦੋਂ ਆਵੇਗਾ ਰਾਜਿੰਦ੍ਰ,ਹੁਣ ਤਾਂ ਜਿੰ ਜੀ ਕਰਦਾ ਹੈ ਸੱਦਕੇ ਡਿਊਟੀ ਲਾ ਦਿੰਦੇ ਹਨ। ਓ ਵੇਲੇ ਤਾਂ ਏਹ ਗਲ ਨਹੀਂ ਸੀ। ਜਦੋਂ ਮੈਂ ਜ ਜਾਂਦਾ, ਉਸ ਵੇਲੇ ਮਾਸਟਰ ਜੀ ਨੇ ਸਾਨੂੰ ਫਟੀਅ ਫੜਾ ਦੇਣੀਆਂ ਤੇ ੩-੪ ਘੰਟੇ ਅਖਰ ਲਿਖਣੇ ਪੈਂ ਮਾਸਟਰ ਜੀ ਕੋਲ ਬੈਠੇ ਡਾਕ ਲਿਖਦੇ ਰਹਿੰਦੇ ਅਤੇ ਅਸੀਂ ਇਸ਼ਾਰਿਆਂ ਨਾਲ ਹੀ ਕੋਈ ਪ੍ਰੋਗ੍ਰਾ ਨਿਸਚਿਤ ਕਰ ਲੈਂਦੇ। ਦੁਪਹਿਰੇ ਛੁਟੀ ਹੋ ਜਾਂ ਤਾਂ ਅਸੀਂ ਰੁਖਾਂ ਉਤੇ ਚੜ੍ਹਨ ਉਤਰਨ ਜਾਂ ਹੋ ਕੋਈ ਖੇਡ ਖੇਡਣ ਲਗ ਜਾਂਦੇ।

ਹੋਰ ਖਾਹਿਸ਼ਾਂ ਸਾਰੀਆਂ ਮੁਕ ਜਾਵਣ

ਸ਼ਿੰਗਾਰਾ ਸਿੰਘ ਸ਼ਿੰਗਾਰ ਸੰਤ ਨਗਰ

ਨੂਰਿ ਨਜਰ ਸਤਿਗੁਰੂ ਪ੍ਰਤਾਪ ਸਿੰਘ ਜੀ,
ਉਚੇ ਸੁਚੇ ਸਨ ਪਵਿਤ੍ਰ ਖਿਆਲ ਤੇਰੇ।
ਜੁੰਮੇਵਾਰ ਹੋਏ ਧੁਰੋਂ ਹੁਕਮ ਅੰਦਰ,
ਪਖ ਚਾਨਣੇ ਦੀਨ ਦਿਆਲ ਤੇਰੇ।
ਬਿਹ ਸੀ ਆਪ ਅਕਾਲ ਨੇ ਬਖਸ਼ ਕੀਤੀ,
ਰਖੇ ਹਿਰਦੇ ਵਿਚ ਭਾਵ ਵਿਸ਼ਾਲ ਤੇਰੇ।
ਦੀਨ ਦੁਨੀਆਂ ਦਾ ਰਾਖਾ ਤੂੰ ਬਣ ਆਇਆ,
ਧਨ ਧਨ ਸਨ ਕੰਮ ਕ੍ਰਿਪਾਲ ਤੇਰੇ,

ਮਿਹਰਬਾਨ ਸਤਿਗੁਰੂ ਪ੍ਰਤਾਪ ਸਿੰਘ ਜੀ,
ਤੇਰੀ ਨਗਰੀ ਹਮੇਸ਼ਾਂ ਇਹ ਵਸਦੀ ਰਹੇ।
ਅਸੀਂ ਗਮੀ ਦਿਲਗੀਰੀ ਤੋਂ ਬਚੇ ਰਹੀਏ,
ਰੂਹ ਟਹਿਕਦੀ ਮਹਿਕਦੀ ਹੱਸਦੀ ਰਹੇ।
ਮੁੱਕ ਜਾਏ ਚੌਰਾਸੀ ਦਾ ਗੇੜ ਸਾਡਾ,
ਸੁਖ ਸਾਂਤੀ ਸਾਡੇ ਤੇ ਵਿਗਸਦੀ ਰਹੇ।
ਹੋਰ ਖਾਹਸ਼ਾਂ, ਸਾਰੀਆਂ ਮੁਕ ਜਾਵਣ,
ਲੋੜ "ਸ਼ਿੰਗਾਰ,, ਨੂੰ ਇਕੋ ਤੇਰੇ ਜੱਸ ਦੀ ਰਹੇ।

Namdhari Elibrary NamdhariElibrary@gmail.com

(੧੬ ਸਫੇ ਦੀ ਬਾਕੀ)

ਕੀ ਹੈ ਅਸੀਂ ਕੀ ਦੇ ਸਕਦੇ ਹਾਂ। ਇਸਤੇ ਸਤਿਗੁਰੂ ਜੀ ਉਠਕੇ ਖਲੋ ਗਏ ਗਲ ਵਿਚ ਪੱਲਾ ਪਾਕੇ ਹਥ ਜੋੜਕੇ ਕਹਿਣ ਲਗੇ ਮੈਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਾਓ। ਏਹ ਸੁਣਕੇ ਸਭ ਵੈਰਾਗੀ ਹੋ ਗਏ ਅਤੇ ਸਤਿਗੁਰੂ ਜੀਦੇ ਨੇਤ੍ਰ ਭੀ ਸਜਲ ਹੋ ਗਏ।

ਕੀਰਤਨ ਕਰਦਿਆਂ ਵੈਰਾਗ ਵਿਚ ਹੋਕੇ ਬਹੁਤ ਵਾਰੀ ਆਪ ਏਹ ਪ੍ਰਮਾਣ ਦਿੰਦੇ:-

ਜਾਚਕ੧ ਹੈ ਜਾਚਤ ਜੁ ਕਾਤਿਕ੨ ਭੇ ਚਾਤ੍ਰਕ ਸੇ
ਜਾਚਕਤ੩ ਕੇ ਭਈ ਬਾਰ ਭਏ ਹੈਂ ਸੁਫੇਦ ਬਾਰ।
ਭਵਰ੪ ਮਲਿੰਦ ਕਬ ਪਾਵੈਂ ਚਰਨਾਰ ਬਿੰਦ
ਗੁਰੂ ਰਾਮ ਸਿੰਘ ਤੇਰੇ ਦਰਸ ਕੇ ਉਮੈਦਵਾਰ।
ਕਿੰਕਰ੫ ਤੇਰੇ ਅਪਾਰ ਜਥਾ ਮੀਨ ਹੀਨ ਬਾਰ੬
ਆਵੈ ਬਾਰ ਨਿਧ੭ ਬਾਰ ਧਿਆਨ ਧਰੈਂ ਬਾਰ ਬਾਰ
ਜੈਸੀ ਦਾਸ ਹੀਐ ਚੀਨੀ੮ ਰਾਵਰ੯ ਪੈ ਬਿਨੈ ਕੀਨੀ
ਮੋਰੀ ਬੁਧ ਪੀਨੀ੧੦ ਦੇ ਸਵਾਰ ਚੀਨੀਕੇ ਸਵਾਰ੧੧

ਇਸ ਕਵਿਤਾ ਦੇ ਰਚਨਹਾਰ ਇਕ ਪ੍ਰੇਮੀ ਸੰਤ ਸਿੰਘ ਜੀ ਕਵੀ ਹੋਏ ਹਨ। ਸਤਿਗੁਰੂ ਜੀ ਇਸ ਕਬਿਤ ਦੀਆਂ ਆਮ ਕਰਕੇ ਦੋ ਪੰਕਤੀਆਂ ਹੀ ਜਦੋਂ ਪੜ੍ਹਦੇ ਤਾਂ ਵੈਰਾਗ ਵਿਚ ਹੋਕੇ ਕੰਠ ਰੁਕ ਜਾਂਦਾ।

ਸਿਆਮ ਦੇ ਦੌਰੇ ਬੰਕੋਕ ਤੋਂ ਚੰਗਮਈ ਨੂੰ ਜਾਂਦੇ ਹੋਏ ਰੇਲ ਗਡੀ ਵਿਚ ਆਪ ਉਸ ਡਬੇ ਵਿਚ ਆਕੇ ਬੈਠ ਗਏ ਜਿਥੇ ਹੋਰ ਸਾਧ ਸੰਗਤ ਬੈਠੀ ਸੀ। ਹਾਰਮੋਨੀਅਮ (ਵਾਜਾ) ਫੜਕੇ ਵੈਰਾਗ ਵਾਲੇ ਸ਼ਬਦਾਂ ਦਾ ਗਾਇਣ ਸ਼ੁਰੂ ਹੋ ਗਿਆ। ਗੁਰਬਖਸ਼ ਸਿੰਘ ਜੀ"ਹੰਸ" ਨੇ "ਤੇਰੀ ਸੰਗਤ ਉਡੀਕਦੀ ਏ ਛੇਤੀ ਛੇਤੀ ਆ ਮਾਹੀ ਵੇ" ਪੜ੍ਹਨਾਂ ਸ਼ੁਰੂ ਕਰ ਦਿਤਾ ਪੜ੍ਹਦੇ ਪੜ੍ਹਦੇ ਸਤਿਗੁਰੂ ਜੀ ਅਤੇ ਸੰਗਤ ਐਸੀ ਵੈਰਾਗੀ ਹੋਈ, ਪਤਾ ਨਹੀਂ ਕਿਤਨਾਂ ਚਿਰ ਇਸ ਅਲੌਕਿਕ ਰਸ ਵਿਚ ਲੰਘ ਗਿਆ।

ਸ੍ਰੀ ਜੀਵਨ ਨਗਰ ਜਮੀਨ ਖਰੀਦਣ ਤੋਂ ਬਾਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਹੁਤਾ ਚਿਰ ਏਥੇ ਹੀ ਨਿਵਾਸ ਰਖਦੇ। ਆਮ ਕਰਕੇ ਆਸਾ ਦੀ ਵਾਰ ਉਪ੍ਰੰਤ ਕੁਛ ਥੋੜਾ ਬਹੁਤ ਜਲ ਪਾਣੀ ਛਕਕੇ ਆਪ ਬਾਹਰ ਫਿਰਨ ਤੁਰਨ ਜਾਂਦੇ। ਓਦੋਂ ਅਜੇ ਜਮੀਨ ਦੀ ਵੰਡ ਨਹੀਂ ਸੀ ਹੋਈ। ਬਹੁਤ ਸਾਰੇ ਸਿੰਘਾਂ ਦੇ ਡੇਰੇ ਸ੍ਰੀ ਜੀਵਨ ਨਗਰ ਕੋਠੀ ਵਾਲੇ ਅਹਾਤੇ ਵਿਚ ਸਨ।

ਇਕ ਦਿਨ ਸਵੇਰੇ ਆਪ ਫਿਰਨ ਤੁਰਨ ਵਾਸਤੇ ਬਾਹਰ ਨਿਕਲੇ ਸਾਧ ਸੰਗਤ ਭੀ ਨਾਲ ਸੀ। ਥੋੜੀ ਦੂਰ ਬਾਹਰ ਜਾਕੇ ਆਪ ਰੁਕ ਗਏ ਅਤੇ ਬਚਨ ਕੀਤਾ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਹੀਂ ਹੁੰਦੇ ਇਹ ਸਭ ਕੁਛ ਮੈਨੂੰ ਚੰਗਾ ਨਹੀਂ ਲਗਦਾ। ਨਾਲ ਹੀ ਆਪ ਵੈਰਾਗ ਦਸ਼ਾ ਵਿਚ ਹੋ ਗਏ। ਸੰਤ ਮੰਗਲ ਸਿੰਘ ਜੀ ਫਤੂਹੀ ਚਕ ਵਾਲਿਆਂ ਅਰਜ ਕੀਤੀ ਕਿ ਸਚੇ ਪਾਤਸ਼ਾਹ ਜੀ ਆਪ ਖੁਸ਼ੀਆਂ ਬਖਸ਼ੋ। ਹੁਕਮ ਹੋਇਆ ਕਿ ਅੱਛਾ, ਸਾਧ ਸੰਗਤ ਨੂੰ ਜਲੇਬੀਆਂ ਛਕਾਓ।

ਅਫਰੀਕਾ ਦੇ ਆਖਰੀ ਦੌਰੇ ਸਮੇਂ ਯੂਗੰਡਾ ਦੀ ਸਾਧ ਸੰਗਤ ਅਤੇ ਹੋਰ ਅਫਰੀਕਾ ਦੀ ਸਾਧ ਸੰਗਤ ਵਲੋਂ ਹੋਲਾ ਕੀਤਾ ਗਿਆ ਸੀ। ਹੋਲੇ ਸਮੇਂ ਉਪਦੇਸ਼ ਦਿੰਦਿਆਂ ਆਪਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਬਚਨ ਕੀਤੇ ਕਿ ਇਹ ਹੁਣ ਕਾਧਾ ਹੋਲਾ ਹੈ, ਹੋਲਾ ਓਦੋਂ ਹੋਇਗਾ ਜਦੋਂ ਸਤਿ-ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣਗੇ। ਏਥੇ ਆਪ ਜੀ ਨੇ ਕਿਸੇ ਵਿਯੋਗੀ ਕਵੀ ਦੀ ਲਿਖੀ ਹੋਈ ਕਵਿਤਾ ਦਾ ਇਕ ਬੰਦ ਭੀ ਪੜ੍ਹਿਆ ਜੋ ਟੇਪ ਰੀਕਾਰਡ ਹੋਇਆ ਹੈ:-

ਤੇਰੇ ਪੂਰਬ ਦਾ ਤਾਂ ਹੀ ਸੁਹਾਗ ਅੜਿਆ,
ਜੇ ਤੂੰ ਆਪ ਆਵੇਂ ਤੇ ਦੀਵਾਨ ਲਾਵੇਂ।

ਸੁਹੇਵੇ ਸਾਹਿਬ ਦੋ ਤਿੰਨ ਵਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਅਖੰਡ ਪਾਠ ਕਰਵਾਏ ਗਏ ਹਨ। ਓਸ ਵੇਲੇ ਪਾਠੀ ਧੂਪੀਏ ਅਤੇ

(੧) ਮੰਗਣੇ ਮੰਗਦੇ ਹਨ (੨) ਕਤਕ ਮਹੀਨੇ ਦਾ ਨਿਰਾਸ਼ ਬਬੀਹਾ (੩) ਮੰਗਦੇ ਮੰਗਦੇ ਦੇਰ ਹੋ ਗਈ ਕੇਸ ਭੀ ਚਿਟੇ ਹੋ ਗਏ ਹਨ (੪) ਮਿਲਿੰਦ" ਭਉਰਿਆਂ ਦੇ ਬਚੇ (੫) ਸੇਵਕ (੬) ਪਾਣੀ ਤੋਂ ਬਿਨਾਂ ਜਿਸਤਰਾਂ ਮਛੀ (੭) ਬਦਲ ਬਣਕੇ ਬਰਸੋਂ (੮) ਸਮਝਣਾ, ਵੇਖਣਾ /੯/ ਆਪਣੇ ਹਜੂਰ (੧੦) ਛੋਟੀ ਬੁਧ (੧੧) ਚੀਨੀ ਸਵਾਰ,ਸਤਿਗੁਰੂ ਰਾਮ ਸਿੰਘ ਜੀ

Namdhari Elibrary NamdhariElibrary@gmail.com

ਨਾਲ ਦੇ ਸਿੰਘਾਂ ਵਿਚ ਬੜੀ ਸ਼ਰਧਾ ਸੀ। ਪਹਿਲੇ ਪਾਠਾਂ ਵੇਲੇ ਸੰਤ ਬਹਾਦਰ ਸਿੰਘ ਜੀ(ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚੌਰੀ ਬਰਦਾਰ) ਨੂੰ ਸ੍ਰੀ ਸਤਿ-ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ। ਕੜਾਹ ਪ੍ਰਸਾਦ ਦੀ ਥਾਲੀ ਹਥ ਵਿਚ ਹੈ। ਸੰਤਾਂ ਨੇ ਪੁਛਿਆ ਸਚੇ ਪਾਤਸ਼ਾਹ ਇਹ ਕੀ ਕੌਤਕ ਹੈ। ਸਤਿਗੁਰੂ ਜੀ ਉਤ੍ਰ ਦਿਤਾ ਕਿ ਭੋਗ ਲਵਾਉਣ ਵੇਲੇ ਤੁਸੀਂ ਕੜਾਹ ਪ੍ਰਸਾਦ ਠੰਢਾ ਨਹੀਂ ਕਰਦੇ। ਅਸੀਂ ਜਿਸਨੂੰ ਠੰਢਾ ਕਰ ਰਹੇ ਹਾਂ।

ਜਦੋਂ ਪੰਜ ਸੌ ਅਖੰਡ ਪਾਠ ਕਰਵਾਏ ਹਨ ਓਦੋਂ ਭੀ ਕਈ ਸਾਧਾਂ ਨੂੰ ਦਰਸ਼ਨ ਹੋਏ। ਇਹ ਦਰਸ਼ਨ ਤਦ ਹੀ ਹੁੰਦੇ ਸਨ ਅੰਦਰ ਸ਼ਰਧਾ ਭਾਵਨਾ ਅਤੇ ਦਰਸ਼ਨਾਂ ਦੀ ਖਿਚ ਬਣੀ ਹੋਈ ਸੀ।

ਆਪ ਜੀ ਨੇ ਜਦੋਂ ਦੇਹ ਛਡੀ ਹੈ ਤਾਂ ਸਵਾ ਲਖ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਚਲ ਰਹੇ ਸਨ ਜੋ ਅਜੇ ਸੰਪੂਰਨ ਨਹੀਂ ਸਨ ਹੋਏ। ਏਨਾਂ ਪਾਠਾਂ ਵਾਸਤੇ ਆਪ ਜੀ ਨੇ ਉਚੇਚਾ ਹੁਕਮ ਕੀਤਾ ਸੀ ਕਿ ਪੂਰੇ ਕੀਤੇ ਜਾਣ। ਪਾਠ ਕੀਤੇ ਤਾਂ ਗਏ ਹਨ। ਪਰ ਸਾਡੀਆਂ ਕਈ ਪ੍ਰਕਾਰ ਦੀਆਂ ਤਰੁਟੀਆਂ ਹਨ ਜਿਸ ਕਰਕੇ ਦਰਸ਼ਨ ਹੋਣ ਵਿਚ ਦੇਰ ਹੋ ਰਹੀ ਹੈ। ਏਹ ਓਹ ਹੀ ਜਾਣਦੇ ਹਨ। ਪਰ ਅਟਲ ਪ੍ਰਤਾਪੀ ਸਤਿਗੁਰੂ ਜੀ ਦਾ ਏਹ ਬਚਨ ਸਾਨੂੰ ਨਹੀਂ ਭੁਲਣਾ ਚਾਹੀਦਾ ਕਿ ਜਦੋਂ ਓਨਾਂ ਦੀ ਰਜਾ ਹੈ ਓਦੋਂ ਔਣ। ਕਿਸੇ ਸਹੁਰੇ ਦਾ ਇਕ ਦਿਨ ਭੀ ਰਖਕੇ ਨਾ ਔਣ। ਪਰ ਸਾਨੂੰ ਦਿਸੇ ਨਾ ਹੋਰ ਕੋਈ। ਸੋ ਅਸੀਂ ਨਾਮਧਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਆਸ ਵਿਚ ਜਿਊਂਦੇ ਹਾਂ। ਜੇ ਯਾਦ ਹੈ ਤਾਂ ਸਾਡਾ ਜੀਵਨ ਹੈ। ਏਹ ਯਾਦ ਸਾਨੂੰ ਅਟਲ ਪ੍ਰਤਾਪੀ ਸਤਿਗੁਰੂ ਜੀ ਦੇ ਗਏ ਹਨ। ਏਹ ਕਦੇ ਭੁਲਣੀ ਨਹੀਂ ਚਾਹੀਦੀ।

ਈਸਾਈ ਅਪਣੇ ਮੁਰਸ਼ਦ ਦੀ ਕਬਰ ਵਿਚੋਂ ਉਠਣ ਦੀ ਯਾਦ ਮਨਾਉਂਦੇ ਹਨ। ਜਿਸਦਾ ਕੋਈ ਸਬੂਤ ਭੀ ਨਹੀਂ ਹੈ। ਪਰ ਓਨਾਂ ਦਾ ਨਿਸਚਾ ਹੈ। ਸਾਡੇ ਪਾਸ ਤਾਂ ਐਸੇ ਲਿਖਤੀ ਸਬੂਤ ਹਨ ਜੋ ਅਕੱਟ ਹਨ। ਅਸੀਂ ਅਪਣੇ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਆਸ ਤੋਂ ਜੇ ਅਪਣੇ ਨਿਸ਼ਚੇ ਵਿਚ ਡੋਲਦੇ ਹਾਂ ਜਾਂ ਭੁਲਦੇ ਹਾਂ ਤਾਂ ਸਾਡੇ ਵਾਸਤੇ ਬਹੁਤ ਵਡਾ ਘਾਟਾ ਹੈ। ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ-

ਹਰਿਹਾਂ ਜਬ ਬਿਸਰੈ ਗੋਬਿੰਦ ਰਾਇ
ਦਿਨੋ ਦਿਨ ਘਟੀਐ।

ਰੁਬਾਈਆਂ

ਧੰਨ ਉਹ ਨੇਣ ਜਿਨਾਂ ਨੈਣਾਂ ਨੇ ਦੀਦ ਮਾਹੀ ਦਾ ਕੀਤਾ।
ਵੱਡ ਪ੍ਰਤਾਪ ਦੀ ਪ੍ਰੀਤ ਸਰਾਹੀਓਂ ਘੁਟ ਅੰਮ੍ਰਿਤ ਦਾ ਪੀਤਾ।
'ਮੁਕਤਾ' ਲਖਾਂ ਪਾਰਸ ਹੋਏ ਚਰਨ ਛੁਹ ਉਸਦੀ ਪਾਕੇ।
ਵਿਸ਼ਵ ਨੂਰ ਉਸ ਦੇ ਰੁਸ਼ਨਾਈ ਕੀਤੇ ਪਤਿਤ ਪੁਨੀਤਾ॥
ਸਤਿਗੁਰ ਪਾਕ ਪਵਿਤਰ ਸੋਮਾਂ ਪ੍ਰਫੁਲਤਾ ਸਦ ਵੰਡੇ।
ਅੰਮ੍ਰਿਤ ਬਾਣੀ ਮੁਖ 'ਚੋਂ ਬੋਲੇ, ਕਢਦਾ ਹਉਮੈ ਕੰਡੇ॥
ਅਗਿਆਨੀ ਅਨਪੜ ਬੰਦੇ ਨੂੰ, ਗੁੰਝ ਨਾ ਕੁਝ ਵੀ ਦਸਦੇ।
ਪ੍ਰਿਤਪਾਲੇ ਨਿਤ ਸਾਰ ਸਮਾਲੇ, 'ਮੁਕਤਾ' ਦੂਤਾਂ ਡੰਡੇ'।

ਜੋਗਿੰਦਰ ਸਿੰਘ'ਮੁਕਤਾ'

Namdhari Elibrary NamdhariElibrary@gmail.com



ਸੰਮਤ ੧੯੯੦ ਸਿਆਮ (ਥਾਈਲੈਂਡ) ਪਹਿਲੀ ਵਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਮਰਗੋਈ ਗਏ । ਓਦੋਂ ਆਪ ਮਰਗੋਈ ਉਸ ਟਾਪੂ ਵਿਚ ਉਸ ਜਗਾ ਦਾ ਦਰਸ਼ਨ ਕਰਨ ਵੀ ਗਏ ਜਿਥੇ ਸੰਮਤ ੧੯੩੯-੪੦ ਦੇ ਕ੍ਰੀਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬੰਦੀ ਖਾਨੇ ਵਿਚ ਰਖਿਆ ਸੀ । ਉਸ ਸਮੇਂ ਦੀਆਂ ਲਈਆਂ ਇਹ ਤਸਵੀਰਾਂ ਅਤੇ ਇਨਾ ਦੀ ਜਾਣਕਾਰੀ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਜੀ ਦੇ ਕਰ ਕੰਵਲਾ ਨਾਲ ਲਿਖੀ ਹੋਈ ਪਾਠਕਾਂ ਲਈ ਪ੍ਰਸਤੁਤ ਹੈ ।

Namdhari Elibrary NamdhariElibrary@gmail.com

[illegible]

[illegible]

[illegible]

[illegible]

[illegible]

[illegible]



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਆਸ ਦੇ ਸੰਦਰਭ,ਵਿਚ:

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੰਦਰ

ਬਿਰਹੋਂ ਦੀ ਤੜਪ

ਆਤਮਾ ਸਿੰਘ ਸਨਖਤਰਵੀ

ਪਾਵਨ ਗੁਰੂ ਬਾਣੀ ਵਿਚ ਜਿਥੇ ਜਥਾਰਥਵਾਦ ਰੋਚਿਕ ਤੇ ਭਿਆਨਕ ਬਾਣੀ ਅੰਕਿਤ ਹੈ, ਓਥੇ ਵਿਅਕਤੀਗਤਿ ਸਤਿਗੁਰੂ ਦੀ ਲੋੜ ਗੁਰੂ ਕੀ ਸੇਵਾ ਭਗਤੀ, ਗੁਰੂ ਕੀ ਮਹਿਮਾ ਅਥਵਾ ਗੁਰੂ ਦਰਸ਼ਨਾਂ ਦੀ ਉਮੰਗ ਤੇ ਗੁਰੂ ਦਰਸਨਾਂ ਦੀ ਪਿਆਸ ਦੀ ਅਵਸਥਾ ਵਿਚ ਬਿਰਹੋਂ ਤੇ ਵੈਰਾਗ ਭਰੇ ਇਤਨੇ ਸ਼ਬਦ ਅੰਕਿਤ ਹਨ, ਜਿਹੜੇ ਗਿਣੇ ਹੀ ਨਹੀਂ ਜਾ ਸਕਦੇ। ਇਹ ਵੈਰਾਗ ਮਈ ਸ਼ਬਦ ਸਾਧਾਰਨ ਤੌਰ ਤੇ ਜਦੋਂ ਭੀ ਕੋਈ ਰਾਗੀ ਰਬਾਬੀ ਜਾਂ ਜਥੇਦਾਰ ਪੜ੍ਹਦਾ ਹੈ, ਕੁਦਰਤੀ ਇਹਨਾਂ ਦੇ ਪ੍ਰੇਮ ਨਾਲ ਸੁਣਨ ਨਾਲ ਸਰੋਤਿਆਂ ਦੇ ਅੰਦਰ ਵਕਤੀ ਤੌਰ ਤੇ ਕੁਝ ਨ ਕੁਝ ਪ੍ਰਭਾਵ ਜ਼ਰੂਰ ਪੈਂਦਾ ਹੈ।

ਪਰ ਮੇਰੇ ਸਾਹਮਣੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਹਰ ਸਮੇਂ ਲਾਲਸਾ ਰਖਣ ਵਾਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਚੇ ਪਾਤ-ਸ਼ਾਹ ਦੇ ਉਹ ਦ੍ਰਿਸ਼ਜ ਮੂਰਤੀਮਾਨ ਹੋ ਰਹੇ ਹਨ, ਜਦੋਂ ਉਹ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਨ ਸਮੇਂ ਤਾਊਸ ਵਾਦਨ ਦੇ ਨਾਲ ਗਦ ਗਦ ਭਰੇ ਕੰਠ ਦੁਆਰਾ ਸੰਗੀਤਕ ਰੀਤਾਂ ਨਾਲ:

"ਭਈ ਨਿਰਾਸੀ ਬਹੁਤੁ ਦਿਨ ਲਾਗੇ"
"ਦਰਸਨ ਕੀ ਮਨਿ ਆਸ ਘਨੇਰੀ"
"ਦੇ ਦਰਸਨ ਸਿਕ ਲਾਹ ਅਸਾਡੀ"
"ਪ੍ਰਭ ਮੋਹਿ ਕਬ ਗਲਿ ਲਾਵਹਿਗੇ"
"ਮੋਹਨਿ ਘਰਿ ਆਵਹੁ ਕਰਹੁ ਜੋਦਰੀਆ"
"ਮੇਰਾ ਮਨੁ ਲੋਚੈ ਗੁਰ ਦਰਸਨ ਤਾਈ
ਬਿਲਪ ਕਰੇ ਚਾਤ੍ਰਿਕ ਕੀ ਨਿਆਈ,,

ਆਦਿਕ ਸ਼ਬਦਾਂ ਦਾ ਪੰਚਮ ਸੁਰ ਵਿਚ(ਹਜ਼ੂਰੀ ਰਾਗੀਆਂ ਜਾਂ ਸੰਤ ਗਿਆਨਾ ਸਿੰਘ ਜੀ ਸ਼ੇਖੂਪੁਰ ਵਾਲਿਆਂ ਅਥਵਾ ਸੰਤ ਪ੍ਰੀਤਮ ਸਿੰਘ ਜੀ ਪਦੀ ਖਾਲਸਾ ਦੇ ਵਾਰੇ ਵਾਲੇ ਜਥਿਆਂ ਨਾਲ)ਉਚਾਰਨ ਕਰਦੇ ਤਾਂ ਉਸ ਵੇਲੇ ਇੰਦ ਪ੍ਰਤੀਤ ਹੁੰਦਾ, ਜਿਵੇਂ ਇਤਨਾ ਕਰੁਣਾ ਰਸ ਭਰੇ ਕੀਰਤਨ ਦੀ ਵੈਰਾਗ ਭਰੀ ਗੁੰਜਾਰ ਸੁਣਦੇ ਪ੍ਰਭਾਤ ਵੇਲੇ ਦੀ ਇਕਾਂਤ ਵਿਚ ਚੰਦ੍ਰਮਾਂ ਤੇ ਤਾਰੇ ਵੀ ਵੈਰਾਗੀ ਹੋਕੇ ਹੰਝੂ ਕੇਰ ਰਹੇ ਹੁੰਦੇ ਹਨ।

ਏਸੇਤਰਾਂ ਸ਼ਾਮ ਦੇ ਦੀਵਾਨਾਂ ਸਮੇਂ ਸਚੇ ਪਾਤ-ਸ਼ਾਹ ਸਾਜ ਸੁਰ ਕਰਕੇ ਹਜ਼ੂਰੀ ਰਾਗੀਆਂ ਦੀ ਅਗ-ਵਾਈ ਕਰਦੇ ਹੋਏ ਜਦ ਕਦੇ

"ਫਿਰਉ ਮੈ ਦੀਵਾਨੀ ਆਵਲਿ ਬਾਵਲਿ"
ਪਿਰੁ ਪਰਦੇਸਿ ਸਿਧਾਇਓ"
"ਮੋਹਿ ਨ ਬਿਸਾਰਹੁ ਮੈ ਜਨੁ ਤੇਰਾ"
"ਨੰਦ ਦੇ ਕੁਮਾਰ ਨੂੰ ਜਰੂਰ ਜਾਇ ਆਖਣਾ"
"ਭੀ ਗੁਰ ਦੇਖਣ ਜਾਈ"
"ਵਿਛੋੜਾ ਨ ਕਿਸੇ ਦੇ ਪੇਸ਼ ਆਵੇ"
"ਮੈ ਮਨ ਵਡੀ ਆਸ ਹਰੇ"
"ਕਿਉ ਕਰਿ ਹਰਿ ਦਰਸਨ ਪਾਵਾ"
"ਹਉ ਤੁਮਰੀ ਕਰਉ ਨਿਤ ਆਸ
"ਪ੍ਰਭ ਮੋਹਿ ਕਬਿ ਗਲਿ ਲਾਹਵਿਗੇ"

ਪ੍ਰਦੇਸੀ ਪ੍ਰੀਤਮ ਸਤਿਗੁਰੂ ਰਾਮ ਸਿੰਘ ਜੀ ਦੇ ਦ੍ਰਸਨਾਂ ਦੇ ਵਿਯੋਗ ਵਿਚ ਅਟਲ ਪ੍ਰਤਾਪੀ ਸਤਿਗੁਰੂ ਜੀ ਜਦ ਸਵੇਰੇ ਜਾਂ ਸ਼ਾਮ ਦੇ ਕੀਰਤਨਾਂ ਸਮੇਂ ਅਜਿ-ਹੀਆਂ ਵੈਰਾਗ ਭਰੀਆਂ ਸੰਗੀਤਮਈ ਰੀਤਾਂ ਨਾਲ

Namdhari Elibrary NamdhariElibrary@gmail.com

ਪ੍ਰਮਾਣਾਂ ਦੇ ਪ੍ਰਵਾਹ ਨਾਲ ਰਾਗੀਆਂ ਦਾ ਸਹਿਯੋਗ ਦਿੰਦੇ ਅਤੇ ਤਾਊਸ ਨਾਲ ਖਿਚਵੇਂ ਮਸਤ ਕਰ ਦੇਣ ਵਾਲੇ "ਨਹੀਂ ਹਮ ਭੇਖ ਕੈ ਜੋਗੀ ਹਮਾਰਾ ਪੰਥ ਨਿਆਰਾ ਹੈ" ਆਦਿਕ ਬਾਨ ਵਜਾਉਂਦੇ ਤਾਂ ਦਰਸ਼ਕਾਂ ਤੇ ਸਰੋਤਿਆਂ ਵਾਸਤੇ ਇਕ ਇਕ ਪੰਗਤੀ ਅਣੀਆਲੇ ਤੀਰਾਂ ਦੀ ਮਹਤਤਾ ਰਖਦੀ। ਉਸ ਵਕਤ ਦਾ ਸਾਰਾ ਵਾਤਾਵਰਨ ਸੁੰਨ ਮੰਡਲ ਅਥਵਾ ਵੈਰਾਗ ਮੰਡਲ ਬਣਿਆ ਹੀ ਪ੍ਰਤੀਤ ਹੁੰਦਾ। ਰਾਮ-ਸਰ ਦੇ ਦ੍ਰਖਤਾਂ ਉਤੇ ਬੈਠੇ ਮੋਰ ਤੇ ਹੋਰ ਜਾਨਵਰ ਵੀ ਇਸ ਵੈਰਾਗ ਮੰਡਲ ਦੇ ਹੀ ਦਰਸ਼ਕ ਭਾਸਦੇ।

ਯਾਦ ਰਹੇ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬ੍ਰਿਹੋਂ ਦੀ ਇਹ ਲਗਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੋਂ ਵਿਰਸੇ ਵਜੋਂ ਪ੍ਰਾਪਤ ਹੋਈ। ਜਿਵੇਂ ਉਹ ਸ੍ਰੀਸਤਿਗੁਰੂ ਰਾਮ ਸਿੰਘ ਜੀ ਦੀ ਉਡੀਕ ਹਰ ਵਕਤ ਰਖਦੇ ਅਤੇ ਏਸੇ ਉਡੀਕ ਨੂੰ ਸਾਹਮਣੇ ਰਖਕੇ ਸਤਿ-ਗੁਰੂ ਹਰੀ ਸਿੰਘ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਵਿਚ ਅਖੀਰ ਤੇ ਰਾਗ ਧਨਾਸਿਰੀ ਦਾ ਸ਼ਬਦ "ਤੁਮ ਘਰਿ ਆਵਹੁ ਮੇਰੇ ਮੀਤ" ਹਰ ਰੋਜ਼ ਗਾਇਨ ਕਰਨ ਦੀ ਜੋ ਪ੍ਰੰਪਰਾ ਤੋਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸ ਪ੍ਰੰਪਰਾ ਨੂੰ ਕੇਵਲ ਜਾਰੀ ਹੀ ਨ ਰਖਿਆ ਸਗੋਂ ਇਸ ਪੰਗਤੀ ਨੂੰ ਵੈਰਾਗ ਤੇ ਤਾਂਘ ਦਾ ਇਕ ਮੁਖ ਸੋਮਾਂ ਹੀ ਬਣਾ ਦਿਤਾ ਤੇ ਕਿਤਨਾ ਕਿਤਨਾ ਚਿਰ ਇਸ ਪੰਗਤੀ ਨੂੰ ਪ੍ਰਮਾਣਾਂ ਦਾ ਰੌਸ਼ਨ ਮੀਨਾਰ ਹੀ ਬਣਾਂ ਦਿਤਾ, ਜਿਸਦੀ ਵਜਾ ਕਰਕੇ ਕਿਤਨਾ ਕਿਤਨਾ ਚਿਰ ਆਸਾ ਦੀ ਵਾਰ ਦਾ ਭੋਗ ਲੇਟ ਹੋ ਜਾਂਦਾ।

ਇਕ ਵਾਰੀ ਇਕ ਹੋਲੇ ਵਿਚ ਚੇਤ੍ਰ ਦੇ ਮਹੀਨੇ ਦੀ ਸੰਗ੍ਰਾਂਦ ਸੀ ਉਸ ਵਕਤ ਅਜੇ ਸਿੰਮ੍ਰਤੀ ਮੰਦਰ ਦਾ ਸੁਪਨਾ ਵੀ ਨਹੀਂ ਸੀ, ਹਰੀਮੰਦਰ ਵਿਚ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ, "ਤੁਮ ਘਰ ਆਵਹੁ ਮੇਰੇ ਮੀਤ" ਤੋਂ ਪਹਿਲਾਂ ਸਚੇ ਪਾਤਸ਼ਾਹ ਜੀ ਨੇ ਵੈਰਾਗ ਦੀ ਦਸ਼ਾ ਵਿਚ ਤਾਊਸ ਨਾਲ ਸੰਗੀਤ ਦੀ ਇਕ ਸਹਜ ਭਰੀ ਲੈਅ ਦੁਆਰਾ

"ਚੜ ਚੇਤ ਬਸੰਤ ਮੇਰੇ ਪਿਆਰੇ ਭਲੀਅ ਰੁਤੇ"

ਸ਼ਬਦ ਸ਼ੁਰੂ ਕੀਤਾ ਤਾਂ ਸ੍ਰੀ ਹਰੀ ਮੰਦਰ ਦੇ ਅੰਦਰ ਤੇ ਬਾਹਰ ਹਜ਼ਾਰਾਂ ਦੀ ਤਾਦਾਦ ਵਿਚ ਸਾਧ ਸੰਗਤ ਨੂੰ ਇਉਂ ਹੋਇਆ, ਜਿਵੇਂ ਮਸਤੀ ਵਾਲੀ ਬਿਜਲੀ ਦਾ ਕਰੰਟ ਫਿਰ ਗਈ ਹੈ। ਜਿਥੇ ਜਿਥੇ ਕੋਈ ਬੈਠਾ ਜਾਂ ਖਲੋਤਾ ਸੀ ਓਥੇ ਓਥੇ ਹੀ ਸੁੰਨ ਹੋ ਗਿਆ ਮਸਤੀ ਦਾ ਇਹ ਵਾਤਾਵਰਨ ਉਸ ਵਕਤ ਹੋਰ ਭੀ ਵਧੇਰਾ ਹੋ ਗਿਆ ਜਦੋਂ ਸਚੇ ਪਾਤਸ਼ਾਹ ਜੀ ਨੇ "ਤੁਝ ਬਾਝੜਿਅਹੁ ਮੇਰੇ ਪਿਆਰੇ ਆਂਗਨਿ ਧੂੜਿ ਲੁਤੇ" ਪੰਗਤੀ ਦਾ ਭਰੇ ਹੋਏ ਕੰਠ ਨਾਲ ਉਚਾਰਨ ਕੀਤਾ।

ਇਸਤੋਂ ਬਾਦ "ਤੁਮ ਘਰ ਆਵਹੁ ਮੇਰੇ ਮੀਤ" ਦੀ ਵਾਰੀ ਸੀ ਇਸਤਰਾਂ ਆਸਾ ਦੀ ਵਾਰ ਦੀ ਤਕ਼ਰੀ-ਬਨ ਡੇਢ ਘੰਟਾ ਲੇਟ ਸਮਾਪਤੀ ਹੋਈ।

ਇਹੋ ਵਜਾ ਹੈ ਕਿ ਇਹ ਸ਼ਬਦ ਅਜ ਵੀ ਨਾਮ-ਧਾਰੀ ਸਾਧ ਸੰਗਤ ਵਿਚ ਖਾਸ ਮਹੱਤਤਾ ਰਖਦਾ ਹੈ ਜਿਥੇ ਵੀ ਕੋਈ ਨਾਮਧਾਰੀ ਕੀਰਤਨੀ ਜਥਾ ਅੰਮ੍ਰਿਤ ਵੇਲੇ ਆਸ ਦੀ ਵਾਰ ਦਾ ਕੀਰਤਨ ਕਰਦਾ ਅਤੇ ਗੁਰੂ ਕੀ ਹਜ਼ੂਰੀ ਵਿਚ ਜੋ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ, ਇਹ ਸ਼ਬਦ ਬੜੇ ਵੈਰਾਗ ਨਾਲ ਪੜ੍ਹਿਆ ਜਾਂਦਾ, ਜਿਸਦੇ ਪੜ੍ਹਨ ਸੁਣਨ ਨਾਲ ਸੁਭਾਵਿਕ ਹੀ ਚੀਨੀਵਾਲੇ ਪ੍ਰੀਤਮ ਦੀ ਯਾਦ ਆ ਜਾਂਦੀ ਹੈ।

ਇਸੇਤਰਾਂ ਇਕ ਵਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਘੋੜਿਆਂ ਉਤੇ ਦੜਪ ਦਾ ਦੌਰਾ ਸੀ, ਨਾਰੋਵਾਲ ਦੇ ਨੇੜੇ ਮਹੀਜੋਦਾਤੇ ਸੰਤ ਨਰੈਣ ਸਿੰਘ ਜੀ ਤੇ ਠੇਕੇਦਾਰ ਸੋਭਾ ਸਿੰਘ ਵਲੋਂ ਲੰਗਰ ਸੀ, ਦੌਰੇ ਦੇ ਨਾਲ ਕਾਲੂ ਕੇ ਰਬਾਬੀ ਸੰਤ ਟਹਿਲ ਸਿੰਘ, ਸਰੈਣ ਸਿੰਘ ਮਸਤਾਨਾ, ਸੰਤ ਦੇਵਾ ਸਿੰਘ,ਸੰਤ ਭਗਤ ਸਿੰਘ ਜੀ ਦਾਤੇਵਾਲ, ਸੂਬਾ ਸ਼ੇਰ ਸਿੰਘ ਦੌਲੇਵਾਲੀ ਆਦਿਕ ਬਹੁਤ ਸਜਨ ਸਨ।

ਸ਼ਾਮ ਦੇ ਰਾਗੀਆਂ ਦੇ ਦੀਵਾਨ ਵਿਚ ਸਚੇ ਪਾਤ ਸ਼ਾਹਨੇ ਹਜ਼ੂਰੀ ਸੰਤਾਂ ਮਹੰਤਾਂ ਸਮੇਤ ਦਰਸਨ ਦਿਤੇ। ਕਾਲੂਸੰਦਲ ਸੁੰਦਰ ਨੇ ਤਾਊਸ ਤੇ ਤਬਲਾ ਸੁਰ ਕਰਕੇ "ਇਹ ਹਮਾਰਾ ਜੀਵਨਾ ਤੂ ਸਾਹਿਬ ਸਚੇ ਵੇਖ" ਦੀ ਟੇਕ ਨਾਲ ਸ਼ਬਦ ਸ਼ੁਰੂ ਕੀਤਾ। ਸਚੇ ਪਾਤਸ਼ਾਹ ਤਾਂ

Namdhari Elibrary NamdhariElibrary@gmail.com

ਕ ਦੇ ਨਾਲ ਹੀ ਵੈਰਾਗੀ ਦਸ਼ਾ ਵਿਚ ਹੋ ਗਏ ਅਤੇ ਰੇ ਦਰਸ਼ਕ ਤੇ ਸਰੋਤੇ ਭੀ ਮਸਤੀ ਦੇ ਵਹਿਣ ਵਿਚ ਵਹਿ ਗਏ, ਕੋਈ ਦੋ ਘੰਟੇ ਇਹ ਮਸਤੀ ਦੇ ਗ ਵਾਲਾ ਕੀਰਤਨ ਹੁੰਦਾ ਰਿਹਾ ਹੈਰਾਨਗੀ ਇਹ ਈ ਕਿ ਕੀਰਤਨ ਦੀ ਸਮਾਪਤੀ ਤੋਂ ਬਾਦ ਕੋਈਵੀ ਵਾਨ ਅਸਥਾਨ ਤੋਂ ਨ ਹਿਲਿਆ। ਸਚੇ ਪਾਤ- ਾਹ ਜੀ ਨੇ ਨਿਕਟ ਵਰਤੀ ਸਿੰਘਾਂ ਨਾਲ ਫਿਰ ਰੁ ਦਰਸ਼ਨਾਂ ਦੇ ਵਿਛੋੜੇ ਦੇ ਬਚਨ ਸ਼ੁਰੂ ਕਰ ਦਿਤੇ ਤੇ ਨੇਤ੍ਰਾਂ ਨੂੰ ਰੁਮਾਲ ਨਾਲ ਪੂੰਝਦੇ ਹੋਏ ਕਦੇ ਦੇ ਬੜਾ ਹਾਹੁਕਾ ਲੈਕੇ ਬਚਨ ਕਰਦੇ, ਪਤਾ ਨਹੀਂ ਨੀਵਾਲੇ ਪ੍ਰੀਤਮ ਦੀ ਕੀ ਰਜ਼ਾ ਹੈ, ਕਦੋਂ ਦਰਸ਼ਨ ਣਗੇ। ਪਤਾ ਨਹੀਂ ਸਾਡੀਆਂ ਬੇਨਤੀਆਂ ਕਦੋਂ ਵਾਨ ਹੋਣਗੀਆਂ। ਇਹ ਵਾਰਤਾਲਾਪ ਵੀ ਇਕ ਟਾ ਹੁੰਦਾ ਰਹਿਆ ਤੇ ਸਾਰੀ ਸੰਗਤ ਸਚੇ ਪਾਤ- ਾਹ ਜੀ ਦੇ ਪ੍ਰਵਚਨ ਸੁਣਦੇ ਰਹੇ ਕਦੇ ਕਦੇ ਮੈਂ ਅਣਜਾਣ ਸ਼ੰਕੇਵਾਦੀ ਦੀ ਤਰਾਂ ਕੋਈ ਸ਼ੰਕਾ ਅਰਜ ਕਰਦਾ ਤੇ ਸਚੇ ਪਾਤਸ਼ਾਹ ਉਸ ਸ਼ੰਕੇ ਦਾ ਸਮਾਧਾਨ ਕਰਦੇ ਰਹੇ।

ਇਸਤਰਾਂ ਦੇ ਬਹੁਤ ਸਾਰੇ ਕਰੁਣਾਰਸ ਭਰੇ ਕੀਰਤਨ ਸੁਣਨ ਦਾ ਜੋ ਮੈਨੂੰ ਸੁਭਾਗ ਪ੍ਰਾਪਤ ਹੁੰਦਾ ਰਿਹਾ ਉਹਨਾਂ ਦਾ ਵਰਣਨ ਕਰਨਾ ਮੇਰੇ ਵਸ ਦਾ ਰੋਗ ਨਹੀਂ। ਅਜ ਭੀ ਜਦ ਕਦੇ ਅਟਲ ਪ੍ਰਤਾਪੀ ਸਤਿਗੁਰੂ ਦੇ ਅੰਦਰ ਚੀਨੀਵਾਲੇ ਪਾਤਸ਼ਾਹ ਦੀ ਸਦੀਵਕਾਲੀ ਬਣੀ ਰਹਿੰਦੀ ਤਾਂਘ ਵਾਲੇ ਬਚਨਾਂ ਤੇ ਕੀਰਤਨ ਦਾ ਦ੍ਰਿਸ਼ਜ ਸਾਹਮਣੇ ਆਉਂਦਾ ਹੈ ਤਾਂ ਸੁਭਾਵਿਕ ਹੀ ਕੰਨਾਂ ਵਿਚ ਸਚੇ ਪਾਤਸ਼ਾਹ ਦੀਆਂ ਉਚਾਰਨ ਕੀਤੀਆਂ ਸੰਗੀਤਮਈ ਧੁਨਾਂ ਕਿ-

"ਭਈ ਮੈ ਨਿਰਾਸੀ ਬਹੁਤ ਦਿਨ ਲਾਗੇ"

ਆਦਿਕ ਗੂੰਜਾਂ ਉਠਦੀਆਂ ਹਨ।

ਸਚੇ ਪਾਤਸ਼ਾਹ ਏਕਤਾ ਦਾਨ ਦੇਵੋ

ਜਹੜੇ ਨੂਰ ਸੰਗ ਹਰਾਂ ਹਨੇਰਿਆਂ ਨੂੰ, ਮੈਨੂੰ ਨੂਰ ਉਹ ਚਤਰ ਸੁਜਾਨ ਦੇਵੇ।
ਮੇਘਟ ਘਾਟੀਆਂ ਸਮੇਂ ਦੀ ਸੋਚ ਸਕਾਂ, ਮੈਨੂੰ ਇਹੋ ਜਹੀ ਸੋਚ ਬਲਵਾਨ ਦੇਵੇ।
ਜਗ ਭਲੇ ਲਈ ਕਰਾਂ ਕੁਰਬਾਨ ਆਪਾ,ਮੇਰੀ ਜਾਨ ਹੁਣ ਇਹੋ ਜਹੀ ਜਾਨ ਦੇਵੇ।
ਜ਼ੁਲਮ ਵੇਖਣਾ ਨਾ ਰਹੇ ਮਧਹੋਸ਼ ਸੁਤੀ,ਮੇਰੀ ਆਨ ਨੂੰ ਊਸ਼ਾ ਦੀ ਪਾਨ ਦੇਵੇ।
ਮੇਰੇ ਰਹਿਬਰਾ ਆਏ ਹਾਂ ਸ਼ਰਨ ਤੇਰੀ,ਸਾਡੀ ਅਰਜ਼ ਮਨਜ਼ੂਰ ਕਰ ਮਾਨ ਦੇਵੇ।
ਪੜੇ ਫੁਟ ਦੀ ਜ਼ਹਿਰ ਦੇ ਟੁਟ ਜਾਵਨ,ਸਚੇ ਪਾਤਸ਼ਾਹ ਏਕਤਾ ਦਾਨ ਦੇਵੇ।

ਮਸਤੀ ਨਾਮ ਦੀ ਨਾਲ ਮੁਖਮੂਰ ਹੋਈਏ,ਝੂਠੇ ਨਸ਼ਿਆਂ 'ਚੋ ਮਸਤੀਆਂ ਟੋਲੀਏ ਨਾਂ।
ਸਾਡੇ ਅੰਦਰ ਗਿਆਨ ਦੀ ਲੋ ਕਰਦੇ, ਜੀਵਨ ਵਿਚ ਹਨੇਰਿਆਂ ਫਰੋਲੀਏ ਨਾਂ।
ਸਾਰੇ ਸਬਕ ਪੜੀਏ ਸਦਾ ਏਕਤਾ ਦਾ, ਵਰਕੇ ਦੂਈ ਦਵੈਤ ਦੇ ਫੋਲੀਏ ਨਾ।
ਦੁਧ ਕਿਸੇ ਦੇ ਸ਼ੁਧ ਸਫੇਦ ਅੰਦਰ, ਜਾਣ ਬੁਝ ਕੇ ਕਾਂਜੀਆਂ ਘੋਲੀਏ ਨਾਂ।
ਰਹੀਏ ਤੇਰੇ ਪਿਆਰ ਦੀ ਲੋ ਅੰਦਰ, ਸਾਡੇ ਪਿਆਰ ਨੂੰ ਪਿਆਰ ਮਹਾਨ ਦੇਵੇ।
ਕਬਰ ਫੁਟ ਨੇ ਪੁਟੀ ਜੋ ਪੂਰ ਦੇਈਏ, ਸਚੇ ਪਾਤਸ਼ਾਹ ਏਕਤਾ ਦਾਨ ਦੇਵੇ।

ਵੇ ਲਿਆ ਜਿਸ ਛਾਂ ਤੋਂ ਸਦਾ ਲਈਏ, ਬੂਟਾ ਕਦੇ ਉਹ ਜੜਾਂ ਤੋਂ ਪੁਟੀਏ ਨਾਂ।
ਹਕ ਦੂਜੇ ਦਾ ਆਪਣੇ ਹਥ ਲੈਕੇ, ਹਥ ਆਪਣੇ ਆਪ ਹੀ ਕਟੀਏ ਨਾਂ।
ਅਸੀਂ ਕਦੇ ਵੀ ਭੁਲ ਕੇ ਕੌਡੀਆਂ ਤੇ, ਹੀਰਾ ਧਰਮ ਦਾ ਹਥੋਂ ਸਟੀਏ ਨਾਂ।
ਚਾਰ ਦਿਨਾਂ ਦੇ ਚੌਧਰੀ ਬਣਨ ਖਾਤਰ, ਥੁਕ ਤਲੀ ਤੇ ਥੁਕਕੇ ਚਟੀਏ ਨਾਂ।
ਨੱਕ ਚਪਣੀ ਵਿਚ ਨਾ ਡੋਬ ਮਰੀਏ, ਸੁਚਾ ਸਭਾ ਇਮਾਨ ਇਥਨਾਨ ਦੇਵੇ।
ਝੋਲੀ ਅੱਡਕੇ ਆਏ ਹਾਂ ਦਰ ਤੇਰੇ, ਸਚੇ ਪਾਤਸ਼ਾਹ ਏਕਤਾ ਦਾਨ ਦੇਵੇ।

(ਬਾਕੀ ਵੇਖੋ ਸਫਾ ੧੨੦ ਤੇ)

Namdhari Elibrary NamdhariElibrary@gmail.com

ਹਾਰਦਿਕ ਧੰਨਵਾਦ

ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ ਜਿਨਾਂ ਨੇ ਅਵਤਾਰ ਧਾਰਕੇ ਨਾਮਧਾਰੀ ਸਾਧ ਸੰਗਤ ਤੇ ਹੋਰ ਸਭ ਸਿਖ ਸਮਾਜ ਸਾਰੇ ਭੇਖਾਂ ਦੇ ਸਾਧੂਆਂ ਅਥਵਾ ਸਾਰੀਆਂ ਦੇਸ਼ ਭਗਤ ਪਾਰਟੀਆਂ ਵਾਸਤੇ ਅਣਗਿਣਤਾਂ ਉਪਕਾਰ ਕੀਤੇ,ਧੰਨ ਸਨ ਉਹ ਵਡ ਭਾਗੇ ਨਾਮਧਾਰੀ ਗ੍ਰਿਸਤੀ ਪ੍ਰਵਾਰ ਜਿਨਾਂ ਨੂੰ ਸਚੇ ਪਾਤਸ਼ਾਹ ਦੇ ਦਰਸ਼ਨ ਤੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਧੰਨ ਸਨ ਤੇ ਹਨ ਉਹ ਲੇਖਕ ਤੇ ਲਿਖਾਰੀ ਅਥਵਾ ਕਵੀ ਸਜਨ ਜਿਹੜੇ ਅਪਣੇ ਅਪਣੇ ਢੰਗ ਤੇ ਸ਼ਬਦਾਂ ਨਾਲ ਗੁਰੂ ਜਸ ਅੰਕਿਤ ਕਰਦੇ ਰਹੇ ਅਤੇ ਕਰ ਰਹੇ ਹਨ।

ਸਤਿਗੁਰੂ ਪ੍ਰਤਾਪ ਸਿਘ ਜੀ ਦੇ ਜੀਵਨ ਕਾਲ ਦਾ ਇਤਹਾਸ ਇਕ ਅਥਾਹ ਸਾਗਰ ਹੈ ਜਿਸਦਾ ਪਾਰਾਵਾਰ ਪਾਇਆ ਹੀ ਨਹੀਂ ਜਾ ਸਕਦਾ। ਸਚੇ ਪਾਤਸ਼ਾਹ ਜੀ ਨੂੰ ਬ੍ਰਹਮਲੀਨ ਹੋਇਆਂ ਤਕਰੀਬਨ ੩੨-੩੩ ਸਾਲ ਹੋ ਗਏ ਹਨ ਉਸ ਵਕਤ ਤੋਂ ਲੈਕੇ ਅਜ ਤਕ ਅਖਬਾਰਾਂ ਮਾਸਕ ਪਤ੍ਰਾਂ ਤੇ ਹੋਰ ਅਨੇਕਾਂ ਪੁਸਤਕਾਂ ਦੁਆਰਾ ਨਾਮਧਾਰੀ ਤੇ ਗੈਰ ਨਾਮਧਾਰੀ ਵਿਦਵਾਨਾਂ ਵਲੋਂ ਸਤਿਗੁਰਾਂ ਦੇ ਕੀਤੇ ਪਰਉਪਕਾਰਾਂ ਅਤੇ ਹੋਰ ਕੌਤਕਾਂ ਦਾ ਭਾਵੇਂ ਬਹੁਤ ਵਰਣਨ ਕੀਤਾ ਗਿਆ ਹੈ। ਪਰ ਅਜੇ ਤਕ ਕੋਈ ਪਾਰਾਵਾਰ ਨਹੀਂ ਆ ਸਕਿਆ। ਤੇ ਸਗੋਂ ਹਰ ਰੋਜ ਹੀ ਸਾਧ ਸੰਗਤ ਵਿਚੋਂ ਕੋਈ ਨਾ ਕੋਈ ਨਵਾਂ ਇਤਹਾਸਿਕ ਪ੍ਰਸੰਗ ਸੁਣਿਆ ਜਾਂਦਾ ਹੈ।

ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਪ੍ਰਰਸ਼ਾਰਥ ਨਾਲ ਸੰਮਤ ੨੦੪੬ ਵਿਚ ਅਟਲ ਪ੍ਰਤਾਪੀ ਸਤਿ-ਗੁਰੂ ਦੇ ਆਗਮਨ ਸ਼ਤਾਬਦੀ ਦੇ ਸਬੰਧ ਵਿਚ ਸਤਿ-ਜੁਗ ਦਾ ਇਕ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤਾ ਗਿਆ ਸੀ। ਜਦੋਂ ਕਿ ਇਸ ਅੰਕ ਵਾਸਤੇ ਕੁਝ ਕੀਮਤੀ ਲੇਖ ਪ੍ਰਕਾਸ਼ਤ ਹੋਣ ਤੋਂ ਬਚ ਗਏ। ਸ੍ਰੀ ਮਹਾਰਾਜ ਜੀ ਨੇ ਉਹਨਾਂ ਲੇਖਾਂ ਨਾਲ ਕੁਝ ਹੋਰ ਲੇਖਕਾਂ ਦੇ ਲੇਖ ਮੰਗਵਾਕੇ ਸਤਿਗੁਰੂ ਪ੍ਰਤਾਪ ਸਿੰਘ ਆਗਮਨ ਸ਼ਤਾਬਦੀ ਅੰਕ ਦਾ ਦੂਜਾ ਭਾਗ ਪ੍ਰਕਾਸਨ ਦ ਪ੍ਰੋਗ੍ਰਾਮ ਬਣਾ ਲਿਆ ਤੇ ਜੋ ਦਰਜਨ ਦੇ ਕ੍ਰੀ ਇਤਹਾਸਿਕ ਤਸਵੀਰਾਂ ਤੇ ਬਹੁਤ ਸਾਰੇ ਲੇਖਾਂ ਵਾਲ ਇਕ ਗੁਲਦਸਤੇ ਦੇ ਰੂਪ ਵਿਚ ਪਾਠਕਾਂ ਦੀ ਸੇਵ ਵਿਚ ਹਾਜ਼ਰ ਹੈ। ਪਰ ਇਸਦੇ ਪ੍ਰਕਾਸ਼ਨ ਹੋਣ : ਭੀ ਬਹੁਤ ਸਾਰੀ ਗੁਰੂ ਜਸ ਦੀ ਇਤਹਾਸਿਕ ਸਮਗ੍ਰ ਪ੍ਰਕਾਸ਼ਤ ਹੋਣ ਵਾਲੀ ਫਿਰ ਰਹਿ ਗਈ ਹੈ। ਇ ਕਰਕੇ ਲੇਖਕਾਂ ਦੀ ਖੋਜ ਤੇ ਮਿਹਨਤ ਨੂੰ ਧਿਆਨ ਵਿਚ ਰਖਦਿਆਂ ਸ੍ਰੀ ਮਹਾਰਾਜ ਜੀ ਨੇ ਸੰਮਤ ੨੦੪੯ ਨੂੰ ਇਸੇ ਅੰਕ ਲੜੀ ਦਾ ਤੀਜਾ ਭਾਗ ਪ੍ਰਕਾਸ਼ਨ ਦਾ ਫੈਸਲਾ ਕੀਤਾ ਹੈ।

ਇਸ ਵਾਸਤੇ ਸਤਿਜੁਗ ਦੇ ਪ੍ਰਬੰਧਕਾਂ ਵਲੋਂ ਉਹਨਾਂ ਸਾਰੇ ਲੇਖਕਾਂ ਕਵੀਆਂ ਦਾ ਬਹੁਤ ਬਹੁਤ ਧੰਨਸਵਾਦੀ ਹਾਂ ਤੇ ਖਾਸ ਕਰਕੇ ਸ੍ਰੀ ਮਹਾਰਾਜ ਜੀ ਤੇ ਉਹਨਾਂ ਦੇ ਹੁਕਮ ਨਾਲ ਇਸ ਅੰਕ ਦੀ ਤਿਆਰੀ ਵਾਸਤੇ ਆਏ ਮਹੰਤ ਆਤਮਾ ਸਿੰਘ ਜੀ ਸਨਖਤ੍ਰਵੀ ਦਾ ਹਾਰਦਿਕ ਧੰਨਵਾਦੀ ਹਾਂ, ਜਿਨਾਂ ਦੇ ਸਹਿਯੋਗ ਨਾਲ ਇਹ ਸ਼ਾਨਦਾਰ ਅੰਕ ਪਾਠਿਕਾਂ ਦੀ ਸੇਵਾ ਵਿਚ ਹਾਜ਼ਰ ਕੀਤਾ ਜਾ ਰਿਹਾ ਹੈ।

ਇਸ ਅੰਕ ਬਾਬਤ ਆਏ ਲੇਖਾਂ ਦੇ ਲਿਖਾਰੀਆਂ ਦਾ ਬਿਓਰਾ ਇਸ ਪ੍ਰਕਾਰ ਹੈ। ਪੂਜਜ ਸ੍ਰੀ ਮਹਾਰਾਜ ਬੀਰ ਸਿੰਘ ਜੀ,ਪੰਡਤ ਰਾਜਿੰਦਰ ਸਿੰਘ ਜੀ ਗੁਰੁਸਰ ਪੰਡਿਤ ਗੋਪਾਲ ਸਿੰਘ ਜੀ,ਸ੍ਰੀ ਸਵਰਨ ਸਿੰਘ ਜੀ ਸਨੇਹੀ,ਸ੍ਰੀ ਦੇਵਿੰਦਰ ਸਿੰਘ ਗਿਲ,ਗੁਰਦਿਆਲ ਸਿੰਘ ਜੋਧਪੁਰ, ਸੁਰਿੰਦਰ ਸਿੰਘ ਜਮਨਾ ਨਗਰੀ, ਅਮਰ ਸਿੰਘ ਸਹਿਬਾਬਾਦੀਆ, ਕਰਤਾਰ ਸਿੰਘ ਬਿਜਲੀ ਵਾਲਾ,ਆਤਮਾ ਸਿੰਘ ਜੌਹਲ, ਗੁਰਦੀਪ ਸਿੰਘ ਸੰਤ ਨਗਰ,ਖੜਕ ਸਿੰਘ ਭਮਰਾ ਯੂ. ਕੇ. ਹਰਬੰਸ ਸਿੰਘ ਚਾਨਾ ਯੂ. ਕੇ. ਅਤੇ ਸਾਧੂ ਸਿੰਘ ਕਿਸਾਨ ਆਦਿ। ਇਸਤੋਂ ਇਲਾਵਾ ਆਤਮਾ ਸਿੰਘ ਜੌਹਲ ਤੇ ਗੁਰਦੀਪ ਸਿੰਘ ਜੋ ਪਰੂਫ ਪੜਦੇ ਰਹੇ, ਕੰਪਾਜੀਟਰ ਦਾ ਕੰਮ ਗੁਰਦੇਵ ਸਿੰਘ ਸੁਖਵਿੰਦਰ ਸਿੰਘ ਤੇ ਰਤਨ ਸਿੰਘ ਤੇ ਜਗਤਾਰ ਸਿੰਘ ਮਸ਼ੀਨ ਮੈਨ ਆਦਿਜਿਨਾਂਬੜੀ ਮਿਹਨਤ ਤੇਲਗਨ ਨਾਲ ☩

Namdhari Elibrary NamdhariElibrary@gmail.com

ਸਾਡੀਆਂ ਮਜਬੂਰੀਆਂ

ਨਾਮਧਾਰੀ ਪੰਥ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਿੰਘ ਜੀ ਦੇ ਜਾਰੀ ਕੀਤੇ ਸਤਿਜੁਗ ਅਖਬਾਰ ਦਾ ਹੂੰ ਤੇ ਮਾਸ ਦਾ ਅਨਿਖੜਵਾਂ ਸਬੰਧ ਚਲਿਆ ਆ ਹਾ ਹੈ,ਲਾਹੌਰ ਤੋਂ ਸ੍ਰੀ ਭੈਣੀ ਸਾਹਿਬ ਤੇ ਸ੍ਰੀਭੈਣੀ ਾਹਿਬ ਤੋਂ ਸ੍ਰੀ ਜੀਵਨ ਨਗਰ ਤਕ ਦੇ ਤਕ੍ਰੀਬਨ ੬-੬੭ ਸਾਲਾਂ ਵਿਚ ਇਸਦੇ ਪ੍ਰਕਾਸ਼ਤ ਹੋਣ ਵਿਚ ਦੇ ਪ੍ਰੀਵਰਤਨਾਂ ਦੇ ਬਾ ਵਜੂਦ ਇਸਨੇ ਆਪਣੀ ਏਕ ਰਸ ਚਾਲ ਤੇ ਕਈ ਦਰਜਨਾਂ ਇਤਹਾਸਿਕ ਵਸ਼ੇਸ਼ ਅੰਕਾਂ ਤੇ ਇਤਹਾਸਿਕ ਤਸਵੀਰਾਂ ਦੁਆਰਾ ਪੰਥ ਦੀ ਸੇਵਾ ਕੀਤੀ, ਤੇ ਹੁਣ ਨਿਰੰਤਰ ਸੇਵਾ ਰਦਾ ਆ ਰਿਹਾ ਹੈ ਉਹ ਕੌਮੀ ਸਾਹਿਤਕ ਪਖੋਂ ਇਕ ਅਦੁਤੀ ਭੰਡਾਰ ਹੈ।

ਸ੍ਰੀ ਜੀਵਨ ਨਗਰ ਵਿਚੋਂ ਪ੍ਰਕਾਸ਼ਤ ਹੋਣ ਵਾਲੇ ਤਿਜੁਗ ਤੇ ਇਸਦੇ ਵਿਸ਼ੇਸ਼ ਅੰਕਾਂ ਨੂੰ ਇਤਹਾਸਿਕ ੇਖਾਂ ਸੁੰਦਰ ਤਸਵੀਰਾਂ ਤੇ ਬਲਾਕਾਂ ਅਥਵਾ ਵਧੀਆ ਛਪਾਈ ਦੁਆਰਾ ਇਸਨੂੰ ਵਧ ਤੋਂ ਵਧ ਸ਼ਾਨਦਾਰ ੇਖਣ ਅਤੇ ਦੇਸਾਂ ਪ੍ਰਦੇਸਾਂ ਦੇ ਸਭ ਨਾਮਧਾਰੀ ਪ੍ਰਵਾਰ ਵਿਚ ਪ੍ਰਸਾਰਤ ਕਰਨ ਦੀ ਸਧਰ ਹਰ ਵਕਤ ਪੂਜ ਸ੍ਰੀ ਮਹਾਰਾਜ ਜੀ ਦੇ ਅੰਦਰ ਬਣੀ ਰਹਿੰਦੀ ਹੈ ਤੇ ਸਤਿਜੁਗ ਦਾ ਸਟਾਫ ਭੀ ਸ੍ਰੀ ਮਹਾਰਾਜ ਜੀ ੇ ਹੁਕਮ ਦੀ ਪਾਲਣਾ ਕਰਕੇ ਚਾਹੁੰਦਾ ਹੈ ਕਿ ਸਤਿਜੁਗ ਅਖਬਾਰ ਤੇ ਇਸਦੇ ਵਿਸ਼ੇਸ਼ ਅੰਕ ਠੀਕ ਵਕਤ ਨਾਲ ਪਾਠਿਕਾਂ ਦੀ ਸੇਵਾ ਵਿਚ ਪਹੁੰਚਾਏ ਜਾ ਸਕਣ, ਪਰ ਹਰ ਵਾਰੀ ਵਿਸ਼ੇਸ਼ ਅੰਕਾਂ ਸਮੇਂ ਸਾਨੂੰ ਅਣਸੋਚੀਆਂ ਮਜਬੂਰੀਆਂ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ ਮਿਸਾਲ ਦੇ ਤੌਰ ਤੇ ਇਤਹਾ- ਸਿਕ ਤਸਵੀਰਾਂ ਤੇ ਬਲਾਕਾਂ ਦੀ ਤਿਆਰੀ ਵਾਸਤੇ ਪ੍ਰਬੰਧਕਾਂ ਨੂੰ ਕਈ ਕਈ ਵਾਰੀ ਦਿਲੀ ਜਾਣਾ ਪੈਂਦਾ ਹੈ ਅਗੇ ਪ੍ਰੈਸਾਂ ਵਾਲਿਆਂ ਨੇ ਹੋਰ ਕਈ ਕੰਮ ਹਥ ਵਿਚ ਲਏ ਹੁੰਦੇ ਹਨ ਜਾਂ ਹੋਰ ਕਈ ਤਕਨੀਕੀ ਰੁਕਾਵਟਾਂ ਪੈ ਜਾਂਦੀਆਂ ਹਨ ਜਿਸ ਕਰਕੇ ਤਕ੍ਰੀਬਨ ਹਰ ਵਾਰੀ ਨਿਸ਼ਚਿਤ ਤਾਰੀਖ ਤੇ ਅੰਕ ਕਢਣ ਤੋਂ ਲੇਟ ਹੋ ਜਾਂਦੇ ਹਾਂ। ਇਸ ਅੰਕ ਦੀਆਂ ਤਸਵੀਰਾਂਸੰਤ ਸੁਲਖਣ ਸਿੰਘ ਜੀ ਦਿਲੀ ਤੇ ਹਰਬੰਸ ਸਿੰਘ ਮੈਨੇਜਰ ਸਤਿਜੁਗ ਨੇ ਬੜੀ ਮਿਹਨਤ ਨਾਲ ਤਿਆਰ ਕਰਵਾਈਆਂ ਹਨ । ਪਰ ਮੈਨੂੰ, ਇਹ ਲਿਖਦਿਆਂ ਭੀ ਕੋਈ ਝਿਜਕ ਨਹੀਂ ਕਿ ਇਹ ਮਜਬੂਰੀਆਂ ਸਤਿਜੁਗ ਵਾਸਤੇ ਸ੍ਰੀ ਭੈਣੀ ਸਾਹਿਬ ਦੇ ਵਕਤ ਤੋਂ ਨਾਲ ਹੀ ਚਲੀਆਂ ਆ ਰਹੀਆਂ ਹਨ। ਕਿਉਂਕਿ ਓਥੇ ਵੀ ਵਿਸ਼ੇਸ਼ ਅੰਕ ਲੇਟ ਹੀ ਪ੍ਰਕਾਸ਼ਤ ਹੋਇਆ ਕਰਦੇ ਸਨ।

ਪਰ ਧੰਨ ਹਨ ਨਾਮਧਾਰੀ ਸਤਿਜੁਗ ਦੇ ਪਾਠਿਕ ਜਿਨਾਂ ਨੇ ਕਦੇ ਸਾਡੀਆਂ ਮਜਬੂਰੀਆਂ ਤੇ ਹੋਰ ਕਈ ਤਰੁਟੀਆਂ ਦੇ ਬਾਵਜੂਦ ਪ੍ਰਬੰਧਕਾਂ ਨੂੰ ਆਮ ਲੋਕਾਂ ਵਾਂਗ ਨਹੀਂ ਡਾਂਟਿਆ ਤੇ ਹਮੇਸ਼ਾਂ ਖਿਮਾ ਹੀ ਕਰਦੇ ਰਹੇ ਹਨ।

ਇਸ ਵਾਰੀ ਪ੍ਰਕਾਸ਼ਤ ਹੋ ਰਿਹਾ ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਅੰਕ ਭਾਗ ਦੂਜਾ ਜੋ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਤੇ ਸ੍ਰੀ ਮਹਾਰਾਜ ਜੀ ਦੇ ਪੁਰਸ਼ਾਰਥ ਨਾਲ ਪ੍ਰਕਾਸ਼ਤ ਕੀਤਾ ਗਿਆ ਇਸ ਦੇ ਸੰਦਰਭ ਵਿਚ ਸਚੇ ਪਾਤਸ਼ਾਹ ਤੋਂ ਵਰੋਸਾਏ ਹੋਏ ਸ਼ਰਧਾਲੂਆਂ ਵਲੋਂ ਇਤਨੇ ਜਿਆਦਾ ਅਤੇ ਵਡੇ ਵਡੇ ਹਡ ਬੀਤੇ ਲੇਖ ਇਤਨੇ ਜਿਆਦਾ ਇਕਠੇ ਹੋ ਗਏ ਜਿਨਾਂ ਨੂੰ ਇਕ ਅੰਕ ਵਿਚ ਪ੍ਰਕਾਸ਼ਤ ਕਰਨਾ ਪ੍ਰਬੰਧਕਾਂ ਵਾਸਤੇ ਇਕ ਹੋਰ ਮਜਬੂਰੀ ਪੈਦਾ ਹੋ ਗਈ ।

ਪਰ ਨਾਲ ਹੀ ਸ੍ਰੀ ਮਹਾਰਾਜ ਜੀ ਵਲੋਂ ਹੁਕਮ ਹੋਇਆ ਕਿ ਇਸ ਅੰਕ ਦੇ ਬਾਅਦ ਛੇਤੀ ਹੀ ਇਸ

---

† ਕੰਮ ਕਰਕੇ ਇਸ ਅੰਕ ਦੇ ਪ੍ਰਕਾਸ਼ਨ ਵਿਚ ਹਿਸਾ ਪਾਇਆ । ਇਸਤੋਂ ਇਲਾਵਾ ਜਿਨਾਂ ਦੇ ਨਾਮ ਨਹੀਂ ਵੀ ਦਿਤੇ ਜਾ ਸਕੇ ਉਹਨਾਂ ਦਾ ਵੀ ਮੈਂ ਹਾਰ- ਦਿਕ ਧੰਨਵਾਦੀ ਹਾਂ । ਤੇ ਸੁਰਜੀਤ ਸਿੰਘ ਬਿਜਲੀ ਵਾਲਾ ਜੋ ਕਿ ਬਿਜਲੀ ਦੀ ਸੇਵਾ ਕਰਦਾ ਰਿਹਾ ਹੈ ਉਸਦਾ ਵੀ ਬਹੁਤ ਧੰਨਵਾਦ ।

ਹਰਬੰਸ ਸਿੰਘ ਐਡੀਟਰ ਸ੍ਰੀ ਜੀਵਨ ਨਗਰ

Namdhari Elibrary NamdhariElibrary@gmail.com

ਸ਼ਤਾਬਦੀ ਦਾ ਤੀਸਰਾ ਭਾਗ ਪ੍ਰਕਾਸ਼ਤ ਕੀਤਾ ਜਾਵੇ। ਅਤੇ ਆਸ ਹੈ ਕਿ ਤੀਸਰੇ ਭਾਗ ਵਿਚ(ਇਸ ਅੰਕ ਵਿਚੋਂ ਬਚੀ ਤੇ ਹੋਰ ਨਵੀਂ ਸਮਗ੍ਰੀ ਇਤਹਾਸਿਕ ਤਸਵੀਰਾਂ ਸਮੇਤ ਛੇਤੀ ਹੀ) ਪ੍ਰਕਾਸ਼ਤ ਕੀਤਾ ਜਾਵੇਗਾ। ਪਰ ਫਿਰ ਵੀ ਸਤਿਜੁਗ ਦਾ ਸਟਾਫ ਸਾਰੀਆਂ ਮਜਬੂਰੀਆਂ ਦੀ ਸਚੇ ਪਾਤਸ਼ਾਹ ਜੀ ਸੁਹਿਰਦ ਪਾਠਕਾਂ ਪਾਸੋਂ ਸਨਿਮ੍ਰ ਮੁਆਫੀ ਮੰਗਦਾ ਹੈ।

ਹਰਬੰਸ ਸਿੰਘ ਮੈਨੇਜਰ ਸਤਿਜੁਗ
ਸ੍ਰੀ ਜੀਵਨ ਨਗਰ

(੧੧੭ ਸਫੇ ਦੀਬਾਕੀ)

ਵੀਰੋ ਦਿਲਾਂ 'ਚੋਂ ਕਾਇਰਤਾ ਕੋਹੜ ਕਢੋ, ਸੁਟੋ ਬਰਛੇ ਬੰਦੂਕ ਨਾ ਫੜੇ ਕੋਈ।
ਛਾਤੀ ਨਾਲ ਲਾ ਕੇ ਮਿਲੋ ਸਾਰਿਆਂ ਨੂੰ, ਵੀਰ ਵੀਰ ਦੇ ਨਾਲ ਨਾ ਲੜੇ ਕੋਈ।
ਮੂਲ ਫੁਟ ਦਾ ਨਿੰਦਿਆ ਝੂਠ ਚੁਗਲੀ, ਟੋਟੇ ਇਹਨਾਂ ਦੇ ਕਦੇ ਨਾਂ ਚੜ੍ਹੇ ਕੋਈ।
ਰਹੋ ਦੂਰ ਦਵੈਤ ਦੇ ਭਾਬੜਾਂ ਤੋਂ, ਇਹਦੇ ਸੇਕ ਦੇ ਨਾਲ ਨਾ ਸੜੇ ਕੋਈ।
ਮੇਰੇ ਸਤਿਗੁਰੂ ਨ੍ਹੇਰੇ ਦਾ ਜੁਗ ਮੁਕੇ, ਸਾਨੂੰ ਚਾਨਣੀ ਚੰਨ ਸਮਾਨ ਦੇਵੇ।
ਏਸ ਫੁਟ ਦੀ ਮਾਰ ਤੋਂ ਬਚ ਜਾਈਏ, ਸਚੇ ਪਾਤਸ਼ਾਹ ਏਕਤਾ ਦਾਨ ਦੇਵੇ।

ਜਾਮ ਆਪਣੀ ਖੁਸ਼ੀ ਦਾ ਦੇ ਸਾਨੂੰ, ਆਪ ਸਾਰਿਆਂ ਗਮਾਂ ਨੂੰ ਘੋਲ ਪੀਤਾ।
ਫਟਕੇ ਸਿਖੀ ਦੇ ਪਾਟੇ ਹੋਇ ਚੋਲੜੇ ਨੂੰ, ਸੂਈ ਪਿਆਰ ਲੈ ਦਰਦ ਦੇ ਨਾਲ ਸੀਤਾ।
ਪਏ ਦੁਖਾਂ ਦੀ ਗਾਰ ਵਿਚ ਤੜਪਦੇ ਸਾਂ, ਕਢ ਨਰਕ 'ਚੋਂ ਸੁਰਗ ਦੇ ਰਾਹ ਕੀਤਾ।
ਡਿਗੇ ਹੋਇਆਂ ਨੂੰ ਚੁਕ ਕੁਰਾਹਾਂ ਵਿਚੋਂ, ਸਚੇ ਸਤਿਗੁਰੂ ਅਸਾਂ ਨੂੰ ਗਲੇ ਲੀਤਾ।
ਸਿੰਘੋ ਭੁਲੋ ਨਾ ਉਹਨਾਂ ਦੇ ਕਾਰਨਾਮੇ, ਕਦਮ ਕਦਮ ਤੇ ਉਹਨਾਂ ਲਈ ਜਾਨ ਦੇਵੇ।
ਨਾਲੇ ਸਦਾ ਹੀ ਰਹੋ ਇਹ ਮੰਗ ਮੰਗਦੇ, ਸਚੇ ਪਾਤਸ਼ਾਹ ਏਕਤਾ ਦਾਨ ਦੇਵੇ।

ਦਾਤਾ ਤੁਸਾਂ ਸੀ ਕਾਗਾਂ ਤੋਂ ਹੰਸ ਕੀਤਾ,ਅਸੀਂ ਬਗਲਾ ਰੂਪ ਵਟਾ ਬੈਠੇ।
ਤੁਸਾਂ ਬਖਸ਼ਿਆ ਮਾਨ ਸਰੋਵਰਾਂ ਨੂੰ, ਗੰਦੇ ਛਪੜਾਂ ਤੇ ਅਸੀਂ ਜਾ ਬੈਠੇ।
ਤੇਰੇ ਦਿਤੇ ਹੋਇ ਸੁਚੇ ਮੋਤੀਆਂ ਨੂੰ, ਅਸੀਂ ਡੱਡੀਆਂ ਤੇ ਤਾੜੀ ਲਾ ਬੈਠੇ।
ਕੌੜਾ ਸਮਝਕੇ ਅੰਮ੍ਰਿਤ ਨੂੰ ਚੱਖਿਆ ਨਾਂ, ਮਿਠਾ ਸਮਝਕੇ ਮੌਹਰਾ ਹਾਂ ਖਾ ਬੈਠੇ।
ਪਿਛਾ ਭੁਲਿਐ ਅਗੇ ਨਹੀਂ ਜਾਣ ਜੋਗੇ, ਮੁਰਦਾ ਰੂਹਾਂ ਨੂੰ ਫੇਰ ਪਰਾਨ ਦੇਵੇ।
ਭੁਲ ਬਖਸ਼ੇ ਤੇ ਅਗੋਂ ਲਈ ਰਾਹ ਪਾਵੇ, ਸਚੇ ਪਾਤਸ਼ਾਹ ਏਕਤਾ ਦਾਨ ਦੇਵੇ।

ਬਲਬੀਰ ਸਿੰਘ ਢਿਲੋਂ

ਜਰੂਰੀ ਨੋਟ—

ਸਤਿਜੁਗ ਦੇ ਸਮੂਹ ਪਾਠਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਤਿਜੁਗ ਦਾ ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਜੀ ਆਗਮਨ ਸ਼ਤਾਬਦੀ ਅੰਕ ਭਾਗ ਦੂਜਾ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਸੰਪਾਦਕ ਵਾਸਤੇ ਜਰੂਰੀ ਨਹੀਂ।

ਸੰਪਾਦਕ

Namdhari Elibrary NamdhariElibrary@gmail.com

ਕਬਿਤ:-

ਦਿਸ਼ਾ ਨਿਧੀ[੧] ਸ਼ੱਤ[੨] ਖੱਟ[੩] ਚਾਲੀ[੪] ਹੈ ਸੰਮੱਤ ਭਇਓ,
ਚੇਤ ਵਦੀ ਤੀਜ ਸ਼ੁਭ ਵਾਰ ਰਵੀਵਾਰ[੫] ਹੈ।
ਪਿਤਾ ਗੁਰੂ ਹਰੀ ਸਿੰਘ, ਮਾਤ ਜੀਉਣ ਕੋਰ ਘਰ,
ਬਾਲਕ ਸਰੂਪ ਧਾਰ, ਆਯੋ ਨਿਰੰਕਾਰ ਹੈ।
ਬਦਨ ਮਯੰਕ ਨਿਹਕਲੰਕ ਅਮਿਤੋਜ ਜਾਕੀ,
ਹਰੀ ਪ੍ਰਤਾਪ ਗੁਰੂ, ਹਰਿ ਅਵਤਾਰ ਹੈ।
ਕਵੀ 'ਬਲਵੰਤ' ਕੰਤ, ਗਏ ਪ੍ਰਦੇਸ ਪਾਛੇ,
ਆਛੇ ਦਿਨ ਆਏ, ਆਜ ਆਗਛੀ ਬਹਾਰ ਹੈ।

ਗੁਰਪੁਰਵਾਸੀ ਸੰਤ ਬਲਵੰਤ ਸਿੰਘ ਜੀ ਏਲਣਾਬਾਦ

ਸੋਰਠਾ:-

ਕਲ ਮਲਿ ਹੋਵਤ ਨਾਸ ਦਰਸ ਪਰਸ ਜਿਹ ਗੁਰੂ ਕਾ।
ਵਹ ਪ੍ਰਗਟਿਓ ਗੁਣਤਾਸ ਸ੍ਰੀ ਸਤਿਗੁਰੂ ਪ੍ਰਤਾਪ ਹਰਿ।

ਸਨਖਤਰਵੀ

੧. ਨੌ ਨਿਧੀਆਂ, ਭਾਵ ੯, ੨. ਸੌ ੩. ਛੇ ੪. ਚਾਲੀ ਭਾਵ ੧੯੪੬ ੫ ਐਤਵਾਰ

Namdhari Elibrary NamdhariElibrary@gmail.com